ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

| ਸਾਲ : 19 | ਪੁ : ਲੜੀ : 74 | ਅਪ੍ਰੈਲ-ਜੂਨ, 2016 |
|---|---|---|


*ਮੁੱਖ ਸੰਪਾਦਕ*

**ਹਰਜੀਤ ਅਟਵਾਲ**

Email: harjeetatwal@yahoo.co.uk
harjeetatwal@gmail.com
Mobile : 00447782-265726

**ਪ੍ਰੇਮ ਮਾਨ**

Ph. 001-860-983-5002
Email:premmann@yahoo.com

**ਹਰਮਹਿੰਦਰ ਚਹਿਲ**

Email : chahals57@yahoo.com
Ph. 001-703-362-3239

*ਸੰਪਾਦਕ*

**ਜਿੰਦਰ**

984, Rajput Nagar, Model House,
Near Surinder Welding Works, Jalandhar-144003
Mobile : 98148 03254
Email : jinder340@gmail.com
Website : www.shabadsaar.com

*Managing Editor*

***Shiv, Vinod Kumar***

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
984, Rajput Nagar, Model House,
Near Surinder Welding Works, Jalandhar-144003

**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਸਫਲ ਬੰਦੇ ਦੀ ਇਕ ਪੱਛਾਣ ਇਹ ਵੀ ਹੈ ਕਿ ਉਹ ਕਿੰਨੇ ਸਮੇਂ ਵਿੱਚ ਆਪਣੀ ਰੋਜ਼ੀ-ਰੋਟੀ ਕਮਾ ਸਕਦਾ ਹੈ। ਸਫਲ ਬੰਦਾ ਥੋੜ੍ਹੇ ਘੰਟੇ ਕੰਮ ਕਰਕੇ ਪੂਰੇ ਦਿਨ ਦਾ ਇੰਤਜ਼ਾਮ ਕਰ ਸਕਦਾ ਹੈ ਤੇ ਅਸਫਲ ਬੰਦਾ ਪੂਰਾ ਦਿਨ ਕੰਮ ਕਰਕੇ ਵੀ ਆਪਣਾ ਤੇ ਆਪਣੇ ਟੱਬਰ ਦਾ ਪੇਟ ਨਹੀਂ ਪਾਲ ਸਕਦਾ । ਸੋ ਸ਼ੁਰੂ ਤੋਂ ਹੀ ਬੰਦੇ ਦੀ ਕੋਸ਼ਿਸ਼ ਰਹੀ ਹੈ ਕਿ ਥੋੜ੍ਹੇ ਸਮੇਂ ਵਿਚ ਵੱਧ ਪੈਸੇ ਕਮਾ ਸਕੇ। ਕੋਈ ਸਮਾਂ ਸੀ ਕਿ ਬੰਦਾ ਹਫਤੇ ਦੇ ਸੱਤੇ ਦਿਨ ਹੀ ਕੰਮ ਕਰਦਾ ਸੀ । ਫੇਰ ਸਰਕਾਰੀ ਤੌਰ 'ਤੇ ਐਤਵਾਰ ਦੀ ਛੁੱਟੀ ਹੋਣ ਲੱਗੀ।ਕੁਝ ਸਾਲਾਂ ਬਾਅਦ ਪੰਜ ਦਿਨਾਂ ਦਾ ਹਫਤਾ ਹੋ ਗਿਆ। ਯੂਨੀਵਰਸਿਟੀਆਂ 'ਚ ਪੰਜਾਂ ਦਿਨਾਂ ਦਾ ਹਫਤਾ ਹੋ ਗਿਆ। ਬੈਂਕਾਂ ਵਿਚ ਪਹਿਲਾਂ ਸ਼ਨਿਚਰਵਾਰ ਅੱਧਾ ਦਿਨ ਕੰਮ ਹੁੰਦਾ ਸੀ। ਹੁਣ ਮਹੀਨੇ ਦੇ ਦੂਜੇ ਤੇ ਚੌਥੇ ਸ਼ਨਿਚਰਵਾਰ ਛੁੱਟੀ ਹੋਣ ਲੱਗੀ ਹੈ। ਕਾਲਜਾਂ 'ਚ ਛੇ ਦਿਨ ਪੜ੍ਹਾਈ ਹੁੰਦੀ ਸੀ। ਹੁਣ ਪੰਜ ਦਿਨ ਹੋਇਆ ਕਰੇਗੀ। ਅਧਿਆਪਕਾਂ ਕੋਲ ਸ਼ਨਿਚਰਵਾਰ ਤੇ ਐਤਵਾਰ ਵਿਹਲ ਹੋਇਆ ਕਰੇਗੀ।ਐਦਾਂ ਦਾ ਹੀ ਸਰਕਾਰੀ ਬਾਬੂਆਂ ਦਾ ਹਾਲ ਹੈ। ਬੰਦੇ ਕੋਲ ਵਾਹਵਾ ਸਾਰੇ ਘੰਟੇ ਵਿਹਲੇ ਬਚ ਜਾਂਦੇ ਹਨ ਜਿਹੜੇ ਉਹ ਆਪਣੇ ਤੇ ਆਪਣੇ ਪਰਿਵਾਰ 'ਤੇ ਖਰਚ ਕਰ ਸਕਦਾ ਹੈ। ਐਦਾਂ ਹੀ ਵਿਗਿਆਨਕ ਤਰੱਕੀ ਨੇ ਵੀ ਬੰਦੇ ਨੂੰ ਬਹੁਤ ਸਾਰੀ ਵਿਹਲ ਬਖਸ਼ ਦਿੱਤੀ ਹੈ। ਫੈਕਟਰੀਆਂ ਵਿੱਚ ਮਸ਼ੀਨਾਂ ਨੇ ਕੰਮ ਨੂੰ ਬਹੁਤ ਆਸਾਨ ਬਣਾ ਦਿੱਤਾ ਹੈ। ਕਿਸੇ ਵੇਲੇ ਕਿਸਾਨ ਦੀ ਜਿਹੜੀ ਜਿਣਸ ਖੇਤਾਂ ਵਿੱਚੋਂ ਮਹੀਨਿਆਂ ਵਿੱਚ ਘਰ ਪੁੱਜਦੀ ਸੀ, ਹੁਣ ਦਿਨਾਂ ਵਿੱਚ ਆ ਜਾਂਦੀ ਹੈ। ਜਿਹੜੇ ਸਫਰ ਨੂੰ ਕਦੇ ਮਹੀਨੇ ਲੱਗਦੇ ਸਨ, ਹੁਣ ਦਿਨਾਂ ਵਿੱਚ ਹੀ ਮੁੱਕ ਜਾਂਦਾ ਹੈ ਤੇ ਦਿਨਾਂ ਵਾਲਾ ਸਫਰ ਘੰਟਿਆਂ ਵਿੱਚ।

ਲੇਖਕ ਲਈ ਵੀ ਕੰਪਿਊਟਰ ਨੇ ਬਹੁਤ ਆਸਾਨੀਆਂ ਪੈਦਾ ਕਰ ਦਿੱਤੀਆਂ ਹਨ। ਹੁਣ ਸੋਚਣਾ ਇਹ ਹੈ ਕਿ ਬੰਦਾ ਇਸ ਵਿਹਲ ਨੂੰ ਸਹੀ ਢੰਗ ਨਾਲ ਵਰਤ ਵੀ ਰਿਹਾ ਹੈ।ਕੀ ਇਸ ਵਿਹਲ ਵਿੱਚ ਕੋਈ ਉਸਾਰੂ ਕੰਮ ਵੀ ਹੋ ਰਹੇ ਹਨ ।

ਦੇਖਣ ਵਿੱਚ ਆ ਰਿਹਾ ਹੈ ਕਿ ਇਸ ਵਿਹਲ ਦਾ ਵੱਡਾ ਹਿੱਸਾ ਬੇਅਰਥ ਜਾ ਰਿਹਾ ਹੈ।ਪਿੰਡਾਂ ਵਿੱਚ ਵਿਹਲ ਨੂੰ ਨਸ਼ਿਆਂ 'ਤੇ ਖਰਚਿਆ ਜਾ ਰਿਹਾ ਹੈ। ਸ਼ਹਿਰਾਂ ਵਿੱਚ ਵੀ ਇਸ ਵਿਹਲ ਨੇ ਅਪਰਾਧਿਕ ਪ੍ਰਵਿਰਤੀਆਂ ਵਿਚ ਵਾਧਾ ਕੀਤਾ ਹੈ। ਪਰਿਵਾਰਾਂ ਦੇ ਪਰਿਵਾਰ ਘਰਾਂ ਵਿੱਚ ਘਰਾਂ ਦੇ ਕੰਮ ਛੱਡ ਕੇ ਸੀਰੀਅਲ ਦੇਖ ਰਹੇ ਹਨ । ਹੁਣ ਕੁਝ ਸਾਲਾਂ ਤੋਂ ਬੰਦੇ ਦੀ ਇਹ ਵਿਹਲ ਸੋਸ਼ਲ ਮੀਡੀਆ ਨੇ ਮੱਲ ਲਈ ਹੈ। ਬੰਦਾ ਆਪਣਾ ਬਹੁਤ ਸਾਰਾ ਕੀਮਤੀ ਸਮਾਂ ਸੋਸ਼ਲ ਮੀਡੀਆ 'ਤੇ ਜ਼ਾਇਆ ਕਰ ਰਿਹਾ ਹੈ।

ਇਕ ਸਰਵੇ ਮੁਤਾਬਕ ਤਕਰੀਬਨ 50 ਫੀਸਦੀ ਲੋਕ ਆਪਣਾ ਬਹੁਤਾ ਸਮਾਂ ਸੋਸ਼ਲ ਮੀਡੀਆ 'ਤੇ ਚੈਟਿੰਗ ਕਰਕੇ ਲੰਘਾਉਂਦੇ ਹਨ।ਅਜਿਹੀ ਗੱਪ-ਸ਼ੱਪ ਜਿਹਦਾ ਕੋਈ ਅਰਥ ਵੀ ਨਹੀਂ ਹੁੰਦਾ। ਅੱਜ ਕੱਲ੍ਹ ਇੰਟਰਨੈੱਟ ਤਾਂ ਹਰ ਫੋਨ ਵਿੱਚ ਹੀ ਉਪਲੱਬਧ ਹੈ ਇਸ ਲਈ ਬੰਦਾ ਵਾਰ ਵਾਰ ਆਪਣੇ ਫੋਨ ਨੂੰ ਚੈੱਕ ਕਰਦਾ ਹੈ ਕਿੰਨਵਾਂ ਕੀ ਵਾਪਰਿਆ ਹੈ। ਇਕ ਅੰਦਾਜ਼ੇ ਮੁਤਾਬਕ ਹਰ ਫੋਨਧਾਰੀ ਬੰਦਾ ਦਿਨ ਵਿਚ 70 ਤੋਂ 100 ਵਾਰ ਆਪਣੇ ਫੋਨ ਨੂੰ ਦੇਖਦਾ ਹੈ।

ਸ਼ੌਕੀਨ ਲੋਕ ਆਪਣੀਆਂ ਪੋਸਟਾਂ ਪਾਉਂਦੇ ਹਨ ਤੇ ਫੇਰ ਦੇਖਦੇ ਹਨ ਕਿ ਕਿੰਨੀਆਂ ਕੁ

ਟਿੱਪਣੀਆਂ ਆਈਆਂ ਤੇ ਕਿੰਨੇ ਕੁ ਲਾਈਕ ਮਿਲੇ।ਜਿੱਥੇ ਸੋਸ਼ਲ ਮੀਡੀਆ ਦੇ ਬਹੁਤ ਸਾਰੇ ਫਾਇਦੇ ਹਨ ਉੱਥੇ ਹੀ ਇਸ ਦੇ ਨੁਕਸਾਨ ਵੀ ਬਹੁਤ ਹਨ।ਇਹ ਅਰਾਜਕਤਾ ਫੈਲਾਉਣ ਵਿੱਚ ਸਹਾਈ ਹੋ ਰਿਹਾ ਹੈ। ਕੋਈ ਕਿਸੇ ਨੂੰ ਗਾਲ੍ਹਾਂ ਕੱਢ ਰਿਹਾ ਹੈ, ਕੋਈ ਕਿਸੇ ਨੂੰ ਧਮਕੀਆਂ ਦੇ ਰਿਹਾ ਹੈ, ਕੋਈ ਝੂਠ ਫੈਲਾ ਰਿਹਾ ਹੈ ਤੇ ਕੋਈ ਹੋਰ ਆਪਣੇ ਗਲਤ-ਮਲਤ ਵਿਚਾਰ ਦੂਜਿਆਂ 'ਤੇ ਥੋਪ ਰਿਹਾ ਹੈ। ਗਲਤ ਜਾਣਕਾਰੀਆਂ ਦੇ ਕੇ ਲੋਕਾਂ ਵਿੱਚ ਗਲਤ ਫਹਿਮੀਆਂ ਕਰਨ ਵਿੱਚ ਵੀ ਸੋਸ਼ਲ ਮੀਡੀਆ ਬਹੁਤ ਸਹਾਈ ਹੋ ਰਿਹਾ ਹੈ। ਐਦਾਂ ਹੀ ਆਤੰਕੀਆਂ ਲਈ ਬਹੁਤ ਲਾਹੇਵੰਦ ਸਿੱਧ ਹੋ ਰਿਹਾ ਹੈ। ਮੂਲਵਾਦ ਦਾ ਸਭ ਤੋਂ ਵੱਧ ਪਰਚਾਰ ਸੋਸ਼ਲ ਮੀਡੀਆ ਉਪਰ ਹੀ ਹੋ ਰਿਹਾ ਹੈ ਤੇ ਇਸ ਰਾਹੀਂ ਹੀ ਕੁਝ ਲੋਕ ਸਮਾਜ ਨੂੰ ਅਤੀਤ ਵੱਲ ਲੈ ਜਾਣ ਦੀ ਕੋਸ਼ਿਸ਼ ਕਰ ਰਹੇ ਹਨ ।ਮਨੁੱਖ ਦੀ ਇਸ ਕਾਢਾਂ ਰਾਹੀਂ ਨਵੇਂ ਕਿਸਮ ਦੇ ਜ਼ੁਰਮ ਪੈਦਾ ਹੋ ਰਹੇ ਹਨ ਜਿਹਨਾਂ ਦੇ ਖਿਲਾਫ ਹਾਲੇ ਕਾਨੂੰਨ ਨਹੀਂ ਬਣੇ। ਸੋਸ਼ਲ ਮੀਡੀਆ ਦੀ ਆੜ ਵਿੱਚ ਬੈਠ ਕੇ ਜੋ ਕੁਝ ਹੋ ਰਿਹਾ ਹੈ ਇਸ ਬਾਰੇ ਹਾਲੇ ਕੋਈ ਵੀ ਠੋਸ ਕਾਨੂੰਨ ਨਹੀਂ ਹੈ।

ਸੋਸ਼ਲ ਮੀਡੀਆ ਨੇ ਸਾਹਿਤਕ ਖੇਤਰ 'ਤੇ ਵੀ ਬਹੁਤ ਅਸਰ ਪਾਇਆ ਹੈ। ਇਹ ਠੀਕ ਹੈ ਕਿ ਇਕ ਕਿਸਮ ਨਾਲ ਲੇਖਕਾਂ ਨੂੰ ਨੇੜੇ ਲਿਆਂਦਾ ਹੈ । ਜਿਹੜੇ ਪਾਠਕ ਆਪਣੇ ਮਨਪਸੰਦ ਲੇਖਕਾਂ ਨੂੰ ਮਿਲਣ ਲਈ ਤਰਸਦੇ ਸਨ ਉਹ ਹੁਣ ਫੇਸ ਬੁੱਕ ਜਾਂ ਹੋਰ ਸੋਸ਼ਲ ਮੀਡੀਆ ਰਾਹੀਂ ਉਹਨਾਂ ਨਾਲ ਗੱਲਾਂ ਕਰ ਸਕਦੇ ਹਨ ਪਰ ਇਹ ਸਾਹਿਤ ਵਿਚ ਅਰਾਜਮਿਕਤਾ ਵੀ ਫੈਲਾ ਰਿਹਾ ਹੈ। ਕੋਈ ਵੀ ਕਿਸੇ ਨੂੰ ਬਿਨਾਂ ਵੱਡੇ ਕਾਰਣ ਭੰਡ ਰਿਹਾ ਹੈ, ਕਿਸੇ ਦੀ ਬੇਇੱਜ਼ਤੀ ਕਰ ਰਿਹਾ ਹੈ। ਅਲੇਖਕ ਲੇਖਕਾਂ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰ ਰਹੇ ਹਨ । ਪਿੱਛੇ ਜਿਹੇ ਇਨਾਮ ਮੋੜਨ ਵਰਗੇ ਵੱਡੇ ਗੰਭੀਰ ਮਸਲੇ ਨੂੰ ਲੈ ਕੇ ਅਲੇਖਕਾਂ ਵੱਲੋਂ ਵੱਡੇ ਤੇ ਸਥਾਪਤ ਲੇਖਕਾਂ ਲਈ ਬਹੁਤ ਮਾੜੇ ਸ਼ਬਦ ਵੀ ਵਰਤੇ ਗਏ।ਜਿਹੜੇ ਲੋਕਾਂ ਨੂੰ ਸਾਹਿਤ ਦੀ ਸੰਵੇਦਨਸ਼ੀਲਤਾ ਦਾ ਇਲਮ ਨਹੀਂ ਉਹ ਫੈਸਲਾਕੁੰਨ ਪੋਸਟਾਂ ਪਾ ਰਹੇ ਹਨ। ਸਾਹਿਤ ਦੇ ਨਾਂ 'ਤੇ ਬਹੁਤ ਊਲ-ਜਲੂਲ ਪੋਸਟਾਂ ਫੇਸਬੁੱਕ 'ਤੇ ਪਾਈਆਂ ਜਾ ਰਹੀਆਂ ਹਨ।

ਇਸ ਨਾਲ ਸਾਹਿਤ ਦੀ ਜੈਨੂਅਨਨੈਸ ਨੂੰ ਢਾਹ ਲੱਗਦੀ ਹੈ। ਸਾਹਿਤ ਵਿਚ ਕਰੀਏਟਿਵਟੀ, ਪਰੋਡੱਕਟਿਵਟੀ ਤੇ ਮੌਰੇਲਿਟੀ 'ਤੇ ਡੂੰਘਾ ਅਸਰ ਪੈ ਰਿਹਾ ਹੈ।

ਇਸ ਵੇਲੇ ਸੋਸ਼ਲ ਮੀਡੀਆ ਦੇ ਸਮਕਾਲ ਵਿਚ ਰੋਲ ਬਾਰੇ ਸੋਚਣ ਤੇ ਮਿੱਥਣ ਦੀ ਸਖਤ ਲੋੜ ਹੈ।

**- ਜਿੰਦਰ**



**ਇਸ ਵਾਰ**

**ਹਿੰਦੀ ਨਾਵਲ**

## ਕੁੱਚੀ ਦਾ ਕਾਨੂੰਨ/ ਸ਼ਿਵ ਮੂਰਤੀ

### ਅਨੁਵਾਦ : ਮਹਿੰਦਰ ਬੇਦੀ, ਜੈਤੋ

ਪਿੰਡ ਦੀਆਂ ਔਰਤਾਂ ਨੇ ਦੰਦਾਂ ਹੇਠ ਉਂਗਲਾਂ ਨੱਪ ਲਈਆਂ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਪਿੰਡ ਦੀ ਉਹਨਾਂ ਬੁੱਢੀਆਂ, ਸਿਆਣੀਆਂ-ਸੁਆਣੀਆਂ ਨੂੰ ਵੀ ਕੰਨੋਂ-ਕੰਨ ਭਿਣਕ ਨਹੀਂ ਸੀ ਪਈ ਜਿਹੜੀਆਂ ਆਪਣੇ-ਆਪ ਨੂੰ ਤੀਰਮਾਰ ਖਾਂ ਸਮਝਦੀਆਂ ਨੇ। ਜਿਹੜੀਆਂ ਮੰਨਦੀਆਂ ਨੇ ਕਿ ਪਿੰਡ ਦੀ ਕਿਸੇ ਵੀ ਨੂੰਹ-ਧੀ ਦੀ ਸੱਤਾਂ ਪਰਦਿਆਂ ਵਿਚ ਕੀਤੀ ਹੋਈ 'ਹਰਕਤ' ਉਹਨਾਂ ਦੀਆਂ ਨਜ਼ਰਾਂ ਤੋਂ ਓਹਲੇ ਨਹੀਂ ਰਹਿ ਸਕਦੀ। ਉਹ ਹੁਣ ਵੀ ਅੰਦਾਜ਼ਾ ਨਾ ਲਾ ਸਕੀਆਂ ਕਿ ਏਸ 'ਵਹਿੜ' ਨੇ ਕਿਸ ਗੱਭਰੂ ਨੂੰ 'ਬੱਕਰਾ' ਬਣਾਇਆ ਸੀ ਤੇ ਬੱਕਰਾ ਬਣਾ ਕੇ ਲਕੋਈ ਕਿੱਥੇ ਰੱਖਿਆ ਸੀ ? ਇਹੋ-ਜਿਹੀ 'ਖੱਟੀ' ਰਾਹ ਜਾਂਦਿਆਂ ਜਾਂ ਅੱਖ ਦੇ ਫੋਰੇ ਵਿਚ ਤਾਂ ਹੋ ਨਹੀਂ ਸਕਦੀ—ਚਾਰ-ਛੇ ਦਿਨਾਂ ਦੀ ਸੰਗਤ ਤੇ ਖੁੱਲ੍ਹਾ-ਡੁੱਲ੍ਹਾ ਮਾਹੌਲ ਚਾਹੀਦਾ ਹੁੰਦਾ ਹੈ।

ਸਭ ਤੋਂ ਪਹਿਲਾਂ ਚਤੁਰਾ ਅੰਮਾ ਦੀ ਨਿਗਾਹ ਪਈ। ਨਵੀਂ ਪੀੜ੍ਹੀ ਦੀਆਂ ਉਹਨਾਂ ਕੁਝ ਕੁ ਨੂੰਹਾਂ-ਧੀਆਂ ਨੂੰ ਛੱਡ ਕੇ ਜਿਹਨਾਂ ਦੇ ਘਰੀਂ ਪੱਕੀਆਂ ਟੱਟੀਆਂ ਬਣ ਗਈਆਂ ਨੇ, ਪਿੰਡ ਦੀਆਂ ਔਰਤਾਂ ਅੱਜ ਵੀ ਜੰਗਲ-ਪਾਣੀ ਖਾਤਰ ਸਵੇਰੇ-ਸ਼ਾਮ ਬਾਬੇ ਦੀ ਛੱਪੜੀ ਵਾਲੇ ਖੁੱਲ੍ਹੇ ਮੈਦਾਨ 'ਚ ਜੰਗਲ ਹੋ ਆਉਣ ਨੂੰ ਵਧੇਰੇ ਪਸੰਦ ਕਰਦੀਆਂ ਨੇ। ਉਹਨਾਂ ਦੀ ਇਹ ਆਦਤ ਮਰਨ ਦੇ ਨਾਲ ਹੀ ਜਾਵੇਗੀ। ਮੀਂਹ-ਕਣੀ ਦੇ ਮੌਸਮ ਵਿਚ ਮਜਬੂਰੀ ਵੱਸ ਘਰੇ ਜਾਣਾ ਪੈ ਜਾਵੇ ਤਾਂ ਨੱਕ, ਮੂੰਹ 'ਤੇ ਕੱਪੜਾ ਲਪੇਟ ਕੇ ਅੰਦਰ ਵੜਦੀਆਂ ਨੇ।

ਜੰਗਲ ਹੋ ਆਉਣਾ ਸਿਰਫ਼ ਜੰਗਲ-ਪਾਣੀ ਜਾਣਾ ਹੀ ਨਹੀਂ ਹੁੰਦਾ। ਜਿਹੜਾ ਸੁਖ ਝੁੰਡ ਵਿਚ ਗੱਲਾਂ ਦੀ ਜੁਗਾਲੀ ਕਰਨ ਦਾ ਮਿਲਦਾ ਹੈ—ਘਰੇ ਕੈਦ ਰਹਿ ਕੇ ਕਦੋਂ ਮਿਲਦਾ ਹੈ ? ਇਕ ਗੱਲ ਖ਼ਤਮ ਹੋਈ ਨਹੀਂ ਹੁੰਦੀ ਕਿ ਦੂਜੀ ਸ਼ੁਰੂ ਹੋ ਜਾਂਦੀ ਹੈ। ਘਰ ਵਾਪਸੀ ਹੋ ਜਾਂਦੀ ਹੈ ਪਰ ਗੱਲ ਖ਼ਤਮ ਨਹੀਂ ਹੁੰਦੀ—ਤੇ ਫੇਰ ਤੁਰਦਾ-ਤੁਰਦਾ ਸਾਰਾ ਝੁੰਡ ਰੁਕ ਜਾਂਦਾ ਹੈ।

ਉਸ ਦਿਨ ਵਾਪਸ ਮੁੜਦਿਆਂ ਹੋਇਆਂ ਚਿੱਟਾ ਦਿਨ ਚੜ੍ਹ ਆਇਆ ਸੀ। ਪੁਰੇ ਦੇ ਇਕ ਬੁੱਲ੍ਹੇ ਨੇ ਬਿੰਦ ਦਾ ਬਿੰਦ ਕੁੱਚੀ ਦਾ ਪੱਲਾ ਕੀ ਉਡਾ ਦਿੱਤਾ ਕਿ ਚਤੁਰਾ ਅੰਮਾ ਦੀ ਨਿਗਾਹ ਉਸਦੇ ਢਿੱਡ 'ਤੇ ਜਾ ਪਈ। ਐਨਾ ਕੂਲਾ ਢਿੱਡ। ਪੰਜ ਮਹੀਨਿਆਂ ਦਾ ਉਭਾਰ। ਉਹਦੀਆਂ ਅੱਖਾਂ ਦੇ ਕੌਲੇ ਫ਼ੈਲ ਗਏ। ਅੱਜ ਤਕ ਸਾਰਿਆਂ ਦੀਆਂ ਅੱਖਾਂ 'ਚ ਘੱਟਾ ਪਾਉਂਦੀ ਰਹੀ, ਇਹ ਵਹਿੜ। ਪਰ ਯਕਦਮ ਮੂੰਹ ਪਾੜ ਕੇ ਕਹੇ ਵੀ ਤਾਂ ਕਿਵੇਂ ? ਰਿਸ਼ਤੇ ਵਜੋਂ ਉਹ ਕੁੱਚੀ ਦੀ ਦਦੇਸ ਯਾਨੀ ਸੱਸ ਦੀ ਵੀ ਸੱਸ ਲੱਗਦੀ ਹੈ।...ਪਰ ਏਡੀ ਵੱਡੀ ਗੱਲ ਨੂੰ ਢਿੱਡ 'ਚ ਰੱਖੇ ਵੀ ਕਿਵੇਂ ? ਅਫ਼ਰੇਵਾਂ ਨਾ ਹੋ ਜਾਊਗਾ।

ਉਹ ਸਾਰਾ ਦਿਨ ਬੇਚੈਨ ਰਹੀ। ਢਿੱਡ 'ਚ ਗੋਲਾ-ਜਿਹਾ ਬੱਝ ਗਿਆ। ਸਾਹ ਉੱਖੜਨ ਲੱਗ ਪਿਆ। ਕਿਸੇ ਤਰ੍ਹਾਂ ਰਾਮ-ਰਾਮ ਕਰਕੇ ਦਿਨ ਢਲਿਆ। ਸ਼ਾਮ ਨੂੰ ਮਿਲਦਿਆਂ ਹੀ ਉਸਨੂੰ ਘੇਰ ਲਿਆ—"ਆਹ ਵਾਤ-ਰੋਗ-ਗੋਲਾ ਕਿੱਥੋਂ ਸਹੇੜ ਲਿਐ ਨੀਂ ਬਹੂਏ ?"

ਅੰਦਰ ਤਕ ਹਿੱਲ ਗਈ ਕੁੱਚੀ। ਖੜ੍ਹੀ-ਖੜੋਤੀ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਚਤੁਰਾ ਅੰਮਾ ਵਰਗੀ ਫਫਾਕੁਟਣੀ ਹੋਰ ਕਿਹੜੀ ਏ ਪਿੰਡ 'ਚ? ਬੜਾ ਕੁਝ ਸੁਣਿਆ ਹੋਇਆ ਹੈ ਉਸਨੇ ਉਸ ਬਾਰੇ। ਪੰਜ-ਛੇ ਨਿਆਣਿਆਂ ਦੀ ਮਾਂ ਬਣਨ ਤਕ ਜਿੱਧਰੋਂ ਦੀ ਲੰਘਦੀ, ਪਾਣੀ 'ਚ ਅੱਗ ਲਾਉਂਦੀ ਤੁਰੀ ਜਾਂਦੀ। ਜਿਸ ਮਰਦ ਨਾਲ ਹੱਸ ਕੇ ਬੋਲ ਲੈਂਦੀ, ਉਸਦੀ 'ਗੁੱਡੀ'ਚੜ੍ਹ ਜਾਂਦੀ। ਕੰਬਦੀ ਆਵਾਜ਼ 'ਤੇ ਕਾਬੂ ਪਾਉਂਦੀ ਹੋਈ ਉਹ ਮਿਣਮਿਣਾਈ—"ਵਾਤ-ਰੋਗ-ਗੋਲਾ ਸੱਤ ਦੁਸ਼ਮਣਾਂ ਨੂੰ ਹੋਵੇ ਅੰਮਾ।"

"ਫੇਰ ਅਹਿ ਢਿੱਡ 'ਚ ਕੀ ਲਕੋਇਆ ਹੋਇਐ ਤੈਂ?" ਅੰਮਾਂ ਨੇ ਉਸਦੀ ਧੁੰਨੀ 'ਚ ਉਂਗਲ ਘਸੋੜਦਿਆਂ ਪੁੱਛਿਆ—"ਮੈਨੂੰ ਤਾਂ ਪੰਜ-ਛੀ ਮਹੀਨਿਆਂ ਦਾ ਲੱਗਦੈ।"

"ਤੈਂ ਵੀ ਗਜਬ ਢਾਊਨੀਂ ਐਂ ਅੰਮਾਂ। ਜਦੋਂ ਦੇਣ ਵਾਲਾ ਈ ਚਲਾ ਗਿਆ ਤਾਂ ਢਿੱਡ 'ਚ ਕੀ ਮੈਂ ਆਪੇ ਬਣਾ ਕੇ ਲਕੋ ਲਿਆ ਕੁਛ।"

ਨਾਲ ਤੁਰੀ ਜਾ ਰਹੀ ਗੁਆਂਢਣ ਨੇ ਵਾਕ ਉਛਾਲਿਆ—"ਏਹਾ ਵਾਤ-ਰੋਗ-ਗੋਲਾ ਦੇਣ ਵਾਲਿਆਂ ਦੀ ਕਿਹੜਾ ਕਮੀ ਐਂ ਏਸ ਪਿੰਡ 'ਚ—ਜ਼ਰਾ ਜਿੰਨੀ ਨਜ਼ਰ ਫਸੀ ਨ੍ਹੀਂ ਕਿ ਲੈ ਜੁੱਪ ਲੈ 'ਗੋਲਾ'।"

ਉਦੋਂ ਤਕ ਕੁੱਚੀ ਸੰਭਲ ਚੁੱਕੀ ਸੀ। ਲੁਕਾਇਆਂ ਕਿੰਨੇ ਦਿਨ ਲੁਕੇਗਾ? ਜਵਾਬ ਤਾਂ ਦੇਣਾ ਹੀ ਪੈਣਾ ਹੈ, ਪਰ ਏਨੀ ਜਲਦੀ ਦੇਣਾ ਪੈ ਜਾਏਗਾ, ਇਹ ਨਹੀਂ ਸੀ ਸੋਚਿਆ।

"ਜਿਸਨੇ ਆਉਣੈ ਉਹ ਤਾਂ ਹੁਣ ਆ ਕੇ ਰਹੂਗਾ ਅੰਮਾਂ। ਲਕੋਣ ਨਾਲ ਵਾਪਸ ਥੋੜ੍ਹਾ ਈ ਪਰਤ ਜਾਊਗਾ।"

"ਨਾ ਆਉਣ ਦੇ ਵੀ ਹਜ਼ਾਰ ਰਸਤੇ ਐ ਬਹੂ। ਤੇਰੇ ਆਦਮੀ ਨੂੰ ਮਰੇ ਦੋ ਸਾਲ ਤੋਂ ਵੱਧ ਹੋ ਗਏ ਹੋਣੈ ਐਂ। ਆਉਣ ਵਾਲਾ ਆ ਗਿਆ ਤਾਂ ਕਿਸ ਦਾ ਨਾਂ ਧਰੇਂਗੀ?"

"ਕਿਸੇ ਦਾ ਨਾਂ ਧਰਨਾ ਜ਼ਰੂਰੀ ਐ ਕਿ ਅੰਮਾਂ? 'ਕੱਲਾ ਮੇਰਾ ਨਾਂ ਈ ਕਾਫੀ ਨ੍ਹੀਂ ਕਿ?"

ਚਤੁਰਾ ਅੰਮਾ ਕੁੱਚੀ ਦੇ ਅੱਗੇ ਆ ਖਲੋਤੀ। ਉਸਦੀਆਂ ਦੋਵਾਂ ਬਾਹਵਾਂ ਨੂੰ ਫੜ ਕੇ ਝੰਝੋੜਦੀ ਹੋਈ ਫੁਸਫੁਸਾਈ—"ਕੀ ਕਹਿ ਰਹੀ ਐਂ ਨੀਂ? ਕਿਸੇ ਨੇ ਭੂਤ-ਪ੍ਰੇਤ ਤਾਂ ਨ੍ਹੀਂ ਛੱਡ 'ਤਾ ਤੇਰੇ 'ਤੇ? ਤੇਰੇ ਜੇਠ ਬਨਵਾਰੀ ਨੂੰ ਪਤਾ ਲੱਗਿਆ ਤਾਂ ਕੱਚੀ ਨੂੰ ਈ ਚੱਬ ਜੂਗਾ ਤੈਨੂੰ।"

"ਜੇਠ ਦਾ ਕੀ ਰਾਹ ਅੰਮਾਂ? ਮੈਂ ਉਸਦੀ ਕਮਾਈ ਖਾਨੀਂ ਆਂ ਕੋਈ? ਉਹਨਾਂ ਦਾ ਚੁੱਲ੍ਹਾ ਅਲੱਗ, ਮੇਰਾ ਅਲੱਗ।"

ਇਹ ਕਰਤੂਤ ਤੇ ਅਜਿਹਾ ਜਵਾਬ। ਸਾਰੀਆਂ ਸਿਲ-ਪੱਥਰ ਹੋ ਗਈਆਂ।

ਸਹੁਰੇ ਹੁਰੀਂ ਤਾਂ ਪਹਿਲਾਂ ਹੀ ਘੱਟ ਬੋਲਦੇ ਸੀ। ਇਕਲੌਤੇ ਜਵਾਨ ਮੁੰਡੇ ਦੀ ਮੌਤ ਨੇ ਉਹਨਾਂ ਨੂੰ ਯਕਦਮ ਗੂੰਗਾ ਕਰ ਦਿੱਤਾ। ਸਾਰੇ ਕਰਮਕਾਂਡ ਉਹਨਾਂ ਸਿਰ ਸੁੱਟ ਕੇ ਕੀਤੇ। ਮੁੰਨਿਆਂ ਹੋਇਆ ਸਿਰ, ਬਿਨਾਂ ਦਾੜ੍ਹੀ-ਮੁੱਛਾਂ ਵਾਲਾ ਚਿਹਰਾ। ਅੰਦਰ ਨੂੰ ਧਸੀਆਂ ਅੱਖਾਂ। ਉਹਨਾਂ ਨੂੰ ਲੱਗਦਾ ਹੋਏਗਾ ਕਿ 'ਪੁੱਤਰ ਕਮਾਉਣ-ਧਮਾਉਣ ਲੱਗ ਪਿਐ, ਹੁਣ ਉਹਨਾਂ ਨੂੰ ਗ੍ਰਹਿਸਤੀ ਦੇ ਝੰਝਟਾਂ ਤੋਂ ਮੁਕਤੀ ਮਿਲ ਜਾਊਗੀ।' ਹਾਈ ਸਕੂਲ 'ਚੋਂ ਦੋ ਵਾਰੀ ਫੇਲ੍ਹ ਹੋਣ ਪਿੱਛੋਂ ਬਜਰੰਗੀ ਚਚੇਰੇ ਭਰਾ ਬਨਵਾਰੀ ਨਾਲ ਬੋਰਿੰਗ ਦੇ ਕੰਮ 'ਤੇ ਲੱਗ ਗਿਆ ਸੀ। ਇਲਾਕੇ ਵਿਚ ਧਰਤੀ ਦਾ ਪਾਣੀ ਤੇਜ਼ੀ ਨਾਲ ਹੇਠਾਂ ਖਿਸਕ ਰਿਹਾ ਸੀ, ਜਿਸ ਨਾਲ ਪਟਾ-ਪੁਲੀ ਵਾਲੇ ਪੁਰਾਣੇ ਟਿਊਬਵੈੱਲ ਪਾਣੀ ਛੱਡਣ ਲੱਗ ਪਏ ਸਨ। ਹਰ ਸਾਲ ਇਕ ਦੋ ਟਿਊਬਵੈੱਲ ਪਾਣੀ ਛੱਡ ਜਾਂਦੇ। ਹੁਣ ਬਿਨਾਂ ਡੇਢ-ਦੋ ਸੌ ਫੁੱਟ ਡੂੰਘਾ ਬੋਰ ਕੀਤਿਆਂ ਤੇ ਬਿਨਾਂ ਸਬਮਰਸਿਬਲ ਮੋਟਰ ਲਾਇਆਂ ਪਾਣੀ ਨਹੀਂ ਸੀ



ਆਉਂਦਾ। ਦੋਵਾਂ ਭਰਾਵਾਂ ਨੇ ਸਹੀ ਮੌਕੇ 'ਤੇ ਇਸ ਕੰਮ ਵਿਚ ਹੱਥ ਸਿਧਾਇਆ ਸੀ। ਹਜ਼ਾਰ-ਪੰਜ ਸੌ ਰੁਪਏ ਰੋਜ਼ ਦੀ ਕਮਾਈ ਕਰਨ ਲੱਗ ਪਏ ਸਨ। ਮੋਟਰ ਤੇ ਪਾਈਪਾਂ ਦੀ ਖ਼ਰੀਦ ਕਰਨ 'ਤੇ ਡੀਲਰ ਤੋਂ ਮਿਲਣ ਵਾਲਾ ਕਮੀਸ਼ਨ ਵੱਖਰਾ ਹੁੰਦਾ ਸੀ। ਇਸ ਸਾਲ ਖ਼ੁਦ ਆਪਣੇ ਟੱਕ ਵਿਚ ਬੋਰ ਲਾਉਣ ਦਾ ਇਰਾਦਾ ਸੀ ਬਜਰੰਗੀ ਦਾ ਕਿ ਇਹ ਕਹਿਰ ਢੈਅ ਗਿਆ।

ਤੇਰ੍ਹਵੀਂ ਤੋਂ ਦੂਜੇ ਦਿਨ ਜਦੋਂ ਸਾਰੇ ਮਹਿਮਾਨ ਚਲੇ ਗਏ ਤਾਂ ਕੁੱਚੀ ਦੇ ਪਿਓ ਨੇ ਉਸਨੂੰ ਇਕ ਪਾਸੇ ਬੁਲਾ ਕੇ ਧੀਮੀ ਆਵਾਜ਼ ਵਿਚ ਸਮਝਾਇਆ—"ਤੇਰਾ ਦਾਣਾ-ਪਾਣੀ ਹੁਣ ਏਸ ਘਰ 'ਚੋਂ ਮੁੱਕ ਗਿਐ ਧੀਏ। ਹੁਣ ਏਥੋਂ ਦਾ ਮੋਹ ਛੱਡ। ਕੁਸ਼ ਖਾ-ਪੀ ਲੈ ਤੇ ਚੱਲਣ ਦੀ ਤਿਆਰੀ ਕਰ। ਇੱਥੋਂ ਦੀਆਂ ਚੀਜ਼ਾਂ, ਗਹਿਣਾ-ਕੱਪੜਾ ਸੱਸ ਦੇ ਹਵਾਲੇ ਕਰਕੇ ਚੱਲਣੈ।"

ਪੈਰ ਦੇ ਨਹੁੰ ਨਾਲ ਸਿੱਲ੍ਹੇ ਫਰਸ਼ ਦੀ ਮਿੱਟੀ ਖੁਰਚਦਿਆਂ, ਨੀਵੀਂ ਪਾ ਕੇ, ਉਸਨੇ ਸੁਣਿਆ—ਫੇਰ ਅੰਦਰ ਜਾ ਕੇ ਆਪਣੀ ਕੋਠੜੀ ਵਿਚ ਵੜ ਗਈ। ਖੜ੍ਹੀ ਨਾ ਰਹਿ ਸਕੀ। ਇਕ ਖੂੰਜੇ ਵਿਚ ਭੁੰਜੇ ਬੈਠ ਗਈ।

ਇੱਥੋਂ ਦੀਆਂ ਚੀਜ਼ਾਂ...ਕਿਹੜੀਆਂ ਨੇ ਏਥੋਂ ਦੀਆਂ ਚੀਜ਼ਾਂ? ਅਜੇ ਤਾਈਂ ਇੱਥੋਂ ਤੇ ਉੱਥੋਂ ਦੀਆਂ ਚੀਜ਼ਾਂ ਨੂੰ ਵੱਖ ਕਰਨ ਦੀ ਲੋੜ ਨਹੀਂ ਸੀ ਪਈ। ਅੱਜ ਪੈ ਗਈ। ਉਸਨੂੰ ਰਿਵਾਜ਼ਾਂ ਦਾ ਪਤਾ ਸੀ ਕਿ ਹੁਣ ਇਹ ਘਰ, ਉਸਦਾ ਘਰ ਨਹੀਂ ਰਿਹਾ। ਜਿਸ ਕਿੱਲੇ ਨਾਲ ਬੰਨ੍ਹਣ ਲਈ ਲਿਆਂਦਾ ਗਿਆ ਸੀ ਜਦੋਂ ਉਹੀ ਨਹੀਂ ਰਿਹਾ ਤਾਂ...। ਉਸਦੀਆਂ ਅੱਖਾਂ ਝਿਰਨ ਲੱਗੀਆਂ। ਸਹੁਰਿਆਂ ਵੱਲੋਂ ਮਿਲੇ ਗਹਿਣੇ—ਪੰਜੇਬਾਂ, ਬਿੱਛੂ, ਝੁਮਕੇ ਤੇ ਅੰਗੂਠੀ ਤਾਂ ਉਸਨੇ ਲਾਹ ਲਏ ਪਰ ਨੱਕ ਦਾ ਕੋਕਾ ਲਾਹੁੰਦਿਆਂ ਹੋਇਆਂ ਉਸਦੇ ਹੱਥ ਕੰਬਣ ਲੱਗ ਪਏ। ਕੋਕੇ ਅੰਦਰਲੇ ਪੇਚ ਨੇ ਘੁੰਮਣ ਤੋਂ ਇਨਕਾਰ ਕਰ ਦਿੱਤਾ। ਕੱਲ੍ਹ ਤਕ ਇਹ ਚੀਜ਼ਾਂ ਉਸਦੀਆਂ ਸਨ, ਅੱਜ ਪਰਾਈਆਂ ਹੋ ਗਈਆਂ।

ਦੋ ਜੋੜੇ ਚੱਪਲਾਂ ਦੇ ਸਨ। ਇਕ ਗੌਨੇ ਵੇਲੇ ਮਿਲਿਆ ਸੀ, ਇਕ ਹੁਣੇ ਦੋ ਮਹੀਨੇ ਪਹਿਲਾਂ 'ਉਹ' ਲਿਆਏ ਸੀ। ਕੀ ਦੋਵੇਂ ਛੱਡਣੇ ਪੈਣਗੇ? ਨੰਗੇ ਪੈਰੀਂ ਜਾਣਾ ਪਊਗਾ?

ਸੱਸ ਕੋਠੜੀ ਵਿਚ ਆਈ ਤਾਂ ਉਹ ਕੋਕੇ ਦਾ ਪੇਚ ਖੋਲ੍ਹਦੀ ਹੋਈ ਪ੍ਰੇਸ਼ਾਨ ਹੋਈ-ਹੋਈ ਸੀ। ਉਸਨੇ ਸੱਸ ਦੀ ਮਦਦ ਲਈ। ਸੁੰਨੇ ਨੱਕ ਨੂੰ ਉਂਗਲ ਛੁਹਾਉਂਦਿਆਂ, ਅਜੀਬ-ਜਿਹਾ ਲੱਗਿਆ।

ਸੱਸ ਨੇ ਉਸਨੂੰ ਬੁੱਕਲ ਵਿਚ ਲੈਂਦਿਆਂ ਹੋਇਆਂ ਕਿਹਾ—"ਚਾਹੁੰਦੀ ਤਾਂ ਆਂ ਕਿ ਤੈਨੂੰ ਕਦੇ ਨਾ ਜਾਣ ਦਿਆਂ ਪਰ ਕਿਸ ਹੱਕ ਨਾਲ ਰੋਕਾਂ? ਜਾਹ, ਤੈਨੂੰ ਏਸ ਨਾਲੋਂ ਚੰਗਾ ਵਰ ਮਿਲੇ। ਸਾਥੋਂ ਚੰਗਾ ਟੱਬਰ ਮਿਲੇ। ਕੋਹ ਦੋ ਕੋਹ 'ਤੇ ਰਹੀ ਤਾਂ ਕਦੇ-ਕਦਾਈਂ ਸਾਡੀ ਖ਼ਬਰ ਵੀ ਲੈਂਦੀ ਰਹੀਂ।"

ਗਲ਼ ਲੱਗ ਕੇ ਦੋਵੇਂ ਕੁਝ ਚਿਰ ਤਕ ਰੋਂਦੀਆਂ ਰਹੀਆਂ।

ਅਚਾਨਕ ਉਸਨੂੰ ਯਾਦ ਆਇਆ ਕਿ ਅਜੇ ਜਾਨਵਰਾਂ ਨੂੰ ਪਾਣੀ ਨਹੀਂ ਪਿਆਇਆ। ਬਿਨਾਂ ਪਿਆਏ ਚਲੀ ਗਈ ਤਾਂ ਵਿਚਾਰੇ ਸਾਰਾ ਦਿਨ ਪਿਆਸੇ ਈ ਰਹਿ ਜਾਣਗੇ। ਉਹ ਬਾਲ੍ਟੀ ਚੁੱਕ ਕੇ ਬਾਹਰ ਆਈ ਤੇ ਨਲਕੇ ਤੋਂ ਭਰ-ਭਰ ਕੇ ਉਹਨਾਂ ਨੂੰ ਪਾਣੀ ਪਿਆਉਣ ਲੱਗ ਪਈ। ਖ਼ੂਹ ਤੋਂ ਪਾਣੀ ਭਰਨ ਦੀ ਮੁੱਸ਼ਕਤ ਤੋਂ ਬਚਾਉਣ ਖਾਤਰ ਬਜਰੰਗੀ ਨੇ ਪਿਛਲੇ ਸਾਲ ਇਹ ਨਲਕਾ ਲਗਵਾ ਦਿੱਤਾ ਸੀ।

ਨੀਲੇ ਵੈਲਵਟ ਦੀ ਇਕ ਛੋਟੀ-ਜਿਹੀ ਥੈਲੀ ਵਿਚ ਉਹ ਆਪਣੇ ਗਹਿਣੇ ਰੱਖਦੀ ਸੀ। ਇਸੇ ਵਿਚ ਸੋਨੇ ਦੇ ਟੌਪਸ ਤੇ ਚੇਨੀ ਸੀ। ਇਹਨਾਂ ਨੂੰ 'ਉਹਨਾਂ' ਨੇ ਦੋ ਮਹੀਨੇ ਪਹਿਲਾਂ ਖ਼ਰੀਦ ਕੇ ਦਿੱਤਾ ਸੀ। ਅਜੇ ਸੱਸ ਨੂੰ ਇਹਨਾਂ ਦਾ ਪਤਾ ਨਹੀਂ ਸੀ।

ਹਰ ਮਹੀਨੇ, ਦੂਜੇ ਮਹੀਨੇ, ਮੋਟਰ ਸਾਈਕਲ ’ਤੇ ਬੈਠਾ ਕੇ ਉਹ ਉਸਨੂੰ ਪਿਕਚਰ ਦਿਖਾਉਣ ਸ਼ਹਿਰ ਲੈ ਜਾਂਦੇ ਸੀ। ਪਿਕਚਰ ਦਿਖਾਉਣ ਤੇ ਗੋਲ-ਗੱਪੇ ਖੁਆਉਣ। ਉਸਨੂੰ ਗੋਲ-ਗੱਪਿਆਂ ਦਾ ਖੱਟਾ ਪਾਣੀ ਬੜਾ ਪਸੰਦ ਸੀ।

ਉਹ ਕਰਾਹੁੰਦੀ ਹੋਈ ਕਹਿੰਦੀ, “ਢਿੱਡ ’ਚ ਬੜਾ ਦਰਦ ਹੋ ਰਿਹੈ ਮਾਈ।”

ਸੱਸ ਘਬਰਾ ਜਾਂਦੀ। ‘ਉਹਨਾਂ’ ਨੂੰ ਕਹਿੰਦੀ, “ਲੈ ਜਾ, ਕਿਸੇ ਡਾਕਟਰ ਨੂੰ ਦਿਖਾ ਲਿਆ।”

ਵਾਪਸੀ ’ਤੇ ਪੁੱਛਦੀ, “ਕੀ ਦੱਸਿਆ ਡਾਕਟਰ ਨੇ ? ਕੁਸ਼ ਉਮੀਦ ਐ ?”

ਉਹ ਮੁਸਕਰਾ ਕੇ ਨਾਂਹ ’ਚ ਸਿਰ ਹਿਲਾ ਦਿੰਦੀ। ਕਦੀ-ਕਦੀ ਬਲਾਊਜ ’ਚੋਂ ਕੱਢ ਕੇ ਕੈਲਸ਼ੀਅਮ ਜਾਂ ਕਰੋਸੀਨ ਦੀਆਂ ਗੋਲੀਆਂ ਦਾ ਪੱਤਾ ਦਿਖਾ ਦਿੰਦੀ। ਢਿੱਡ ਦਰਦ ਮਹੀਨੇ, ਦੋ ਮਹੀਨਿਆਂ ਲਈ ਟਿਕ ਜਾਂਦਾ।

ਟੌਪਸ ਤੇ ਚੇਨੀ ਵੀ ਦੇ ਦੇਵੇ ਜਾਂ ਨਾਲ ਲੈਂਦੀ ਜਾਵੇ ? ਉਹ ਕੁਝ ਚਿਰ ਤਕ ਦੁਚਿੱਤੀ ਵਿਚ ਫਸੀ ਰਹੀ, ਫੇਰ ਮਨ ਬਣਾਇਆ, ‘ਕੀ ਫ਼ਾਇਦਾ ? ਜਦੋਂ ਦੇਣ ਵਾਲਾ ਈ ਚਲਾ ਗਿਆ।’...ਉਹ ਜਦੋਂ ਵੀ ਇਹਨਾਂ ਨੂੰ ਪਾਏਗੀ, ‘ਉਹ’ ਆ ਕੇ ਸਾਹਮਣੇ ਖੜ੍ਹੇ ਹੋ ਜਾਣਗੇ।

ਸੱਸ ਦੇ ਹੱਥ ਵਿਚ ਫੜਾਉਣ ਤੋਂ ਪਹਿਲਾਂ ਉਸਨੇ ਥੈਲੀ ਦਾ ਮੂੰਹ ਖੋਲ੍ਹ ਕੇ ਚੀਜ਼ਾਂ ਗਿਣਵਾ ਦਿੱਤੀਆਂ, “ਤੁਹਾਡੇ ਦਿੱਤੇ ਪੰਜੇ ਜੇਵਰ, ਨਾਲ ਇਹ ਟੌਪਸ ਤੇ ਚੇਨੀ। ਇਹਨਾਂ ਨੂੰ ਉਹ ਦੋ ਮਹੀਨੇ ਪਹਿਲਾਂ ਲਿਆਏ ਸੀ। ਸਾਂਭ ਲਓ।”

ਸੱਸ ਨੇ ਬਿਨਾਂ ਦੇਖਿਆਂ ਥੈਲੀ ਦਾ ਮੂੰਹ ਬੰਦ ਕਰਕੇ ਨੇਫੇ ਵਿਚ ਟੁੰਗ ਲਈ।

ਕੁੱਚੀ ਨੇ ਬਕਸੇ ਦਾ ਜਿੰਦਰਾ ਖੋਲ੍ਹ ਕੇ ਲਾਲ ਰੁਮਾਲ ਵਿਚ ਲਿਪਟਿਆ ਇਕ ਛੋਟਾ-ਜਿਹਾ ਪੈਕਟ ਕੱਢਿਆ ਤੇ ਸੱਸ ਦੇ ਹੱਥ ਫੜਾਉਂਦਿਆਂ ਹੋਇਆਂ ਕਿਹਾ, “ਏਸ ’ਚ ਸੱਤ ਹਜ਼ਾਰ ਰੁਪਈਏ ਐ। ਉਹਨਾਂ ਨੇ ਮੈਨੂੰ ਸਾਂਭ ਕੇ ਰੱਖਣ ਲਈ ਦਿੱਤੇ ਸੀ।”

ਪੈਕਟ ਫੜ ਕੇ ਸੱਸ ਨੇ ਫੇਰ ਉਸੇ ਬਕਸੇ ਵਿਚ ਪਾ ਦਿੱਤਾ ਤੇ ਹੇਠਾਂ ਪਿਆ ਜਿੰਦਰਾ ਬਕਸੇ ਨੂੰ ਲਾ ਕੇ ਚਾਬੀ ਆਪਣੇ ਪੱਲੇ ਨਾਲ ਬੰਨ੍ਹ ਲਈ।

ਸੱਸ ਬਾਹਰ ਨਿਕਲੀ ਤਾਂ ਉਹ ਫੇਰ ਆਪਣਾ ਸਾਮਾਨ ਸਮੇਟਣ ਲੱਗ ਪਈ।ਆਪਣਾ ਕੀ ਸੀ ? ਸਭ ਤਾਂ ਏਥੋਂ ਦਾ ਸੀ।ਉਹ ਖ਼ੁਦ ਵੀ ਇੱਥੋਂ ਦੀ ਹੋ ਚੁੱਕੀ ਸੀ।ਅੱਜ ਫੇਰ ਪੇਕਿਆਂ ਦੀ ਹੋ ਰਹੀ ਸੀ। ਬਲਕਿ ਹੁਣ ਕਿਤੋਂ ਦੀ ਨਹੀਂ ਸੀ ਰਹੀ। ਕਿਨਾਰੀ ਵਾਲਾ ਇਕ ਝੋਲਾ ਤੇ ਪਲਾਸਟਿਕ ਦੀ ਢੋਲੀ ਹੀ ਉਸਦੇ ਪੇਕਿਆਂ ਦੀ ਸੀ। ਦੋ ਸਾੜ੍ਹੀਆਂ, ਦੋ ਬਲਾਊਜ, ਪੇਟੀਕੋਟ, ਇਕ ਛੋਟਾ ਸ਼ੀਸ਼ਾ, ਇਕ ਕੰਘਾ, ਸੰਧੂਰ ਦੀ ਛੋਟੀ ਡੱਬੀ, ਕਲਿੱਪਾਂ ਦਾ ਪੈਕਟ ਤੇ ਸੂਤੀ ਸ਼ੌਲ ਜਿਹੜਾ ਵਿਦਾਈ ਵੇਲੇ ਉਸਦੀ ਮਾਮੀ ਨੇ ਦਿੱਤਾ ਸੀ, ਉਹਨਾਂ ਨੂੰ ਰੱਖਣ ਲਈ ਢੋਲੀ ਤੇ ਝੋਲਾ ਬੜੇ ਸਨ। ਫਰੇਮ ਵਿਚ ਮੜ੍ਹੀ ਪਤੀ ਨਾਲ ਤਿੰਨ ਮਹੀਨੇ ਪਹਿਲਾਂ ਖਿਚਵਾਈ ਇਕ ਫ਼ੋਟੋ ਵੀ ਆਲੇ ਵਿਚੋਂ ਝਾਕ ਰਹੀ ਸੀ। ਇਸ ਨੂੰ ਉਹ ਆਪਣੀ ਚੀਜ਼ ਮੰਨ ਸਕਦੀ ਸੀ ਕਿ ਨਹੀਂ ? ਜੋ ਵੀ ਹੋਵੇ, ਉਸਨੂੰ ਵੀ ਉਸਨੇ ਸੰਭਾਲ ਕੇ ਝੋਲੇ ਵਿਚ ਪਾ ਲਿਆ।

ਕੰਬਦੀਆਂ ਲੱਤਾਂ ਨਾਲ ਤੁਰਦੀ ਹੋਈ ਉਹ ਬਾਹਰ ਆਈ। ਇਕ ਪਾਸੇ ਸਹੁਰੇ ਹੁਰੀਂ ਮੰਜੀ ’ਤੇ ਬੈਠੇ ਹੋਏ ਸਨ। ਸਿਰ ਦਾ ਪੱਲਾ ਥੋੜ੍ਹਾ ਅੱਗੇ ਨੂੰ ਖਿੱਚਿਆ ਤੇ ਸਹੁਰੇ ਦੇ ਪੈਰ ਫੜ ਲਏ, “ਮੇਰਾ ਖਤਾ-ਕਸੂਰ ਮਾਫ਼ ਕਰਨਾ ਬਾਬੂ ਜੀ।”

ਬੁੱਢਾ ਫਿਸ ਪਿਆ, “ਪੁੱਤਰ ਨੂੰ ਤਾਂ ਭਗਵਾਨ ਲੈ ਗਏ ਭਾ ਜੀ। ਉਹਨਾਂ ’ਤੇ ਕੋਈ ਜ਼ੋਰ ਨ੍ਹੀਂ ਚੱਲਿਆ, ਬਹੂ ਨੂੰ ਤੁਸੀਂ ਲੈ ਜਾ ਰਹੇ ਓਂ। ਹੁਣ ਸਾਡੇ ਦਿਨ ਕਿਸ ਦੇ ਆਸਰੇ ਲੰਘਣਗੇ ?...”



“ਵਾਪਸ ਲੈ ਜਾਣ ਲਈ ਤਾਂ ਭੇਜਿਆ ਨ੍ਹੀਂ ਸੀ ਭਾ ਜੀ, ਪਰ...।” ਕੁੱਚੀ ਦੇ ਪਿਓ ਦਾ ਗੱਚ ਭਰ ਆਇਆ। ਉਹ ਪਰਨੇ ਨਾਲ ਅੱਖਾਂ-ਮੂੰਹ ਪੂੰਝਣ ਲੱਗਾ।

ਕੁੜੀ ਨੇ ਝੋਲਾ ਤੇ ਢੋਲੀ ਸਾਈਕਲ ਦੇ ਹੈਂਡਲ ਦੇ ਦੋਵੇਂ ਪਾਸੇ ਟੰਗ ਦਿੱਤੇ। ਜੇਠਾਣੀ ਨੂੰ ਮਿਲ ਲੈਣ ਪਿੱਛੋਂ ਕੁੱਚੀ ਨੇ ਸੱਸ ਦੇ ਪੈਰੀਂ ਹੱਥ ਲਾਏ। ਫੇਰ ਇਕੱਠੀਆਂ ਹੋਈਆਂ ਔਰਤਾਂ ਦੇ ਗਲ਼ ਲੱਗਣ ਤੇ ਪੈਰੀਂ ਹੱਥ ਲਾਉਣ ਲੱਗੀ।

ਕੋਲ ਆਈ ਤਾਂ ਪਿਓ ਨੇ ਪੁੱਛਿਆ, “ਦੇ ਦਿੱਤਾ ਨਾ ਸਭ ਕੁਸ਼ ?”

ਉਸਨੇ ਘੁੰਡ ਜ਼ਰਾ ਕੁ ਉੱਚਾ ਕਰਕੇ ‘ਹਾਂ’ ਵਿਚ ਸਿਰ ਹਿਲਾਇਆ।

ਪਿਓ ਨੇ ਉੱਚੀ ਆਵਾਜ਼ ਵਿਚ ਦੱਸਿਆ, “ਤੁਹਾਡਾ ਦਿੱਤਾ ਸਭ ਗਹਿਣਾ ਕੱਪੜਾ ਸੱਸ ਨੂੰ ਸੌਂਪ ਕੇ ਜਾ ਰਹੀ ਐ ਮੇਰੀ ਬੱਚੀ। ਉਸਨੂੰ ਹੁਣੇ ਦੇਖ ਲਓ ਭਾ ਜੀ ਤਾਕਿ ਬਾਅਦ ’ਚ ਕੋਈ ਤਕਰਾਰ ਨਾ ਪੈਦਾ ਹੋਵੇ।”

ਏਨੀ ਭੀੜ ਦੇਖ ਕੇ ਬਾਹਰ ਬੱਝੀ ਮੱਝ ਕਿੱਲੇ ਦੇ ਚਾਰੇ-ਪਾਸੇ ਗੇੜੇ ਦੇਣ ਤੇ ਫੁਕਾਰੇ ਮਾਰਨ ਲੱਗੀ। ਇਹ ਮੱਝ ਵੀ ਡੋਲੀ ਵੇਲੇ ਉਸਦੇ ਨਾਲ ਹੀ ਪੇਕਿਓਂ ਆਈ ਸੀ। ਪਿੰਡ ਦੇ ਰਿਵਾਜ਼ ਮੁਤਾਬਿਕ ਉਸਦੇ ‘ਆਦਮੀ’ ਨੂੰ ਦਾਜ ਵਿਚ ਦਿੱਤੀ ਸੀ ਉਸਦੇ ਪਿਓ ਨੇ। ਤਾਂ ਕੀ ਉਸਦੇ ਨਾਲ ਮੱਝ ਨੂੰ ਵੀ ਵਾਪਸ ਜਾਣਾ ਪਵੇਗਾ ?

ਉਹ ਹੌਲੀ-ਹੌਲੀ ਤੁਰਦੀ ਹੋਈ ਮੱਝ ਕੋਲ ਗਈ ਤੇ ਉਸਦੇ ਗਲ਼ ਵੀ ਲੱਗੀ। ਕਿਸੇ ਦੀ ਨਜ਼ਰ ਉਸਦੇ ਨੰਗੇ ਪੈਰਾਂ ’ਤੇ ਪੈ ਗਈ। ਇਕ ਕੁੜੀ ਦੌੜ ਕੇ ਅੰਦਰ ਗਈ ਤੇ ਚੱਪਲਾਂ ਦੀ ਜੋੜੀ ਲਿਆ ਕੇ ਉਸਨੂੰ ਪੁਆਉਣ ਲੱਗੀ। ਸੱਸ ਨੂੰ ਅਚਾਨਕ ਦੰਦਲ ਪੈ ਗਈ। ਔਰਤਾਂ ਨੇ ਉਸਨੂੰ ਡਿੱਗਣ ਤੋਂ ਬਚਾ ਲਿਆ ’ਤੇ ਜ਼ਮੀਨ ਤੇ ਪਾ ਦਿੱਤਾ। ਉਸਦੇ ਮੂੰਹ ਵਿਚ ਸਿੱਪੀ ਨਾਲ ਪਾਣੀ ਪਾਉਣ ਦੀ ਕੋਸ਼ਿਸ਼ ਹੋਣ ਲੱਗੀ। ਮੂੰਹ ’ਤੇ ਛਿੱਟੇ ਮਾਰੇ ਜਾਣ ਲੱਗੇ। ਔਰਤਾਂ ਵਿਚਕਾਰ ਘੁਸਰ-ਫੁਸਰ ਤੇਜ਼ ਹੋ ਗਈ।

ਚਤੁਰਾ ਅੰਮਾ ਨੇ ਅੱਗੇ ਵਧ ਕੇ ਉਸਦੇ ਪਿਓ ਨੂੰ ਕਿਹਾ, “ਅਜੇ ਬੁੱਢਾ, ਬੁੱਢੀ ਖਾਸੇ ਸਦਮੇ ’ਚ ਐ ਭਾ ਜੀ। ਖ਼ੁਦ ਆਪਣੇ ਖਾਣੇ-ਪੀਣੇ ਦੀ ਸੁੱਧ ਨ੍ਹੀਂ ਤੇ ਘਰੇ ਚਾਰ ਜਾਨਵਰ ਬੱਝੇ ਐ। ਇਹ ਬਿਨਾਂ ਚਾਰੇ-ਪਾਣੀ ਦੇ ਮਰ ਜਾਣਗੇ। ਜਾਣਾ ਤਾਂ ਇਕ ਦਿਨ ਐ ਈ ਪਰ ਅੱਜ ਦਾ ਜਾਣਾ ਠੀਕ ਨ੍ਹੀਂ ਲੱਗ ਰਿਹਾ। ਮਹੀਨੇ, ਵੀਹ ਦਿਨਾਂ ਨੂੰ ਜਦੋਂ ਇਹ ਦੋਵੇਂ ਜਣੇ ਰਤਾ ਸੰਭਲ ਜਾਂਦੇ ਤਾਂ ਲੈ ਜਾਂਦੇ...ਰੜਕਣਾਂ ਨ੍ਹੀਂ ਸੀ।”

ਉਸਦੇ ਪਿਓ ਨੇ ਵਾਰੀ-ਵਾਰੀ ਸਭ ਦੇ ਮੂੰਹਾਂ ਵੱਲ ਦੇਖਿਆ। ਫੇਰ ਧੀ ਵੱਲ ਤੱਕਿਆ। ਕੁੱਚੀ ਨੇ ਹਾਂ ਵਿਚ ਸਿਰ ਹਿਲਾਇਆ।

“ਠੀਕ ਐ...ਮੈਂ ਇਕ-ਅੱਧੇ ਮਹੀਨੇ ਤਾਈਂ ਆ ਕੇ ਲੈ ਜਾਊਂਗਾ ਧੀਏ।” ਤੇ ਸਾਈਕਲ ਦੇ ਹੈਂਡਲ ਨਾਲ ਟੰਗੀ ਢੋਲੀ ਤੇ ਝੋਲਾ ਲਾਹ ਕੇ ਧੀ ਦੇ ਹੱਥ ਫੜਾ ਦਿੱਤਾ।

**ਬ**ਜਰੰਗੀ ਦੀ ਲਾਸ਼ ਚਿਤਾ ’ਤੇ ਰੱਖਣ ਦੇ ਨਾਲ ਈ ਕਿਸੇ ਚੋਰ ਦਰਵਾਜ਼ੇ ਰਾਹੀਂ ਬਨਵਾਰੀ ਦੇ ਮਨ ਇਹ ਗੱਲ ਆ ਵੜੀ ਸੀ ਕਿ ‘ਹੁਣ ਬਜਰੰਗੀ ਦੀ ਖੇਤੀਵਾੜੀ, ਘਰਬਾਰ ’ਤੇ ਉਸੇ ਦਾ ਹੱਕ ਆ। ਖ਼ੂਨ ਦੇ ਰਿਸ਼ਤੇ ’ਚ ਸਭ ਤੋਂ ਨੇੜੇ ਉਹੀ ਤਾਂ ਐ। ਜਗੇਸਰ, ਰਮੇਸਰ ਦੋ ਸਕੇ ਭਰਾ। ਜਗੇਸਰ ਤੋਂ ਉਹ ਤੇ ਰਮੇਸਰ ਤੋਂ ਬਜਰੰਗੀ। ਉਸਨੂੰ ਅੱਜ ਤੋਂ ਈ ਚਾਚੇ ਦਾ ਵਿਸ਼ਵਾਸ ਹਾਸਲ ਕਰਨਾ ਪਊਗਾ।’ ਪੂਰੇ ਚਾਰ ਘੁੰਮਾਂ ਖੇਤ ਨੇ। ਚਾਰ ਘੁੰਮਾਵਾਂ ਦਾ ਲਾਲਚ ਘੱਟ ਨਹੀਂ ਹੁੰਦਾ। ‘ਜ਼ਮੀਨ ਦੀ ਕੀਮਤ ਪਿਛਲੇ ਤਿੰਨ-ਚਾਰ ਸਾਲਾਂ ’ਚ ਕਿਸ ਤਰ੍ਹਾਂ ਆਸਮਾਨ ਨੂੰ ਛੂਹ ਗਈ ਐ, ਇਹ

ਕਿਸੇ ਨੂੰ ਦੱਸਣ ਦੀ ਲੋੜ ਐ ਭਲਾਂ ? ਇਹ ਤਾਂ ਕਹੋ ਕਿ ਅਜੇ ਚਾਚੀ ਜਿਉਂਦੀ ਐ। ਨਾ ਹੁੰਦੀ ਤਾਂ ਕੌਣ ਰਾਤ ਨੂੰ ਹਨੇਰੇ 'ਚ ਆਪਣੀ ਔਰਤ ਨੂੰ ਚਾਚੇ ਦੀਆਂ ਲੱਤਾਂ ਘੁੱਟਣ ਲਈ ਭੇਜ ਦਿੰਦਾ, ਕੋਈ ਠਿਕਾਣਾ ਐ—ਕੌਣ ਕਦੋਂ ਬੁੱਢੇ ਨੂੰ ਰਾਤੋ-ਰਾਤ ਬੋਲੈਰੋ 'ਚ ਬੈਠਾ ਕੇ ਲੈ ਉੱਠੇ। ਤਹਿਸੀਲ ਜਾ ਕੇ ਖ਼ੁਦ ਨੂੰ ਵਾਰਸ ਦਰਜ ਕਰਵਾ ਲਵੇ ਜਾਂ ਘਰਬਾਰ, ਖੇਤੀਵਾੜੀ ਦੀ ਰਜਿਸਟਰੀ ਕਰਾ ਲਏ, ਕੋਈ ਠਿਕਾਣਾ ਐ। ਜਾਲਸਾਜੀ ਲੋਕਾਂ ਦੇ ਗਿਰੋਹ ਮੋਟਰ-ਸਾਈਕਲਾਂ 'ਤੇ ਏਹਨੀਂ ਦਿਨੀਂ ਪਿੰਡ-ਪਿੰਡ ਘੁੰਮਦੇ ਫਿਰਦੇ ਐ। ਕਿਸ ਦੇ ਨੰਬਰ ਦੇ ਕੇ ਦਸ-ਪੰਜ ਲੱਖ ਦਾ ਲੋਨ ਲੈ ਉੱਡਣ, ਕੋਈ ਠਿਕਾਣਾ ਐ। ਬੁੱਢਾ, ਬਿਮਾਰ, ਔਤ ਜਾਂ ਵਿਧਵਾ, ਤਾਂ ਉਹਨਾਂ ਲਈ ਸੁਖਾਵਾਂ ਚਾਰਾ ਹੁੰਦੇ ਨੇ। ਪਕੜ 'ਚ ਵੀ ਆ ਗਏ, ਮੁੱਕੇਬਾਜ਼ੀ ਵੀ ਹੋ ਪਈ ਤਾਂ ਉਹਨਾਂ ਨੂੰ ਚਿੰਤਾ ਨਈਂ। ਮੁਕੱਦਮੇ ਦਾ ਫ਼ੈਸਲਾ ਹੋਣ ਤੋਂ ਪਹਿਲਾਂ ਉਹ ਬੁੱਢੇ, ਵਿਧਵਾਵਾਂ ਬੈਕੁੰਠ ਸਿਧਾਰ ਜਾਣਗੇ। ਇਸ ਲਈ ਨਾ ਸਿਰਫ਼ ਚਾਚੇ-ਚਾਚੀ ਦੇ ਖਾਣ-ਪੀਣ ਦਾ ਵਧੀਆ ਇੰਤਜ਼ਾਮ ਕਰਨੈ ਬਲਕਿ ਉਹਨਾਂ ਦੀ ਚੌਕੀਦਾਰੀ ਵੀ ਕਰਨੀ ਐ। ਕੌਣ ਉਹਨਾਂ ਦੇ ਘਰ ਆ-ਜਾ ਰਿਹੈ, ਇਸ 'ਤੇ ਨਜ਼ਰ ਰੱਖਣੀ ਪਊਗੀ।' ਉਸਨੇ ਆਪਣੀ ਸੁਲਛਨੀ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਕਿ ਸਵੇਰ-ਸ਼ਾਮ ਜਾ ਕੇ ਉਹਨਾਂ ਦਾ ਹਾਲਚਾਲ ਪੁੱਛਦੀ ਰਹੇ। ਕ੍ਰਿਆ-ਕਰਮ ਦਾ ਖਰਚਾ ਭਾਵੇਂ ਚਾਚੇ ਨੇ ਕੀਤਾ ਪਰ ਭੱਜ-ਨੱਠ ਦਾ ਸਾਰਾ ਕੰਮ ਉਸੇ ਨੇ ਸੰਭਾਲਿਆ ਸੀ। ਇਹ ਔਰਤ ਪਤਾ ਨਹੀਂ ਕਿਉਂ ਹੁਣ ਆਪਣੀ ਡੰਡੀ ਨਹੀਂ ਫੜਦੀ, ਵਰਨਾ ਉਹ ਚਾਚਾ-ਚਾਚੀ ਨੂੰ ਆਪਣੇ ਚੁੱਲ੍ਹੇ 'ਤੇ ਲੈ ਆਉਂਦਾ। ਪਿਓ ਤਾਂ ਵਿਦਾ ਕਰਾਉਣ ਆਇਆ ਸੀ। ਪਿੰਡ ਦੀਆਂ ਔਰਤਾਂ ਰਾਹ ਦਾ ਰੋੜਾ ਬਣ ਗਈਆਂ। ਚਾਚੀ ਨੂੰ ਵੀ ਉਸੇ ਵੇਲੇ ਦੰਦਲ ਪੈਣੀ ਸੀ। 'ਪੁੱਤ ਮਰਿਆ ਤਾਂ ਦੰਦਲ ਨ੍ਹੀਂ ਪਈ ਤੇ ਨੂੰਹ ਜਾਣ ਲੱਗੀ ਤਾਂ ਦੰਦਲਾਂ ਪੈ ਗਈਆਂ।' ਉਸਨੇ ਸੁਲਛਨੀ ਨੂੰ ਵੀ ਸਮਝਾ ਦਿੱਤਾ ਹੈ ਕਿ ਜਿੰਨੀ ਜਲਦੀ ਹੋ ਸਕੇ ਇਸ ਔਰਤ ਲਈ ਦੂਜਾ ਘਰ-ਵਰ ਲੱਭਣ ਵਿਚ ਆਪਣੇ ਭਰਾਵਾਂ ਨੂੰ ਲਾ ਦੇਵੇ।

ਇਸ ਔਰਤ ਦੇ ਜਾਂਦਿਆਂ ਹੀ ਉਹ ਸਭ ਤੋਂ ਪਹਿਲਾਂ ਚਾਚੇ ਨੂੰ ਤਹਿਸੀਲ ਲੈ ਜਾ ਕੇ ਫ਼ਰਦ 'ਚ ਆਪਣੀ ਵਿਰਾਸਤ ਦਰਜ ਕਰਵਾ ਦੇਵੇਗਾ। ਫੇਰ ਦੋਵਾਂ ਨੂੰ ਲੈ ਕੇ ਉਧਰੋਂ ਹੀ ਚਾਰੋਂ ਧਾਮ ਦੀ ਯਾਤਰਾ 'ਤੇ ਨਿਕਲ ਜਾਵੇਗਾ। ਇਸ ਸਾਲ ਬਜਰੰਗੀ ਦੋਵਾਂ ਨੂੰ ਭੇਜਣ ਵਾਲਾ ਵੀ ਸੀ। ਕਹਾਂਗਾ, 'ਬਜਰੰਗੀ ਨਈਂ ਤਾਂ ਕੀ ਹੋਇਆ ? ਮੈਂ ਕੋਈ ਗ਼ੈਰ ਆਂ। ਮੈਂ ਵੀ ਤਾਂ ਪੁੱਤ ਈ ਆਂ। ਸਿਰਫ਼ ਖਰਚਾ ਨਈਂ ਦਿਆਂਗਾ, ਨਾਲ ਤਾਂ ਜਾਵਾਂਗਾ। ਸਕੇ ਪੁੱਤ ਨਾਲੋਂ ਵਧ ਕੇ ਸੇਵਾ ਕਰਾਂਗਾ।'

ਕਹਿੰਦੇ ਨੇ ਬਦਰੀ ਨਾਥ ਦਾ ਰਸਤਾ ਬੜਾ ਖਤਰਨਾਕ ਹੈ। ਕਦੋਂ ਕੋਈ ਕਿਸ ਖੱਡ 'ਚ ਸਮਾ ਜਾਏ ਕੋਈ ਪਤਾ ਨਹੀਂ ਲੱਗਦਾ। ਸਿੱਧਾ ਪਤਾਲਪੁਰੀ ਪਹੁੰਚਦਾ ਹੈ, ਡਿੱਗਣ ਵਾਲਾ। ਪਹਿਲੇ ਜ਼ਮਾਨੇ 'ਚ ਤਾਂ ਜਾਣ ਵਾਲਾ ਆਪਣਾ ਕ੍ਰਿਆ-ਕਰਮ ਹੱਥੀਂ ਨਬੇੜ ਜਾਂਦਾ ਸੀ, ਯਾਨੀ ਘਰ ਪਰਿਵਾਰ ਤੋਂ ਅੰਤਮ ਵਿਦਾ ਲੈ ਜਾਂਦਾ ਸੀ। ਮੁੜ ਆਏ ਤਾਂ ਠੀਕ, ਨਹੀਂ ਤਾਂ ਜੈ ਸੀਆਰਾਮ। ਰੋਂਦਿਆਂ-ਪਿੱਟਦਿਆਂ ਵਾਪਸ ਆ ਕੇ ਦੋਵਾਂ ਦਾ ਕ੍ਰਿਆ-ਕਰਮ ਢੰਗ ਸਿਰ ਕਰਵਾਉਣਾ ਪਵੇਗਾ ਬਸ।

ਅਚਾਨਕ ਇਸ ਵਿਚਾਰ ਦੇ ਨਾਲ ਹੀ ਉਸਨੂੰ ਇਕ ਧੁੜਧੁੜੀ-ਜਿਹੀ ਆਈ ਕਿ ਕਿਤੇ ਇਸ ਔਰਤ ਦੀ ਕੁੱਖ 'ਚ ਬਜਰੰਗੀ ਦਾ ਅੰਸ਼ ਨਾ ਠਹਿਰ ਗਿਆ ਹੋਵੇ ? ਆਖ਼ਰ ਦੋ ਮਹੀਨੇ ਹੋ ਗਏ, ਇਹ ਜਾਂਦੀ ਕਿਉਂ ਨਹੀਂ ? ਇਸਦੇ ਪਿਓ ਨੇ ਮੁੜ ਕੇ ਖ਼ਬਰ-ਸਾਰ ਹੀ ਨਹੀਂ ਲਈ। ਬਿਨਾਂ ਇਸ ਦੇ ਗਿਆਂ ਤਾਂ ਕੋਈ 'ਸਕੀਮ' ਅੱਗੇ ਨਹੀਂ ਵਧ ਸਕਦੀ।

ਉਹ ਸੋਚਦਾ ਹੈ ਕਿ ਏਨੀ ਗੁਪਤ ਸਕੀਮ ਬਣਾਉਣ ਤੋਂ ਪਹਿਲਾਂ ਇਕ ਅੱਧੇ ਸਿਆਣੇ ਬੰਦੇ ਦਾ ਮੂੰਹ ਵੀ ਸੁੰਘ ਲਿਆ ਜਾਵੇ। ਕਿਤੇ ਫਸਣ-ਫਸਾਉਣ ਦਾ ਖਤਰਾ ਹੋਵੇ ਤਾਂ ਤੋੜ ਤਾਂ



ਲੱਭ ਜਾਵੇ। ਤਿੰਨ-ਚਾਰ ਦਿਨ ਪਹਿਲਾਂ ਬਲਈ ਬਾਬਾ ਬੁਲਾਉਣ ਆਇਆ ਸੀ। ਸੁਲਛਨੀ ਦੱਸ ਰਹੀ ਸੀ ਕਿ ਉਹਨਾਂ ਦੇ ਟਿਊਬਵੈਲ ਨੇ ਪਾਣੀ ਚੁੱਕਣਾਂ ਛੱਡ ਦਿੱਤਾ ਹੈ। ਉਹ ਟਾਲ ਗਿਆ ਸੀ। ਸੋਚ ਰਿਹਾ ਸੀ ਕਿ ਇਕ ਅੱਧਾ ਚੱਕਰ ਹੋਰ ਲਾ ਲੈਣ ਫੇਰ ਜਾਵੇਗਾ।

ਬਲਈ ਬਾਬਾ ਖਾ-ਪੀ ਕੇ ਰਾਤ ਦੇ ਹਨੇਰੇ 'ਚ ਦਰਵਾਜ਼ੇ ਤੋਂ ਥੋੜ੍ਹਾ ਹਟ ਕੇ ਪਾਕੜ ਦੇ ਰੁੱਖ ਹੇਠ ਮੁੰਜ ਦੀ ਮੰਜੀ 'ਤੇ ਬਿਨਾਂ ਕੁਝ ਵਿਛਾਇਆਂ ਪਏ ਨੇ। ਨੰਗੇ ਪਿੰਡੇ। ਪਸੀਨੇ ਨਾਲ ਲਥਪਥ। ਧੋਤੀ ਨੂੰ ਲੰਗੋਟੀ ਵਾਂਗ ਉਪਰ ਤਕ ਚੜ੍ਹਾਇਆ ਹੋਇਆ ਹੈ। ਮੰਜੀ ਨਾਲ ਪਿੱਠ ਰਗੜ-ਰਗੜ ਖੁਰਕ ਕਰ ਰਹੇ ਨੇ। ਹੱਥ ਦਾ ਬਣਿਆਂ ਪੱਖਾ ਝੱਲ-ਝੱਲ ਮੱਛਰ ਭਜਾ ਰਹੇ ਨੇ।

"ਬਾਬਾ ਪੈਰੀਂ ਪੈਣਾ।"

ਬਨਵਾਰੀ ਉਹਨਾਂ ਦੇ ਪੈਰੀਂ ਹੱਥ ਲਾ ਕੇ ਲੱਤਾਂ ਵੀ ਘੁੱਟਣ ਲੱਗ ਪੈਂਦਾ ਹੈ।

"ਕੌਣ ? ਬਨਵਾਰੀ। ਖ਼ੁਸ਼ ਰਹੁ ਬੇਟਾ। ਐਨੀ ਰਾਤ ਨੂੰ ?"

"ਤੁਸੀਂ ਗਏ ਸੀ ਨਾ ਮੈਨੂੰ ਸੱਦਣ ਘਰੇ ?"

"ਹਾਂ-ਹਾਂ ਬੇਟਾ। ਬੋਰ ਪਾਣੀ ਛੱਡ ਜਾਂਦੈ। ਘੰਟਾ ਵੀ ਬੜੀ ਮੁਸ਼ਕਲ ਨਾਲ ਚੱਲਦੈ।"

"ਕੱਲ੍ਹ ਆ ਕੇ ਦੇਖ ਲੈਨੇ ਆਂ।"

"ਪਰ ਪਾਣੀ ਛੱਡਣ ਕਿਓਂ ਲੱਗ ਪਿਆ ਹੋਇਆ ?"

"ਪਾਈਪ ਲੀਕ ਹੋਊ ਜਾਂ ਪਾਣੀ ਦਾ ਲੈਵਲ ਹੇਠਾਂ ਚਲਾ ਗਿਆ ਹੋਊ। ਇਕ ਲੈਂਥ ਪਾਈਪ ਲਿਆ ਕੇ ਪਾਊਣੀ ਪਊਗੀ।"

"ਕਿੰਨੇ ਕੁ ਦੀ ਆਊ ਇਕ ਲੈਂਥ ? ਪੈਸੇ ਹੁਣੇ ਲੈ-ਜੀਂ।"

"ਪੈਸੇ ਕਿਤੇ ਭੱਜੇ ਜਾਂਦੇ ਐ ਬਾਬਾ! ਪਹਿਲਾਂ ਠੀਕ ਕਰ ਦੇਈਏ ਫੇਰ ਲਵਾਂਗੇ।"

"ਬੜਾ ਚੰਗਾ ਕੀਤਾ ਜੋ ਤੂੰ ਇਹ ਕੰਮ ਸਿੱਖ ਲਿਆ। ਘਰ ਦਾ ਆਦਮੀ ਘਰ ਦਾ ਈ ਹੁੰਦੈ। ਨਈਂ ਤਾਂ ਕੀਹਦੇ ਪਿੱਛੇ ਭੱਜੇ ਫਿਰਦੇ। ਹੋਰ ਸੁਣਾ ?"

"ਹੋਰ ਕੀ ਸੁਣਾਵਾਂ ਬਾਬਾ। ਰੱਬ ਬੜੀ ਮੁਸ਼ਕਲ 'ਚ ਪਾ ਗਏ। ਲਛਮਨ ਵਰਗਾ ਭਰਾ ਸਾਥ ਛੱਡ ਕੇ ਚਲਾ ਗਿਆ। ਸੱਚਮੁੱਚ ਬਜਰੰਗ ਬਲੀ ਵਰਗਾ ਆਗਿਆਕਾਰੀ ਸੀ। ਜਿੱਥੇ ਲਾ ਦਿਓ, ਜੁਟ ਜਾਂਦਾ ਸੀ। ਉਸਦੇ ਸਿਰ 'ਤੇ ਮੈਂ ਬੋਰਿੰਗ ਦਾ ਕੰਮ ਐਨਾ ਵਧਾ ਲਿਆ ਸੀ। ਸਮਝੋ ਸੱਜਾ ਹੱਥ ਟੁੱਟ ਗਿਆ। ਹੁਣ ਚਾਚੇ ਚਾਚੀ ਦਾ ਭਾਰ ਵੀ ਮੇਰੇ ਸਿਰ 'ਤੇ ਆ ਪਿਆ।"

"ਤੇਰੇ ਸਿਰ 'ਤੇ ਕਿਉਂ ? ਅਜੇ ਤਾਂ ਰਮੇਸਰ ਹੁਰੀਂ ਦੋਵੇਂ ਜੀ ਖ਼ੁਦ ਘੋੜੇ ਵਰਗੇ ਐ।"

"ਰਖਵਾਲੀ ਤਾਂ ਕਰਨੀ ਪਊਗੀ ਬਾਬਾ। ਪਤਾ ਨ੍ਹੀਂ ਕਦੋਂ ਕੌਣ ਕਿਧਰ ਨੂੰ ਭਰਮਾਉਣ ਲੱਗੇ, ਭੜਕਾਉਣ ਲੱਗੇ। ਜਾਇਦਾਦ ਦਾ ਮਾਮਲਾ ਬੜਾ ਖਤਰਨਾਕ ਹੁੰਦੈ, ਵਾਰਸ ਕਮਜ਼ੋਰ ਦਿੱਸਿਆ ਤਾਂ ਜ਼ਮੀਨ ਪਾੜ ਕੇ ਦਸ ਦਾਵੇਦਾਰ ਜੰਮ ਪੈਂਦੇ ਆ। ਬੁਢਾਪੇ 'ਚ ਬੁੱਧ ਵੀ ਬੜੀ ਅੱਗੇ-ਪਿੱਛੇ ਝੂਟਣ ਲੱਗਦੀ ਐ।"

"ਤਾਂ ਸਾਫ਼-ਸਾਫ਼ ਕਿਉਂ ਨੀਂ ਕਹਿੰਦਾ ਬਈ ਤੇਰੀ ਨਜ਼ਰ ਹੁਣੇ ਤੋਂ ਰਮੇਸਰ ਦੀ ਥਾਂ, ਜ਼ਮੀਨ 'ਤੇ ਟਿਕੀ ਹੋਈ ਆ।" ਕਹਿਣ ਨੂੰ ਤਾਂ ਕਹਿ ਦਿੱਤਾ ਪਰ ਉਹਨਾਂ ਨੂੰ ਤੁਰੰਤ ਮਹਿਸੂਸ ਹੋਇਆ ਕਿ ਵੱਧ ਕੁਸੈਲੀ ਗੱਲ ਕਹਿ ਦਿੱਤੀ ਏ। ਸਵੇਰੇ ਉਸ ਤੋਂ ਟਿਊਬਵੈੱਲ ਠੀਕ ਕਰਾਉਣਾ ਏਂ। ਅਜਿਹੇ ਮੌਕੇ ਅਜਿਹੀ ਕੌੜੀ ਗੱਲ ਹਮੇਸ਼ਾ ਨੀਤੀ ਵਿਰੁੱਧ ਹੁੰਦੀ ਏ।

"ਥਾਂ, ਜ਼ਮੀਨ ਦਾ ਲਾਲਚ ਮੈਨੂੰ ਨ੍ਹੀਂ ਐ ਬਾਬਾ। ਚਾਚਾ ਜਦੋਂ ਤਕ ਜਿਉਂਦੈ, ਬੀਜੇ ਵਾਹਵੇ। ਪਰ ਉਸਦੇ ਪਿੱਛੋਂ ਤਾਂ ਮੇਰਾ ਹੱਕ ਬਣਦਾ ਈ ਐ। ਮੈਂ ਇਹ ਤਾਂ ਹੋਣ ਨ੍ਹੀਂ ਦਿਆਂਗਾ ਬਈ ਕੋਈ ਗ਼ੈਰ ਉਸ ਦੇ ਨੇੜੇ ਫੜਕੇ। ਮੇਰੇ ਵੀ ਤਿੰਨ-ਤਿੰਨ ਮੁੰਡੇ ਐ।"

"ਭਲਾਂ ਗ਼ੈਰ ਕਿੱਥੋਂ ਆ-ਜਾਊ ? ਅਜੇ ਤਾਂ ਬਜਰੰਗੀ ਦੀ ਬੇਵਾ ਈ ਬੈਠੀ ਐ।"

"ਉਹੀ ਤਾਂ! ਹੁਣ ਉਸਦਾ ਏਥੇ ਕੀ ਕੰਮ ? ਦੋ ਮਹੀਨਿਆਂ ਦੀ ਕਿੱਲਾ ਗੱਡੀ ਬੈਠੀ ਐ। ਜਵਾਨ, ਜਹਾਨ ਬਿਨਾਂ ਬਾਲ ਬੱਚੇ ਵਾਲੀ। ਉਸਨੂੰ ਤਾਂ ਖ਼ੁਦ ਈ ਆਪਣਾ ਰਸਤਾ ਫੜ ਲੈਣਾ ਚਾਹੀਦਾ ਸੀ। ਹੁਣ ਕੀ ਮਾਰ ਕੇ ਕੱਢਿਆ ਜਾਏ ਤਾਂ ਜਾਊਗੀ ?"

"ਓ ਭਰਾ ਮਾਰ ਕੇ ਕਿਵੇਂ ਕੱਢੋਂਗੇ ? ਵਿਆਹ ਕੇ ਆਈ ਐ।" ਕਹਿਣ ਦੇ ਨਾਲ ਈ ਬਲਈ ਨੇ ਆਪਣੀ ਜੀਭ ਦੰਦਾਂ ਹੇਠ ਨੱਪ ਲਈ—'ਇਹ ਆਦਤ ਨਈਂ ਗਈ ਉਸਦੀ। ਭਾਵੇਂ ਕਿੰਨੀ ਕੌੜੀ ਹੋਵੇ, ਸੱਚੀ ਗੱਲ ਮੂੰਹੋਂ ਨਿਕਲ ਕੇ ਈ ਰਹਿੰਦੀ ਐ। ਜੀਭ ਇਹ ਵੀ ਨਈਂ ਸੋਚਦੀ ਕਿ ਕਿਸ ਆਦਮੀ ਤਾਈਂ ਕੀ ਗਰਜ ਅਟਕੀ ਹੋਈ ਆ।' ਉਹ ਵਿਗੜੀ ਗੱਲ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦੇ ਨੇ।

"ਜੇ ਐਡੀ ਦੂਰ ਦੀ ਸੋਚ ਰਿਹੈਂ ਤਾਂ ਤੂੰ ਈ ਕਿਉਂ ਨ੍ਹੀਂ ਰੱਖ ਲੈਂਦਾ ?"

"ਮੈਂ...!" ਬਨਵਾਰੀ ਦਾ ਮੂੰਹ ਹੈਰਾਨੀ ਨਾਲ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ।

"ਹੋਰ ਕੀ। ਲੰਮੀ ਚੌੜੀ ਐ, ਨਿੱਗਰ ਐ, ਹੱਸਮੁੱਖ ਤੇ ਜਵਾਨ ਐ।"

"ਪਰ ਉਹ ਤਾਂ ਮੇਰੀ ਭਰਜਾਈ ਲੱਗਦੀ ਐ ਬਾਬਾ। ਭਰਜਾਈ ਨੂੰ ਤਾਂ ਛੂਹ ਵੀ ਨ੍ਹੀਂ ਸਕਦੇ। ਬਜਰੰਗੀ ਮੈਥੋਂ ਦਸ ਸਾਲ ਛੋਟਾ ਸੀ। ਗੋਸਾਈਂ ਜੀ ਬੜਾ ਪਹਿਲਾਂ ਮਨ੍ਹਾਂ ਕਰ ਗਏ ਐ—'ਅਨੁਜ ਬਧੂ ਭਗਿਨੀ ਸੁਤ ਨਾਰੀ...।' ਪਾਪ ਨਾ ਲੱਗੂ ?"

"ਪਾਪ ਤਾਂ, ਤਾਂ ਲੱਗੂ ਜੇ ਮਾੜੀ ਨਜ਼ਰ ਨਾਲ ਦੇਖੇਂਗਾ। ਉਸਨੂੰ ਰਾਜ਼ੀ ਕਰ ਲੈ। ਉਸਦਾ ਮਨ ਜਿੱਤ ਲੈ। ਸੌ ਗੱਲਾਂ ਦੀ ਇਕੋ ਗੱਲ, ਫਸ ਗਈ ਤਾਂ ਸਭ ਜਾਇਜ਼ ਐ।"

ਬਨਵਾਰੀ ਦੇ ਹੱਥ ਬਾਬੇ ਦੀਆਂ ਲੱਤਾਂ 'ਤੇ ਤੇਜ਼ ਤੇਜ਼ ਚੱਲਣ ਲੱਗ ਪੈਂਦੇ ਨੇ। ਕੁਝ ਚਿਰ ਦੀ ਚੁੱਪ ਪਿੱਛੋਂ ਫੇਰ ਕਹਿੰਦਾ ਏ, "ਮਜਾਕ ਤਾਂ ਨ੍ਹੀਂ ਕਰ ਰਹੇ ਨਾ ਬਾਬਾ ? ਐਂ ਹੋ ਸਕਦੈ ਕਿ ?"

"ਕਿਉਂ ਨ੍ਹੀਂ ਹੋ ਸਕਦਾ। ਉਸਨੂੰ ਮਰਦ ਚਾਹੀਦੈ, ਮਰਦ ਮਿਲ ਜਾਊਗਾ। ਤੈਨੂੰ ਪ੍ਰਾਪਰਟੀ ਚਾਹੀਦੀ ਐ, ਪ੍ਰਾਪਰਟੀ ਮਿਲਜੂਗੀ। ਰਮੇਸਰ ਹੁਰਾਂ ਦੋਵਾਂ ਜੀਆਂ ਨੂੰ ਰੋਟੀ ਚਾਹੀਦੀ ਐ, ਉਹਨਾਂ ਦੀ ਰੋਟੀ ਪੱਕਦੀ ਹੋਜੂਗੀ। ਸਾਰਿਆਂ ਦਾ ਉੱਖੜਿਆ ਢਾਂਚਾ ਫਿੱਟ ਬੈਠ ਜੂ-ਗਾ। ਪਰ..."

"ਪਰ ਕੀ ਬਾਬਾ ?"

"ਕਹਿੰਦੇ ਐ ਦੋ ਔਰਤਾਂ ਵਿਚਾਲੇ ਫਸਿਆ ਮਰਦ ਓਵੇਂ ਈ ਭੁੱਜਦਾ ਰਹਿੰਦੇ ਜਿਵੇਂ ਦੇਸੀ ਭੱਠੇ ਦੀ ਇੱਟ। ਧੂੰਆਂ ਨਿਕਲਣ ਦਾ ਰਸਤਾ ਵੀ ਨ੍ਹੀਂ ਮਿਲਦਾ। ਸੁਲਛਨੀ ਤੇਰਾ ਜਿਊਣਾ ਹਰਾਮ ਕਰ ਦੇਊਗੀ।"

ਬਨਵਾਰੀ ਕਿਧਰੇ ਗਵਾਚ ਜਾਂਦਾ ਹੈ। ਦੇਰ ਤਕ ਗਵਾਚਿਆ ਰਹਿੰਦਾ ਹੈ। ਫੇਰ ਉੱਠਦਾ ਹੋਇਆ ਕਹਿੰਦਾ ਹੈ—"ਚੱਲਦਾਂ ਬਾਬਾ। ਟਿਊਬਵੈਲ ਕੱਲ੍ਹ ਸ਼ਾਮ ਤਕ ਪਾਣੀ ਦੇਣ ਲੱਗ ਪਊਗਾ। ਪੈਰੀਂ ਪੈਨਾ।"

ਨਵਾਂ ਤੇ ਮਨ ਭੌਂਦਾ ਰਾਹ ਮਿਲਣ 'ਤੇ ਬਨਵਾਰੀ ਦਾ ਦਿਮਾਗ਼ ਹੋਰ ਤੇਜ਼ ਚੱਲਣ ਲੱਗਦਾ ਹੈ। ਇਸ ਇਲਾਕੇ ਵਿਚ ਜ਼ਮੀਨ ਦਾ ਰੇਟ ਪੰਜ-ਛੇ ਹਜ਼ਾਰ ਦਾ ਵਿਸਵਾ ਚੱਲ ਰਿਹਾ ਹੈ। ਚਾਰ ਵਿਘੇ ਯਾਨੀ ਪੰਜ-ਛੇ ਲੱਖ। 'ਸੁਲਛਨੀ ਐਨੀ ਬੁੱਧੂ ਤਾਂ ਹੈ ਨ੍ਹੀਂ ਜਿਹੜੀ ਹੱਥ ਆਉਂਦੀ ਜਾਇਦਾਦ ਨੂੰ ਲੱਤ ਮਾਰੇ। ਤੇ ਮਾਰੂਗੀ ਤਾਂ ਰਹੂਗੀ ਕਿੱਥੇ ? ਆਪਣੀ ਤੀਵੀਂ ਦਾ ਮੂੰਹ ਬੰਦ ਕਰਨਾ ਕਿਹੜਾ ਮੁਸ਼ਕਲ ਕੰਮ ਐ। ਰੋਜ਼ ਸਵੇਰੇ-ਸ਼ਾਮ ਚਾਰ ਜੁੱਤੀਆਂ ਪਈਆਂ ਤਾਂ ਦਸ ਦਿਨਾਂ 'ਚ ਬੋਲਦੀ ਬੰਦ ਹੋਜੂਗੀ।'



ਕੁੱਚੀ ਨੂੰ ਉਸਨੇ ਕਦੇ ਨਜ਼ਰ ਭਰ ਕੇ ਨਈਂ ਸੀ ਦੇਖਿਆ। ਉਂਜ ਤਾਂ ਰੋਜ਼ ਹੀ ਕੰਮ 'ਤੇ ਜਾਣ ਵੇਲੇ ਬਜਰੰਗੀ ਨੂੰ ਲੈਣ ਲਈ ਉਸਦੇ ਘਰ ਜਾਂਦਾ ਸੀ। ਮੋਟਰ ਸਾਈਕਲ ਦੀ ਆਵਾਜ਼ ਸੁਣਦਿਆਂ ਹੀ ਉਹ ਰੋਟੀ ਦੇ ਡੱਬੇ ਵਾਲਾ ਝੋਲਾ ਬਜਰੰਗੀ ਨੂੰ ਫੜਾਉਣ ਲਈ ਘੁੰਡ ਕੱਢੀ ਨਿਕਲਦੀ। ਉਸਦੀ ਜਵਾਨ ਦੇਹ ਦੀ ਮਹਿਕ ਹਵਾ ਦੇ ਬੁੱਲ੍ਹੇ ਨਾਲ ਉਸਦੀਆਂ ਸਾਹਾਂ ਵਿਚ ਸਮਾਅ ਜਾਂਦੀ। ਹਵਾ ਦੇ ਬੁੱਲ੍ਹੇ ਨਾਲ ਕਦੀ ਘੁੰਡ ਹਿੱਲਦਾ ਤਾਂ ਲਾਲ ਬੁੱਲ੍ਹਾਂ ਵਿਚਕਾਰ ਉਸਦੀ ਹਾਸੀ ਦੀ ਝਲਕ ਵੀ ਪੈ ਜਾਂਦੀ। ਇਕ ਅੱਧੀ ਵਾਰੀ ਅੱਖਾਂ ਦੀਆਂ ਮੱਛੀਆਂ ਵੀ ਘੁੰਡ ਪਿੱਛੇ ਦਿੱਸੀਆਂ ਸਨ।...'ਤੇ ਆਵਾਜ਼ ਕਿੰਨੀ ਮਿੱਠੀ ਐ। ਬੋਲਦੀ ਐ ਤਾਂ ਲੱਗਦੈ ਗਾ ਰਹੀ ਐ।' ਉਹ ਕਲਪਨਾ ਦੀਆਂ ਅੱਖਾਂ ਨਾਲ ਦੇਖਣ ਲੱਗਾ—ਕਿੰਨੇ ਮੋਟੇ-ਮੋਟੇ ਪੱਟ। ਉਸਦੀਆਂ ਅੱਖਾਂ ਨੂੰ ਸਭ ਤੋਂ ਵੱਧ ਫੜਦੀਆਂ—ਉਸਦੀਆਂ ਭਰੀਆਂ-ਭਰੀਆਂ ਛਾਤੀਆਂ। ਉਹਨਾਂ ਦਾ ਪੈਰ-ਪੈਰ 'ਤੇ ਹਿੱਲਣਾ, ਥਿਰਕਣਾ। ਬੰਨ੍ਹ ਕੇ ਨਹੀਂ ਰੱਖਦੀ। 'ਸੁਲਛਨੀ ਤਾਂ ਐਵੇਂ ਸੀਖ-ਜਿਹੀ ਐ। ਉਸਦਾ ਸਭ ਕੁਛ ਬੜਾ ਛੋਟਾ-ਛੋਟਾ ਐ।' ਉਸਦੇ ਸੱਜੇ ਪੰਜੇ ਵਿਚ ਖੁਰਕ ਹੋਣ ਲੱਗੀ। ਸਾਲ ਕੁ ਪਹਿਲਾਂ ਬਾਜ਼ਾਰ ਵਿਚ ਇਕ ਗੀਤ ਵੱਜਦਾ ਹੁੰਦਾ ਸੀ—'ਗੋਰੀਆ ਕਾ ਜੋਬਨਾ ਖਜਾਨਾ, ਗੋਰੀ ਦਿਲਦਾਰ ਕਬ ਹੋਏ ?'

ਕਿਵੇਂ ਕੋਈ ਦਿਲਦਾਰ ਬਣਦਾ ਹੈ ?

'ਆਸੇ-ਪਾਸੇ, ਹਨੇਰੇ-ਸਵੇਰੇ ਘਾਤ ਲਾ ਕੇ ਢਾਅ ਤਾਂ ਕਦੋਂ ਵੀ ਸਕਦੈ, ਪਰ ਫਸਾਉਣਾ।...ਢਾਉਣਾ ਜਿੰਨਾ ਆਸਾਨ ਐ, ਫਸਾਉਣਾ ਓਨਾਂ ਈ ਮੁਸ਼ਕਲ। ਫਸਾਉਣ ਦੀ ਕਲਾ ਉਹ ਅੱਜ ਤਕ ਨ੍ਹੀਂ ਸਿੱਖ ਸਕਿਆ...ਤੇ ਅੱਜ ਦੇਖੋ ਓਸੇ ਵਿੱਦਿਆ ਦੀ ਲੋੜ ਆ ਪਈ ਐ।'

**ਉ**ਸ ਦਿਨ ਦੁਪਹਿਰੇ ਪਤਾ ਲੱਗਿਆ ਕਿ ਕੋਅੱਪਰੇਟਿਵ ਦੇ ਗੁਦਾਮ ਵਿਚ ਯੂਰੀਆ ਵੰਡੀ ਜਾ ਰਹੀ ਹੈ। ਯੂਰੀਆ ਦੀ ਏਨੀ ਕਿੱਲਤ ਰਹਿੰਦੀ ਹੈ ਕਿ ਆਉਂਦਿਆਂ ਹੀ ਖਰੀਦਦਾਰਾਂ ਦੀ ਲਾਈਨ ਲੱਗ ਜਾਂਦੀ ਹੈ। ਗੁਦਾਮ ਖੁੱਲ੍ਹਦਿਆਂ ਹੀ ਢਾਈ-ਤਿੰਨ ਘੰਟਿਆਂ ਵਿਚ ਸਾਰਾ ਸਟਾਕ ਖ਼ਤਮ। ਪਿਛੜ ਗਏ ਤਾਂ ਰਹਿ ਗਏ। ਹਾੜੀ ਦੀ ਫ਼ਸਲ ਲਈ ਪੰਦਰਾਂ ਵੀਹ ਦਿਨ ਬਾਅਦ ਲੋੜ ਪੈਣੀ ਸੀ। ਬੁੱਢਾ ਯੂਰੀਆ ਲੈਣ ਚਲਾ ਗਿਆ ਤਾਂ ਜਾਨਵਰਾਂ ਨੂੰ ਚਰਾਉਣ ਵਾਸਤੇ ਉਸਨੂੰ ਜਾਣਾ ਪਿਆ। ਸ਼ਾਮ ਨੂੰ ਜਾਨਵਰਾਂ ਨੂੰ ਚਰਾ ਕੇ ਪਰਤ ਰਹੀ ਸੀ ਤਾਂ ਦੇਖਿਆ, ਪਹੀ ਦੇ ਨਾਲ ਵਾਲੇ ਖੇਤ ਵਿਚ ਜੇਠ ਧਾਈਂ ਦੀ ਆਖ਼ਰੀ ਪੰਡ ਕੋਲ ਖੜ੍ਹਾ ਹੈ। ਹੁਣ ਤਕ ਤਾਂ ਜੇਠਾਣੀ ਵੀ ਨਾਲ-ਨਾਲ ਢੋਂਦੀ ਰਹੀ ਸੀ ਪਰ ਲੱਗਦਾ ਹੈ ਰੋਟੀ ਟੁੱਕ ਦਾ ਆਹਰ ਕਰਨ ਲਈ ਘਰ ਚਲੀ ਗਈ ਹੈ। ਉਡੀਕ ਕਰ ਰਹੇ ਹੋਣਗੇ ਕਿ ਕੋਈ ਉੱਧਰੋਂ ਲੰਘੇ ਤਾਂ ਪੰਡ ਚੁਕਵਾਉਣ ਲਈ ਆਵਾਜ਼ ਮਾਰਨ। ਉਹ ਨੇੜੇ ਪਹੁੰਚੀ ਤਾਂ ਉਹਨਾਂ ਹੱਥ ਦੇ ਇਸ਼ਾਰੇ ਨਾਲ ਬੁਲਾਇਆ, "ਜ਼ਰਾ ਹੱਥ ਲੁਆਈਂ ਛੋਟੀ।"

ਉਹ ਨਾ ਹਾਂ ਕਰ ਸਕੀ, ਨਾ ਨਾਂਹ। ਸਾਰੀ ਦੁਨੀਆਂ ਨੂੰ ਪਤਾ ਹੈ ਕਿ ਛੋਟੇ ਭਰਾ ਦੀ ਘਰਵਾਲੀ ਨੂੰ ਛੂਹਣ ਦਾ ਹੱਕ ਨਈਂ ਹੁੰਦਾ ਵੱਡੇ ਭਰਾ ਦਾ। ਬਨਵਾਰੀ ਦੇ ਦੁਬਾਰਾ ਬੁਲਾਉਣ 'ਤੇ ਉਹ ਖੇਤ ਦੀ ਵੱਟ ਤਕ ਪਹੁੰਚ ਕੇ ਬੋਲੀ, "ਮੈਂ ਕਿਵੇਂ ਚੁਕਵਾ ਦਿਆਂ ? ਛੂਹ ਨ੍ਹੀਂ ਜਾਏਗਾ ?"

"ਛੂਹ ਕਿਵੇਂ ਜਾਊ ? ਵਿਚਕਾਰ ਤਾਂ ਪੰਡ ਹੋਊ।"

ਉਹ ਦੁਚਿੱਤੀ ਵਿਚ ਪੈ ਗਈ।

ਸਿਰ 'ਤੇ ਪਤੀ ਦੀ ਛਾਂ ਹੁੰਦੀ ਤਾਂ ਹੋਰ ਗੱਲ ਸੀ। ਰੰਡੀ ਔਰਤ ਨੂੰ ਵੱਧ ਹੀ ਸੋਚ-ਸੋਚ ਪੈਰ ਧਰਨਾ ਪੈਂਦਾ ਹੈ। ਪਤਾ ਨਹੀਂ ਕਿਸ ਗੱਲ ਦਾ ਕਿਹੜਾ ਮਤਲਬ ਕੱਢ ਲਿਆ ਜਾਵੇ।

ਬਨਵਾਰੀ ਨੇ ਮਜਬੂਰੀ ਦੱਸੀ, "ਕੋਈ ਹੋਰ ਦਿਖਾਈ ਦਿੰਦਾ ਤਾਂ ਮੈਂ ਆਪ ਈ ਤੈਨੂੰ ਨਾ ਬੁਲਾਉਂਦਾ।..."

ਗੱਲ ਤਾਂ ਸਹੀ ਹੈ। ਜੇ ਉਹ ਬਿਨਾਂ ਚੁਕਵਾਏ ਚਲੀ ਜਾਵੇ ਤਾਂ ਵੀ ਠੀਕ ਨਹੀਂ ਲੱਗਦਾ। ਹਨੇਰਾ ਹੋ ਰਿਹਾ ਹੈ। ਹੁਣ ਉਧਰੋਂ ਕੌਣ ਲੰਘੇਗਾ? ਇਹ ਪਤਾ ਨਈਂ ਕਦੋਂ ਤਕ ਕਿਸੇ ਦੀ ਉਡੀਕ 'ਚ ਏਥੇ ਖੜ੍ਹੇ ਰਹਿਣਗੇ।

ਉਸਦੀ ਗਾਂ ਤੇ ਬਲ੍ਹਦ ਅੱਗੇ ਤੁਰੇ ਜਾ ਰਹੇ ਸੀ। ਕਿਤੇ ਕਿਸੇ ਦਾ ਖੇਤ ਨਾ ਚੁਪੱਟ ਕਰ ਦੇਣ। ਉਹ ਕਾਹਲ ਨਾਲ ਕੋਲ ਪਹੁੰਚੀ। ਪੰਡ ਚੁੱਕ ਕੇ ਬਨਵਾਰੀ ਦੇ ਸਿਰ 'ਤੇ ਰਖਵਾਈ ਤੇ ਉਹ ਜਿਵੇਂ ਹੀ ਮੁੜਨ ਲੱਗੀ ਬਨਵਾਰੀ ਨੇ ਸੱਜੇ ਪੰਜੇ ਨਾਲ ਉਸਦੀ ਖੱਬੀ ਛਾਤੀ ਫੜ ਲਈ।

ਉਸਨੇ ਤ੍ਰਬਕ ਕੇ ਉਸਦੇ ਹੱਥ ਨੂੰ ਝਟਕਣਾ ਚਾਹਿਆ ਪਰ ਪਕੜ ਏਨੀ ਮਜਬੂਤ ਸੀ ਕਿ ਛੁੱਟਣ ਲਈ ਉਸਨੂੰ ਜ਼ਮੀਨ 'ਤੇ ਬੈਠਣਾ ਪਿਆ। ਹਿਰਖ ਵੱਸ ਉਸਦੀਆਂ ਅੱਖਾਂ ਸਿੱਜਲ ਤੇ ਸੂਹੀਆਂ ਹੋ ਗਈਆਂ। 'ਐਨਾ ਪਾਪ ਭਰਿਆ ਹੋਇਐ ਉਸ ਲਈ ਉਹਨਾਂ ਦੇ ਮਨ 'ਚ! ਸੰਭਲੀ ਤਾਂ ਉੱਠਦੀ ਹੋਈ ਏਨਾ ਹੀ ਕਹਿ ਸਕੀ, "ਇਹ ਕੰਮ ਠੀਕ ਨ੍ਹੀਂ ਕੀਤਾ ਵੱਡਿਆ।"

"ਸਭ ਮਨ ਦੇ ਮੰਨਣ ਦੀ ਚੀਜ਼ ਐ, ਬਈ।" ਪੰਡ ਨੂੰ ਸਿਰ 'ਤੇ ਠੀਕ ਕਰਦਿਆਂ ਹੋਇਆਂ ਅੱਗੋਂ ਬਨਵਾਰੀ ਨੇ ਕਿਹਾ, "ਇਕ ਦੂਜੇ ਦੇ ਕੰਮ ਆਉਣ ਨਾਲ ਜ਼ਿੰਦਗੀ ਸੌਖੀ ਤਰ੍ਹਾਂ ਲੰਘਦੀ ਆ।"

ਰੋਣ ਦੇ ਵੇਗ ਸਦਕਾ ਉਸਨੂੰ ਕੁਝ ਵੀ ਸੁਣਾਈ ਨਹੀਂ ਸੀ ਦਿੱਤਾ। ਬੜੀ ਬੇਰਹਿਮੀ ਨਾਲ ਫੜਿਆ ਸੀ। ਜਾਨ ਨਿਕਲ ਗਈ ਸੀ। ਕੁਝ ਉਹ ਚਿਰ ਸਿਲ-ਪੱਥਰ ਹੋਈ ਖੜ੍ਹੀ ਰਹੀ ਉੱਥੇ।

ਬਨਵਾਰੀ ਦੀ ਇਸ ਘਟੀਆ ਹਰਕਤ ਬਾਰੇ ਸੱਸ ਨੂੰ ਦੱਸੇ ਕਿ ਨਾ? ਜੇ ਕਿਸੇ ਨੇ ਦੇਖ ਲਿਆ ਹੋਇਆ ਤੇ ਬਾਅਦ ਵਿਚ ਸੱਸ ਨੂੰ ਦੱਸੇ ਤਾਂ ਉਹ ਇਹੀ ਸਮਝੇਗੀ ਕਿ ਜ਼ਰੂਰ ਇਹ ਦੋਵਾਂ ਦਾ ਗਿਣਿਆ-ਮਿਥਿਆ ਮਾਮਲਾ ਹੋਏਗਾ ਵਰਨਾ ਬਹੂ, ਜੇਠ ਨੂੰ ਪੰਡ ਚੁਕਵਾਉਣ ਕਿਉਂ ਜਾਂਦੀ?

ਬੜੀ ਦੇਰ ਤਕ ਸੋਚ-ਵਿਚਾਰ ਕਰਨ ਪਿੱਛੋਂ ਗਈ ਰਾਤ ਉਹ ਆਪਣੀ ਮੰਜੀ ਤੋਂ ਉੱਠ ਕੇ ਸੱਸ ਦੀ ਮੰਜੀ 'ਤੇ ਆਈ ਤੇ ਉਸਦੀਆਂ ਲੱਤਾਂ ਘੁੱਟਣ ਲੱਗ ਪਈ।

"ਐਨੀ ਸੇਵਾ ਨਾ ਕਰ ਬਹੂ। ਤੇਰੇ ਜਾਣ ਪਿੱਛੋਂ ਬੜਾ ਰੋਣਾ ਪਊਗਾ।"

ਬਹੂ ਰੋਣ ਲੱਗ ਪਈ ਤਾਂ ਲੱਗਿਆ ਕਿ ਉਹ ਕੁਝ ਕਹਿਣਾ ਚਾਹੁੰਦੀ ਹੈ। ਸੱਸ ਉਸ ਕੇ ਬੈਠ ਗਈ। ਪੂਰੀ ਗੱਲ ਸੁਣ ਕੇ ਉਹ ਬੜੀ ਦੇਰ ਤਕ ਚੁੱਪ ਰਹੀ। ਫੇਰ ਉਸਦਾ ਸਿਰ ਆਪਣੀ ਛਾਤੀ ਨਾਲ ਲਾਉਂਦੀ ਹੋਈ ਬੋਲੀ, "ਜ਼ਮਾਨਾ ਕਿੰਨਾ ਖਰਾਬ ਆ ਗਿਆ ਆ ਧੀਏ। ਦਿਨ ਮਾੜੇ ਆਉਂਦੇ ਐ ਤਾਂ ਆਪਣੀਆਂ ਅੱਖਾਂ ਦੀ ਸ਼ਰਮ ਵੀ ਮੁੱਕ ਜਾਂਦੀ ਐ। ਜਦੋਂ ਘਰ 'ਚ ਈ ਡੰਗਣ ਲਈ ਘਾਤ ਲਾਉਣ ਵਾਲੇ ਪੈਦਾ ਹੋ ਗਏ ਤਾਂ ਨਾ ਹੁਣ ਮੇਰਾ ਰੋਕਣਾ ਠੀਕ ਰਹੇਗਾ ਨਾ ਤੇਰਾ ਰੁਕਣਾ। ਸਾਡੀ ਜਿਵੇਂ ਬੀਤੂ ਸੋ ਬੀਤੂ। ਅਸੀਂ ਤਾਂ ਪੱਕੇ ਅੰਬ ਆਂ, ਪਤਾ ਨ੍ਹੀਂ ਕਦੋਂ ਝੜ ਜਾਈਏ। ਤੂੰ ਅਜੇ ਜ਼ਿੰਦਗੀ 'ਚ ਦੇਖਿਆ ਈ ਕੀ ਐ। ਖੇਡਣ-ਕੁੱਦਣ ਦੀ ਉਮਰ 'ਚ ਇਹ ਸਭ ਵਿਗਾੜ ਪੈ ਗਿਆ। ਮਨ ਨੂੰ ਸਮਝਾ ਲਿਆ ਐ ਕਿ ਸਾਡਾ ਤੇਰਾ ਨਾਤਾ ਬਸ ਐਨੇ ਦਿਨਾਂ ਦਾ ਸੀ। ਅਸੀਂ ਆਪਣੇ ਰਿਸ਼ਤੇ ਦੇ ਬੰਨ੍ਹਣ ਤੋਂ ਤੈਨੂੰ ਮੁਕਤ ਕਰ ਰਹੇ ਆਂ। ਮੈਂ ਕੱਲ੍ਹ ਖ਼ੁਦ ਤੇਰੇ ਪਿਓ ਨੂੰ ਆਉਣ ਦਾ ਸੁਨੇਹਾ ਭੇਜਦੀ ਆਂ।"

ਉਹ ਚੁੱਪਚਾਪ ਸਿਸਕਦੀ ਰਹੀ। ਸੱਸ ਉਸਦੇ ਸਿਰ 'ਤੇ ਹੱਥ ਫੇਰਦੀ ਰਹੀ। ਫੇਰ ਬੋਲੀ, "ਬਨਵਾਰੀ ਦੇ ਘਟੀਆਪਨ ਨੂੰ ਸੁਪਨੇ ਵਾਂਗੂੰ ਭੁੱਲ ਜਾ ਬੇਟਾ। ਬਦਨਾਮੀ ਨਾਲ ਲੈ ਕੇ ਜਾਣਾ ਠੀਕ ਨ੍ਹੀਂ।"

ਸੁਨੇਹਾ ਤਾਂ ਗਿਆ ਪਰ ਇਸ ਤੋਂ ਪਹਿਲਾਂ ਕਿ ਪਿਓ ਆਉਂਦਾ, ਇਕ ਨਵੀਂ ਬਿਪਤਾ ਆ ਗਈ। ਵੱਟ ਤੋਂ ਤਿਲ੍ਹਕ ਕੇ ਸੱਸ ਦੇ ਪੱਟ ਦੀ ਹੱਡੀ ਟੁੱਟ ਗਈ। ਦੁੱਧ ਪਾ ਕੇ ਆ ਰਹੀ ਸੀ। ਵੱਟ



ਗਿੱਲੀ ਸੀ। ਤਿਲ੍ਹਕ ਗਈ। ਬਨਵਾਰੀ ਦੀ ਮਦਦ ਨਾਲ ਟੈਂਪੂ 'ਚ ਲੱਦ ਕੇ ਸਹੁਰਾ, ਸੱਸ ਨੂੰ ਹਸਪਤਾਲ ਲੈ ਗਿਆ।

ਟੈਂਪੂ ਨੇ ਤਾਂ ਸਵੇਰੇ ਅੱਠ ਵਜੇ ਹੀ ਜ਼ਿਲ੍ਹਾ ਹਸਪਤਾਲ ਦੇ ਗੇਟ 'ਤੇ ਲਾਹ ਦਿੱਤਾ ਪਰ ਦੁਪਹਿਰ ਤਕ ਬੁੱਢੀ ਨੂੰ ਭਰਤੀ ਨਹੀਂ ਕੀਤਾ ਗਿਆ। ਪਰਚੀ ਬਣਵਾਉਣ ਪਿੱਛੋਂ ਬਨਵਾਰੀ ਇਹਦੇ-ਉਹਦੇ ਕੋਲ ਭੱਜਿਆ-ਫਿਰਦਾ ਰਿਹਾ। ਕਦੀ ਕਿਹਾ ਗਿਆ ਕਿ ਬੈੱਡ ਖਾਲੀ ਨਹੀਂ ਹੈ। ਕਦੀ ਕਿਹਾ ਗਿਆ ਕਿ ਪਹਿਲਾਂ ਐਕਸਰੇ ਕਰਵਾ ਕੇ ਦਿਖਾਓ। ਫਰੈਕਚਰ ਹੋਇਆ ਤਾਂ ਭਰਤੀ ਕਰ ਲਿਆ ਜਾਏਗਾ। ਬੁੱਢੀ ਵਰਾਂਡੇ ਵਿਚ ਇਕ ਕੋਨੇ ਵਿਚ ਪਈ ਚੂਕਦੀ ਰਹੀ। ਚੂਹੇ ਵਰਗੇ ਮੂੰਹ ਵਾਲਾ ਨਰਸਿੰਗ ਹੋਮ ਦਾ ਇਕ ਦਲਾਲ ਅੱਡ ਪਿੱਛੇ ਪੈ ਗਿਆ ਸੀ। ਉਹ ਰਮੇਸਰ ਨੂੰ ਸਮਝਾਉਣ ਲੱਗਾ ਕਿ ਬਿਨਾਂ ਮੁੱਠੀ ਢਿੱਲੀ ਕੀਤਿਆਂ ਕੁਝ ਨਹੀਂ ਹੋਣ ਵਾਲਾ। ਜੇ ਹੱਡੀ ਟੁੱਟੀ ਹੋਈ ਤਾਂ ਆਪਰੇਸ਼ਨ ਕਰਨਾ ਪਵੇਗਾ ਤੇ ਸਰਕਾਰੀ ਡਾਕਟਰ ਵੀ ਬਿਨਾਂ ਦਸ ਹਜ਼ਾਰ ਐਡਵਾਂਸ ਲਏ ਹੱਥ ਨਹੀਂ ਲਾਵੇਗਾ। ਰਾਡ ਪਈ ਤਾਂ ਉਸ ਲਈ ਵੀ ਚੌਦਾਂ-ਪੰਦਰਾਂ ਹਜ਼ਾਰ ਲਾਉਣੇ ਪੈਣਗੇ। ਫੇਰ ਸਾਡੇ ਨਰਸਿੰਗ ਹੋਮ ਵਿਚ ਅਮਰੀਕਨ ਡਾਕਟਰ ਤੋਂ ਆਪਰੇਸ਼ਨ ਕਿਉਂ ਨਹੀਂ ਕਰਵਾ ਲੈਂਦੇ? ਏਥੇ ਤਾਂ ਜੇ ਇਨਫੈਕਸ਼ਨ ਹੋ ਗਿਆ, ਮਤਲਬ ਜ਼ਹਿਰ ਫੈਲ ਗਿਆ ਤਾਂ ਸਾਰੀ ਲੱਤ ਕੱਟ ਦੇਣਗੇ।

ਬੁੱਢਾ ਸਿਰ ਫੜ ਕੇ ਬੈਠ ਗਿਆ।

ਅਚਾਨਕ ਕੁੱਚੀ ਨੂੰ ਧਰਮਰਾਜ ਵਕੀਲ ਚੇਤੇ ਆ ਗਿਆ। ਪਿੰਡ ਪੱਖੋਂ ਦਿਓਰ ਲੱਗਦਾ ਹੈ। ਇੱਥੇ ਕਚਹਿਰੀ 'ਚ ਹੋਵੇਗਾ। ਬਨਵਾਰੀ ਨੇ ਧਰਮਰਾਜ ਨੂੰ ਫ਼ੋਨ ਕੀਤਾ। ਥੋੜ੍ਹੀ ਦੇਰ 'ਚ ਧਰਮਰਾਜ ਕਾਲਾ ਕੋਟ ਪਾਈ ਤਿੰਨ ਸਾਥੀ ਵਕੀਲਾਂ ਦੇ ਨਾਲ ਦੋ ਮੋਟਰ ਸਾਈਕਲਾਂ 'ਤੇ 'ਫੱਟ-ਫੱਟ' ਕਰਦਾ ਆ ਧਮਕਿਆ। ਜਿਹੜਾ ਵੀ ਸਾਹਮਣੇ ਮਿਲਿਆ ਉਸੇ ਨੂੰ ਘੇਰ ਕੇ ਦਾਬਾ ਲਾਇਆ, "ਸਾਨੂੰ ਪਤੈ ਕਿਓਂ ਟਰਕਾ ਰਹੇ ਓ। ਸਿੱਧਾ-ਸਿੱਧਾ ਠੂਠਾ ਈ ਕਿਉਂ ਨਈਂ ਫੜ ਲੈਂਦੇ? ਤਨਖਾਹ ਕਿਸ ਗੱਲ ਦੀ ਮਿਲਦੀ ਐ?"

ਦੋ-ਤਿੰਨ ਜਗ੍ਹਾ ਗਰਮੀ ਦਿਖਾਉਣ ਪਿੱਛੋਂ ਬੁੱਢੀ ਚਾਰ ਵਜੇ ਬੈੱਡ ਤਕ ਪਹੁੰਚੀ। ਹੇਠੋਂ ਉਪਰ ਤਕ ਸਾਰਾ ਸਟਾਫ਼ ਮਨ ਹੀ ਮਨ ਇਹਨਾਂ 'ਤੇ ਖਿਝਿਆ-ਕਰਿਝਿਆ ਹੋਇਆ ਸੀ। ਹੁਣ ਤਕ ਤਾਂ ਪੱਤਰਕਾਰਾਂ ਨੇ ਹੀ ਨੱਕ 'ਚ ਦਮ ਕੀਤਾ ਹੋਇਆ ਸੀ। ਹੁਣ ਇਹ ਕਾਲੇ ਕੋਟ ਵਾਲੇ ਵੀ ਪਹੁੰਚਣ ਲੱਗ ਪਏ।

ਜਾਂਦਾ-ਜਾਂਦਾ ਧਰਮਰਾਜ ਡਿਊਟੀ-ਡਾਕਟਰ ਨੂੰ ਤਾੜਣਾ ਕਰ ਗਿਆ, "ਪੱਲਿਓਂ ਖਰਚ ਕਰਕੇ ਦਵਾਈਆਂ ਖਰੀਦਨ ਵਾਲੇ ਮਰੀਜ਼ ਨਈਂ ਆਂ ਅਸੀਂ। ਜਿਹੜੀ ਦਵਾਈ ਸਟੋਰ 'ਚ ਨਾ ਹੋਏ ਉਹਦੀ ਲੋਕਲ ਪ੍ਰਚੇਜ ਕਰਕੇ ਦਿਓ। ਸਟੋਰ 'ਚ ਪਹੁੰਚਣ ਤੋਂ ਪਹਿਲਾਂ ਤਾਂ ਵਿਕ ਜਾਂਦੀਐਂ। ਹੋਣਗੀਆਂ ਵੀ ਕਿਵੇਂ?"

ਐਕਸਰੇ ਹੋਇਆ ਤਾਂ ਪਤਾ ਲੱਗਿਆ ਕਿ ਫਰੈਕਚਰ ਹੈ। ਆਪਰੇਸ਼ਨ ਹੋਵੇਗਾ। ਪੰਦਰਾਂ-ਵੀਹ ਦਿਨ ਹਸਪਤਾਲ 'ਚ ਤੇ ਹੋਰ ਦੋ-ਢਾਈ ਮਹੀਨੇ ਘਰੇ ਮੰਜੇ 'ਤੇ ਪੈਣਾ ਪਵੇਗਾ।

ਸਹੀ ਆਖਿਆ ਸੀ ਨਰਸਿੰਗ ਹੋਮ ਦੇ ਦਲਾਲ ਨੇ। ਪੈਸੇ ਨਾ ਮਿਲਣ ਕਰਕੇ ਡਾਕਟਰ ਤਿੰਨ ਦਿਨ ਤਕ ਆਪਰੇਸ਼ਨ ਟਾਲਦਾ ਰਿਹਾ। ਸਵੇਰੇ ਕਹਿੰਦਾ ਕੱਲ੍ਹ ਕਰਾਂਗੇ। ਕੱਲ੍ਹ ਆਉਂਦਾ ਤਾਂ ਫੇਰ ਕੱਲ੍ਹ 'ਤੇ ਟਾਲ ਦਿੰਦਾ। ਦੇਰ ਹੋਣ 'ਤੇ ਪਾਕ ਪੈ ਜਾਣ ਦਾ ਡਰ ਸੀ। ਵਾਰਡ-ਬੁਆਏ ਤੇ ਨਰਸ ਪਹਿਲੇ ਦਿਨ ਦੇ ਈ ਡਰਾ ਰਹੇ ਸੀ ਕਿ 'ਜਮਰਾਜ ਨਾਲ ਝਗੜਾ ਕਰਕੇ ਪਾਰ ਨਈਂ ਹੋਵੋਗੇ ਤੁਸੀਂ ਲੋਕ, ਪੇਂਡੂ ਗੰਵਾਰ ਲੋਕ। ਇਕ ਇੰਚ ਲੱਤ ਛੋਟੀ ਹੋ ਗਈ ਤਾਂ ਸਾਰੀ ਜ਼ਿੰਦਗੀ ਬੁੜ੍ਹਕ-ਬੁੜ੍ਹਕ ਕੇ

ਤੁਰੂਗੀ ਬੁੱਢੀ। ਉਸ ਵਕੀਲ ਨੂੰ ਕਹੋ ਕਿ ਆਪਣਾ ਰੋਅਬ ਕਚਹਿਰੀ 'ਚ ਦਿਖਾਏ। ਇਸ ਵਾਰੀ ਆ ਗਿਆ ਤਾਂ ਹੱਥ ਪੈਰ ਤੁੜਾ ਕੇ ਏਸੇ ਵਾਰਡ 'ਚ ਭਰਤੀ ਹੋਣਾ ਪਵੇਗਾ।'

ਸਾਰੇ ਮਰੀਜ਼ ਪੈਸੇ ਦੇ ਰਹੇ ਸੀ। ਤੈਅ ਹੋਇਆ ਕਿ ਦੇਣ 'ਚ ਹੀ ਭਲਾਈ ਹੈ। ਆਪਰੇਸ਼ਨ ਤੋਂ ਪਹਿਲੀ ਸ਼ਾਮ ਨੂੰ ਗਿਣ ਕੇ ਦਸ ਹਜ਼ਾਰ ਦੇਣੇ ਪਏ। ਰਾਡ ਵੀ ਉਸਦੇ ਦੁਕਾਨ ਤੋਂ ਖਰੀਦਨਾ ਪਿਆ ਜਿੱਥੋਂ ਡਾਕਟਰ ਨੇ ਕਿਹਾ ਸੀ।

ਸਹੁਰੇ ਤੇ ਨੂੰਹ ਦੀ ਡਿਊਟੀ ਵੰਡੀ ਗਈ। ਦਿਨੇਂ ਤਾਂ ਨਰਸਾਂ ਹੁੰਦੀਆਂ ਨੇ, ਦਾਈਆਂ ਨੇ, ਲੋੜ ਪਏ ਤਾਂ ਬੁਲਾਉਣ 'ਤੇ ਆ ਜਾਂਦੀਆਂ ਨੇ। ਪਰ ਰਾਤ ਨੂੰ ਦਾਈਆਂ ਤੇ ਨਰਸਾਂ ਵੀ ਇੱਧਰ-ਉੱਧਰ ਨੀਂਦ ਪੂਰੀ ਕਰ ਲੈਂਦੀਆਂ ਨੇ। ਬੁਲਾਉਣ 'ਤੇ ਨਈਂ ਸੁਣਦੀਆਂ, ਇਸ ਲਈ ਜ਼ਨਾਨਾ ਮਰੀਜ਼ ਕੋਲ ਔਰਤ ਦਾ ਰਹਿਣਾ ਜ਼ਰੂਰੀ ਹੋ ਜਾਂਦਾ ਹੈ। ਖਾਸ ਕਰਕੇ ਜਦੋਂ ਮਰੀਜ਼ ਹਿੱਲ-ਜੁੱਲ ਕਰ ਸਕਣ ਤੋਂ ਆਹਰੀ ਹੋਵੇ। ਕੱਪੜੇ ਬਦਲਣ ਲਈ ਜਾਂ ਹੇਠਾਂ ਪੈਨ ਲਾਉਣ ਲਈ।

ਉਹ ਜਾਨਵਰਾਂ ਦਾ ਆਹਰ ਕਰਕੇ, ਖਾਣਾ ਬਣਾ ਕੇ, ਦੁੱਧ ਚੋ ਕੇ, ਆਪਣੀ ਤੇ ਸੱਸ ਦੀ ਦੋਵੇਂ ਡੰਗਾਂ ਦੀ ਰੋਟੀ ਲੈ ਕੇ ਸ਼ਾਮ ਨੂੰ ਬਾਜ਼ਾਰ ਵਿਚੋਂ ਟੈਂਪੂ ਫੜਦੀ। ਅੱਧੇ ਘੰਟੇ 'ਚ ਸ਼ਹਿਰ। ਫੇਰ ਟੈਂਪੂ ਅੱਡੇ ਤੋਂ ਪੈਦਲ ਹਸਪਤਾਲ ਪਹੁੰਚ ਜਾਂਦੀ। ਫੇਰ ਸਹੁਰਾ ਘਰ ਚਲਾ ਜਾਂਦਾ। ਸਵੇਰੇ ਜਾਨਵਰਾਂ ਨੂੰ ਨੀਰਾ ਪੱਠਾ ਪਾ ਕੇ, ਸ਼ਾਮ ਦਾ ਬਣਿਆਂ ਖਾ ਕੇ ਨੌਂ-ਦਸ ਵਜੇ ਤਕ ਵਾਪਸ ਹਸਪਤਾਲ ਪਹੁੰਚਦਾ ਹੈ ਤਾਂ ਉਹ ਘਰ ਚਲੀ ਜਾਂਦੀ ਹੈ।

**ਉ**ਸਦੀ ਸੱਸ ਦੇ ਨਾਲ ਵਾਲੇ ਬੈੱਡ 'ਤੇ ਬਾਰ੍ਹਾਂ ਤੇਰ੍ਹਾਂ ਸਾਲ ਦਾ ਇਕ ਮੁੰਡਾ ਪਿਆ ਹੈ। ਦਰਖੱਤ ਤੋਂ ਡਿੱਗ ਕੇ ਇਕ ਬਾਂਹ ਤੇ ਇਕ ਲੱਤ ਤੁੜਵਾ ਕੇ ਆਇਆ ਹੈ। ਉਸਦਾ ਪਿਓ ਮਹੀਨੇ ਭਰ ਦਾ ਰਾਸ਼ਨ ਰੱਖ ਕੇ ਚਲਾ ਗਿਆ। ਗਿਆ ਤਾਂ ਫੇਰ ਪਰਤ ਕੇ ਨਹੀਂ ਆਇਆ। ਮੁੰਡੇ ਦੀ ਮਾਂ ਇਕ ਡੰਗ ਰੋਟੀ ਪਕਾਉਂਦੀ ਹੈ ਤੇ ਦੋ ਦਿਨ ਖਾਂਦੀ ਹੈ। ਦਾਲ-ਸਬਜ਼ੀ ਕੁਝ ਨਹੀਂ। ਬਸ, ਚਟਨੀ ਰੋਟੀ। ਗਜਬ ਦੀ 'ਗਲਾਕੜ' ਹੈ। ਸੌਂਦੀ-ਜਾਗਦੀ, ਉੱਠਦੀ-ਬੈਠਦੀ ਜਾਂ ਤਾਂ ਕੁਝ ਦੱਸਦੀ ਰਹਿੰਦੀ ਹੈ ਜਾਂ ਪੁੱਛਦੀ ਰਹਿੰਦੀ ਹੈ।

ਕੁੱਚੀ ਨੂੰ ਨਰਸਾਂ ਦੀ ਚਿੱਟੀ ਵਰਦੀ ਬੜੀ ਚੰਗੀ ਲੱਗਦੀ ਹੈ। ਦੁੱਧ ਵਰਗੀ ਸਫ਼ੈਦ। ਇਕ ਵੀ ਦਾਗ਼-ਧੱਬਾ ਨਹੀਂ। ਕਿੰਨਾ ਸਾਬਨ ਲੱਗਦਾ ਹੋਵੇਗਾ ਇਹਨੂੰ ਧੋਣ 'ਤੇ। ਇਹ ਕੁੜੀਆਂ ਇਕ ਵੀ ਗਹਿਣਾ ਨਹੀਂ ਪਾਉਂਦੀਆਂ—ਨੱਕ ਦੇ ਕੋਕੇ ਦੇ ਇਲਾਵਾ, ਚੂੜੀਆਂ, ਬਿੰਦੀ ਕੁਝ ਵੀ ਨਈਂ—ਕੰਨ ਵੀ ਬੁੱਚੇ।

ਅੱਖੜ ਨਰਸ ਬਸ ਇਕੋ ਹੀ ਹੈ, ਵੱਡੀ ਨਰਸ। ਊਠ ਜਿੱਡੀ ਲੰਮੀ ਤੇ ਟਟੀਹਰੀ ਜਿਹੀ ਪਤਲੀ ਆਵਾਜ਼ ਵਾਲੀ। ਝਿੜਕਣ-ਤਾੜਣ ਦਾ ਬਹਾਨਾ ਲੱਭਦੀ ਰਹਿੰਦੀ ਹੈ। ਸੱਸ ਉਸ ਤੋਂ ਬੜਾ ਡਰਦੀ ਹੈ। ਉਸਦੀ ਆਵਾਜ਼ ਸੁਣਦਿਆਂ ਹੀ ਅੱਖਾਂ ਬੰਦ ਕਰਕੇ ਸੁੱਤੀ ਹੋਣ ਦਾ ਨਾਟਕ ਕਰਦੀ ਹੈ। ਪਰ ਉਹ ਆਉਂਦਿਆਂ ਹੀ ਸੀਨੇ 'ਤੇ ਥਪ-ਥਪ ਮਾਰ ਕੇ ਕਹਿੰਦੀ ਹੈ, "ਪੈਰ ਸੀਧਾ ਰੱਖੋ। ਪਾਸਾ ਨਈਂ ਲੇਨੇ ਕਾ। ਫਿਰ ਸੁਰਤੀ ਖਾਯਾ ਕਯਾ? ਮੂੰਹ ਖੋਲ੍ਹੋ।"

ਆਪਣੇ ਸਾਹਮਣੇ ਹੇਠਾਂ ਰੱਖੀ ਬਾਲ੍ਹਟੀ ਵਿਚ ਸੁਰਤੀ ਥੁੱਕਵਾ ਦਿੰਦੀ ਹੈ। ਫੇਰ ਕੁੱਚੀ ਨੂੰ ਤਾੜਦੀ ਹੈ, "ਮਨਾ ਨਹੀਂ ਕੀਆ ਥਾ। ਫਿਰ ਕਯੋਂ ਦਿਯਾ ਸੁਰਤੀ? ਡਿਸਚਾਰਜ ਕਰਕੇ ਭਗਾ ਦੇਂਗੇ। ਗੰਦੀ ਸਬ।"



ਬਿਨਾਂ ਸੁਰਤੀ ਖਾਧੇ ਰਹਿ ਨਹੀਂ ਸਕਦੀ ਬੁੱਢੀ। ਪੇਟ 'ਚ ਹਵਾ ਭਰ ਜਾਂਦੀ ਹੈ। 'ਅੱਖੜ' ਦੇ ਜਾਂਦਿਆਂ ਹੀ ਕਹਿੰਦੀ ਹੈ, "ਹੁਣ ਘਰੇ ਲੈ ਚੱਲ, ਅੱਜ ਈ ਲੈ ਚੱਲ। ਏਥੇ ਇਕ ਦਿਨ ਵੀ ਨ੍ਹੀਂ ਰਹਿਣਾ। ਕਿੰਨੀ ਬਦਬੂ ਐ ਚਾਰੇ-ਪਾਸੇ। ਮੇਰਾ ਘਰ ਉੱਜੜਦਾ ਜਾ ਰਿਹੈ।"

ਘਰ ਗ੍ਰਹਿਸਤੀ ਤਾਂ ਸੱਚਮੁੱਚ ਉੱਜੜਦੀ ਜਾ ਰਹੀ ਹੈ। ਤਿੰਨੇ ਜੀਅ ਹਸਪਤਾਲ ਨਾਲ ਨੱਥੀ ਹੋ ਗਏ ਨੇ। ਜਾਨਵਰਾਂ ਦਾ ਨੀਰਾ-ਪੱਠਾ, ਪਾਣੀ-ਧਾਣੀ ਮੁਸ਼ਕਲ ਹੋ ਗਿਆ ਹੈ। ਲੱਗਦਾ ਸੀ ਖੇਤ ਰੜੇ ਰਹਿ ਜਾਣਗੇ। ਕੋਈ ਅੱਧ 'ਤੇ ਵਾਹੁਣ ਲਈ ਵੀ ਤਿਆਰ ਨਹੀਂ ਹੋਇਆ। ਕੜੀਅਲ ਜਵਾਨ ਬਲ੍ਹਦ ਕਿੱਲੇ 'ਤੇ ਬੱਝੇ ਖਾ ਰਹੇ ਨੇ। ਜੋੜੇ ਕੌਣ? ਆਖ਼ਰ ਇਕ ਦਿਨ ਕਿਰਾਏ ਦਾ ਟਰੈਕਟਰ ਮੰਗਵਾ ਕੇ ਕਿਸੇ ਤਰ੍ਹਾਂ ਵਹਾ ਦਿੱਤਾ ਗਿਆ। ਰੋਟੋਵੇਟਰ ਨਾਲ ਦੋ ਘੰਟਿਆਂ ਦੀ ਵਹਾਈ ਦੇ ਦੋ ਹਜ਼ਾਰ ਰੁਪਏ ਲੱਗ ਗਏ। ਕਿਆਰੇ ਬਣਾਉਣੇ ਅਜੇ ਬਾਕੀ ਰਹਿੰਦੇ ਨੇ।

ਧਾਈਂ ਤਾਂ ਕੱਟ ਲਈ ਸੀ ਪਰ ਉਸਦੀ ਮੰਡਾਈ ਬਾਕੀ ਸੀ, ਉਦੋਂ ਹੀ ਹਸਪਤਾਲ ਦੀ ਭੱਜ-ਨੱਸ ਸ਼ੁਰੂ ਹੋ ਗਈ। ਹੁਣ ਆਏ ਦਿਨ ਆਸਮਾਨ 'ਚ ਬੱਦਲਾਂ ਦੇ ਟੁਕੜੇ ਤੈਰਦੇ ਨਜ਼ਰ ਆਉਂਦੇ ਨੇ। ਮੀਂਹ ਪੈ ਗਿਆ ਤਾਂ ਸਾਰਾ ਝੋਨਾ ਖੇਤ 'ਚ ਹੀ ਸੜ-ਗਲ ਜਾਵੇਗਾ। ਇਸ ਲਈ ਸੱਸ ਦੀ ਚਿੰਤਾ ਗਲਤ ਨਹੀਂ ਸੀ। ਪਰ ਡਾਕਟਰ ਜਾਣ ਦੇਵੇ ਤਦੇ ਨਾ।

ਹਸਪਤਾਲ ਆ ਕੇ ਤਾਂ ਲੱਗਦਾ ਹੈ ਸਾਰੀ ਦੁਨੀਆਂ ਹੀ ਬਿਮਾਰ ਹੈ। ਹਰ ਜਗ੍ਹਾ ਮਰੀਜ਼ਾਂ ਦੀ ਭੀੜ। ਐਮਰਜੈਂਸੀ ਵਾਰਡ ਦਾ ਇਕ ਨੰਬਰ ਬੈੱਡ ਅੰਦਰ ਵੜਦਿਆਂ ਹੀ ਸਾਹਮਣੇ ਪੈਂਦਾ ਹੈ। ਸਵੇਰ ਦੀ ਡਿਊਟੀ ਵਾਲੀ ਬੁੱਢੀ ਮਾਸੀ ਇਸਨੂੰ ਸਭ ਤੋਂ ਪਹਿਲਾਂ 'ਰੇਡੀ' ਕਰਦੀ ਹੈ। ਉਸ ਦਿਨ ਇਕ ਮੁੰਡਾ ਆ ਕੇ ਉਸ 'ਤੇ ਬੈਠ ਗਿਆ ਤਾਂ ਉਸਨੂੰ ਫ਼ੌਰਨ ਉੱਠਾ ਦਿੱਤਾ, "ਉੱਠ ਉੱਠ। ਇਸਦੀ ਬੁਕਿੰਗ ਆਉਣ ਵਾਲੀ ਏ।"

"ਤੁਹਾਨੂੰ ਆਉਣ ਤੋਂ ਪਹਿਲਾਂ ਈ ਪਤਾ ਲੱਗ ਗਿਆ?"

"ਹਾਂ ਬੇਟਾ, ਰੋਜ਼ ਆਉਂਦੀ ਏ। ਬਿਨਾਂ ਨਾਗਾ। ਕੋਈ ਨਾ ਕੋਈ ਕਿਤੋਂ ਨਾ ਕਿਤੋਂ ਚੱਲ ਪਈ ਹੋਵੇਗੀ। ਉਸ ਕੋਲ ਇਕ ਮਿੰਟ ਦਾ ਸਮਾਂ ਨਈਂ ਹੋਣਾ। ਸ਼ਾਮ ਤਕ ਤਾਂ ਰਵਾਨਗੀ ਵੀ ਹੋ ਜਾਏਗੀ, 'ਡਿਸਚਾਰਜ'।"

ਏਨੇ ਵਿਚ ਸੱਚਮੁੱਚ ਹੀ ਅਠਾਰਾਂ-ਵੀਹ ਸਾਲ ਦੀ ਇਕ ਲੰਮੀ-ਨਰੋਈ ਕਣਕ-ਵੰਨੇ ਰੰਗ ਦੀ ਕੁੜੀ ਨੂੰ ਫੜੀ ਤਿੰਨ-ਚਾਰ ਜਣੇ ਆ ਜਾਂਦੇ ਨੇ। ਉਹ ਦਰਦ ਨਾਲ ਲੋਟਣੀਆਂ ਖਾ ਰਹੀ ਹੈ ਤੇ ਤਿੰਘ-ਤਿੰਘ ਕੇ ਉਲਟੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਬੈੱਡ 'ਤੇ ਲਿਟਾਉਣ ਸਾਰ, ਬਾਹਵਾਂ ਲੱਤਾ ਫੜ ਕੇ ਉਸਦੀ ਭੁੜਕਦੀ ਦੇਹ ਨੂੰ ਕਾਬੂ ਕੀਤਾ ਜਾਂਦਾ ਹੈ। ਉਹ ਵਾਰੀ-ਵਾਰੀ ਉੱਠ ਕੇ ਭੱਜਣ ਦੀ ਕੋਸ਼ਿਸ਼ ਕਰ ਰਹੀ ਹੈ। ਲੱਗਦਾ ਹੈ ਅੰਦਰ ਢਿੱਡ ਵਿਚ ਅੱਗ ਲੱਗੀ ਹੋਈ ਹੈ। ਮੂੰਹ ਵਿਚੋਂ ਝੱਗ ਨਿਕਲ ਰਹੀ ਹੈ। ਡਾਕਟਰ, ਨਰਸ ਤੇ ਦਾਈਆਂ ਦੇ ਝੁੰਡ ਨੇ ਬੈੱਡ ਨੂੰ ਘੇਰ ਲਿਆ ਹੈ। ਨੱਕ ਦੇ ਰਸਤੇ ਢਿੱਡ ਵਿਚ ਪਲਾਸਟਿਕ ਦੀ ਨਾਲੀ ਪਾਈ ਜਾ ਰਹੀ ਹੈ। ਨੱਕ 'ਤੇ ਟੇਪ ਲਾ ਕੇ ਸੈੱਟ ਕੀਤਾ ਜਾ ਰਿਹਾ ਹੈ। ਹੱਥ ਵਿਚ ਇੰਜੈਕਸ਼ਨ ਫੜੀ 'ਵੀਗੋ' ਲਾਇਆ ਜਾ ਰਿਹਾ ਹੈ। 'ਹੱਥ ਬੰਨ੍ਹੋਂ...ਪੈਰ ਬੰਨ੍ਹੋਂ।' ਛੋਟੇ ਪੰਪ ਨਾਲ ਢਿੱਡ ਦੀ ਸਫਾਈ ਸ਼ੁਰੂ ਹੋ ਗਈ ਹੈ। ਢਿੱਡ ਵਿਚ ਦਵਾਈ ਪਹੁੰਚਾਈ ਗਈ। ਇੰਜੈਕਸ਼ਨ ਲੱਗ ਗਿਆ—ਹੱਥੋਂ ਤਿਲ੍ਹਕਦੀ ਜ਼ਿੰਦਗੀ ਨੂੰ ਬਚਾਉਣ ਲਈ ਜੰਗੀ ਪੱਧਰ ਦੀਆਂ ਕੋਸ਼ਿਸ਼ਾਂ।

ਡਾਕਟਰ ਤੇ ਨਰਸਾਂ ਜਾ ਚੁੱਕੇ ਨੇ। ਕੁੜੀ ਹੁਣ ਰੋਣ ਲੱਗ ਪਈ ਹੈ। ਉੱਤੇ ਝੁਕੀ ਮਾਸੀ ਦੇ ਗਲ਼ ਵਿਚ ਬਾਹਵਾਂ ਪਾਉਣ ਦੀ ਕੋਸ਼ਿਸ਼ ਕਰਦੀ ਥਿੜਕਦੀ ਧੀਮੀ ਆਵਾਜ਼ ਵਿਚ ਬੁੜਬੁੜ ਕਰਦੀ ਹੈ, "ਬਚਾਈ ਲੇਵ ਅੰਮਾ ਹਮਾਰ ਬਿਟਿਯਾ ਕਾ ਮੂੰਹ ਦਿਖਾਇ ਦੇਵ..."

"ਧੀਰਜ ਧਰੋ ਬਿਟਿਯਾ, ਧੀਰਜ ਧਰੋ।" ਮਾਇਆ ਮਾਸੀ ਉਸਦੇ ਅੱਥਰੂ ਪੂੰਝਦੀ ਹੈ। ਫੇਰ ਦੂਜੇ ਪਾਸੇ ਮੂੰਹ ਭੁਆਂ ਕੇ ਬੁੜਬੁੜਾਉਂਦੀ ਹੈ, "ਘੰਟਾ, ਦੁਇ ਘੰਟਾ ਮਾ ਮੁਕਤੀ ਮਿਲ ਜਾਯੇ।"

ਇਸ ਬੈੱਡ ਦਾ ਨਾਂ ਹੈ 'ਪਵਾਇਜ਼ਨ ਬੈੱਡ'। ਜ਼ਹਿਰ ਖਾ ਕੇ ਆਉਣ ਵਾਲੀਆਂ ਔਰਤਾਂ ਲਈ ਰਿਜਰਵ। ਰੋਜ਼ ਇਸੇ ਤਰ੍ਹਾਂ ਕੋਈ ਨਾ ਕੋਈ ਆਉਂਦੀ ਹੈ—ਬਿਨਾਂ ਨਾਗਾ। ਸਿਰਫ਼ ਔਰਤਾਂ। ਆਦਮੀ ਇਕ ਵੀ ਨਹੀਂ। ਸਭ ਵੀਹ ਪੱਚੀ ਸਾਲ ਦੀ ਉਮਰ ਵਾਲੀਆਂ। ਵਧੇਰੇ ਕਰਕੇ 'ਸਲਫਾਸ' ਖਾ ਕੇ। ਪਿੰਡਾਂ ਕਸਬਿਆਂ ਦੇ ਘਰਾਂ ਵਿਚ ਇਹੋ ਸਹਿਜੇ ਮਿਲ ਜਾਂਦੀ ਹੈ।

ਸ਼ਾਮ ਨੂੰ ਜਾਂ ਰਾਤ ਨੂੰ ਝਗੜਾ ਹੁੰਦਾ ਹੋਵੇਗਾ। ਮਾਰ ਪੈਂਦੀ ਹੋਵੇਗੀ। ਅੱਧੀ ਰਾਤ ਨੂੰ ਖਾ ਕੇ ਤੜਫਣ ਲੱਗਦੀਆਂ ਹੋਣਗੀਆਂ। ਪਰ ਏਨੀ ਰਾਤ ਨੂੰ ਕਿੱਥੇ ਸਵਾਰੀ ਲੱਭੀ ਜਾਵੇ? ਸਵੇਰੇ ਲੈ ਕੇ ਤੁਰਦੇ ਨੇ। ਤਦ ਤਕ ਜ਼ਹਿਰ ਅਸਰ ਕਰ ਚੁੱਕਿਆ ਹੁੰਦਾ ਹੈ।

ਕੁੜੀ ਹੌਲੀ-ਹੌਲੀ ਸਿੱਥਲ ਹੁੰਦੀ ਜਾ ਰਹੀ ਹੈ। ਬਾਹਰ ਨੂੰ ਆਈਆਂ ਅੱਖਾਂ ਪੱਥਰਾਉਣ ਲੱਗੀਆਂ ਨੇ।

ਸ਼ਾਮ ਹੁੰਦਿਆਂ-ਹੁੰਦਿਆਂ ਖੇਡ ਖਤਮ। ਚਮਕਦਾ ਹੋਇਆ ਸਰੀਰ ਮਿੱਟੀ ਹੋ ਗਿਆ। ਪਲਕਾਂ ਦੱਬ ਕੇ ਅੱਧ-ਖੁੱਲ੍ਹੀਆਂ ਅੱਖਾਂ ਬੰਦ ਕਰ ਦਿੱਤੀਆਂ ਗਈਆਂ। ਮਰਨ ਦਾ ਰੁੱਕਾ ਬਣਾ ਦਿੱਤਾ ਗਿਆ। ਚਿੱਟੀ ਚਾਦਰ ਨਾਲ ਢਕੀ, ਸਟਰੇਚਰ 'ਤੇ ਲੱਦ ਕੇ ਚੀਰਫਾੜ-ਘਰ ਵੱਲ ਤੋਰ ਦਿੱਤੀ ਗਈ। ਸੱਤ-ਅੱਠ ਵਜਦੇ-ਵਜਦੇ ਬੈੱਡ ਖਾਲੀ। ਚਾਦਰ ਬਦਲੋ, ਸਿਰਹਾਣਾ ਬਦਲੋ—ਅਗਲੇ ਮਹਿਮਾਨ ਲਈ ਤਿਆਰੀ ਸ਼ੁਰੂ।

ਕੌਣ ਸੀ? ਕਿਉਂ ਖਾਧਾ ਜ਼ਹਿਰ?

ਹਰ ਦਿਨ ਦੀ ਵੱਖਰੀ ਕਹਾਣੀ। ਨਾਜਾਇਜ਼ ਗਰਭ। ਪਤੀ ਦੁਆਰਾ ਕੁੱਟਮਾਰ। ਤੀਜੀ ਕੁੜੀ ਜੰਮ ਦਿੱਤੀ।

ਬੈੱਡ ਨੰ. 7 ਬਰਨ ਬੈੱਡ। ਇਹ ਵੀ ਸਵੇਰੇ-ਸਵੇਰੇ ਆਪਣਾ ਚਾਦਰ ਸਿਰਹਾਣਾ ਬਦਲ ਕੇ ਤਿਆਰ ਹੋ ਜਾਂਦਾ ਹੈ। ਇਸ 'ਤੇ ਆਉਣ ਵਾਲੀਆਂ ਔਰਤਾਂ ਵਿਚ ਵਧੇਰੇ ਨਵੀਆਂ ਵਿਆਹੀਆਂ ਹੁੰਦੀਆਂ ਨੇ। ਕਿਸੇ ਦੀ ਗੋਦੀ ਸਾਲ ਕੁ ਦੀ ਬੱਚੀ, ਕਿਸੇ ਦੀ ਗੋਦੀ ਛੇ ਮਹੀਨਿਆਂ ਦੀ। ਉਹ ਬੈੱਡ ਵੀ ਸ਼ਾਇਦ ਹੀ ਕਦੇ ਖਾਲੀ ਰਹਿੰਦਾ ਹੈ। ਜ਼ਹਿਰ ਖਾਣ ਵਾਲੀਆਂ ਦੀ ਮੁਕਤੀ ਤਾਂ ਉਸੇ ਦਿਨ ਹੋ ਜਾਂਦੀ ਹੈ ਪਰ ਸੜਨ ਵਾਲੀਆਂ ਚਾਰ-ਪੰਜ ਦਿਨ ਤਕ ਲਮਕਣ ਤੋਂ ਬਾਅਦ ਮਰਦੀਆਂ ਨੇ। ਕਦੀ-ਕਦੀ ਦੇਹ ਤੋਂ ਮੁਕਤੀ ਮਿਲਣ ਵਿਚ ਹਫ਼ਤਾ-ਦਸ ਦਿਨ ਵੀ ਲੱਗ ਜਾਂਦੇ ਨੇ। ਕਿੰਨੀਆਂ ਨੂੰਹਾਂ-ਧੀਆਂ ਹੈਨ ਇਸ ਦੇਸ਼ ਵਿਚ ਕਿ ਰੋਜ਼ ਸੜਣ ਤੇ ਜ਼ਹਿਰ ਖਾਣ ਪਿੱਛੋਂ ਵੀ ਮੁੱਕ ਹੀ ਨਹੀਂ ਰਹੀਆਂ?

ਸਵੇਰੇ ਘਰ ਵਾਪਸੀ ਤੋਂ ਪਹਿਲਾਂ ਹੁਣ ਕੁੱਚੀ ਐਮਰਜੈਂਸੀ ਦੇ 1 ਨੰਬਰ ਤੇ 7 ਨੰਬਰ ਬੈੱਡ ਦਾ ਇਕ ਚੱਕਰ ਜ਼ਰੂਰ ਲਾਉਂਦੀ ਹੈ। ਵਾਪਸ ਆ ਕੇ ਸੱਸ ਨੂੰ ਅੱਖੀਂ ਡਿੱਠਾ ਹਾਲ ਸੁਣਾਉਂਦੀ ਹੈ। ਫੇਰ ਸਾਰਾ ਦਿਨ ਉਦਾਸ ਰਹਿੰਦੀ ਹੈ। ਦੁਨੀਆਂ ਨੂੰ ਜਿੰਨਾ ਨੇੜਿਓਂ ਦੇਖਦੀ ਹੈ ਓਨਾਂ ਹੀ ਦੁੱਖੀ ਹੁੰਦੀ ਹੈ।

ਉਸ ਦਿਨ ਵਾਪਸ ਘਰ ਪਹੁੰਚੀ ਤਾਂ ਦੇਖਿਆ ਕਿ ਬਲ੍ਹਦਾਂ ਦੇ ਕਿੱਲੇ ਸੁੰਨੇ ਸਨ। ਗਾਂ ਤੇ ਮੱਝ ਵਾਰੀ-ਵਾਰੀ ਰੰਭ ਰਹੀਆਂ ਸੀ। ਸ਼ਾਇਦ ਰੱਸਾ ਤੁੜਵਾ ਕੇ ਆਸੇ-ਪਾਸੇ ਚਰਨ ਨਿਕਲ ਗਏ ਹੋਣ। ਉਹ ਚਾਰੇ-ਪਾਸੇ ਦੇਖ ਆਈ। ਉਦੋਂ ਹੀ ਸੁਲਛਨੀ ਆਉਂਦੀ ਦਿਖਾਈ ਦਿੱਤੀ। ਕਿਸੇ ਦੇ ਨਾ ਹੋਣ 'ਤੇ ਉਹ ਇੱਧਰ ਦਾ ਇਕ ਅੱਧਾ ਚੱਕਰ ਲਾ ਜਾਂਦੀ ਸੀ। ਉਸਨੂੰ ਪੁੱਛਿਆ।

"ਵਿਕ ਗਏ।"



"ਵਿਕ ਗਏ?"

"ਹਾਂ। ਦਲਾਲ ਤਾਂ ਦੋ-ਤਿੰਨ ਦਿਨਾਂ ਦਾ ਆ ਰਿਹਾ ਸੀ। ਅੱਜ ਸੌਦਾ ਹੋ ਗਿਆ। ਸਵੇਰੇ ਈ ਹੱਕ ਕੇ ਲੈ ਗਿਆ।"

ਉਹ ਚੁੱਪ ਹੋ ਗਈ। ਵੇਚਣ ਤੋਂ ਪਹਿਲਾਂ ਸਹੁਰੇ ਹੁਰਾਂ ਕੋਈ ਗੱਲ-ਬਾਤ ਨਹੀਂ ਕੀਤੀ। ਹੋ ਸਕਦਾ ਹੈ ਸੱਸ ਨਾਲ ਸਲਾਹ ਕੀਤੀ ਹੋਵੇ। ਜਾਂਦੇ ਹੋਏ ਦੋਵਾਂ ਨੂੰ ਦੇਖ ਵੀ ਨਾ ਸਕੀ। ਅਣਮੰਨੇ ਮਨ ਨਾਲ ਚਲੇ ਗਏ ਹੋਣਗੇ। ਗਾਂ ਤੇ ਮੱਝ ਉਹਨਾਂ ਨੂੰ ਯਾਦ ਕਰਕੇ ਰੰਭ ਰਹੀਆਂ ਨੇ।

ਪਤਾ ਲੱਗਿਆ ਸੱਸ ਨੂੰ ਵੀ ਨਹੀਂ ਪਤਾ। ਉਹਦੀ ਵੀ ਕੋਈ ਰਾਏ-ਸਲਾਹ ਨਹੀਂ ਪੁੱਛੀ ਗਈ। ਵੇਚਣ ਪਿੱਛੋਂ ਸਾਰਾ ਦਿਨ ਉਸ ਕੋਲ ਬੈਠੇ ਰਹੇ ਪਰ ਫੇਰ ਵੀ ਨਹੀਂ ਦੱਸਿਆ। ਅਗਲੇ ਦਿਨ ਸੱਸ ਨੇ ਪੁੱਛਿਆ ਤਾਂ ਬੋਲੇ, "ਹੁਣ ਕਿਹੜਾ ਉਹਨਾਂ ਨੂੰ ਖੁਆਉਂਦਾ, ਕਿਹੜਾ ਜੋਤਦਾ? ਮੇਰੇ ਵੱਸ ਦਾ ਹੈ ਨ੍ਹੀਂ। ਵਾਧੂ ਬੰਨ੍ਹ ਕੇ ਖੁਆਉਣ ਦਾ ਕੀ ਮਤਲਬ?"

"ਕੋਈ ਗੱਲ ਵੀ ਨ੍ਹੀਂ ਕੀਤੀ। ਪੁੱਛਿਆ ਵੀ ਨ੍ਹੀਂ।"

"ਕਿਸਨੂੰ ਪੁੱਛਦਾ? ਤੈਨੂੰ? ਜਿਹੜੀ ਲੰਗੜੀ ਹੋ ਕੇ ਪਈ ਐਂ...ਕਿ ਬਹੂ ਨੂੰ? ਜਿਹੜੀ ਅੱਜ ਗਈ ਕਿ ਕੱਲ੍ਹ।"

"ਕਿੰਨੇ 'ਚ ਸੁੱਟ 'ਤੇ?"

"ਸੋਲ੍ਹਾਂ ਹਜ਼ਾਰ 'ਚ।"

"ਵੀਹ ਹਜ਼ਾਰ 'ਚ ਤਾਂ ਦੋ ਸਾਲ ਪਹਿਲਾਂ ਮੁੰਡਾ ਖਰੀਦ ਕੇ ਲਿਆਇਆ ਸੀ। ਉਦੋਂ ਚਾਰ ਦੰਦ ਸੀ। ਹੁਣ ਪੱਚੀ ਹਜ਼ਾਰ ਤੋਂ ਘੱਟ ਦੇ ਨ੍ਹੀਂ ਸੀ।"

"ਮੇਰਾ ਦਿਮਾਗ ਕੰਮ ਨ੍ਹੀਂ ਕਰ ਰਿਹਾ ਬਜਰੰਗੀ ਦੀ ਅੰਮਾ। ਹੁਣ ਨਾ ਕੁਛ ਪੁੱਛ, ਨਾ ਦੱਸ।"

ਸ਼ਾਮ ਨੂੰ ਉਹ ਪਹੁੰਚੀ ਤਾਂ ਬੁੱਢੀ ਉਸਦੇ ਗਲ਼ 'ਚ ਬਾਹਵਾਂ ਪਾ ਕੇ ਰੋਣ ਲੱਗ ਪਈ।

"ਸਭ ਕੁਸ਼ ਉੱਜੜ ਗਿਆ ਬੇਟਾ। ਉਸ ਇਕ ਦੇ ਜਾਂਦਿਆਂ ਈ ਸਭ ਕੁਸ਼ ਉੱਜੜ ਗਿਆ। ਭਗਵਾਨ ਨੇ ਤੇਰੇ ਪੇਟ 'ਚ ਇਕ ਬੂਟਾ ਲਾ ਦਿੱਤਾ ਹੁੰਦਾ ਤਾਂ ਅਸੀਂ ਸਾਰੇ ਤਰ ਜਾਂਦੇ। ਫੇਰ ਮੈਂ ਥੋੜ੍ਹਾ ਈ ਤੈਨੂੰ ਜਾਣ ਦੇਣਾ ਸੀ। ਉਸੇ ਦੇ ਸਹਾਰੇ ਅਸੀਂ ਸਾਰੇ ਜ਼ਿੰਦਗੀ ਕੱਟ ਲੈਂਦੇ।"

ਸੱਸ ਨੂੰ ਖੁਆ ਕੇ ਤੇ ਨੱਪ-ਘੁੱਟ ਕੇ ਜਦੋਂ ਉਸ ਹੇਠਾਂ ਵਿਛੇ ਆਪਣੇ ਬਿਸਤਰੇ 'ਤੇ ਪੈ ਗਈ ਤਾਂ ਅੱਖਾਂ ਸਾਹਵੇਂ ਬਜਰੰਗੀ ਦਾ ਚਿਹਰਾ ਨੱਚਣ ਲੱਗਾ। ਗੁਲਾਬੀ ਮਸੂੜਿਆਂ ਵਾਲਾ ਹੱਸਦਾ ਹੋਇਆ ਚਿਹਰਾ। ਸ਼ਰਾਰਤ ਨਾਲ ਚਮਕਦੀਆਂ ਅੱਖਾਂ ਵਾਲਾ। ਉਹ ਦਿਨੇਂ ਉਸਨੂੰ ਕੁੱਚੀ ਰਾਣੀ ਤੇ ਰਾਤ ਨੂੰ ਕੰਚਨਜੰਘਾ ਕਹਿੰਦੇ ਸੀ। ਕਦੀ ਉਹ ਕੋਠੜੀ ਵਿਚ ਇਕੱਲੀ ਹੁੰਦੀ ਤੇ ਉਹ ਆਉਂਦੇ ਤਾਂ ਪਹਿਲਾਂ ਉਸਦੀਆਂ ਛਾਤੀਆਂ ਨੂੰ ਫੜਦੇ ਤੇ ਫੇਰ ਪੁੱਛਦੇ, "ਇਹ ਖੱਬਾ ਸੱਜੇ ਨਾਲੋਂ ਛੋਟਾ ਕਿਓਂ ਐ? ਇਸ ਨੂੰ ਮਹੀਨੇ 'ਚ ਸੱਜੇ ਦੇ ਬਰਾਬਰ ਕਰ ਦੇਣੈਂ।" ਕਦੀ ਕਹਿੰਦੇ, "ਮਾਂ ਨੇ ਮੇਰਾ ਨਾਂ ਬਜਰੰਗੀ ਰੱਖਿਐ। ਮੈਂ ਬਾਲ ਬਰ੍ਹਮਚਾਰੀ ਰਹਿਣਾ ਸੀ। ਤੂੰ ਆ ਕੇ ਸਤ ਭੰਗ ਕਰ ਛੱਡਿਆ।"

"ਮੈਂ ਕੋਈ ਤੁਹਾਨੂੰ ਬੁਲਾਉਣ ਜਾਨੀਂ ਆਂ। ਕਿਤੋਂ ਆਉਂਦੇ ਹੋ ਤਾਂ ਸਿੱਧੇ ਕੋਠੜੀ 'ਚ ਵੜ ਆਉਂਦੇ ਓ। ਦਿਨੇਂ ਤਾਂ ਬਰ੍ਹਮਚਾਰੀ ਰਿਹਾ ਕਰੋ।"

ਉਹ ਵੀ ਉਡੀਕ ਕਰ ਰਹੇ ਸੀ ਇਸ ਬੂਟੇ ਦੇ ਲੱਗਣ ਦੀ। ਉਹਨਾਂ ਤਾਂ ਨਾਂ ਵੀ ਸੋਚ ਲਿਆ ਸੀ—'ਬਾਲਕਿਸਨ'। ਉਸਦੇ ਢਿੱਡ ਨੂੰ ਪਲੋਸਦੇ ਹੋਏ ਪੁੱਛਦੇ, "ਕਦੋਂ ਆਵੇਗਾ ਮੇਰਾ ਬਾਲਕਿਸਨ?" ਫੇਰ ਢਿੱਡ 'ਤੇ ਕੰਨ ਲਾ ਕੇ ਕਹਿੰਦੇ, "ਸ਼ਾਇਦ ਆ ਗਿਆ। ਕਿਲਕਾਰੀਆਂ ਦੀ 'ਵਾਜ਼ ਸੁਣਾਈ ਦੇ ਰਹੀ ਐ।"

ਵਹਿ ਤੁਰੇ ਅੱਥਰੂਆਂ ਨੂੰ ਪੱਲੇ ਨਾਲ ਪੂੰਝਦੀ ਹੋਈ ਉਹ ਬੁੜਬੁੜਾਈ, "ਮੈਂ ਤੈਨੂੰ ਤੇਰਾ ਬਾਲਕਿਸਨ ਨ੍ਹੀਂ ਦੇ ਸਕੀ ਰਾਜਾ।"

ਕੱਲ੍ਹ ਦੀ ਹੀ 'ਉਹਨਾਂ' ਦੀ ਸ਼ਕਲ ਮਨ 'ਚ ਵੱਸੀ ਹੋਈ ਹੈ। ਕੱਲ੍ਹ ਸ਼ਾਮ ਨੂੰ ਬਿਤਾਨੂ ਆਇਆ ਸੀ। ਬਜਰੰਗੀ ਦਾ ਹੈਲਪਰ। ਪਤਾ ਲੱਗਿਆ ਕਿ ਅੰਮਾ ਹਸਪਤਾਲ ਵਿਚ ਹੈ ਤਾਂ ਪਤਾ ਲੈਣ ਆ ਗਿਆ। ਕਹਿ ਰਿਹਾ ਸੀ ਕਿ 'ਵੱਡੇ ਮਿਸਤਰੀ (ਬਨਵਾਰੀ) ਦੇ ਦਿਮਾਗ 'ਚ ਪੈਸੇ ਦੀ ਗਰਮੀ ਵੜ ਗਈ ਐ। ਹੁਣ ਉਹ ਉਸਦੀ ਹੋਰ ਚਾਕਰੀ ਨਈਂ ਕਰੇਗਾ। ਖ਼ੁਦ ਆਪਣਾ ਕੰਮ ਸ਼ੁਰੂ ਕਰੇਗਾ।' ਉਸਨੇ ਦੱਸਿਆ ਕਿ ਮਿਸਤਰੀ ਕੋਲ ਬੋਰਿੰਗ ਦਾ ਜਿਹੜਾ ਸਾਮਾਨ ਹੈ ਉਸਨੂੰ ਖ਼ਰੀਦਨ 'ਤੇ ਅੱਧੇ ਪੈਸੇ ਬਜਰੰਗੀ ਭਰਾ ਦੇ ਲੱਗੇ ਹੋਏ ਨੇ। ਜੇ ਵੰਡ ਕੇ ਅੱਧਾ ਸਾਮਾਨ ਉਸ ਨੂੰ ਦਿਵਾਅ ਦਿੱਤਾ ਜਾਵੇ ਤਾਂ ਉਸਦਾ ਕੰਮ ਚੱਲ ਜਾਵੇਗਾ। ਉਹ ਮਹੀਨੇ ਦੀ ਮਹੀਨੇ ਕਰਾਇਆ ਦੇ ਦਿਆ ਕਰੇਗਾ।

"ਇਹ ਗੱਲ ਤਾਂ ਸਿੱਧੀ ਬਾਬੂ ਜੀ ਨਾਲ ਕਰ ਬਿਤਾਨੂ। ਮੈਂ ਤਾਂ ਚਾਰ ਦਿਨਾਂ ਦੀ ਪਰਾਹੁਣੀ ਆਂ।"

"ਅੱਛਾ ਭਾਬੀ ਜ਼ਮੀਨ ਵਾਲਾ ਕਾਗਜ਼ ਵੱਡੇ ਮਿਸਤਰੀ ਨੇ ਭਰਾ ਨੂੰ ਦੇ ਦਿੱਤਾ ਸੀ ਕਿ ਨਈਂ?"

"ਕਿਹੜੀ ਜ਼ਮੀਨ?"

"ਪਿਛਲੇ ਸਾਲ ਦੋਵਾਂ ਭਰਾਵਾਂ ਨੇ ਬਾਜ਼ਾਰ 'ਚ ਦੁਕਾਨ ਖੋਲ੍ਹਣ ਲਈ ਸਾਂਝੀ ਜ਼ਮੀਨ ਖਰੀਦੀ ਸੀ। ਉਸਦੀ ਰਜਿਸਟਰੀ ਵਾਲਾ ਕਾਗਜ਼ ਵੱਡੇ ਮਿਸਤਰੀ ਕੋਲ ਸੀ। ਮੈਨੂੰ ਇਸ ਲਈ ਪਤਾ ਲੱਗਿਆ ਕਿ ਚਾਰ-ਪੰਜ ਮਹੀਨੇ ਪਹਿਲਾਂ ਉਸੇ ਕਰਕੇ ਦੋਵਾਂ ਭਰਾਵਾਂ 'ਚ ਕੁਛ ਬੋਲ-ਬੁਲਾਰਾ ਹੋ ਗਿਆ ਸੀ।"

ਕੁੱਚੀ ਨੇ ਬਿਤਾਨੂੰ ਦਾ ਸਟੂਲ ਅੰਮਾ ਦੇ ਸਿਰਹਾਣੇ ਰੱਖਦਿਆਂ ਕਿਹਾ, "ਜ਼ਰਾ ਅੰਮਾ ਨੂੰ ਦੱਸ ਦੇ ਇਹ ਗੱਲ।"

ਬੁੱਢੀ ਨੇ ਵੀ ਅਜਿਹੀ ਕਿਸੇ ਜ਼ਮੀਨ ਜਾਂ ਕਾਗਜ਼ ਦੀ ਜਾਣਕਾਰੀ ਤੋਂ ਇਨਕਾਰ ਕਰ ਦਿੱਤਾ। ਫੇਰ ਕਿਹਾ, "ਬਿਤਾਨੂੰ ਬੇਟਾ, ਤੂੰ ਇਹ ਗੱਲ ਸਾਡੇ ਬੁੱਢੇ ਦੇ ਕੰਨ 'ਚ ਜ਼ਰੂਰ ਪਾ ਦੇਈਂ।"

ਇਕ ਹੋਰ ਸ਼ੰਕਾ ਪੈਦਾ ਕਰ ਦਿੱਤੀ ਬਿਤਾਨੂੰ ਨੇ, "ਜਿਹੋ-ਜਿਹੇ ਬੰਦੇ ਐ ਵੱਡੇ ਮਿਸਤਰੀ, ਹੋ ਸਕਦੈ ਰਜਿਸਟਰੀ 'ਚ ਬਜਰੰਗੀ ਭਰਾ ਦਾ ਨਾਂ ਈ ਨਾ ਪੁਆਇਆ ਹੋਵੇ।"

ਸੱਸ ਬਹੂ ਦੋਵੇਂ ਉਸਦੇ ਮੂੰਹ ਵੱਲ ਦੇਖਣ ਲੱਗੀਆਂ।

"ਇੰਜ ਨਾ ਹੁੰਦਾ ਤਾਂ ਵੱਡੇ ਮਿਸਤਰੀ ਕਾਗਜ਼ ਦੇਣ ਤੋਂ ਟਾਲ-ਮਟੋਲ ਕਿਉਂ ਕਰਦੇ?"

"ਸਹੀ ਗੱਲ ਐ।" ਦੋਵਾਂ ਦੇ ਮੂੰਹੋਂ ਇਕੱਠਾ ਨਿਕਲਿਆ।

"ਇਸ ਲਈ ਚਾਚਾ ਜੀ ਨੂੰ ਕਹਿਣਾ ਕਿ ਰਜਿਸਟਰੀ ਆਫਿਸ ਜਾ ਕੇ ਪਤਾ ਕਰਨ। ਜੇ ਲਿਖਣ ਵੇਲੇ ਈ ਧੋਖਾ ਹੋ ਗਿਐ ਤਾਂ ਫੇਰ ਤਾਂ ਹੁਣ ਕੁਛ ਨ੍ਹੀਂ ਹੋ ਸਕਦਾ ਪਰ ਜੇ ਕਾਗਜ਼ 'ਚ ਦੋਵਾਂ ਭਰਾਵਾਂ ਦਾ ਨਾਂ ਐ ਤਾਂ ਆਪਣਾ ਹਿੱਸਾ ਮਿਣਵਾ ਕੇ ਫ਼ੌਰਨ ਚਾਰ ਦੀਵਾਰੀ ਕਰਵਾ ਲੈਣ। ਜੇ ਵੱਡੇ ਮਿਸਤਰੀ ਨੇ ਮਕਾਨ ਬਣਵਾ ਕੇ ਸਾਰੀ ਜ਼ਮੀਨ ਘੇਰ ਲਈ ਤਾਂ ਤਾਜ਼ਿੰਦਗੀ ਕਬਜ਼ਾ ਨ੍ਹੀਂ ਮਿਲਣਾ।"

ਦੋਵਾਂ ਔਰਤਾਂ ਦੇ ਸਿਰ ਇਕੱਠੇ ਸਹਿਮਤੀ ਵਿਚ ਹਿੱਲੇ। ਫੇਰ ਬੁੱਢੀ ਬੋਲੀ, "ਇਸਦਾ ਪਤਾ ਤੂੰ ਈ ਲਾ ਸਕਦੈਂ ਸਾਊ। ਬੁੱਢੇ ਦੇ ਵੱਸ ਦਾ ਨ੍ਹੀਂ ਇਹ।"

"ਇਕ ਗੱਲ ਮੇਰੀ ਸਮਝ 'ਚ ਨ੍ਹੀਂ ਆਉਂਦੀ ਚਾਚੀ। ਵੱਡੇ ਮਿਸਤਰੀ ਬਜਰੰਗੀ ਭਰਾ ਨੂੰ ਸਿੱਧਾ ਹਸਪਤਾਲ ਕਿਓਂ ਨ੍ਹੀਂ ਲੈ ਗਏ? ਘੇਰੇ ਕਿਓਂ ਲੈ ਆਏ? ਜੇ ਉੱਥੋਂ ਲੈ ਕੇ ਹਸਪਤਾਲ ਦੌੜੇ



ਹੁੰਦੇ ਤਾਂ ਹੋ ਸਕਦੈ ਭਰਾ ਦੀ ਜਾਨ ਬਚ ਜਾਂਦੀ। ਉਹ ਜ਼ਹਿਰੀਲੀ ਦਾਰੂ ਦੋ ਲੇਬਰ ਦੇ ਬੰਦਿਆਂ ਨੇ ਵੀ ਪੀਤੀ ਸੀ। ਉਹਨਾਂ ਨੂੰ ਲੋਕ ਸਿੱਧਾ ਮੈਡੀਕਲ ਕਾਲਜ ਲੈ ਗਏ ਤੇ ਉਹਨਾਂ ਦੀ ਜਾਨ ਬਚ ਗਈ।"

"ਦਾਰੂ ਤਾਂ ਉਹ ਕਦੀ ਪੀਂਦਾ ਨ੍ਹੀਂ ਸੀ।"

"ਕਦੇ-ਕਦਾਈਂ ਪੀ ਲੈਂਦੇ ਸੀ।"

"ਦਾਰੂ ਕਿੱਥੋਂ ਮਿਲੀ?"

"ਮਧੁਬਨ ਦੇ ਜੰਗਲੀ ਸਿੰਘ ਨੇ ਨਵੀਂ ਬੋਰਿੰਗ ਕਰਵਾਈ ਸੀ। ਉਸੇ ਦਿਨ ਬਿਜਲੀ ਦਾ ਕਨੈਕਸ਼ਨ ਮਿਲਿਆ ਸੀ। ਉਸੇ ਦਾ ਜਸ਼ਨ ਸੀ। ਵੱਡੇ ਮਿਸਤਰੀ ਇਕ ਖ਼ਰਾਬ ਮੋਟਰ ਚੈੱਕ ਕਰਨ ਚਲੇ ਗਏ ਸੀ। ਉਹਨਾਂ ਨੂੰ ਮੁੜਨ 'ਚ ਦੇਰ ਹੋਣ ਲੱਗੀ ਤਾਂ ਇਹ ਲੋਕ ਪੀਣ ਲੱਗ ਪਏ। ਜਦੋਂ ਤਕ ਵੱਡੇ ਮਿਸਤਰੀ ਵਾਪਸ ਆਏ ਉਦੋਂ ਤਕ ਇਹਨਾਂ ਲੋਕਾਂ ਦੀ ਹਾਲਤ ਖਰਾਬ ਹੋਣ ਲੱਗੀ ਸੀ ਤਾਂ ਵੱਡੇ ਮਿਸਤਰੀ ਪੀਣ ਤੋਂ ਬਚ ਗਏ।"

ਉਦੋਂ ਦਾ ਕੁੱਚੀ ਨੂੰ ਲੱਗ ਰਿਹਾ ਸੀ ਕਿ 'ਜੇਠ ਨੇ ਜਾਣ-ਬੁੱਝ ਕੇ ਖ਼ੁਦ ਨੂੰ ਜ਼ਹਿਰੀਲੀ ਦਾਰੂ ਪੀਣ ਤੋਂ ਬਚਾ ਲਿਆ ਤੇ ਉਹਨਾਂ ਨੂੰ ਹਸਪਤਾਲ ਪਹੁੰਚਾਉਣ ਵਿਚ ਦੇਰ ਕਰ ਦਿੱਤੀ। ਜ਼ਮੀਨ ਤੇ ਦਾਰੂ ਵਿਚਕਾਰ ਕੋਈ 'ਕਨੈਕਸਨ' ਜ਼ਰੂਰ ਐ।'

ਸਾਰੀ ਦੁਨੀਆਂ ਦੇ ਮਰਦ ਕਹਿੰਦੇ ਨੇ ਕਿ ਔਰਤ ਦੇ ਢਿੱਡ 'ਚ ਗੱਲ ਨਹੀਂ ਪਚਦੀ। ਤੁਸਾਂ ਵੀ ਸਾਨੂੰ ਵਿਸ਼ਵਾਸ ਲਾਇਕ ਨਹੀਂ ਸਮਝਿਆ ਰਾਜਾ।

ਟੁੱਟੀ ਬਾਂਹ ਤੇ ਲੱਤ ਵਾਲਾ ਮੁੰਡਾ ਡਿਸਚਾਰਜ ਹੋ ਗਿਆ। ਪਰ ਜਾਣ ਤੋਂ ਪਹਿਲਾਂ ਉਸਦੀ ਮਾਂ ਨੇ ਕੁੱਚੀ ਨੂੰ ਇਕ ਪਾਸੇ ਇਕਾਂਤ 'ਚ ਲੈ ਜਾ ਕੇ ਖਾਸੇ ਰੱਜੇ-ਪੁੱਜੇ ਘਰ ਦੇ ਇਕ ਰੰਡੇ ਮੁੰਡੇ ਬਾਰੇ ਦੱਸਿਆ, "ਹੁਣ ਏਸ ਬੁੱਢੀ ਦੀਆਂ ਲੱਤਾਂ ਘੁੱਟ ਕੇ ਕੀ ਮਿਲੂਗਾ? ਆਪਣੇ ਪਿਓ ਨੂੰ ਮੇਰੇ ਕੋਲ ਭੇਜੀਂ।"

ਉਸਨੇ ਸਾਰੀਆਂ ਨਰਸ਼ਾਂ, ਮਾਸੀਆਂ ਤੇ ਵਾਰਡ-ਬੁਆਏ ਨੂੰ ਵੀ ਦੱਸ ਦਿੱਤਾ ਕਿ ਕੁੱਚੀ ਦਾ ਆਦਮੀ ਮਰਿਆ ਹੋਇਆ ਹੈ ਤੇ ਉਹ ਛੇਤੀ ਹੀ ਉਸ ਲਈ ਦੂਜੇ ਮਰਦ ਦਾ ਇੰਤਜਾਮ ਕਰ ਰਹੀ ਹੈ।

ਇਕ ਨਰਸ ਹੈ ਕੁੱਟੀ। ਲੰਮੀ, ਪਤਲੀ, ਕਾਲੀ। ਲੰਗੜੀ ਹਿੰਦੀ ਬੋਲਣ ਵਾਲੀ। ਉਸਨੂੰ ਦੇਖ ਕੇ ਲੰਮੀ ਮੁਸਕਾਨ ਸੁੱਟਦੀ ਹੈ। ਕਹਿੰਦੀ ਹੈ, "ਮੇਰਾ ਤੇਰਾ ਏਕ ਨਾਮ—ਕੁੱਚੀ ਔਰ ਕੁੱਟੀ। ਤੋ ਦੋਨੋਂ ਸਿਸਟਰ-ਸਿਸਟਰ ਹੁਆ।"

ਇਕ ਦਿਨ ਮੁਸਕਰਾ ਕੇ ਪੁੱਛਿਆ, "ਦੂਸਰੀ ਸ਼ਾਦੀ ਕਬ ਬਨਾਯੇਂਗਾ?"

ਕੁੱਚੀ ਵੀ ਮੁਸਕੁਰਾਈ, "ਜਦੋਂ ਤੂੰ ਬਨਾਯੇਗਾ।"

"ਨਾ ਬਾਬਾ। ਹਮ ਤੋ ਕੱਭੀ ਨਹੀਂ ਬਨਾਯੇਂਗਾ।"

"ਕਿਓਂ?"

"ਹਮਕੋ ਜਲਨੇ ਸੇ ਬਹੁਤ ਡਰ ਲਗਤਾ। ਦਾਰੂ ਪੀਕਰ ਆਯੇਂਗਾ ਔਰ ਕੇਰਾਸਨ ਡਾਲ ਕਰ ਜਲਾ ਦੇਗਾ।"

ਪਰ ਬਾਅਦ ਵਿਚ ਪਤਾ ਲੱਗਿਆ ਕਿ ਉਸਦੇ ਤਾਂ ਇਕ ਮੁੰਡਾ ਵੀ ਹੈ। ਸੱਤ-ਅੱਠ ਸਾਲ ਦਾ। ਇਕ ਦਿਨ ਬਸਤਾ ਟੰਗੀ ਸਕੂਲੋਂ ਹਸਪਤਾਲ ਆ ਗਿਆ ਸੀ।

ਕੁੱਚੀ ਨੇ ਪੁੱਛਿਆ, "ਤੇਰੇ ਤਾਂ ਮੁੰਡਾ ਐ।"

"ਮੁੰਡਾ ਬਨਾਯਾ, ਮਗਰ ਸ਼ਾਦੀ ਨਹੀਂ ਬਨਾਯਾ।"

"ਤਾਂ ਮੁੰਡਾ ਕੈਸੇ ਬਨਾਯਾ ?"

"ਮੁੰਡਾ ਏਕ ਫਰੈਂਡ ਸੇ 'ਗਿਫ਼ਟ' ਲਿਯਾ। ਉਸਕੇ ਸਾਥ ਮਹੀਨੇ ਭਰ ਸੋਯਾ ਔਰ ਮੁੰਡਾ ਮਿਲ ਗਯਾ। ਫਰੈਂਡ ਬੋਲਾ—'ਸ਼ਾਦੀ ਬਨਾਯੇਗਾ ?' ਹਮ ਬੋਲਾ—'ਨਹੀਂ।' ਹਸਬੈਂਡ ਬਨਤੇ ਹੀ 'ਲਭਰ' ਡੇਮਨ ਬਨ ਜਾਤਾ। ਡੇਮਨ ਸਮਝਤੀ ?"

"ਮਰਦ ਦੀ ਜ਼ਰੂਰਤ ਤਾਂ ਪੈਂਦੀ ਐ ਨਾ।" ਕੁੱਚੀ ਮੁਸਕਰਾਈ।

"ਜ਼ਰੂਰਤ ਪੜਨੇ ਪਰ ਮਰਦ ਮਿਲ ਸਕਤਾ। ਜ਼ਰੂਰਤ ਪੜਨੇ ਪਰ ਬੱਚਾ ਮਿਲ ਸਕਤਾ।" ਸੈਂਡਲਾਂ ਦੀ ਖਟ-ਖਟ ਕਰਦੀ ਜਾਂਦੀ ਕੁੱਟੀ ਭੌਂ ਕੇ ਮੁਸਕਰਾਉਂਦੀ ਹੋਈ ਬੋਲੀ, "ਮਰਦ ਨਹੀਂ, ਹਸਬੈਂਡ ਖਤਰਨਾਕ ਹੋਤਾ।"

ਅਗਲੇ ਦਿਨ...ਫੇਰ ਅਗਲੇ ਦਿਨ ਕੁੱਟੀ ਨੇ ਪਤਾ ਨਹੀਂ ਕੀ-ਕੀ ਦੱਸਿਆ। ਕੀ ਨਹੀਂ ਹੋ ਰਿਹਾ ਹੈ ਦੁਨੀਆਂ ਵਿਚ। ਇਕ ਹੀਰੋਇਨ ਨੇ ਇਕ ਖਿਡਾਰੀ ਤੋਂ 'ਗਿਫ਼ਟ' ਲਈ। ਇਕ ਲੇਡੀ ਡਾਕਟਰ ਨੇ ਬੀਜ ਬੈਂਕ ਤੋਂ 'ਗਿਫ਼ਟ' ਲਿਆ। ਬਾਹਰਲੇ ਮੁਲਕਾਂ 'ਚ ਪਤਾ ਨਹੀਂ ਕਦੋਂ ਦਾ 'ਗਿਫ਼ਟ' ਦਾ ਲੈਣ-ਦੇਣ ਚੱਲ ਰਿਹਾ ਹੈ।

ਗਿਫ਼ਟ ? ਯਾਨੀ ਭੇਟ। ਜਿਵੇਂ ਸੁਗਾਤ, ਜਿਵੇਂ ਨਿਸ਼ਾਨੀ। ਮੁੰਦਰੀ ਤੇ ਰੁਮਾਲ ਤਾਂ ਸੁਣਿਆਂ ਸੀ ਉਸਨੇ। ਹੁਣ ਇਹ ਬੱਚੇ ਦਾ ਗਿਫ਼ਟ ਵੀ ਚੱਲਣ ਲੱਗ ਪਿਆ ?

**ਉ**ਸ ਦਿਨ ਸ਼ਾਮ ਨੂੰ ਕੁੱਚੀ ਨੇ ਜਾਨਵਰਾਂ ਦੇ ਵਾੜੇ 'ਚੋਂ ਮੱਛਰ ਭਜਾਉਣ ਲਈ ਘਾਹ ਫੂਸ ਦੇ ਢੇਰ 'ਚ ਨਿੰਮ ਦੇ ਪੱਤੇ ਰਲਾ ਕੇ ਧੂੰਆਂ ਕਰ ਦਿੱਤਾ। ਮੱਝ ਚੋਈ। ਵਿਹੜੇ ਵਿਚ ਹਾਰੀ 'ਚ ਅੱਗ ਬਾਲ ਕੇ ਦੁੱਧ ਉਬਲਣ ਲਈ ਧਰ ਦਿੱਤਾ ਤੇ ਕੋਲ ਹੀ ਪੀੜ੍ਹੀ 'ਤੇ ਬੈਠ ਕੇ ਸਬਜ਼ੀ ਕੱਟਣ ਲੱਗ ਪਈ ਕਿ ਦਰਵਾਜ਼ਾ ਖੁੱਲ੍ਹ ਦੀ ਆਵਾਜ਼ ਆਈ। ਦੇਖਿਆ ਤਾਂ ਬਨਵਾਰੀ ਸਿੱਧਾ ਉਸ 'ਤੇ ਨਜ਼ਰਾਂ ਗੱਡੀ ਵਿਹੜੇ ਵਿਚ ਆ ਗਿਆ ਸੀ। ਉਹ ਸਿਰ ਤੋਂ ਪੈਰਾਂ ਤਕ ਸੜ-ਭੁੱਜ ਗਈ। ਨਾ ਖੰਘ, ਨਾ ਖੰਘੂਰਾ। ਖੰਘ ਖੰਘੂਰ ਕੇ ਘਰ ਦੇ ਅੰਦਰ ਆਉਣ ਦਾ ਮਰਦਾਂ ਦਾ ਰਿਵਾਜ਼ ਰਿਹਾ ਹੈ ਤਾਕਿ ਔਰਤਾਂ ਕੱਪੜਾ ਲੱਤਾ ਸਹੀ ਕਰ ਲੈਣ। ਪਤਾ ਨਹੀਂ ਕੌਣ ਕਿਸ ਹਾਲ 'ਚ ਹੋਵੇ। ਸਿਰੋਂ ਨੰਗੀ ਜਾਂ ਬੁੱਚੀ। ਪਤਾ ਤਾਂ ਹੈ ਕਿ ਮੈਂ ਘਰੇ ਇਕੱਲੀ ਆਂ। ਉਹ ਗੁੱਸੇ ਨਾਲ ਕੰਬਣ ਲੱਗੀ। ਘੁੰਡ ਨਾ ਕੱਢਿਆ। ਸਿੱਧਾ ਮੂੰਹ ਚੁੱਕ ਕੇ ਦੇਖਿਆ। ਅੰਦਰੇ-ਅੰਦਰ ਸਾਵਧਾਨ ਹੋ ਗਈ।

"ਜ਼ਰਾ ਅੱਗ ਦੇਵੀਂ ਛੋਟੋ। ਬੀੜੀ ਲਾਉਣੀ ਐ।"

ਉਹ ਉੱਠ ਕੇ ਖੜ੍ਹੀ ਹੋ ਗਈ।

"'ਕੱਲੀ ਔਰਤ ਦੇ ਵਿਹੜੇ 'ਚ ਚੋਰਾਂ ਵਾਂਗੂੰ ਵੜ ਆਇਐਂ। ਬਾਹਰ ਵਾੜੇ 'ਚ ਐਨੀ ਅੱਗ ਧੁਖ ਰਹੀ ਐ, ਉਹ ਦਿਖਾਈ ਨ੍ਹੀਂ ਦਿੱਤੀ ?"

ਅਜਿਹੀ ਸ਼ੁਰੂਆਤ ਦੀ ਉਮੀਦ ਨਹੀਂ ਸੀ ਬਨਵਾਰੀ ਨੂੰ। ਉਸਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ, "ਓਸ ਤੋਂ ਵੱਧ ਅੱਗ ਤਾਂ ਮੇਰੇ ਦਿਲ 'ਚ ਸੁਲਗ ਰਹੀ ਆ ਛੋਟੀਏ। ਤੈਨੂੰ ਦਿੱਸੇ ਫੇਰ ਨਾ।"

"ਮੈਨੂੰ ਤਾਂ ਦਿਖਾਈ ਦੇ ਰਹੀ ਐ, ਉਸ ਨਾਲ ਪਰਲੋ ਆ ਜੂਗੀ। ਖ਼ੈਰ ਇਸੇ 'ਚ ਐ ਕਿ ਮੇਰੇ ਰਸਤੇ 'ਚੋਂ ਹਟ ਜਾ।"

ਦਾਤ ਵਾਲਾ ਹੱਥ ਹਵਾ ਵਿਚ ਲਹਿਰਾਉਂਦਿਆਂ ਹੋਇਆਂ ਉਸਨੇ ਲਲਕਾਰਿਆ, "ਪਿਓ ਜਿੱਡੀ ਉਮਰ ਦਾ ਐਂ ਤੇ ਲਾਲਾਂ ਸੁੱਟਦਿਆਂ ਸ਼ਰਮ ਨ੍ਹੀਂ ਆਉਂਦੀ।"



"ਪਹਿਲਾਂ ਮੇਰੀ ਗੱਲ ਤਾਂ ਸੁਣ ਰਕਾਣੇ। ਮੈਨੂੰ ਦੁਸ਼ਮਣ ਕਿਉਂ ਸਮਝ ਰਹੀ ਐਂ ? ਮੈਂ ਦੋਵਾਂ ਨੂੰ ਰੱਖ ਲਵਾਂਗਾ। ਇਸ ਘਰ 'ਚ ਤੂੰ ਰਾਜ ਕਰ। ਉਸ ਘਰ ਵਿਚ ਸੁਲਛਨੀ। ਕਿਤੇ ਜਾਣ ਦੀ ਕੀ ਲੋੜ ਐ ?"

"ਕੰਨ ਖੋਲ੍ਹ ਕੇ ਸੁਣ ਲੈ। ਸਾਡੀਆਂ ਰਾਹਾਂ ਜੁਦੈ ਤੇ ਜੁਦਾ ਰਹਿਣਗੀਆਂ। ਫੇਰ ਕਦੇ ਮੇਰਾ ਰਾਹ ਕੱਟਣ ਦੀ ਕੋਸ਼ਿਸ਼ ਕੀਤੀ ਤਾਂ ਆਪਣੇ ਤੇ ਤੇਰੇ ਲਹੂ ਦੀ ਧਾਰ ਇਕ ਕਰ-ਦੇਊਂਗੀ।"

ਹੁਣ ? ਉਹ ਕੀ-ਕੀ ਕਹਿਣ ਲਈ ਸੋਚ ਕੇ ਆਇਆ ਸੀ। ਸੋਚਿਆ ਸੀ, ਕਹੇਗੀ—'ਮੈਨੂੰ ਪਤੈ ਕਿਵੇਂ ਰੱਖੋਂਗੇ। ਅੱਧੀ ਰਾਤ ਨੂੰ ਜੇਠਾਣੀ ਨੂੰ ਸੋਟੇ ਨਾਲ ਕੁੱਟਦੇ ਓ ਤਾਂ ਉਸਦਾ ਅੜਾਟ ਸਾਰੇ ਪਿੰਡ ਨੂੰ ਸੁਣਦੈ।'

ਉਹ ਕਹਿੰਦਾ—'ਸਹੁੰ ਲੈ-ਲੈ ਜੇ ਤੈਨੂੰ ਫੁੱਲ ਦੀ ਪੱਤੀ ਵੀ ਮਾਰਾਂ। ਰਾਣੀ ਬਣਾ ਕੇ ਕਲੇਜੇ 'ਚ ਰੱਖੂੰਗਾ।' ਫੇਰ ਹੋ ਸਕਦਾ ਹੈ ਮੁਸਕਰਾ ਪਏ। ਪਰ ਏਥੇ ਤਾਂ ਸ਼ੁਰੂਆਤ ਹੀ ਪੁੱਠੀ ਹੋ ਗਈ।

ਆਪਣੇ ਪੰਜਾਹ ਸਾਲਾ ਹੈਲਪਰ ਨਸੀਰ ਨੂੰ ਔਰਤਾਂ ਦੇ ਮਾਮਲੇ ਵਿਚ ਉਹ ਉਸਤਾਦ ਮੰਨਦਾ ਹੈ। ਕਈ ਦਿਨਾਂ ਦੀ ਉਸਤਾਦ ਨਾਲ ਸੋਚ ਵਿਚਾਰ ਚੱਲ ਰਹੀ ਸੀ। ਅਗਲੀਆਂ-ਪਿਛਲੀਆਂ ਸਾਰੀਆਂ ਸੰਭਾਵਨਾਵਾਂ 'ਤੇ ਵਿਚਾਰ ਕਰਕੇ ਉਸਤਾਦ ਨੇ ਡਾਇਲਾਗ ਤਿਆਰ ਕਰਵਾਏ ਸੀ। ਕਿਹਾ ਸੀ—'ਉਹ ਔਰਤ ਈ ਕੀ ਜਿਹੜੀ ਸਿੱਧੀ-ਸਿੱਧੀ ਹਾਂ ਕਹਿ-ਦੇ। ਔਰਤ ਦੀ ਨਾਂਹ 'ਚ ਈ ਹਾਂ ਲੁਕੀ ਹੁੰਦੀ ਐ। ਉਸਨੂੰ ਪਛਾਣਨ ਦੀ ਨਜ਼ਰ ਚਾਹੀਦੀ ਐ।' ਪਰ ਉਸਨੂੰ ਤਾਂ ਕਿਸੇ ਪਾਸਿਓਂ ਵੀ ਹਾਂ ਦੇ ਲੱਛਣ ਨਜ਼ਰ ਨਈਂ ਆਉਂਦੇ। ਉਸਤਾਦ ਨੇ ਕਿਹਾ ਸੀ—'ਉਹ ਮਰਦ ਈ ਕੀ ਜਿਹੜਾ ਨਾਂਹ ਸੁਣ ਕੇ ਪਿੱਛੇ ਹਟ ਜਾਏ। ਹਿੰਮਤ ਤੇ ਹਿਕਮਤ ਨਾਲ ਟੇਢਾ ਕੰਮ ਵੀ ਬਣ ਜਾਂਦਾ ਏ। ਇਕੱਲੀ ਮਿਲ ਗਈ ਤੇ ਨਈਂ ਮੰਨੀ ਤਾਂ ਅੱਗੇ ਵਧ ਕੇ ਢਾਅ ਲਵੀਂ। ਹੋ ਸਕਦੈ, ਦਿਖਾਵੇ ਲਈ ਥੋੜ੍ਹੀ ਦੇਰ ਹੱਥ ਪੈਰ ਮਾਰੇ ਪਰ ਅਖ਼ੀਰ ਚੁੱਪ ਹੋ ਜਾਊਗੀ। ਤੇ ਜੇ ਚੀਕੂ-ਕੂਕੂ ਤਾਂ ਤੁਹਾਡਾ ਕੀ—ਓਹੀ ਬਦਨਾਮ ਹੋਊਗੀ ਤੇ ਹੌਲੀ-ਹੌਲੀ ਟੁੱਟ ਜਾਊਗੀ। ਮੂੰਹ ਕਾਲਾ ਕਰ ਦਿਓ ਤਾਂ ਕਿਧਰੇ ਜਾਣ ਜੋਗੀ ਰਹਿਣੀ ਓ-ਨ੍ਹੀਂ।'

ਅੱਜ ਸਵੇਰ ਦਾ ਹੀ ਉਹ ਤਿਆਰੀ ਵਿਚ ਸੀ। ਕੰਮ 'ਤੇ ਨਹੀਂ ਗਿਆ। ਬਾਜ਼ਾਰ ਜਾ ਕੇ ਫਕੀਰੇ ਦੀ ਦੁਕਾਨ ਤੋਂ ਵਾਲ ਕਟਵਾਏ। ਸੇਵ ਕਰਵਾਈ। ਮੁੱਛਾਂ 'ਚੋਂ ਚਿੱਟੇ ਵਾਲ ਕਢਵਾਏ। ਨਹਾ ਧੋ ਕੇ, ਤੇਲ ਲਾ ਕੇ ਧੋਤੀ ਕੁੜਤਾ ਪਾਇਆ। ਬੂਟ-ਜੁਰਾਬਾਂ ਪਾਈਆਂ। ਸੁਲਛਨੀ ਨੂੰ ਚਰ੍ਹੀ ਵੱਢਣ ਭੇਜ ਕੇ ਬੇਫ਼ਿਕਰ ਹੋ ਗਿਆ। 'ਪਤਾ ਸੀ ਚਾਚਾ ਹਸਪਤਾਲ 'ਚ ਹੋਊ। ਉਹ ਘਰੇ ਇਕੱਲੀ ਹੋਊ। ਮੰਨ ਜਾਂਦੀ ਤਾਂ ਮੌਜ ਲੱਗ ਜਾਂਦੀ। ਇਸ ਤੋਂ ਜਿਹੜੇ ਮੁੰਡੇ ਹੁੰਦੇ ਉਹ ਜਵਾਨ ਹੋ ਕੇ ਹਰਿਆਣਵੀ ਨਸਲ ਦੇ ਸਾਂਨ੍ਹ ਲੱਗਦੇ। ਚਾਰ-ਪੰਜ ਵੀ ਹੋ ਜਾਂਦੇ ਤਾਂ ਸਾਰੇ ਪਿੰਡ ਨੂੰ ਅੱਗੇ ਲਾ ਲੈਂਦੇ। ਜਿੱਧਰੋਂ ਬੁੱਕਦੇ ਹੋਏ ਲੰਘਦੇ ਲੋਕ ਰਾਹ ਛੱਡ ਕੇ ਹਟ ਜਾਂਦੇ। ਸੁਲਛਨੀ ਦੇ ਢਿੱਡੋਂ ਤਾਂ ਮੁਰਦਾਰ ਵਰਗੇ ਪੈਦਾ ਹੋਏ ਐ ਤਿੰਨ। ਇਕ ਦੇ ਸੋਟੀ ਮਾਰੋ ਤਾਂ ਤਿੰਨਾਂ ਨੂੰ ਮੋਕ ਲੱਗ ਜਾਂਦੀ ਐ।'

ਕੁੱਚੀ ਦੀਆਂ ਅੱਖਾਂ 'ਚ ਲੱਥਿਆ ਲਹੂ ਵੇਖ ਕੇ ਉਸਨੂੰ ਪਿਆਰ-ਮੁਹੱਬਤ ਦੇ ਸਾਰੇ ਬੋਲ ਭੁੱਲ ਗਏ। ਦਾਤ ਦੀ ਲਿਸ਼ਕਦੀ ਧਾਰ ਸਾਹਵੇਂ ਕੋਈ ਜੁਗਤ ਨਹੀਂ ਸੀ ਸੁੱਝ ਰਹੀ। ਪਰ ਔਰਤ ਅੱਗੇ ਮੈਦਾਨ ਛੱਡ ਕੇ ਭੱਜਣਾ...ਉਸਨੇ ਫੇਰ ਹਿੰਮਤ ਸਮੇਟੀ। ਸੁੱਕੇ ਬੁੱਲ੍ਹਾਂ ਨੂੰ ਚੱਟ ਕੇ ਫੇਰ ਦਹਾੜਨ ਦੀ ਕੋਸ਼ਿਸ਼ ਕੀਤੀ—"ਤਾਂ ਤੂੰ ਵੀ ਕੰਨ ਖੋਲ੍ਹ ਕੇ ਸੁਣ ਲੈ। ਇਸ ਪਿੰਡ 'ਚ ਇਕੋ ਸ਼ਰਤ 'ਤੇ ਰਹਿ ਸਕਦੀ ਐਂ—ਮੇਰੇ ਹੇਠ ਪੈਣਾ ਕਬੂਲ ਕਰਕੇ। ਵਰਨਾ ਭੱਜਣਾ ਪਊਗਾ। ਸਿੱਧੀ ਤਰ੍ਹਾਂ ਨ੍ਹੀਂ ਤਾਂ ਟੇਢੀ ਤਰ੍ਹਾਂ।"

"ਮੈਂ ਕਿੱਥੇ ਰਹਿਣੈ ਇਹ ਤਾਂ ਉਪਰ ਵਾਲਾ ਈ ਜਾਣੇ। ਜਿਊਂਦੀ ਰਹਾਂ ਜਾਂ ਕਿੱਧਰੇ ਮਰ ਖਪ ਜਾਵਾਂ, ਕੀ ਪਤਾ। ਪਰ ਏਸ ਜਨਮ 'ਚ ਤੇਰੇ ਹੇਠ ਨਈਂ ਵਿਛਾਂਗੀ, ਇਹ ਗੱਲ ਤੂੰ ਪੱਲੇ ਬੰਨ੍ਹ ਲੈ। ਧੋਖੇਬਾਜ਼ਾ! ਕਾਤਲਾਂ ਕਿਤੋਂ ਦਿਆ!"

ਬਨਵਾਰੀ ਫੁਕਾਰਦਾ ਹੋਇਆ ਕਦਮ-ਕਦਮ ਪਿੱਛੇ ਦਰਵਾਜ਼ੇ ਤਕ ਹਟਦਾ ਗਿਆ, ਫੇਰ ਝਟਕੇ ਨਾਲ ਸਿੱਧਾ ਹੋਇਆ। 'ਹੈਂ! ਇਹ ਕੌਣ ? ਲਾਲੇ ਲੁਹਾਰ ਦੀ ਬਹੂ। ਕਦੋਂ ਦੀ ਦਰਵਾਜ਼ੇ ਨਾਲ ਲੱਗੀ ਖੜ੍ਹੀ ਸੀ ?'

ਉਹ ਰੁਕਿਆ ਨਹੀਂ। ਉਸ 'ਤੇ ਉੱਡਦੀ-ਜਿਹੀ ਨਜ਼ਰ ਮਾਰ ਕੇ ਗਲੀ ਵਿਚ ਗਾਇਬ ਹੋ ਗਿਆ।

"ਪੰਦਰਾਂ ਦਿਨਾਂ 'ਚ ਈ ਡਾਕਟਰਾਂ ਨੇ ਤੈਨੂੰ ਆਪਣੇ ਪੈਰਾਂ 'ਤੇ ਖੜ੍ਹੀ ਕਰ 'ਤਾ।" ਬੁੱਢੀ ਨੂੰ ਮਿਲਣ ਆਈਆਂ ਗੁਆਂਢਣਾਂ ਹੈਰਾਨਗੀ ਜਿਹੀ ਜ਼ਾਹਰ ਕਰਦੀਆਂ ਨੇ।

"ਡਾਕਟਰਾਂ ਨੇ ਨ੍ਹੀਂ, ਮੇਰੀ ਏਸ ਬਹੂ ਨੇ।" ਬੁੱਚੀ ਕੋਲ ਖੜ੍ਹੀ ਕੁੱਚੀ ਦੀ ਬਾਂਹ ਫੜਦੀ ਹੋਈ ਕਹਿੰਦੀ ਹੈ—"ਸਕੀ ਧੀ ਵੀ ਪੇਸ਼ਾਬ-ਟੱਟੀ ਸਾਫ਼ ਕਦੀ ਸੂਗ ਮੰਨ ਜਾਂਦੀ ਐ ਪਰ ਇਹ ਤਾਂ ਧੀ ਤੋਂ ਵੀ ਵਧ ਕੇ ਨਿਕਲੀ। ਇਸੇ ਦੀ ਸੇਵਾ ਸਦਕਾ ਉੱਠ ਖੜ੍ਹੀ ਹੋਈ ਆਂ।"

ਕੁੱਚੀ ਨੇ ਦੱਸਿਆ, "ਲੋਹੇ ਦੀ ਛੜ ਪਾ ਕੇ ਨਟ ਬੋਲਟਾਂ ਨਾਲ ਕਸ ਦਿੱਤਾ, ਤੇ ਉਪਰੋਂ ਮਾਸ ਚਮੜੀ ਨਾਲ ਢਕ ਕੇ ਸਿਓਂ ਦਿੱਤਾ।"

"ਬਈ ਵਾਰੇ-ਵਾਰੇ ਜਾਈਏ!" ਉਹਨਾਂ ਨੂੰ ਯਕੀਨ ਨਹੀਂ ਆਉਂਦਾ।

"ਇਹ ਜਿਹੜਾ ਲੋਹੇ ਦਾ ਚਕਰਾ ਐ, ਇਸਨੂੰ ਵਾਕਰ ਕਹਿੰਦੇ ਐ। ਇਸਦੇ ਸਹਾਰੇ ਹੌਲੀ-ਹੌਲੀ ਤੁਰ ਸਕਦੇ ਐ। ਬਸ, ਟੁੱਟੀ ਹੋਈ ਲੱਤ 'ਤੇ ਮਹੀਨਾਂ ਕੁ ਜ਼ੋਰ ਨ੍ਹੀਂ ਪਾਉਣਾ। ਤਿੰਨ-ਚਾਰ ਮਹੀਨਿਆਂ 'ਚ ਹੱਡੀ ਪੂਰੀ ਤਰ੍ਹਾਂ ਜੁੜ ਜੂਗੀ। ਇਸ ਦੌਰਾਨ ਜੰਗਲ ਪਾਣੀ ਜਾਣ ਵੇਲੇ ਉੱਠਣ ਬੈਠਣ ਲਈ ਕਿਸੇ ਦਾ ਸਹਾਰਾ ਲੈਣਾ ਪਊਗਾ, ਬਸ।"

"ਰੱਬ ਕਰੇ ਤੇਰੇ ਵਰਗੀ ਬਹੂ ਸਭ ਨੂੰ ਮਿਲੇ।" ਬੁੱਢੀਆਂ ਅਸੀਸਾਂ ਦੇਣ ਲੱਗਦੀਆਂ ਨੇ।

ਬੁੱਢੀ ਕੁੱਚੀ ਦਾ ਹੱਥ ਫੜੀ-ਫੜੀ ਕਹਿੰਦੀ ਹੈ, "ਲੱਗਦੇ ਪਿਛਲੇ ਜਨਮ 'ਚ ਇਹ ਮੇਰੀ ਧੀ ਸੀ।"

ਕੁੱਚੀ ਦਾ ਪਿਓ ਆਇਆ ਤੇ ਸਾਰੀ ਗੱਲਬਾਤ ਜਾਣ-ਸਮਝ ਕੇ ਪਰਤ ਗਿਆ। ਜਿਵੇਂ ਏਨੇ ਦਿਨ ਬੀਤੇ ਓਵੇਂ ਚਾਰ ਮਹੀਨੇ ਹੋਰ ਸਹੀ।

ਬਨਵਾਰੀ ਨੇ ਸੁਲਛਨੀ ਨੂੰ ਬੁੱਢੇ ਬੁੱਢੀ ਦਾ ਦਿਲ ਜਿੱਤਣ ਦੇ ਕੰਮ ਵਿਚ ਲਾ ਦਿੱਤਾ। ਦਿਲ ਜਿੱਤਣਾ ਤੇ ਸੱਸ ਨੂੰਹ ਵਿਚਕਾਰ ਸ਼ੰਕੇ ਤੇ ਝਗੜੇ ਦਾ ਬੀਅ ਬੀਜਣਾ। ਜਿੰਨੀ ਛੇਤੀ ਸ਼ੰਕਾਵਾਂ ਰੂਪੀ ਰੁੱਖ ਫਲ ਦੇਵੇਗਾ ਓਨੀ ਛੇਤੀ ਇਹ ਔਰਤ ਏਥੋਂ ਦਫ਼ਾ ਹੋਵੇਗੀ। ਉਹ ਖ਼ੁਦ ਵੀ ਸਵੇਰੇ ਸ਼ਾਮ ਹਾਜ਼ਰੀ ਲਾਉਣ ਦੀ ਕੋਸ਼ਿਸ਼ ਕਰਦਾ।

ਬੁੱਢੇ ਦਾ ਦਿਲ ਜਿੱਤਣ ਲਈ ਬਹੁਤਾ ਉੱਦਮ ਕਰਨ ਦੀ ਲੋੜ ਨਹੀਂ ਹੈ। ਨਹਾਉਣ ਵੇਲੇ ਪਹੁੰਚ ਕੇ ਨਲਕਾ ਗੇੜ ਦੇਣ ਜਾਂ ਗਿੱਲੀ ਧੋਤੀ ਧੋ ਕੇ ਸੁੱਕਣੇ ਪਾ ਦੇਣ ਨਾਲ ਹੀ ਖ਼ੁਸ਼ ਹੋ ਜਾਣ ਵਾਲਾ ਜੀਵ ਹੈ ਬੁੱਢੜਾ। ਬੁੱਢੀ ਦੇ ਸਿਰ ਨੂੰ ਤੇਲ ਲਾ ਕੇ ਕੰਘੀ ਕਰਕੇ ਤੇ ਜੂੰਆਂ ਕੱਢ ਕੇ ਖ਼ੁਸ਼ ਕਰ ਦੇਵੇਗੀ। ਸੱਸ ਨੂੰ ਖ਼ੁਸ਼ ਕਰਨ ਦਾ ਸਭ ਤੋਂ ਕਾਰਗਰ ਹਥਿਆਰ ਬਹੂ ਦੇ ਕੰਮ 'ਚ ਮੀਨਮੇਖ ਕੱਢਣਾ ਹੁੰਦਾ ਹੈ। ਸਵੇਰੇ-ਸ਼ਾਮ ਜੰਗਲ-ਪਾਣੀ ਨਾਲ ਲੈ ਕੇ ਚਲੀ ਜਾਵੇ ਤੇ ਇਕਾਂਤ 'ਚ ਭਾਵੇਂ ਜਿੰਨੇ ਮਰੀਜ਼ੀ ਕੰਨ ਭਰ ਦੇਵੇ।



ਸੁਲਛਨੀ ਦੀ ਸੇਵਾ ਦੇਖ ਕੇ ਤਿੰਨੇ ਜੀਅ ਖ਼ੁਸ਼ ਵੀ ਨੇ ਤੇ ਹੈਰਾਨ ਵੀ। ਇਸਦਾ ਮਤਲਬ ਦਿਲ ਦੀ ਮਾੜੀ ਨਹੀਂ ਸੁਲਛਨੀ। ਪਰ ਬਨਵਾਰੀ ਦੇ ਸੁਭਾਅ ਵਿਚ ਆਈ ਨਰਮੀ ਤੇ ਆਪਣਾਪਨ ਜ਼ਰੂਰ ਹੈਰਾਨਗੀ 'ਚ ਪਾ ਦਿੰਦਾ ਹੈ। ਸਿਰਫ਼ ਕੁੱਚੀ ਨੂੰ ਬਨਵਾਰੀ ਦੀ ਸ਼ਕਲ ਵੇਖਣੀ ਬਰਦਾਸ਼ਤ ਨਹੀਂ ਹੁੰਦੀ। ਉਹ ਸਾਹਮਣਿਓਂ ਹਟ ਜਾਂਦੀ ਹੈ।

ਇਕ ਜਲਦਬਾਜ਼ੀ ਕਰਕੇ ਬਨਵਾਰੀ ਪਛਤਾ ਰਿਹਾ ਹੈ। ਜਦੋਂ ਬੁੱਢੀ ਹਸਪਤਾਲ 'ਚ ਸੀ ਤਾਂ ਉਸਨੇ ਸਾਂਝੀ ਆਬਾਦੀ ਵਾਲੀ ਜ਼ਮੀਨ ਦਾ ਦੋ ਤਿਹਾਈ ਘੇਰ ਕੇ ਆਪਣੇ ਪਸ਼ੂਆਂ ਲਈ ਵਾੜਾ ਬਣਾ ਲਿਆ ਸੀ ਜਦੋਂ ਕਿ ਕਾਇਦੇ ਨਾਲ ਹੱਕ ਅੱਧੀ ਜਗ੍ਹਾ 'ਤੇ ਹੀ ਬਣਦਾ ਹੈ। ਵਲਗਣ ਕੀਤੀ ਤਾਂ ਕਰ ਲਈ, ਉਸਦੀ ਨਿਕਾਸੀ ਦਾ ਰਸਤਾ ਚਾਚੇ ਵਾਲੇ ਪਾਸੇ ਦੀ ਰੱਖ ਦਿੱਤਾ। ਹੁਣ ਇਹ ਤਾਂ ਕੋਈ ਵੀ ਸਮਝ ਸਕਦਾ ਹੈ ਕਿ ਜਿਸ ਦਿਨ ਉਹ ਇਸ ਰਸਤੇ 'ਤੇ ਚਾਰ ਮੋੜ੍ਹੀਆਂ ਗੱਡ ਦੇਵੇਗਾ, ਲਗਭਗ ਸਾਰੀ ਜ਼ਮੀਨ ਉਸਦੇ ਕਬਜ਼ੇ ਹੇਠ ਆ ਜਾਵੇਗੀ। ਇਹ ਕੰਮ ਕਰਨ ਦਾ ਸਹੀ ਮੌਕਾ ਅਜੇ ਨਹੀਂ ਆਇਆ, ਪਰ ਗਲਤੀ ਹੋ ਗਈ। ਭਗਵਾਨ ਕਰੇ ਇਸ ਚਾਲਾਕੀ 'ਤੇ ਚਾਚੇ ਦੀ ਨਜ਼ਰ ਨਾ ਪਵੇ।

ਚਾਚੇ ਦੀ ਤਾਂ ਨਹੀਂ ਪਰ ਚਾਚੀ ਦੀ ਨਜ਼ਰ ਉਸ 'ਤੇ ਹਸਪਤਾਲ 'ਚੋਂ ਆਉਂਦਿਆਂ ਹੀ ਪੈ ਗਈ। ਪਹਿਲਾਂ ਉਸਨੇ ਕੁੱਚੀ ਤੋਂ ਖ਼ਬਰ ਲਈ। ਕੁੱਚੀ ਨੇ ਦੁਹਾਈ ਦਿੱਤੀ ਕਿ ਹਿੱਸੇਦਾਰੀ ਦਾ ਮਾਮਲਾ ਉਸਦੀ ਸਮਝ 'ਚ ਤਾਂ ਨਹੀਂ ਆਇਆ। ਫੇਰ ਬੁੱਢੀ ਨੇ ਬੁੱਢੇ ਨੂੰ ਜਾ ਕੇ ਕੰਮ ਰੁਕਵਾਉਣ ਲਈ ਕਿਹਾ ਪਰ ਬੁੱਢੇ ਦੀ ਟੋਕਣ ਦੀ ਹਿੰਮਤ ਨਾ ਪਈ। ਉਲਟਾ ਬੁੱਢੀ ਨੂੰ ਹੀ ਸਮਝਾਉਣ ਲੱਗਾ—"ਉਸਦੀਆਂ ਕੰਧਾਂ ਹੋ ਚੁੱਕੀਐਂ। ਉਹ ਤਾਂ ਹੁਣ ਢੈਣ ਤੋਂ ਰਹੀਆਂ। ਉਹ ਝਗੜਾਲੂ ਆਦਮੀ ਐ। ਆਪਣੇ ਦਿਨ ਖ਼ਰਾਬ ਚੱਲ ਰਹੇ ਐ। ਹਮੇਸ਼ਾ ਲਈ ਵਿਗਾੜ ਪੈ ਜਾਊਗਾ।"

"ਜਦੋਂ ਨੀਹਾਂ ਪਟਵਾਉਣ ਲੱਗਿਆ ਸੀ ਓਦੋਂ ਤੁਹਾਡੀਆਂ ਅੱਖਾਂ ਅੰਨ੍ਹੀਆਂ ਸੀ ?"

"ਮੈਨੂੰ ਮੌਕਾ ਕਦੋਂ ਮਿਲਿਐ ਪਿੱਛੇ ਜਾ ਕੇ ਦੇਖਣ ਦਾ ? ਸਾਰਾ ਦਿਨ ਤਾਂ ਹਸਪਤਾਲ 'ਚ ਬੀਤ ਜਾਂਦਾ ਸੀ। ਤੇ ਹੁਣ ਸਾਡੇ ਅੱਗੇ-ਪਿੱਛੇ ਕੌਣ ਐਂ। ਕਿਸ ਲਈ ਟੰਟਾ ਕੀਤਾ ਜਾਵੇ ?"

"ਐਨੀ ਛੇਤੀ ਮਰਨ ਵੀ ਨ੍ਹੀਂ ਲੱਗੇ ਅਸੀਂ। ਹੁਣੇ ਤੋਂ ਹਥਿਆਰ ਸੁੱਟ ਕੇ ਕਿਵੇਂ ਬੀਤੂਗੀ ?"

ਪਰ ਬੁੱਢਾ ਉੱਧਰ ਦੇਖਣ ਵੀ ਨਹੀਂ ਗਿਆ।

**ਇਕ** ਦਿਨ ਕੁੱਚੀ ਨੂੰ ਇਕ ਪਾਸੇ ਲੈ ਜਾ ਕੇ ਸੁਲਛਨੀ ਕਹਿਣ ਲੱਗੀ—"ਤੇਰੇ ਲਈ ਇਕ ਮੁੰਡਾ ਲੱਭਿਐ। ਬਿਲਕੁਲ ਗਭਰੂ ਜਵਾਨ। ਮੇਰੇ ਜੀਜੇ ਦਾ ਛੋਟਾ ਭਰਾ ਐ। ਤੂੰ ਦੇਖੇਂਗੀ ਤਾਂ ਮੋਹਤ ਹੋ ਜਾਏਂਗੀ।"

ਕੁੱਚੀ ਉਸਦੇ ਮੂੰਹ ਵੱਲ ਤੱਕਣ ਲੱਗੀ।

"ਮੇਰੇ ਘਰ ਬੈਠਾ ਐ। ਬੰਬਈ 'ਚ ਕੰਮ ਕਰਦੈ। ਚੱਲ ਦਿਖਾ ਲਿਆਵਾਂ।"

"ਦੀਦੀ, ਉਸਨੂੰ ਪਹਿਲਾਂ ਬਾਪੂ ਕੋਲ ਭੇਜ। ਜੋ ਕਰਨਗੇ ਬਾਪੂ ਈ ਕਰਨਗੇ।"

"ਨ੍ਹੀਂ, ਉਸਦੇ ਨਾਲ ਸੌਣਾਂ ਤੂੰ ਐਂ ਕਿ ਬਾਪੂ ਨੇ। ਪਹਿਲਾਂ ਤੈਨੂੰ ਤਾਂ ਪਸੰਦ ਆਵੇ।" ਫੇਰ ਉਸਦੇ ਕੁਤਕੁਤਾੜੀਆਂ ਕੱਢਦੀ ਬੋਲੀ—"ਅੱਛਾ ਤੂੰ ਬਾਲ੍ਹਟੀ ਲੈ ਕੇ ਨਲਕਾ 'ਤੇ ਆ ਜਾ। ਓਹ ਤਾਂ ਦੇਖ ਲਏ ਆਪਣੀ ਮਹਾਰਾਣੀ ਨੂੰ।"

ਫੇਰ ਉਸਦਾ ਹੱਥ ਫੜ ਕੇ ਬਾਹਰ ਵੱਲ ਖਿਚਦਿਆਂ ਹੋਇਆਂ ਸਮਝਾਇਆ—"ਸੋਨੇ ਵਰਗੀ ਜਵਾਨੀ ਨੂੰ ਐਵੇਂ ਮਿੱਟੀ ਰੋਲਣ 'ਚ ਕਾਹਦੀ ਅਕਲਮੰਦੀ ਐ ?"

ਇਕ ਦਿਨ ਸ਼ਾਮ ਨੂੰ ਬਿਤਾਨੂੰ ਆਇਆ। ਸੁਲਛਨੀ ਦੇ ਹੁੰਦਿਆਂ ਏਧਰ-ਉੱਧਰ ਦੀਆਂ ਗੱਲਾਂ ਕਰਦਾ ਰਿਹਾ। ਉਸਦੇ ਜਾਣ ਪਿੱਛੋਂ ਦੱਸਿਆ, "ਕਾਲਿਕਾ ਬਾਣੀਏਂ ਦੀ ਜ਼ਮੀਨ ਖ਼ਰੀਦੀ ਗਈ ਸੀ। ਕਾਲਿਕਾ ਨੇ ਦੱਸਿਐ ਬਈ ਲਿਖਤ ਵੇਲੇ ਦੋਵੇਂ ਭਰਾ ਮੌਜੂਦ ਸੀ। ਦੋਵਾਂ ਭਰਾਵਾਂ ਦੇ ਦਸਖਤ ਹੋਏ ਐ।"

ਸੁਣ ਕੇ ਤਿੰਨੇ ਜੀਅ ਦੇਰ ਤਕ ਸੋਚਾਂ 'ਚ ਡੁੱਬੇ ਰਹੇ।

"ਬਨਵਾਰੀ ਨੇ ਕਾਗਜ਼ ਦੇਣਾ ਹੁੰਦਾ ਤਾਂ ਬਜਰੰਗੀ ਦੇ ਜਿਊਂਦਿਆਂ ਈ ਦੇ ਦਿੰਦਾ...ਕਾਗਜ਼ ਲੈਣ ਦਾ ਹੋਰ ਕੋਈ ਰੱਸਤਾ ਨ੍ਹੀਂ ?"

"ਹੈ ਕਿਓਂ ਨ੍ਹੀਂ ? ਰਜਿਸਟਰੀ ਦਫ਼ਤਰ ਜਾਣਾ ਪਊਗਾ। ਕਾਲਿਕਾ ਤੋਂ ਰਜਿਸਟਰੀ ਦੀ ਤਾਰੀਖ਼ ਪਤਾ ਕਰਕੇ ਚਾਚਾ ਜੀ ਦੇ ਨਾਂ ਨਾਲ ਦਰਖਾਸਤ ਲਾਊਣੀ ਪਊ। ਥੋੜ੍ਹਾ ਟੈਮ ਲੱਗੂਗਾ। ਥੋੜ੍ਹਾ ਖਰਚਾ ਹੋਊਗਾ।"

"ਤਾਂ ਓਵੇਂ ਕਰ। ਜੋ ਵੀ ਖਰਚਾ ਹੋਊਗਾ ਦੇ ਦਿਆਂਗੇ।" ਬੁੱਢੀ ਬੋਲੀ।

"ਠੀਕ ਐ।" ਬਿਤਾਨੂੰ ਉੱਠਦਾ ਹੋਇਆ ਬੋਲਿਆ, "ਤੇ ਬੋਰਿੰਗ ਦੇ ਸਾਮਾਨ ਬਾਰੇ ਕੀ ਸੋਚਿਆ ਚਾਚਾ ਜੀ ? ਦੁਆ ਦਿੰਦੇ ਤਾਂ ਮੇਰਾ ਕੰਮ ਵੀ ਸ਼ੁਰੂ ਹੋ ਜਾਂਦਾ।"

"ਮੈਂ ਦੁਆਊਂਗੀ ਬਿਤਾਨੂੰ ਬੇਟਾ। ਮੈਨੂੰ ਠੀਕ ਹੋ ਲੈਣ ਦੇ। ਇਹ ਤਾਂ ਬਨਵਾਰੀ ਦੇ ਸਾਹਮਣੇ ਹੁੰਦੇ ਈ ਗੂੰਗੇ ਹੋ ਜਾਂਦੇ ਐ।"

ਬਿਤਾਨੂੰ ਦੇ ਆਉਣ ਦੀ ਖ਼ਬਰ 'ਤੇ ਤ੍ਰਬਕਿਆ ਸੀ ਬਨਵਾਰੀ। ਪਤਾ ਨਹੀਂ ਕੀ ਲਾਈ-ਬੁਝਾਈ ਕਰ ਗਿਆ ਹੋਵੇਗਾ। ਉਸਦਾ ਰਸਤਾ ਬੰਦ ਕਰਨਾ ਪਵੇਗਾ।

ਸੁਲਛਨੀ ਨੂੰ ਪਤਾ ਹੈ ਕਿ ਬੁੱਢੇ-ਬੁੱਢੀ ਨੂੰ ਮਹੁਏ ਦੀ ਭੁਰਜੀ ਤੇ ਸ਼ਰਬਤ ਬੜਾ ਪਸੰਦ ਹੈ। ਭੁਰਜੀ ਤਾਂ ਕਈ ਦਿਨ ਪਹਿਲਾਂ ਬਣਾ ਕੇ ਖੁਆ ਗਈ ਸੀ। ਅੱਜ ਸ਼ਬਰਤ, ਪਕੌੜੇ ਬਣਾ ਕੇ ਲਿਆਈ ਹੈ।

ਬੁੱਢੀ ਕਹਿੰਦੀ ਹੈ, "ਐਨੀ ਖੇਚਲ ਕਿਓਂ ਕੀਤੀ ?"

"ਏਸ 'ਚ ਖੇਚਲ ਵਾਲੀ ਕਿਹੜੀ ਗੱਲ ਐ ? ਮੈਂ ਤੁਹਾਡੀ ਨੂੰਹ ਨ੍ਹੀਂ ਆਂ ਕਿ ?"

"ਓਹ ਤਾਂ ਠੀਕ ਐ ਪਰ ਅਜੇ ਤਾਂ ਤੇਰੀ ਦਿਓਰਾਣੀ ਹੈਗੀ ਪਕਾਉਣ-ਖੁਆਉਣ ਲਈ। ਜਦੋਂ ਨਾ ਹੋਊ ਤੇ ਮੇਰੇ ਨੈਣ-ਪ੍ਰਾਣ ਰਹਿ ਜਾਣਗੇ ਤਾਂ ਤੇਰੇ ਸਿਵਾਏ ਦੂਜਾ ਕੌਣ ਹੋਊ ਖੁਆਉਣ-ਪਿਆਉਣ ਵਾਲਾ ?"

ਸੁਲਛਨੀ ਦੇ ਜਾਣ ਪਿੱਛੋਂ ਕੁੱਚੀ ਕਹਿੰਦੀ ਹੈ, "ਅੰਮਾ ਮੇਰਾ ਮਨ ਨ੍ਹੀਂ ਮੰਨਦਾ ਕਿ ਇਸਦੇ ਹੱਥ ਦਾ ਬਣਿਆ ਖਾਣਾ ਖਾਵਾਂ। ਇਹਨਾਂ ਦੋਵਾਂ ਦੇ ਮਨ 'ਚ ਚੋਰ ਐ। ਕੀ ਪਤਾ ਕਿਸੇ ਦਿਨ ਜ਼ਹਿਰ ਈ ਖੁਆ ਦੇਣ।"

"ਹੋ ਸਕਦੈ।" ਬੁੱਢਾ ਬੋਲਿਆ, "ਬਨਵਾਰੀ ਕੁਛ ਵੀ ਕਰ ਸਕਦੈ। ਲਿਆ ਕੁੱਤੇ ਨੂੰ ਪਾ ਕੇ ਦੇਖਦੇ ਐਂ। ਹੁਣੇ ਪਤਾ ਲੱਗ ਜਾਊਗਾ।"

"ਪਾਗਲ ਹੋ ਗਏ ਓ ਕਿ ?" ਬੁੱਢੀ ਤੁੜਕੀ, "ਕੁੱਤੇ ਵਿਚਾਰੇ ਦੀ ਜਾਨ ਲੈਣ ਦੀ ਕੀ ਲੋੜ ਐ ? ਹਨੇਰਾ ਹੋ ਲਏ ਵਾੜੇ 'ਚ ਟੋਇਆ ਪੁੱਟ ਕੇ ਨੱਪ ਦੇਣਾ।"

ਕਈ ਦਿਨ ਬਾਅਦ ਬੁੱਢੀ ਦੇ ਸਿਰ ਵਿਚ ਤੇਲ ਲਾਉਂਦੀ ਸੁਲਛਨੀ ਨੇ ਗੋਲੀ ਦਾਗੀ, "ਇਕ ਗੱਲ ਦੱਸਣੀ ਚਾਹੁੰਦੀ ਆਂ ਅੰਮਾ। ਨਾਲੇ ਸੋਚਦੀ ਆਂ ਦੱਸਾਂ ਕਿ ਨਾ ਦੱਸਾਂ ?"

"ਦੱਸ ਕੁੜੇ। ਕੀ ਗੱਲ ਐ ?"

"ਘਰ ਦੇ ਜੀਅ ਦੀ ਸ਼ਿਕਾਇਤ ਵੀ ਤਾਂ ਨ੍ਹੀਂ ਕਰਨੀ ਬਣਦੀ।"



"ਬੁਝਾਰਤਾਂ ਕਿਓਂ ਪਾਉਣੀ ਐਂ ? ਸਾਫ਼-ਸਾਫ਼ ਕਹਿ ਨਾ।"

"ਤਿੰਨ-ਚਾਰ ਦਿਨ ਹੋ-ਗੇ, ਸ਼ਾਮ ਨੂੰ ਘੁਸਰਮੁਸਰੇ ਜੇ 'ਚ ਮੈਂ ਦਿਓਰਾਣੀ ਤੇ ਬਿਤਾਨੂੰ ਨੂੰ ਬਲ੍ਹਦਾਂ ਵਾਲੇ ਛੱਪਰ 'ਚੋਂ ਮੁਸਕਰਾਉਂਦੇ ਹੋਏ ਅੱਗੇ ਪਿੱਛੇ ਨਿਕਲਦਿਆਂ ਦੇਖਿਆ ਸੀ।"

"ਕੀ ਕਹਿ ਰਹੀ ਐਂ ?"

"ਹਾਂ ਅੰਮਾ। ਤੁਹਾਡੀ ਸਹੁੰ। ਇਕ ਵਾਰੀ ਤਾਂ ਮੈਨੂੰ ਵੀ ਆਪਣੀਆਂ ਅੱਖਾਂ 'ਤੇ ਯਕੀਨ ਨ੍ਹੀਂ ਸੀ ਆਇਆ। ਪਰ ਐਨਾ ਹਨੇਰਾ ਵੀ ਨ੍ਹੀਂ ਸੀ ਕਿ ਪਛਾਣ ਨਾ ਸਕਾਂ।"

ਬੁੱਢੀ ਨੇ ਮੌਨ ਸਾਧ ਲਿਆ।

"ਮੇਰੀ ਮੰਨੋ ਤਾਂ ਇਸ ਅੱਗ ਦੇ ਗੋਲੇ ਨੂੰ ਜਿੰਨੀ ਛੇਤੀ ਹੋ ਸਕੇ, ਦਫ਼ਾ ਕਰੋ। ਮੈਂ ਤਾਂ ਹਾਂ ਈ ਸੇਵਾ-ਟਹਿਲ ਲਈ। ਮੈਨੂੰ ਪਰਾਈ ਕਿਓਂ ਸਮਝਦੇ ਓਂ ?"

"ਹੂੰ।" ਇਕ ਲੰਮੀ ਹੁੰਗਰ।

"ਪਤਾ ਨ੍ਹੀਂ ਦਿਓਰਾਣੀ ਨੂੰ ਉਸ ਨਿਕੰਮੇ 'ਚ ਕੀ ਦਿੱਸ ਰਿਹੈ ? ਐਡਾ ਸੋਹਣਾ ਮੁੰਡਾ ਮੈਂ ਦਿਖਾਇਆ ਸੀ।"

"ਤੂੰ ਦਿਖਾਇਆ ਸੀ ? ਕਦੋਂ ?"

"ਕਈ ਦਿਨ ਹੋ-ਗੇ।"

"ਕਿੱਥੇ ?"

"ਏਥੇ ਘਰੇ ਈ। ਮੇਰੇ ਜੀਜੇ ਦਾ ਭਰਾ ਐ। ਮੈਂ ਕਿਹਾ ਕਿ ਅੰਮਾ ਨੂੰ ਵੀ ਦਿਖਾ ਲਈਏ। ਤੁਹਾਨੂੰ ਦੱਸਿਆ ਨ੍ਹੀਂ ?...ਇਹੋ ਕਪਟਖੇਡ ਮੈਨੂੰ ਚੰਗੀ ਨ੍ਹੀਂ ਲੱਗਦੀ।"

ਬੁੱਢੀ ਤੋਂ ਕੁਝ ਕਿਹਾ ਨਾ ਗਿਆ।

ਬਿਤਾਨੂੰ ਦੀ ਸੂਚਨਾ ਨਾਲ ਤਿੰਨਾਂ ਜੀਆਂ ਦੇ ਮਨ ਦੀ ਉਥਲ-ਪੁਥਲ ਵਧ ਗਈ ਸੀ। ਬੁੱਢੀ ਦੇ ਦਬਾਅ ਪਾਉਣ 'ਤੇ ਇਕ ਦਿਨ ਬੁੱਢੇ ਨੇ ਜ਼ਮੀਨ ਦੀ ਚਰਚਾ ਛੇੜੀ।

"ਕਿਹੜੀ ਜ਼ਮੀਨ ?" ਬਨਵਾਰੀ ਬੌਂਦਲ ਗਿਆ।

"ਜਿਹੜੀ ਕਾਲਿਕਾ ਬਾਣੀਏਂ ਤੋਂ ਦੋਵਾਂ ਭਰਾਵਾਂ ਨੇ ਸਾਂਝੇ ਖਾਤੇ ਖਰੀਦੀ ਐ।"

"ਸਾਂਝੇ ਖਾਤੇ ? ਕਿਹੜਾ ਕਹਿੰਦੈ, ਤੁਹਾਨੂੰ ?"

"ਕਾਗਜ਼ 'ਚ ਤਾਂ ਬਜਰੰਗੀ ਦੇ ਵੀ ਦਸਖਤ ਐ।"

"ਦਸਖਤ ਤਾਂ ਐ ਪਰ ਖਰੀਦਦਾਰ ਦੇ ਤੌਰ 'ਤੇ ਨਈਂ। ਗਵਾਹ ਦੇ ਤੌਰ 'ਤੇ।" ਫੇਰ ਪੁੱਛਿਆ, "ਕਿਸਨੇ ਪੱਟੀ ਪੜ੍ਹਾਈ ਐ ? ਬਿਤਨੁਏ ਨੇ ਤਾਂ ਨ੍ਹੀਂ ? ਕਾਲਾ ਨਾਗ ਐ। ਇਹੋ-ਜਿਹੀ ਥਾਂ ਡੰਗ ਮਾਰੂਗਾ ਕਿ ਪਾਣੀ ਵੀ ਨ੍ਹੀਂ ਮਿਲਣਾ।"

"ਉਹ ਆਪਣਾ ਬੋਰਿੰਗ ਦਾ ਕੰਮ ਸ਼ੁਰੂ ਕਰਨਾ...।"

"ਹਾਂ-ਹਾਂ, ਖ਼ੂਬ ਕਰਾਓ ਬੋਰਿੰਗ।" ਮੱਥਾ ਵਟਿਆਇਆ ਗਿਆ ਬਨਵਾਰੀ ਦਾ, "ਵਧੀਆ ਕਰ ਦੇਊ। ਏਸੇ ਲਈ ਨਿੱਤ ਘਰੇ ਵਾੜੀ ਰੱਖਦੇ ਓ ?"

ਲੱਖ ਚਾਹੁਣ ਦੇ ਬਾਵਜੂਦ ਬਨਵਾਰੀ ਆਪਣੀ ਤਲਖੀ ਦਬਾਅ ਨਹੀਂ ਸੀ ਸਕਿਆ। ਉਸਨੂੰ ਇਹ ਵੀ ਲੱਗਿਆ ਕਿ ਪਿਆਰ-ਮੁਹੱਬਤ ਦਾ ਦਿਖਾਵਾ ਅੱਗੇ ਕੰਮ ਨਹੀਂ ਆਉਣਾ। ਸੁਲਛਨੀ ਦਾ ਵੀ ਕਹਿਣਾ ਹੈ ਕਿ 'ਬੁੱਢੀ ਦੇ ਢਿੱਡ 'ਚੋਂ ਕੋਈ ਗੱਲ ਕੱਢ ਲੈਣਾ ਮਹਾ ਮੁਸ਼ਕਲ ਐ। ਕੁਛ ਪੁੱਛਦਿਆਂ ਈ ਗੂੰਗੀ ਬਣ ਜਾਂਦੀ ਐ ਬੁੱਢੜੀ।'

"ਅੱਛਾ ਇਓਂ ਕਰ, ਹੁਣ ਜਿਸ ਦਿਨ ਬਿਤਨੁਆ ਆਏ, ਉਸਨੂੰ ਬਹਾਨੇ ਨਾਲ ਘਰ ਬੁਲਾ। ਫੇਰ ਆਵਾਜ਼ ਮਾਰ ਕੇ ਕੁੱਚੀ ਨੂੰ ਬੁਲਾ ਲਈਂ ਤੇ ਬਿਤਨੁਏ ਨੂੰ ਜੱਫਾ ਮਾਰ ਕੇ ਲਮਕਦੀ ਹੋਈ

ਚੀਕਣਾ ਸ਼ੁਰੂ ਕਰ ਦੇਵੀਂ ਕਿ ਹਰਾਮਜਾਦਿਆ ਮੇਰਾ ਈ ਘਰ ਮਿਲਿਆ ਐ ਤੈਨੂੰ ਬਦਕਾਰੀਆਂ ਕਰਨ ਲਈ। ਘਸੀਟ ਸਕੇਂ ਤਾਂ ਚੱਪਲ ਨਾਲ ਕੁੱਟਦੀ ਚੀਕਦੀ ਹੋਈ ਉਸਨੂੰ ਘਰੋਂ ਬਾਹਰ ਖਿੱਚ ਲਿਆਈਂ। ਉਦੋਂ ਤਕ ਪੰਜ ਦਸ ਜਣੇ ਹੋਰ 'ਕੱਠੇ ਹੋ ਜਾਣਗੇ। ਉਹਨਾਂ ਨੂੰ ਦੱਸੀ ਕਿ ਤੂੰ ਦਿਓਰਾਣੀ ਨਾਲ ਉਸਨੂੰ ਬਦਮਾਸ਼ੀ ਕਰਦਿਆਂ ਹੋਇਆਂ ਰੰਗੇ ਹੱਥੀਂ ਫੜਿਐ। ਤੂੰ ਐਨਾ ਕਰ ਦੇ, ਅੱਗੇ ਮੈਂ ਦੇਖ ਲਊਂਗਾ। ਇਕੋ ਝਟਕੇ 'ਚ ਦੋਵੇਂ 'ਖੇਤ' ਹੋ ਜਾਣਗੇ।"

"ਝੂਠ ਬੋਲਣਾ ਪਊਗਾ ?"

"ਝੂਠ, ਸੱਚ ਕੀ ਹੁੰਦੈ ? ਚਾਰ ਘੁੰਮਾਵਾਂ ਲਈ ਤਾਂ ਆਦਮੀ ਦਿਨ ਦਿਹਾੜੇ ਸਕੇ ਪਿਓ ਦਾ ਗਲ਼ਾ ਵੱਢ ਦਿੰਦੈ।"

ਪਰ ਸੁਲਛਨੀ ਦੀ ਉਡੀਕ ਲੰਮੀ ਹੁੰਦੀ ਜਾ ਰਹੀ ਹੈ। ਬਿਤਾਨੂ ਏਧਰ ਦਿਖਾਈ ਹੀ ਨਹੀਂ ਦਿੱਤਾ।

ਬਨਵਾਰੀ ਦੀ ਨਿਰਾਸ਼ਾ ਵਧਦੀ ਜਾ ਰਹੀ ਹੈ। ਲੱਗਦਾ ਨਹੀਂ ਇਹ ਔਰਤ ਇੱਥੋਂ ਜਾਵੇਗੀ। ਇਸਦਾ ਪਿਓ ਵੀ ਪਤਾ ਨਹੀਂ ਕਿੱਥੇ ਮਰ ਗਿਆ। ਉਹ ਏਨਾ ਬੇਚੈਨ ਹੋ ਗਿਆ ਹੈ ਕਿ ਉਸਦਾ ਹੈਲਪਰ ਨਸੀਰ ਉਸਨੂੰ ਬਲੱਡ ਪ੍ਰੈਸ਼ਰ ਚੈੱਕ ਕਰਵਾਉਣ ਦੀ ਸਲਾਹ ਦਿੰਦਾ ਹੈ।

**ਉ**ਹ ਪਿਛਲੇ ਵਾੜੇ ਵਿਚੋਂ ਬਾਲਣ ਲੈ ਕੇ ਆਈ ਤਾਂ ਦੇਖਿਆ ਉਹਨਾਂ ਦੀ ਖੁਰਲੀ 'ਤੇ ਬਨਵਾਰੀ ਦੀ ਮੱਝ ਤੇ ਕੱਟੀ ਬੱਝੀ ਹੋਈ ਹੈ। ਏਥੇ ਕਿਉਂ ਬੰਨ੍ਹ ਗਏ ? ਉਸਦਾ ਮਨ ਕੀਤਾ ਦੋਵਾਂ ਜਾਨਵਰਾਂ ਨੂੰ ਭਜਾ ਦੇਵੇ, ਪਰ ਕਸੀਸ ਵੱਟ ਗਈ। ਜਦੋਂ ਸੱਸ ਐ ਤਾਂ ਉਸਦਾ ਅੱਗੇ ਵਧ ਕੇ ਇਓਂ ਕਰਨਾ ਠੀਕ ਨਹੀਂ ਹੋਵੇਗਾ। ਕੀ ਪਤਾ ਬੁੱਢੇ ਬੁੱਢੀ ਨੂੰ ਹੀ ਇਹ ਚੰਗਾ ਨਾ ਲੱਗੇ।

ਮੁਸ਼ਕਲ ਨਾਲ ਦਸ ਦਿਨ ਹੋਏ ਹੋਣਗੇ ਜਦੋਂ ਬਨਵਾਰੀ ਨੇ ਸਾਂਝੇ ਮਹੁਏ ਦਾ ਇਕ ਮੋਟਾ ਟਾਹਣ ਵੱਢ ਲਿਆ ਸੀ। ਦੋਵਾਂ ਘਰਾਂ ਦਾ ਸਾਂਝਾ ਮਹੁਏ ਦਾ ਇਕ ਓਹੀ ਰੁੱਖ ਸੀ ਜਿਸ ਤੋਂ ਹਰ ਸਾਲ ਡੇਢ ਦੋ ਮਨ ਮਹੁਆ ਲੱਥਦਾ ਸੀ। ਭਲਾਂ ਕੋਈ ਇਹੋ-ਜਿਹੇ ਫਲਦਾਰ ਰੁੱਖ ਨੂੰ ਵੱਢਦਾ ਹੈ ? ਉਹ ਵੀ ਬਿਨਾਂ ਸਲਾਹ ਕੀਤਿਆਂ। ਬੁੱਢੀ ਨੇ ਬੁੱਢੇ ਨੂੰ ਉਲਾਂਭਾ ਦੇਣ ਜਾਣ ਲਈ ਕਿਹਾ ਤਾਂ ਉਹ ਟਾਲ-ਮਟੋਲ ਕਰਨ ਲੱਗਾ। ਬੋਲਿਆ, "ਮੂੰਹਫਟ ਆਦਮੀ ਐਂ। ਕਦੀ-ਕਦੀ ਪੀ ਵੀ ਲੈਂਦੈ। ਕੀ ਪਤਾ ਕੀ ਬੋਲੇ ? ਆਪਣੀ ਇੱਜ਼ਤ ਆਪਣੇ ਹੱਥ। ਝਗੜਾ ਵਧਾਉਣ ਨਾਲ ਕੱਟਿਆ ਹੋਇਆ ਟਾਹਣਾ ਜੁੜ ਤਾਂ ਨ੍ਹੀਂ ਜਾਣਾਂ।"

ਪਰ ਕੁੱਚੀ ਦਾ ਕਹਿਣਾ ਸੀ ਕਿ 'ਗੱਲ ਇਕ ਟਾਹਣੇ ਦੀ ਨਈਂ, ਆਪਣੇ ਹੱਕ-ਹਿੱਸੇ ਲਈ ਖੜ੍ਹੇ ਹੋਣ ਦੀ ਏ। ਉਹ ਇਕ ਇਕ ਚੀਜ਼ ਹੜਪਦਾ ਜਾ ਰਿਹੈ। ਟੋਕਿਆ ਨਾ ਗਿਆ ਤਾਂ ਹੋਰ ਬੇਡਰਾ ਹੁੰਦਾ ਜਾਊਗਾ। ਅੰਬ ਦਾ ਪੂਰਾ ਬਾਗ ਸਾਂਝਾ ਐ। ਕਿਸੇ ਦਿਨ ਚੁੱਪਚਾਪ ਵੇਚ'ਤਾ ਤਾਂ ਫੇਰ ਕੀ ਹੋਊਗਾ ?'

ਬੁੱਢਾ ਨਾ ਗਿਆ ਤਾਂ ਬੁੱਢੀ ਨੇ ਸੁਲਛਨੀ ਨੂੰ ਬੁਲਾਇਆ। ਉਹ ਅੱਗੋਂ ਪੂਰੀ ਮੋਮੋਠੱਗਣੀ ਸੀ। ਬੋਲੀ, "ਗਲਤੀ ਹੋ-ਗੀ ਅੰਮਾ। ਨਵੇਂ ਵਾੜੇ ਲਈ ਛਪਰੇ ਦੀ ਲੋੜ ਸੀ। ਕੋਈ ਹੋਰ ਰੁੱਖ ਹੈ ਨ੍ਹੀਂ ਸੀ, ਇਸ ਲਈ ਵੱਢ ਲਿਆ। ਪੁੱਛਿਆ ਨ੍ਹੀਂ ਇੱਥੇ ਈ ਗਲਤੀ ਕਰ ਗਏ। ਪੁੱਛਦੇ ਤਾਂ ਕੀ ਵੱਡੇ ਮਨ੍ਹਾਂ ਕਰ ਦਿੰਦੇ ? ਉਹਨਾਂ ਨੂੰ ਵੀ ਆਪਣੀ ਗਲਤੀ ਸਮਝ ਆ-ਗੀ ਐ ਇਸ ਲਈ ਉਸ ਦਿਨ ਮਗਰੋਂ ਤੁਹਾਡੇ ਸਾਹਮਣੇ ਆਉਣ ਤੋਂ ਯਕਦੇ ਐ।"

ਚੁੱਪ ਹੋ ਗਈ ਬੁੱਢੀ। ਗਲਤੀ ਮੰਨ ਲਈ ਤਾਂ ਹੁਣ ਕੀ ਬੋਲੇ ?



ਪਰ ਹੁਣ ਇਹ ਕਾਂਡ। ਉਸਨੇ ਆ ਕੇ ਬੁੱਢੀ ਨੂੰ ਦੱਸਿਆ। ਬੁੱਢਾ ਬਾਜ਼ਾਰ ਗਿਆ ਹੋਇਆ ਸੀ। ਆਇਆ ਤਾਂ ਬੁੱਢੇ ਬੁੱਢੀ ਵਿਚਕਾਰ ਬਹਿਸ ਹੋਣ ਲੱਗ ਪਈ।

ਬੁੱਢਾ ਉਲਟਾ ਬਨਵਾਰੀ ਦੀ ਤਰਫ਼ਦਾਰੀ ਕਰਨ ਲੱਗਾ, "ਆਪਣੇ ਬਲ੍ਹਦਾਂ ਵਾਲੀ ਥਾਂ ਤਾਂ ਖਾਲੀ ਈ ਪਈ ਐ। ਜਦ ਤਕ ਉਸਦੇ ਵਾੜੇ 'ਚ ਛੱਪਰ ਨ੍ਹੀਂ ਪੈ ਜਾਂਦਾ ਉਦੋਂ ਤਕ ਸਾਡੇ ਵਾੜੇ 'ਚ ਬੰਨ੍ਹ ਲਊ ਤਾਂ ਕੀ ਹਰਜ ਐ ?"

"ਬੰਨ੍ਹਣ ਤੋਂ ਪਹਿਲਾਂ, ਤੁਹਾਥੋਂ ਪੁੱਛ ਤਾਂ ਲੈਂਦਾ ?"

"ਪੁੱਛਿਆ ਨ੍ਹੀਂ, ਇਹੀ ਤਾਂ ਗਲਤ ਕੀਤਾ।"

"ਇਸ ਕਰਕੇ ਨ੍ਹੀਂ ਪੁੱਛਿਆ ਕਿ ਉਸਨੂੰ ਕਿਸੇ ਦਾ ਡਰ ਨ੍ਹੀਂ ਰਿਹਾ। ਉਸਦੇ ਮਨ 'ਚ ਲਾਲਚ ਦਾ ਭੂਤ ਸਮਾਇਆ ਹੋਇਐ। ਜਬਰੀ ਕਬਜ਼ਾ ਕਰਨਾ ਚਾਹੁੰਦੈ। ਧੌਂਸ ਨਾਲ। ਹੁਣ ਵੀ ਨਾ ਬੋਲੇ ਤਾਂ ਇਕ ਦਿਨ ਘਰੋਂ ਈ ਕੱਢ ਦੇਊਗਾ। ਤੁਹਾਡੇ ਮੂੰਹ 'ਚ ਜ਼ਬਾਨ ਨ੍ਹੀਂ ? ਹੁਣੇ ਜਾ ਕੇ ਵਾੜਾ ਖਾਲੀ ਕਰਵਾਓ। ਅਸੀਂ ਦੋਵੇਂ ਵੀ ਤੁਹਾਡੇ ਨਾਲ ਚੱਲਦੀਆਂ।"

ਬੁੱਢੇ ਦਾ ਮਨ ਨਹੀਂ ਸੀ ਜਾਣ 'ਤੇ, ਪਰ ਗਿਆ ਤਾਂ ਗੱਲ ਵਧ ਗਈ।

"ਤੈਨੂੰ ਕਿਸੇ ਦਾ ਡਰ ਭੈਅ ਨ੍ਹੀਂ ਰਿਹਾ ਬਈ। ਕੀ ਸਮਝ ਕੇ ਮੇਰੇ ਵਾੜੇ 'ਤੇ ਕਬਜ਼ਾ ਕਰਨ ਲੱਗੈਂ ?"

"ਤੂੰ ਬੋਲਾ ਤਾਂ ਸੀ ਈ, ਅੰਨ੍ਹਾਂ ਵੀ ਹੋ ਗਿਐਂ ਕਿ ਚਾਚਾ ? ਦੇਖ ਨ੍ਹੀਂ ਰਿਹਾ ਕਿ ਸਾਡੇ ਪੁਰਾਣੇ ਵਾੜੇ ਦੀ ਕੀ ਹਾਲਤ ਐ। ਇਕ ਵੀ ਪੱਤਾ ਉਸ 'ਤੇ ਬਚਿਐ ? ਨਵੇਂ ਤੇ ਅੱਜੇ ਛੱਪਰ ਨ੍ਹੀਂ ਪਿਆ। ਸਾਡੇ ਜਾਨਵਰ ਮਾਘ ਦੀ ਏਸ ਠੰਢ ਭਰੀ ਰਾਤ 'ਚ ਕੰਬਦੇ ਐ। ਖਾਲੀ ਪਏ ਵਾੜੇ 'ਚ ਬੰਨ੍ਹ ਦਿੱਤੇ ਤਾਂ ਕੀ ਗੁਨਾਹ ਕਰ ਦਿੱਤਾ ?"

"ਬੰਨ੍ਹਣ ਤੋਂ ਪਹਿਲਾਂ ਪੁੱਛਣਾ ਨ੍ਹੀਂ ਚਾਹੀਦਾ ਸੀ ?"

"ਏਸ 'ਚ ਪੁੱਛਣ ਵਾਲੀ ਕੀ ਗੱਲ ਐ ? ਕਿਸੇ ਗ਼ੈਰ ਦੇ ਕਿੱਲੇ 'ਤੇ ਬੰਨ੍ਹ ਦਿੱਤੇ ਐ ਕਿ ? ਬਜਰੰਗੀ ਪਿੱਛੋਂ ਹੁਣ ਮੇਰਾ ਤੇਰਾ ਕੀ ਸਵਾਲ ਰਹਿ ਗਿਐ ?"

"ਕਿਓਂ ਬਜਰੰਗੀ ਦੇ ਨਾਲ ਅਸੀਂ ਵੀ ਮਰ-ਗੇ ਕਿ ? ਤੇਰਾ ਰਵੱਈਆ ਅਸੀਂ ਸ਼ੁਰੂ ਤੋਂ ਦੇਖ ਰਹੇ ਆਂ। ਪਹਿਲਾਂ ਮੋਟਰਸਾਈਕਲ ਦੱਬ ਕੇ ਬੈਠ ਗਿਆਂ। ਫੇਰ ਆਬਾਦੀ ਵਾਲੀ ਜ਼ਮੀਨ ਵਲ਼ ਲਈ। ਫੇਰ ਮਹੁਆ ਵੱਢ ਲਿਆ। ਹੁਣ ਵਾੜੇ 'ਤੇ ਕਬਜ਼ਾ ਕਰ ਰਿਹੈਂ। ਕੱਲ੍ਹ ਘਰ 'ਚ ਵੜ ਬੈਠੇਂਗਾ। ਕੀ ਮਤਲਬ ਐ ਏਸ ਦਾ ?"

"ਓ ਚਾਚਾ, ਜਦੋਂ ਜੜ੍ਹ ਈ ਨ੍ਹੀਂ ਰਹੀ ਤਾਂ ਹੋਣ ਨਾ ਹੋਣ ਨਾਲ ਕੀ ਫਰਕ ਪੈ ਜਾਊਗਾ ? ਜਿਊਂ ਲਓ ਦਸ-ਪੰਜ ਸਾਲ, ਜਦੋਂ ਤਕ ਜੀਅ ਨਾ ਭਰੇ। ਉਸ ਪਿੱਛੋਂ ਤਾਂ ਸਭ ਮੇਰਾ ਈ ਐ। ਕੀ ਨਵੀਂ ਜੜ੍ਹ ਲਾਉਣ ਦਾ ਇਰਾਦੈ ?"

"ਤੂੰ ਐਨਾਂ ਅਗਾਂਹ ਦਾ ਸੋਚ ਰਿਹੈਂ ਬਨਵਾਰੀ ?"

"ਅਗਾਂਹ ਦਾ ਮੈਂ ਨ੍ਹੀਂ ਤੂੰ ਸੋਚ ਰਿਹੈਂ ਚਾਚਾ। ਤੇ ਸਮਝਦੈਂ ਕਿਸੇ ਨੂੰ ਕੁਛ ਪਤਾ ਨ੍ਹੀਂ ਆ। ਤੇਰੇ ਮਨ 'ਚ ਕੀ ਪੱਕ ਰਿਹੈ ਇਹ ਮੈਨੂੰ ਈ ਨ੍ਹੀਂ, ਸਾਰੇ ਪਿੰਡ ਨੂੰ ਪਤੈ। ਨਈਂ ਤਾਂ ਕਿਸ ਦੇ ਲਈ ਨੂੰਹ ਨੂੰ ਘਰ ਬਿਠਾ ਕੇ ਪਾਲ ਪਲੋਸ ਰਿਹੈਂ ? ਗੁਆਂਢੀਆਂ ਲਈ ? ਪਰ ਇਮਾਨ ਨਾਲ ਦੱਸੀਂ, ਉਸ ਨੀਲ-ਗਾਂ ਵਰਗੀ ਔਰਤ ਦਾ ਤੈਥੋਂ ਕੁਛ ਸੌਰਦਾ ਵੀ ਐ ਕਿ ?"

ਕੰਧ ਦੀ ਓਟ ਵਿਚ ਖੜ੍ਹੀ ਕੁੱਚੀ ਦੇ ਕੰਨਾਂ ਵਿਚ ਜਿਵੇਂ ਪਿਘਲਦਾ ਹੋਇਆ ਸ਼ੀਸ਼ਾ ਪੈ ਗਿਆ।

"ਓਇ ਬੇਸ਼ਰਮਾਂ।" ਬੁੱਢਾ ਕੂਕਿਆ, "ਸ਼ਰਮ ਹਯਾ ਸਭ ਘੋਟ ਕੇ ਪੀ ਗਿਐਂ ਕਿ ?"

"ਸ਼ਰਮ ਹਯਾ ਬਾਰੇ ਸੋਚਦੇ ਤਾਂ ਘੇਰੇ ਈ ਡਾਕਾ ਮਾਰਦੇ। ਪਿੰਡ ਦੇ ਬੱਚੇ ਬੱਚੇ ਨੂੰ ਪਤਾ ਆ। ਕਿਸ-ਕਿਸ ਦਾ ਮੂੰਹ ਬੰਦ ਕਰੋਗੇ ? ਪੁੱਤ ਤੋਂ ਕੁਛ ਹੋਇਆ ਨ੍ਹੀਂ, ਹੁਣ ਪਿਓ ਜੁਟਿਐ ਬਾਂਝ ਦੇ ਪੁੱਤ ਪੈਦਾ ਕਰਨ।"

ਬਾਂਝ ! ਬਾਂਝ। ਕੁੱਚੀ ਦੇ ਕੰਨ ਵਿਚ ਬੰਬ ਧਮਾਕੇ ਹੋਣ ਲੱਗੇ।

"ਪਰ ਕੰਨ ਖੋਲ੍ਹ ਕੇ ਸੁਣ ਲੈ। ਸਹੁਰਾ ਨੂੰਹ ਬਦਕਾਰੀ ਕਰਨਗੇ ਤਾਂ ਸਾਰਾ ਪਿੰਡ ਚੁੱਪਚਾਪ ਦੇਖਦਾ ਨ੍ਹੀਂ ਰਹੂਗਾ। ਮੂੰਹ ਸਿਰ ਮੁੰਨਾ ਕੇ ਮੂੰਹ ਤੇ ਕਾਲਸ ਮਲ ਕੇ, ਗਧੇ 'ਤੇ ਬੈਠਾ ਕੇ ਸਾਰੇ ਇਲਾਕੇ 'ਚ ਘੁਮਾਏ ਜਾਓਂਗੇ।"

ਹਿਰਖ ਵੱਸ ਰਮੇਸਰ ਦੀ ਦੇਹ 'ਚੋਂ ਅੰਗਿਆਰੇ ਨਿਕਲਣ ਲੱਗੇ। ਉਹਨੇ ਥੋੜ੍ਹੀ ਦੂਰ ਪਿਆ ਇਕ ਡੰਡਾ ਚੁੱਕਿਆ ਤੇ ਕਚੀਚੀ ਜਿਹੀ ਵੱਟ ਕੇ ਮਾਰਨ ਲਈ ਅਹੁਲਿਆ। ਪਰ ਬਨਵਾਰੀ ਨੇ ਡੰਡਾ ਖੋਹ ਕੇ ਪਰ੍ਹਾਂ ਸੁੱਟ ਦਿੱਤਾ ਤੇ ਬੁੱਢੇ ਨੂੰ ਹੇਠਾਂ ਡੇਗ ਕੇ ਮੂੰਹ 'ਤੇ ਤੜਾਤੜ ਮੁੱਕੇ ਮਾਰਨ ਲੱਗਾ। ਬੁੱਢਾ ਚੀਕਿਆ, "ਹਾਏ ਮਾਰ 'ਤਾ ਓਇ। ਬਚਾਓ, ਬਚਾਓ।"

ਕੁੱਚੀ ਅਹੁਲ ਕੇ ਪਹੁੰਚੀ ਤਾਂ ਬਨਵਾਰੀ ਬੁੱਢੇ ਦੀ ਛਾਤੀ 'ਤੇ ਬੈਠਾ ਉਸਦਾ ਗਲ਼ ਘੁੱਟ ਰਿਹਾ ਸੀ। ਬੁੱਢਾ ਗੌਂ-ਗੌਂ ਕਰਦਾ ਤੜਫ ਰਿਹਾ ਸੀ। ਕੁੱਚੀ ਨੇ ਇਕ ਪਾਸਿਓਂ ਬਨਵਾਰੀ ਦੇ ਖੱਬੇ ਮੋਢੇ 'ਤੇ ਲੱਤ ਮਾਰੀ। ਬਨਵਾਰੀ ਉਲਟ ਗਿਆ। ਪਰ ਉਲਟਦੇ-ਉਲਟਦੇ ਉਸਦੇ ਹੱਥ ਵਿਚ ਕੁੱਚੀ ਦੀ ਸਾੜ੍ਹੀ ਆ ਗਈ। ਉਸਨੇ ਆਪਣਾ ਸਾਰਾ ਜ਼ੋਰ ਸਾੜ੍ਹੀ ਖਿੱਚਣ 'ਤੇ ਲਾ ਦਿੱਤਾ। ਸਾੜ੍ਹੀ ਸਰਸਰਾ ਕੇ ਖੁੱਲ੍ਹਣ ਲੱਗੀ। ਅੱਧੀ ਸਾੜ੍ਹੀ ਕੁੱਚੀ ਦੇ ਹੱਥ ਵਿਚ ਤੇ ਅੱਧੀ ਬਨਾਰਸੀ ਦੇ। ਉਦੋਂ ਹੀ 'ਕੀ ਕਰਦੇ ਓ, ਕੀ ਕਰਦੇ ਓ' ਕਹਿੰਦੀ ਹੋਈ ਦੋਵਾਂ ਵਿਚਕਾਰ ਸੁਲਛਨੀ ਆ ਗਈ। ਉਸਨੇ ਬਨਾਰਸੀ ਦੇ ਹੱਥੋਂ ਸਾੜ੍ਹੀ ਖੋਹੀ ਤੇ ਕੁੱਚੀ 'ਤੇ ਸੁੱਟੀ ਦਿੱਤੀ ਤੇ ਬਨਵਾਰੀ ਨੂੰ ਬਾਹੋਂ ਫੜ ਕੇ ਘਰ ਵੱਲ ਘਸੀਟਣ ਲੱਗ ਪਈ।

ਸੁਲਛਨੀ ਦੀ ਪਕੜ 'ਚੋ ਛੁੱਟਣਾ ਕਿੰਨਾ ਕੁ ਮੁਸ਼ਕਲ ਸੀ। ਅੱਧੇ ਝਟਕੇ 'ਚ ਛੁੱਟ ਜਾਂਦਾ। ਪਰ ਉਹ ਖ਼ੁਦ ਛੁੱਟਣਾ ਨਹੀਂ ਸੀ ਚਾਹੁੰਦਾ। ਇਕੋ ਲੱਤ ਖਾ ਕੇ ਉਹ ਡਰ ਗਿਆ ਸੀ। ਇਕ ਵਾਰੀ ਕੁੱਚੀ ਦੇ ਭਰਾ ਨੇ ਦੱਸਿਆ ਸੀ ਕਿ ਪ੍ਰਾਇਮਰੀ ਸਕੂਲ ਵਿਚ ਇਹ ਮੁੰਡਿਆਂ ਨਾਲ ਘੁਲ ਪੈਂਦੀ ਸੀ। ਬਿਲਕੁਲ ਸਹੀ ਦੱਸਿਆ ਸੀ। ਇਸ ਲਈ ਮੁੜ-ਮੁੜ ਕੇ ਗਾਲ੍ਹਾਂ ਕੱਢਦਾ ਹੋਇਆ ਉਹ ਸੁਲਛਨੀ ਦੀ ਪਕੜ ਵਿਚ ਅੰਦਰ ਚਲਾ ਗਿਆ।

ਆਸੇ-ਪਾਸੇ ਦੇ ਲੋਕ ਪਹੁੰਚਣ ਲੱਗੇ ਤਾਂ ਕੁੱਚੀ ਸਾੜ੍ਹੀ ਲਪੇਟਦੀ ਹੋਈ ਉੱਥੋਂ ਹਟ ਗਈ। ਲੋਕਾਂ ਨੇ ਰਮੇਸਰ ਨੂੰ ਖੜ੍ਹਾ ਕੀਤਾ। ਉਹ ਮਿੱਟੀ ਘੱਟੇ ਨਾਲ ਲਿਬੜਿਆ ਹੋਇਆ ਸੀ। ਮੂੰਹ ਵਿਚੋਂ ਖ਼ੂਨ ਥੁੱਕ ਰਿਹਾ ਸੀ। ਉਸਦੇ ਅਗਲੇ ਤਿੰਨ ਦੰਦ ਟੁੱਟ ਗਏ ਸਨ। ਦੋ ਉਪਰਲੇ, ਇਕ ਹੇਠਲਾ।

ਕੁੱਚੀ ਸਾੜ੍ਹੀ ਠੀਕ ਕਰਕੇ ਵਾਪਸ ਆਈ ਤੇ ਰਮੇਸਰ ਨੂੰ ਸਹਾਰਾ ਦੇ ਕੇ ਘਰ ਵੱਲ ਲੈ ਤੁਰੀ। ਬੁੱਢਾ ਬਾਹਰਲੀ ਵਲਗਣ ਵਿਚ ਪਏ ਮੰਜੇ 'ਤੇ ਢਹਿ ਪਿਆ। ਮੇਲਾ ਲੱਗ ਗਿਆ। ਕੁੱਚੀ ਗੜਵੀ ਵਿਚ ਗਰਮ ਪਾਣੀ ਲੈ ਆਈ। ਬੁੱਢੇ ਨੂੰ ਬੈਠਾ ਕੇ ਕੁਰਲੀ ਕਰਵਾਈ। ਸਾਫਾ ਗਿੱਲਾ ਕਰਕੇ ਉਸਦੇ ਚਿਹਰੇ ਤੇ ਪਿੰਡੇ ਦੀ ਧੂੜ ਮਿੱਟੀ ਸਾਫ਼ ਕੀਤੀ ਤੇ ਲੰਮਾ ਪਾ ਕੇ ਉੱਤੇ ਰਜਾਈ ਦੇ ਦਿੱਤੀ। ਉਹ ਅੱਖਾਂ ਬੰਦ ਕਰਕੇ ਕਰਾਹੁਣ ਲੱਗਾ। ਲੋਕ ਬਨਵਾਰੀ ਨੂੰ ਜ਼ਿਆਦਤੀ ਕਰਨ ਲਈ ਬੁਰਾ-ਭਲਾ ਕਹਿਣ ਲੱਗੇ। ਮੰਜੇ ਦੀ ਬਾਹੀ ਫੜ ਕੇ ਜ਼ਮੀਨ 'ਤੇ ਲੱਤਾਂ ਪਸਾਰੀ ਬੈਠੀ ਬੁੱਢੀ ਲੋਕਾਂ ਦੀ ਹਮਦਰਦੀ ਵੇਖ ਕੇ ਰੋਣ ਲੱਗ ਪਈ। ਥੋੜ੍ਹੀ ਦੇਰ ਰੋਂਦੀ, ਫੇਰ ਅੱਖੀਂ ਡਿੱਠਾ ਹਾਲ ਸੁਣਾਉਂਦੀ, "ਹਾਏ ਕਿੱਡੀ



ਬੇਦਰਦੀ ਨਾਲ ਮੁੱਕੇ ਮਾਰ ਰਿਹਾ ਸੀ...ਛਾਤੀ 'ਤੇ ਚੜ੍ਹ ਕੇ ਕੁੱਦ ਰਿਹਾ ਸੀ...ਭਤੀਜਾ ਨ੍ਹੀਂ ਦੁਸ਼ਮਣ ਐਂ ਸਾਡਾ। ਬਹੂ ਨਾ ਪਹੁੰਚਦੀ ਤਾਂ ਮਾਰ ਈ ਦਿੰਦਾ ਹੁੰਦਾ।"

ਅਚਾਨਕ ਕੁੱਚੀ ਨੂੰ ਇਸ ਮਹਾਭਾਰਤ ਦੀ ਜੜ੍ਹ ਯਾਦ ਆਈ। ਉਸਨੇ ਖੁਰਲੀ 'ਤੇ ਬੰਨ੍ਹੀ ਬਨਵਰੀ ਦੀ ਮੱਝ ਤੇ ਕੱਟੀ ਦੇ ਰੱਸੇ ਖੋਲ੍ਹ ਦਿੱਤੇ ਤੇ ਦੋ-ਦੋ ਡੰਡੇ ਮਾਰ ਕੇ ਬਾਹਰ ਵੱਲ ਭਜਾ ਦਿੱਤੇ।

ਲੋਕ ਇਕ-ਇਕ ਕਰਕੇ ਵਾਪਸ ਜਾਣ ਲੱਗੇ। ਬੁੱਢੇ ਦਾ ਦਰਦ ਵਧ ਗਿਆ। ਪਿੱਠ ਵਿਚ ਗੁੱਝੀ ਸੱਟ ਵੱਜੀ ਸੀ ਤੇ ਕੂਹਣੀਆਂ ਛਿੱਲੀਆਂ ਗਈਆਂ ਸਨ। ਕੁੱਚੀ ਕੌਲੀ ਵਿਚ ਹਲਦੀ ਤੇਲ ਗਰਮ ਕਰਕੇ ਲੈ ਆਈ ਤੇ ਸੱਸ ਬਹੂ ਰਜਾਈ ਦੇ ਅੰਦਰ ਹੱਥ ਪਾ ਕੇ ਬੁੱਢੇ ਦੀ ਮਾਲਸ਼ ਕਰਨ ਲੱਗ ਪਈਆਂ।

ਅੱਧੀ ਰਾਤ ਹੋ ਗਈ। ਚਾਰੇ-ਪਾਸੇ ਚੁੱਪ ਵਾਪਰ ਗਈ। ਬੁੱਢੇ ਦਾ ਕਰਾਹੁਣਾ ਬੰਦ ਹੋ ਗਿਆ ਤਾਂ ਬੁੱਢੀ ਨੇ ਬਹੂ ਨੂੰ ਕਿਹਾ, "ਜਾ ਕੇ ਚੁੱਲ੍ਹੇ 'ਤੇ ਦਾਲ ਚੌਲ ਧਰ ਲੈ।"

ਬੁੱਢੀ ਦੇਰ ਤਕ ਬਾਹੀ 'ਤੇ ਸਿਰ ਟਿਕਾਈ ਅੱਖਾਂ ਬੰਦ ਕਰੀ ਬੈਠੀ ਰਹੀ। ਬੁੱਢੇ ਦੀ ਦੇਹ 'ਚ ਹਿਲਜੁੱਲ ਹੋਈ ਤਾਂ ਕਿਹਾ, "ਤੇਰੀ ਥਾਲੀ ਏਥੇ ਭੇਜ ਦਿੰਨੀਂ ਆਂ।"

"ਤੁਸੀਂ ਲੋਕ ਖਾਓ। ਮੈਨੂੰ ਬਿਲਕੁਲ ਭੁੱਖ ਨ੍ਹੀਂ।"

"ਤੂੰ ਨਾ ਖਾਵੇਂਗਾ ਤਾਂ ਕਿਸੇ ਵੀ ਨ੍ਹੀਂ ਖਾਣਾ। ਅੱਜ ਦਾ ਦਿਨ ਵਰਤ ਰੱਖਣ ਦਾ ਨ੍ਹੀਂ।"

"ਹੁਣ ਮੈਂ ਬਹੂ ਨੂੰ ਇਸਦੇ ਪੇਕੇ ਪਹੁੰਚਾ ਕੇ ਈ ਅੰਨ-ਜਲ ਨੂੰ ਹੱਥ ਲਊਂਗਾ। ਉਸਨੂੰ ਕਹਿ ਸਵੇਰੇ ਤਿਆਰ ਹੋ ਜਾਵੇ। ਸਾਰੇ ਝਗੜੇ ਦੀ ਜੜ੍ਹ ਖ਼ਤਮ ਹੋ ਜਾਊਗੀ।"

"ਕੀ ਬਕ ਰਿਹੈਂ ?" ਬੁੱਢੀ ਹਿਰਖ ਵੱਸ ਫੁਕਾਰੀ, "ਝਗੜੇ ਦੀ ਜੜ੍ਹ ਬਹੂ ਐ ਕਿ ਤੇਰਾ ਉਹ ਕਸਾਈ ਭਤੀਜਾ, ਜਿਸਦੇ ਮੂੰਹ 'ਤੇ ਲਗਾਮ ਨ੍ਹੀਂ। ਜਿਹੜਾ ਸਾਡੇ ਖੇਤਾਂ ਤੇ ਘਰ ਬਾਰ 'ਤੇ ਈ ਨ੍ਹੀਂ ਬਹੂ 'ਤੇ ਵੀ ਦੰਦ ਗੱਡੀ ਬੈਠੈ। ਬਹੂ ਤਾਂ ਏਸ ਘਰ 'ਚ ਵਿਆਹ ਕੇ ਆਈ ਐ। ਉਸੇ ਦਾ ਸਭ ਕੁਛ ਐ। ਅੱਜ ਉਸਨੂੰ ਛੱਡ ਆਏਂਗਾ ਤਾਂ ਮੈਨੂੰ ਫੜ ਕੇ ਜੰਗਲ ਤੂੰ ਲੈ ਚੱਲੇਂਗਾ ? ਰੋਟੀਆਂ ਤੂੰ ਪਕਾਵੇਂਗਾ ? ਮੇਰੇ ਠੀਕ ਹੋਣ ਪਿੱਛੋਂ ਉਹ ਆਪਣੀ ਮਰਜ਼ੀ ਨਾਲ ਜਾਣਾ ਚਾਹੂਗੀ ਤਾਂ ਸ਼ੌਕ ਨਾਲ ਧੀ ਵਾਂਗੂੰ ਵਿਦਾ ਕਰਾਂਗੇ ਤੇ ਰਹਿਣਾ ਚਾਹੂਗੀ ਤਾਂ ਘਰ ਦੀ ਮਾਲਕਣ ਬਣਾ ਕੇ ਰੱਖਾਂਗੇ। ਉਸਨੂੰ ਕੌਣ ਕੱਢ ਸਕਦੈ ? ਅਜਿਹੀ ਗੱਲ ਮੂੰਹੋਂ ਨਿਕਲੀ ਕਿਵੇਂ ? ਕਿਤੋਂ ਦਾ ਗੁੱਸਾ ਕਿਤੇ ਲਾਹ ਰਿਹੈਂ ? ਪਿੱਸੂਆਂ ਤੋਂ ਡਰ ਕੇ ਕੋਈ ਜੁੱਲੀਆਂ ਨੂੰ ਅੱਗ ਥੋੜ੍ਹਾ ਈ ਲਾ ਦਿੰਦੈ ? ਉੱਠ, ਹੱਥ ਮੂੰਹ ਧੋ।"

ਬੁੱਢਾ ਥੋੜ੍ਹੀ ਦੇਰ ਚੁੱਪ ਰਿਹਾ, ਫੇਰ ਬੋਲਿਆ, "ਖਾ ਨ੍ਹੀਂ ਹੋਣਾ। ਦੰਦਾਂ 'ਚ ਬੜੀ ਪੀੜ ਐ। ਲੱਗਦੈ, ਮੂੰਹ ਸੁੱਜ ਗਿਐ।"

"ਅੱਛਾ ਹੌਲੀ-ਹੌਲੀ ਇਕ ਗਲਾਸ ਠੰਢਾ ਦੁੱਧ ਪੀ ਲੈ। ਭੇਜਦੀ ਆਂ।"

ਬੁੱਢੇ ਦੇ ਦੁੱਧ ਪੀਣ ਪਿੱਛੋਂ ਕੁੱਚੀ ਸੱਸ ਦੀ ਥਾਲੀ ਲੈ ਕੇ ਉਸਦੀ ਕੋਠੜੀ ਵਿਚ ਗਈ ਤਾਂ ਬੁੱਢੀ ਨੇ ਹੱਥ ਫੜ ਕੇ ਉਸਨੂੰ ਵੀ ਬੈਠਾ ਲਿਆ—"ਆ, ਐਸੇ 'ਚ ਦੋਵੇਂ ਜਣੀਆਂ ਖਾ ਲੈਣੀਆਂ।"

ਖਾ ਕੇ ਦੋਵੇਂ ਇਕੋ ਮੰਜੀ 'ਤੇ ਪੈ ਗਈਆਂ। ਕਿਸੇ ਦੀਆਂ ਅੱਖਾਂ ਵਿਚ ਨੀਂਦ ਨਹੀਂ ਸੀ। ਬਹੂ ਕੁਝ ਚਿਰ ਤਕ ਸੱਸ ਨਾਲ ਗੱਲਾਂ ਕਰਦੀ ਰਹੀ, ਫੇਰ ਉੱਠੀ ਤੇ ਦਰਵਾਜ਼ਾ ਖੋਲ੍ਹ ਕੇ ਬਾਹਰ ਆ ਗਈ। ਬਾਹਰਲੇ ਵਰਾਂਡੇ 'ਚ ਸਹੁਰੇ ਹੁਰੀਂ ਰਜਾਈ ਲਈ ਬੈਠੇ ਸੀ। ਉਹਨਾਂ ਦੀ ਬੀੜੀ ਦੀ ਲੌ ਰਹਿ-ਰਹਿ ਕੇ ਜਗ ਰਹੀ ਸੀ।

"ਬਾਬੂ ਜੀ, ਉੱਠੋ।"

"ਕੀ ਹੋਇਆ ?"

"ਅੰਦਰ ਚੱਲੋ। ਤੁਹਾਡੀ ਮੰਜੀ ਅੱਜ ਤੋਂ ਅੰਦਰੇ ਡਾਹਵਾਂਗੇ। ਜੇਠ ਦੇ ਸਿਰ ਲਾਲਚ ਦਾ ਭੂਤ ਸਵਾਰ ਐ। ਤੁਹਾਡਾ ਏਥੇ ਬਾਹਰ ਸੌਣਾ ਖਤਰੇ ਤੋਂ ਖਾਲੀ ਨ੍ਹੀਂ।"

ਸਹੁਰੇ ਨੇ ਉੱਠਣ 'ਚ ਆਲਸ ਦਿਖਾਈ ਤਾਂ ਬਹੂ ਨੇ ਉਸਦੀ ਬਾਂਹ ਫੜ ਲਈ, "ਉੱਠੋ।"

ਬੁੱਢੇ ਨੂੰ ਅੰਦਰ ਪਾ ਕੇ ਕੁੱਚੀ ਨੇ ਬੂਹੇ ਦੀ ਕੁੰਡੀ ਲਾ ਲਈ। ਫੇਰ ਆਪਣੀ ਕੋਠੜੀ ਵਿਚ ਜਾਣ ਦੀ ਬਜਾਏ ਸੱਸ ਦੀ ਕੋਠੜੀ ਵੱਲ ਤੁਰ ਗਈ। ਰਜਾਈ ਵਿਚ ਵੜ ਕੇ ਉਹ ਬੁੱਢੀ ਦੇ ਗਲ਼ 'ਚ ਬਾਹਵਾਂ ਪਾ ਕੇ ਪੈ ਗਈ।

ਬੁੱਢੀ ਹਟਕੋਰੇ ਭਰਦੀ ਹੋਈ ਬੁੜਬੁੜਾ ਰਹੀ ਸੀ—"ਅਸੀਂ ਬੁੱਢੇ ਕਿੰਨੇ ਦਿਨਾਂ ਦੇ ਪਰਾਹੁਣੇ ਆਂ ? ਸਾਡੇ ਬਾਅਦ ਤਾਂ ਸਭ ਕੁਸ਼ ਉਸੇ ਦਾ ਹੋਣਾ ਐਂ। ਫੇਰ ਵੀ ਉਸਨੂੰ ਸਬਰ ਨ੍ਹੀਂ।"

"ਉਸਨੇ ਤੁਹਾਡੇ ਮਰਨ ਦੀ ਉਡੀਕ ਨ੍ਹੀਂ ਕਰਨੀ ਅੰਮਾ। ਮਰਨ ਦਾ ਇੰਤਜਾਮ ਕਰ ਦੇਊਗਾ। ਮੈਂ ਈ ਆਂ, ਉਸਦੇ ਰਸਤੇ ਦਾ ਕੰਡਾ। ਮੇਰੇ ਜਾਂਦਿਆਂ ਈ ਉਹ ਤੁਹਾਨੂੰ ਦੋਵਾਂ ਨੂੰ ਨਿਗਲ ਜਾਊਗਾ।"

ਬੁੱਢੀ ਅੰਦਰ ਤਕ ਕੰਬ ਗਈ। ਪਰ ਦਿਖਾਵੇ ਵਜੋਂ ਕਿਹਾ, "ਨਿਗਲ ਜਾਊਗਾ, ਤਾਂ ਨਿਗਲ ਜਾਵੇ। ਜਿਵੇਂ ਭਗਵਾਨ ਦੀ ਮਰਜੀ।"

"ਪਰ ਮੈਂ ਉਸਨੂੰ ਨਿਗਲਣ ਦਿਊਂਗੀ ਤਾਂ ਨਾ। ਸਿੰਧੀ ਮੱਛੀ ਬਣ ਕੇ ਉਸਦੇ ਗਲ਼ 'ਚ ਨਾ ਫਸ ਜੂੰਗੀ। ਉਸਦੀਆਂ ਆਂਦਰਾਂ 'ਚ ਹੱਥ ਪਾ ਕੇ ਆਪਣੀ ਜ਼ਮੀਨ ਕੱਢ ਲਊਂਗੀ। ਹੁਣ ਮੈਂ ਤੁਹਾਨੂੰ ਛੱਡ ਕੇ ਕਿਧਰੇ ਨ੍ਹੀਂ ਜਾਣ ਵਾਲੀ। ਜਿਵੇਂ ਤੁਸੀਂ 'ਉਹਨਾਂ' ਦੇ ਮਾਂ ਪਿਓ ਸੀ ਓਵੇਂ ਈ ਮੇਰੇ ਓਂ।" ਉਸਦੀ ਆਵਾਜ਼ ਲਗਾਤਾਰ ਉੱਚੀ ਹੁੰਦੀ ਗਈ—"ਸੁਨੇਹਾ ਭੇਜ ਦਿਓ ਮੇਰੇ ਬਾਪੂ ਨੂੰ ਕਿ ਹੁਣ ਕੁੱਚੀ ਦੀ ਜ਼ਿੰਦਗੀ ਆਪਣੇ ਸੱਸ-ਸਹੁਰੇ ਦੀ ਸੇਵਾ 'ਚ ਬੀਤੂਗੀ। ਕਰੇ ਜਿੰਨੀ ਬਦਨਾਮੀ ਕਰਨਾ ਚਾਹੁੰਦੈ ਪਾਪੀ।"

ਬੁੱਢੀ ਨੇ ਬਹੂ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ।

"ਤੂੰ ਨਈਂ ਜਾਣਾ ਚਾਹੁੰਦੀ ਤਾਂ ਕੋਈ ਤੈਨੂੰ ਜਬਰਦਸਤੀ ਥੋੜ੍ਹਾ ਭੇਜ ਦਊਗਾ ਧੀਏ। ਅਸੀਂ ਸਾਰੇ ਜਿਉਂਆਂਗੇ, ਤੈਨੂੰ ਫੁੱਲ ਵਾਂਗੂ ਰੱਖਾਂਗੇ।...ਪਰ ਜਵਾਨ ਦੇਹ ਦਾ ਵੀ ਇਕ ਧਰਮ ਹੁੰਦੈ। ਇਹ ਦਿਨ 'ਕੱਲਿਆਂ ਨ੍ਹੀਂ ਕੱਟ ਹੁੰਦੇ।"

"ਸਾਰੇ ਫਲ ਚੱਖੇ ਐ ਅੰਮਾ...ਇਕ ਫਲ ਛੱਡ ਕੇ ਕੋਈ ਮਰਨ ਤਾਂ ਨ੍ਹੀਂ ਲੱਗੀ।"

ਕੋਠੜੀ ਵਿਚ ਚੁੱਪ ਵਾਪਰ ਗਈ।

ਪਿੰਡ ਦੀਆਂ ਔਰਤਾਂ ਵਿਚਕਾਰ ਬਸ ਇਕੋ ਚਰਚਾ ਸੀ—'ਇਹ ਗਰਭ ਇਹ ਲਿਆਈ ਕਿੱਥੋਂ ਐ ?'

"ਮੈਨੂੰ ਤਾਂ ਲੱਗਦੈ, ਘਰੇ ਈ ਖੇਡਾ ਪਿਐ। ਆਪਣੇ ਬੁੱਢੇ ਨੂੰ ਪਸਮਾ ਲਿਆ ਹੋਊਗਾ।" ਇਕ ਬੁੱਢੀ ਅੰਦਾਜ਼ਾ ਲਾ ਰਹੀ ਸੀ।

"ਬੁੱਢੇ 'ਚ ਹੁਣ ਕੀ ਪਿਐ ਅੰਮਾ ? ਸੱਠ ਪਾਰ ਕਰ ਗਿਆ ਹੋਊ।" ਇਕ ਬਹੂ ਦਾ ਸ਼ੰਕਾ ਸੀ।

"ਸੱਠ ਤਾਂ ਕੁਛ ਵੀ ਨ੍ਹੀਂ।" ਬੁੱਢੀ ਦਾ ਜਵਾਬ ਸੀ—"ਕਿਸੇ ਦਿਨ ਆਪਣੇ ਬੁੱਢੇ ਨੂੰ ਆਜਮਾ ਕੇ ਦੇਖੀਂ ਤਾਂ ਪਤਾ ਲੱਗ-ਜੂਗਾ। ਮਰਦ ਤੇ ਘੋੜਾ ਕਦੇ ਬੁੱਢੇ ਨ੍ਹੀਂ ਹੁੰਦੇ। ਖ਼ੁਰਾਕ ਮਿਲਦੀ ਰਹੇ ਤਾਂ ਭਾਵੇਂ ਅਖ਼ੀਰਲੇ ਦਿਨ ਜੋਤ ਲਓ। ਸਾਡੇ ਮਿੱਠੂ ਦੇ ਪਿਓ ਨੂੰ ਦੇਖਦੀ



ਐਂ...ਬਜਰੰਗੀ ਦੇ ਪਿਓ ਤੋਂ ਸਾਲ ਦੋ ਸਾਲ ਵੱਡਾ ਈ ਹੋਣੈ। ਪਰ ਮਹੀਨਾ-ਵੀਹ ਦਿਨ ਲੰਘ ਜਾਣ ਤਾਂ ਲੱਗਦੈ ਬਹੁੜੀ ਦੁਹਾਈ ਪਾਉਣ। ਕੀ ਹੋਇਆ ਜੇ ਥੋੜ੍ਹਾ ਕੁੱਬਾ ਹੋ ਗਿਐ। 'ਨਾੜ ਵੱਜੀ ਜਾਂਦੀ ਐ, ਸਿਰ 'ਚ ਪੀੜਾਂ ਪੈ ਰਹੀਐਂ'—ਦੁਪਹਿਰ ਤੋਂ ਈ ਅੜਾਟ ਪਾਉਣ ਲੱਗ ਪੈਂਦੈ। ਘਰ ਦੀਆਂ ਬਹੂਆਂ ਨੂੰ ਪਤਾ ਲੱਗ ਜਾਂਦੈ ਬਈ ਅੰਮਾ ਲਈ ਬੁਲਾਵਾ ਆ ਰਿਹੈ। ਗਰਮ ਤੇਲ ਦੀ ਕੌਲੀ ਲੈ ਕੇ ਰਾਤ ਨੂੰ ਬੁੱਢੇ ਦੀ ਸੇਵਾ 'ਚ ਜਾਣਾ ਪਊਗਾ। ਸਾਰੀਆਂ ਮੂੰਹ 'ਚ ਕੱਪੜਾ ਲੈ ਲੈ ਹੱਸਦੀਐਂ, ਮਜਾਕ ਕਰਦੀਐਂ—'ਅੰਮਾ ਜੀ ਤੇਰੀ ਗੌਨੇ ਆਲੀ ਸਾੜ੍ਹੀ ਕੱਢਤੀ ਐ, ਉਹੀ ਬੰਨ੍ਹ ਕੇ ਜਾਈਂ'।"

ਆਮ ਧਾਰਨਾ ਅਨੁਸਾਰ ਬੁੱਢੇ ਦਾ ਮਤਲਬ ਸੱਤਰ-ਅੱਸੀ ਸਾਲ ਦਾ ਆਦਮੀ ਹੁੰਦਾ ਹੈ ਪਰ ਇਸ ਇਲਾਕੇ ਵਿਚ ਇਸ ਦਾ ਮਤਲਬ ਸੱਚਮੁੱਚ ਏਨਾ ਬੁੱਢਾ ਹੋਏ, ਇਹ ਜ਼ਰੂਰੀ ਨਹੀਂ। ਪੁੱਤਰ ਦੀ ਡੋਲੀ ਆਉਂਦਿਆਂ ਹੀ ਬਹੂ ਨਾਲ ਗੱਲ ਕਰਦਿਆਂ ਹੋਇਆਂ ਖ਼ੁਦ ਸੱਸ ਆਪਣੇ ਪਤੀ ਨੂੰ 'ਬੁੱਢਾ' ਕਹਿਣ ਲੱਗ ਪੈਂਦੀ ਹੈ, ਭਾਵੇਂ 'ਬੁੱਢਾ' ਅਜੇ ਪੰਜਾਹ ਨਾ ਪਾਰ ਕੀਤਾ ਹੋਵੇ। ਇਸੇ ਕੜੀ ਵਿਚ ਉਹ ਖ਼ੁਦ 'ਬੁੱਢੀ', 'ਅੰਮਾ' ਜਾਂ 'ਅੰਬੋ' ਬਣ ਜਾਂਦੀਆਂ ਨੇ। ਪਰ ਕਹਿਣ ਦਾ ਕੀ। ਕਦੀ-ਕਦੀ ਤਾਂ ਇੰਜ ਹੁੰਦਾ ਹੈ ਕਿ ਸੱਸ-ਬਹੂ ਦੀ ਜੱਚਗੀ ਇਕੱਠੀ ਪੈ ਜਾਂਦੀ ਹੈ।

"ਮੈਂ ਬਹੂਆਂ ਤੋਂ ਮੂੰਹ ਲਕੋਂਦੀ ਫਿਰਦੀ ਆਂ। ਪਰ ਜਾਣਾ ਤਾਂ ਪੈਂਦਾ ਈ ਐ। ਨਾ ਜਾਵਾਂ ਤਾਂ ਅਗਲੇ ਦਿਨ ਕੋਈ ਬਹਾਨਾ ਕੱਢ ਕੇ ਸਾਰੇ ਟੱਬਰ ਨੂੰ ਗਾਲ੍ਹਾਂ ਦੇਣ ਲੱਗ ਪੈਂਦੈ। ਟੱਬਰ ਨੂੰ ਉਸਦੀ ਕਰੋਪੀ ਤੋਂ ਬਚਾਉਣ ਲਈ ਜਾਣਾ ਪੈਂਦੈ।"

"ਅੱਛਾ! ਆਪਣੀ ਖ਼ੁਸ਼ੀ ਨਾਲ ਨ੍ਹੀਂ ਜਾਂਦੀ ?"

ਬੁੱਢੀ ਦੇ ਬੁੱਲ੍ਹਾਂ 'ਤੇ ਰੋਕਦਿਆਂ-ਰੋਕਦਿਆਂ ਵੀ ਮੁਸਕਾਨ ਆ ਗਈ।

ਕੁੱਚੀ ਦੇ ਗਰਭ ਬਾਰੇ ਔਰਤਾਂ ਵਿਚ ਦੋ ਰਾਵਾਂ ਨੇ। ਇਕ ਰਾਏ ਅਨੁਸਾਰ ਜੇ ਉਸਨੇ ਇਵੇਂ ਹੀ ਕਰਨਾ ਸੀ ਤਾਂ ਇਸ ਤੋਂ ਚੰਗਾ ਸੀ ਦੂਜਾ ਖਸਮ ਕਰ ਲੈਂਦੀ। ਰਮੇਸਰ ਭਗਤ ਦੇ ਮੂੰਹ 'ਤੇ ਕਾਲਸ ਪੋਚਣ ਦੀ ਕੀ ਲੋੜ ਸੀ ?

"ਇਹ ਤਾਂ ਹੋਣਾ ਈ ਸੀ। ਜਦੋਂ ਦੀ ਜੁੜਵਾਂ ਤੋਪ ਤਾਣ ਕੇ ਤੁਰਨ ਲੱਗੀ ਸੀ ਮੈਂ ਤਾਂ ਉਦੋਂ ਈ ਕਹਿ 'ਤਾ ਸੀ ਬਈ ਇਹ 'ਕਹਿਰ' ਛੇਤੀ ਈ ਕਿਸੇ ਨਾ ਕਿਸੇ 'ਤੇ ਡਿੱਗੂ।"

"ਹੁਣ ਸਵਾਲ ਤਾਂ ਇਹ ਐ ਬਈ ਉਹ 'ਕਹਿਰ' ਕਿਸ ਤਕਦੀਰ ਦੇ ਧਨੀ 'ਤੇ ਡਿੱਗਿਆ ?"

ਉਹਨਾਂ ਵਿਚਕਾਰ ਇਕ-ਇਕ ਨਾਂ ਪੇਸ਼ ਹੁੰਦਾ ਹੈ ਤੇ ਖਾਰਜ ਹੋ ਜਾਂਦਾ ਹੈ।

ਕਿਸੇ-ਕਿਸੇ ਨੇ ਤਾਂ ਆਪਣੇ ਪਤੀ ਤੋਂ ਵੀ ਜਵਾਬ-ਤਲਬੀ ਕਰ ਲਈ, "ਕਿਤੇ ਤੁਹਾਡਾ ਤਾਂ ਨ੍ਹੀਂ ? ਤੁਹਾਡੀਆਂ ਸਾਰੀਆਂ ਚਾਲਾਂ ਚਰਿਤਰਾਂ ਦਾ ਪਤੈ ਮੈਨੂੰ।"

ਕੁਝ ਕੁ ਦਾ ਕਹਿਣਾ ਹੈ ਕਿ ਰੰਡੀ ਤਾਂ ਆਪਣਾ ਰੰਡੇਪਾ ਕੱਟ ਲਵੇ ਪਰ ਉਂਗਲਾਂ ਵਾਲੇ ਕੱਟਣ ਦੇਣ ਤਾਂ ਨਾ। ਔਰਤ ਜਾਤ ਕਦੋਂ ਤਕ ਜਾਨ ਬਚਾਏ।

"ਘਰ, ਪਰਦੇ 'ਚ ਰਹਿਣਾ ਹੋਏ ਤਾਂ ਬਚ ਵੀ ਜਾਏ। ਖੇਤ ਦੇ ਕੰਮ ਲਈ ਤਾਂ ਟੈਮ ਬੇਟੈਮ ਨਿਕਲਣਾ ਈ ਪਊਗਾ।"

"ਜਿਹੜੀਆਂ ਪਰਦੇ 'ਚ ਰਹਿੰਦੀਐਂ, ਉਹ ਕਿਹੜਾ ਬਚ ਜਾਂਦੀਐਂ।" ਇਕ ਬਹੂ ਕਹਿੰਦੀ ਹੈ—"ਮੇਰੇ ਪੇਕੇ ਇਕ ਵੱਡੇ ਘਰ ਦੀ ਬਹੂ ਗੌਨੇ ਤੋਂ ਬਾਅਦ ਈ ਵਿਧਵਾ ਹੋ ਗਈ। ਦੂਜਾ ਵਿਆਹ ਉਹਨਾਂ ਦੇ ਹੁੰਦਾ ਨ੍ਹੀਂ ਸੀ। ਵਿਧਵਾ ਹੋਣ ਤੋਂ ਚੌਥੇ ਪੰਜਵੇਂ ਮਹੀਨੇ ਖ਼ਬਰ ਉੱਡੀ 'ਬਹੂ ਤਪ ਕਰਨ ਬੈਠ ਗਈ ਐ। ਇਕਾਂਤ ਤਪ। ਹੁਣ ਸੂਰਜ ਦੀਆਂ ਕਿਰਨਾਂ ਵੀ ਉਸਨੂੰ ਦੇਖ ਨਈਂ ਸਕਣਗੀਆਂ।

ਬੜਾ ਵੱਡਾ ਘਰ ਸੀ। ਬੜਾ ਵੱਡਾ ਵਿਹੜਾ। ਫੁੱਲਵਾੜੀ। ਕਦੇ ਬਾਹਰ ਨਈਂ ਨਿਕਲੀ। ਕਦੇ ਕਿਸੇ ਦੇ ਸਾਹਵੇਂ ਨ੍ਹੀਂ ਆਈ। ਜੰਗਲ-ਪਾਣੀ ਦਾ ਇੰਤਜ਼ਾਮ ਵੀ ਹਾਤੇ 'ਚ ਈ ਕਰ ਦਿੱਤਾ ਗਿਆ। ਘੋਰ ਤਪੱਸਿਆ। ਤਾਂ ਕਿ ਅਗਲੇ ਜਨਮ 'ਚ ਵਿਧਵਾ ਦੀ ਜੂਨ ਨਾ ਭੋਗਣੀ ਪਵੇ। ਚੌਦਾਂ ਸਾਲ ਤਪੱਸਿਆ ਕੀਤੀ। ਇਕ ਦਿਨ ਖ਼ਬਰ ਫ਼ੈਲੀ ਕਿ ਤਪੱਸਿਆ 'ਚ ਬੈਠੀ-ਬੈਠੀ ਈ ਸੁਰਗਵਾਸ ਹੋ ਗਈ। ਉੱਥੇ ਅਹਾਤੇ 'ਚ ਈ ਉਸਨੂੰ ਸਮਾਧੀ ਦੇ ਦਿੱਤੀ ਗਈ। ਕਈ ਸਾਲ ਬਾਅਦ ਅਗਲੀ ਪੀੜ੍ਹੀ ਨੇ ਪਿੰਡ ਵਾਲਾ ਉਹ ਘਰ ਵੇਚ ਕੇ ਪੱਕੀ ਸੜਕ ਦੇ ਕਿਨਾਰੇ ਘਰ ਬਣਵਾ ਲਿਆ। ਪਿੰਡ ਦੇ ਜਿਸ ਗੁਆਂਢੀ ਨੇ ਘਰ ਨੂੰ ਖਰੀਦਿਆ ਉਸਨੂੰ ਢਾਅ ਕੇ ਪੱਕਾ ਘਰ ਬਣਵਾਉਣਾ ਸ਼ੁਰੂ ਕਰ ਦਿੱਤਾ। ਨੀਂਹਾਂ ਪੁੱਟੀਆਂ ਜਾਣ ਲੱਗੀਆਂ ਤਾਂ ਤਪੱਸਿਆ ਵਾਲੀ ਕੋਠੜੀ ਦੇ ਫਰਸ਼ ਹੇਠੋਂ ਸੱਤ ਨਿੱਕੇ-ਨਿੱਕੇ ਬਾਲਾਂ ਦੇ ਪਿੰਜਰ ਨਿਕਲੇ—ਚੌਦਾਂ ਸਾਲ ਦੀ ਤਪੱਸਿਆ ਦਾ ਫਲ। ਸੱਤ ਬੱਚੇ।"

ਬੁੱਢੀ ਕਹਿੰਦੀ ਹੈ, "ਇਹ ਦੁਨੀਆਂ ਬੜੀ ਵੱਡੀ ਐ। ਏਥੇ ਕੀ ਨ੍ਹੀਂ ਹੁੰਦਾ? ਸਾਰੇ ਆਪਣੀ ਗਰਜ ਤੇ ਦਸ਼ਾ ਨਾਲ ਨਿੱਬੜਨ ਦਾ ਰਸਤਾ ਲੱਭ ਲੈਂਦੇ ਐ। ਨਾਲ ਵਾਲੇ ਪਿੰਡ ਦੇ ਮਥਰੇ ਦਾ ਨਾਂ ਤਾਂ ਤੁਸੀਂ ਸਾਰੀਆਂ ਨੇ ਸੁਣਿਆਂ ਈ ਹੋਊਗਾ। ਪੰਜ ਛੇ ਸਾਲ ਪਹਿਲਾਂ ਈ ਤਾਂ ਮਰਿਐ। ਜਦੋਂ ਵਿਆਹ ਕੇ ਪਹਿਲੀ ਵਾਰੀ ਏਸ ਪਿੰਡ 'ਚ ਆਈ ਸੀ ਤਾਂ ਔਰਤਾਂ ਵਿਚਕਾਰ ਮਥਰੇ ਨੂੰ ਲੈ ਕੇ ਬੜਾ ਹਾਸਾ-ਮਖੌਲ ਹੁੰਦਾ ਸੀ। ਚਾਲੀ ਪੰਜਾਹ ਸਾਲ ਤਾਂ ਹੋ ਈ ਗਏ ਹੋਣੇ ਐਂ। ਉਸ ਜ਼ਮਾਨੇ 'ਚ ਜਿਸ ਔਰਤ ਦੇ ਗੌਨੇ ਤੋਂ ਤਿੰਨ-ਚਾਰ ਸਾਲ ਬਾਅਦ ਤਕ ਬੱਚਾ ਨ੍ਹੀਂ ਸੀ ਹੁੰਦਾ, ਉਸ ਘਰ 'ਚ ਸੋਗ ਵਾਪਰ ਜਾਂਦਾ ਸੀ। ਡਾਕਟਰੀ ਦਾ ਜ਼ਮਾਨਾ ਤਾਂ ਸੀ ਨ੍ਹੀਂ ਪੁੱਛਾਂ-ਹਜਰੈਤਾਂ ਤੇ ਟੂਣੇ-ਟੋਟਕੇ ਸ਼ੁਰੂ ਹੋ ਜਾਂਦੇ। ਪੱਦੀਂ-ਹੱਗੀਂ ਔਰਤਾਂ ਮਜ਼ਾਕ ਕਰਨ ਪੈਂਦੀਆਂ ਸੀ ਬਈ ਲੱਗਦੈ ਹੁਣ ਇਸਨੂੰ ਮਥਰੇ ਦੀ ਚੌਂਕੀ ਭਰੌਣੀ ਪਊਗੀ। ਮਥਰਾ ਝਾੜ-ਫੂਕ ਕਰਦਾ ਸੀ। ਭੂਤ-ਪ੍ਰੇਤ ਕੱਢਦਾ ਸੀ। ਭੂਤੀ ਕਸਰ ਵਾਲੀਆਂ ਔਰਤਾਂ ਦੂਰੋਂ-ਦੂਰੋਂ ਆ ਕੇ ਉਸਦੀ ਚੌਂਕੀ ਭਰਦੀਆਂ ਸੀ। ਪਰ ਅਸਲੀ ਮਸ਼ਹੂਰੀ ਇਸ ਗੱਲ ਦੀ ਸੀ ਕਿ ਉਸਦਾ 'ਹਥਿਆਰ' ਬੜਾ ਵੱਡਾ ਐ। ਉਹਦੀ ਮਿਹਨਤ ਬੇਕਾਰ ਨ੍ਹੀਂ ਜਾਂਦੀ। ਪੋਤੇ ਦਾ ਮੂੰਹ ਵੇਖਣ ਲਈ ਬੇਚੈਨ ਹੋਈਆਂ ਸੱਸਾਂ ਜਾਂ ਅਜਿਹੀਆਂ ਮਾਂਵਾਂ ਜਿਹਨਾਂ ਦੀ ਧੀ ਬਾਂਝ ਦੇ ਤਾਅਨੇ ਸੁਣਦੀ-ਸੁਣਦੀ ਆਤਮ-ਹੱਤਿਆ ਕਰਨ ਬਾਰੇ ਸੋਚਣ ਲੱਗਦੀ ਸੀ ਜਾਂ ਜਿਸਦਾ ਪਤੀ ਦੂਜਾ ਵਿਆਹ ਕਰਨ ਦੀ ਸੋਚਣ ਲੱਗ ਪੈਂਦਾ ਸੀ, ਮਥਰੇ ਦੀ ਸ਼ਰਣ 'ਚ ਆਉਂਦੀਆਂ ਸੀ। ਜ਼ਿਆਦਾਤਰ ਦੂਰ ਦੇ ਮਾਮਲੇ, ਤਾਕਿ ਪਛਾਣ ਲੁਕੀ ਰਹੇ। ਖਾਸ ਕਰਕੇ ਅਜਿਹੇ ਘਰਾਂ ਦੇ ਮਾਮਲੇ ਜਿੱਥੇ ਔਰਤਾਂ ਦੀ ਚੱਲਦੀ ਸੀ। ਇਕ ਅੱਧਾ ਅਜਿਹਾ ਮਾਮਲਾ ਵੀ ਜਿੱਥੇ ਕੋਈ ਸੰਤਾਨ ਦਾ ਮੂੰਹ ਦੇਖਣ ਲਈ ਬੁੱਢਾਪੇ 'ਚ ਸ਼ਾਦੀ ਕਰਦਾ ਸੀ ਪਰ ਸੰਤਾਨ ਦਾ ਇੰਤਜ਼ਾਰ ਲੰਮਾ ਹੁੰਦਾ ਜਾਂਦਾ ਸੀ।"

"ਇਲਾਹਾਬਾਦ 'ਚ ਪੜ੍ਹਣ ਵਾਲੇ ਪਿੰਡ ਦੇ ਮੁੰਡਿਆਂ ਨੇ ਮਥਰੇ ਦਾ ਨਾਂ 'ਮਹਾਲਿੰਗਮ' ਰੱਖ ਦਿੱਤਾ ਸੀ। ਬੜੇ ਦਿਨਾਂ ਤਕ ਕੋਈ ਇਸਦਾ ਮਤਲਬ ਈ ਨਈਂ ਸੀ ਸਮਝ ਸਕਿਆ।"

"ਕੀ ਹੁੰਦਾ ਐ ਇਸਦਾ ਮਤਲਬ ਅੰਮਾ?"

"ਇਸਦਾ ਮਤਲਬ, ਆਪਣੇ ਖਸਮ ਨੂੰ ਪੁੱਛੀਂ।" ਫੇਰ ਕਹਿੰਦੀ ਹੈ, "ਪਤਾ ਨ੍ਹੀਂ ਕਿੰਨੇ ਖਾਨਦਾਨਾਂ ਨੂੰ ਮਥਰੇ ਨੇ ਔਤਰੇ ਹੋਣ ਤੋਂ ਬਚਾਅ ਲਿਆ। ਕਿੰਨੀਆਂ ਔਰਤਾਂ ਦਾ ਘਰ ਉੱਜੜਨ ਤੋਂ ਬਚਾਇਆ। ਫਰਕ ਐਨਾ ਕਿ ਉਹਨਾਂ ਔਰਤਾਂ ਦੇ ਸਿਰ 'ਤੇ ਉਹਨਾਂ ਦੇ ਮਰਦਾਂ ਦੀ ਛਾਂ ਸੀ, ਕੁੱਚੀ ਦੇ ਸਿਰ 'ਤੇ ਕਿਸੇ ਮਰਦ ਦੀ ਛਾਂ ਹੈ-ਨ੍ਹੀਂ।"

"ਕਿਸੇ ਦਾ ਤਾਂ ਹੋਊਗਾ। ਜਿਸਦਾ ਹੋਊਗਾ ਉਹੀ ਛਾਂ ਕਰੂਗਾ।"

"ਢਿੱਡ ਦੇਖਣ ਤੋਂ ਲੱਗਦੈ ਕਿ ਪੋਹ 'ਚ ਹੋਊ। ਇਸ ਹਿਸਾਬ ਨਾਲ ਚੇਤ ਦਾ ਐ। ਚੇਤ 'ਚ ਵਢਾ-ਛੰਟਾਈ ਕਰਕੇ ਖੇਤ ਦਾ ਕੰਮ ਵਧ ਜਾਂਦੈ। ਮਜ਼ੂਰਾਂ-ਕਾਮਿਆਂ ਨਾਲ ਵਾਸਤਾ ਪੈਂਦੈ।"



"ਕਿਹੜਾ ਇਹੋ-ਜਿਹਾ ਮਜ਼ੂਰ-ਕਾਮਾ ਹੋਇਆ ਜਿਹਦਾ ਆਉਣ-ਜਾਣ ਵਧ ਗਿਆ ਹੋਊ?"

"ਛੱਡ ਅੰਮਾ। ਇਹ ਦੱਸ ਕਿ ਤੈਨੂੰ ਵੀ ਕਦੇ ਮੌਕਾ ਮਿਲਿਆ ਮਥਰੇ ਕੋਲ ਜਾਣ ਦਾ?" ਇਕ ਤੇਜ-ਤਰਾਰ ਬਹੂ ਸਵਾਲ ਉਛਾਲ ਦਿੰਦੀ ਹੈ।

ਟੋਲੀ ਖਿੜ-ਖਿੜ ਕਰਕੇ ਹੱਸ ਪੈਂਦੀ ਹੈ।

ਬੁੱਢੀ ਮੁਸਕਰਾਉਂਦੀ ਹੈ—"ਕਿੱਥੇ ਅੜੀਏ! ਮੇਰੀ ਜੇਠੀ ਕੁੜੀ ਤਾਂ ਸਾਲ ਦੇ ਅੰਦਰ-ਅੰਦਰ ਢਿੱਡ 'ਚ ਆ-ਗੀ ਸੀ।"

ਕੁੱਚੀ ਦੀ ਸੱਸ ਕੋਲ ਤਾਂ ਇਸ 'ਅੱਗ' ਦੀ ਖ਼ਬਰ ਪਹੁੰਚ ਗਈ ਪਰ ਸੁਲਛਨੀ ਕੋਲ ਪਹੁੰਚਣ ਤੋਂ ਅਜੇ ਤਕ ਬਚਾਈ ਹੋਈ ਹੈ ਔਰਤਾਂ ਨੇ। ਸਭ ਨੂੰ ਪਤਾ ਹੈ ਕਿ 'ਕੁੱਚੀ ਬਨਵਾਰੀ ਦੀ ਅੱਖ ਦੀ ਕਿਰਕ ਐ। ਖ਼ਬਰ ਮਿਲਦਿਆਂ ਉਹ 'ਅਗੀਆ-ਬੇਤਾਲ' ਬਣਾ ਜਾਊਗਾ।'

ਕੁੱਚੀ ਦੀ ਸੱਸ ਦੀ ਹਿੰਮਤ ਨਹੀਂ ਪੈ ਰਹੀ ਕਿ ਬਹੂ ਤੋਂ ਪੁੱਛੇ। ਦੋ ਸਾਲ 'ਚ ਬਹੂ ਨੇ ਘਰ-ਗ੍ਰਿਹਸਤੀ ਦਾ ਕੰਮ ਪੂਰੀ ਤਰ੍ਹਾਂ ਸੰਭਾਲ ਲਿਆ ਹੈ। ਖੇਤੀ-ਬਾੜੀ, ਬਾਜ਼ਾਰ-ਦੁਕਾਨ, ਲੈਣ-ਦੇਣ, ਸਾਂਭਣਾ-ਵਰਤਾਉਣਾ, ਸਭ ਕੁਝ। ਬਨਵਾਰੀ ਆਏ ਦਿਨ ਕੋਈ ਟੰਟਾ ਖੜ੍ਹਾ ਕਰ ਦਿੰਦਾ ਹੈ ਤੇ ਬਹੂ ਉਸਦਾ ਮੂੰਹ ਤੋੜ ਜਵਾਬ ਦਿੰਦੀ ਹੈ। ਬੁੱਢੇ ਬੁੱਢੀ ਦਾ ਖਾਣਾ-ਪਾਣੀ, ਗਾਂ-ਮੱਝ ਦਾ ਨੀਰਾ-ਪੱਠਾ 'ਟੈਮ' ਸਿਰ। ਰਮੇਸਰ ਆਪਣੇ ਮਨ ਨਾਲ ਜੋ ਕਰਨਾ ਚਾਹੇ ਕਰੇ, ਵਰਨਾ ਸਵੇਰ ਸ਼ਾਮ ਚੌਰਾਹੇ 'ਤੇ ਬੈਠਾ ਚਾਹ ਪੀਵੇ। ਸੱਸ ਨੂੰ ਕਹਿੰਦੀ ਹੈ, "ਬਾਬੂ ਜੀ ਨੂੰ ਬੜਾ ਸੰਭਾਲ ਕੇ ਰੱਖਣਾ ਪਊਗਾ ਅੰਮਾ। ਇਹਨਾਂ ਦੀ ਛਾਂ 'ਚ ਅਸੀਂ ਪਿੰਡ 'ਚ ਟਿਕੇ ਹੋਏ ਆਂ।" ਆਪਣੀ ਸੇਵਾ ਦੇਖ ਕੇ ਰਮੇਸਰ ਦੀਆਂ ਅੱਖਾਂ ਸਿੱਲੀਆਂ ਹੋ ਜਾਂਦੀਆਂ ਨੇ। ਬਹੂ ਦੀ ਚੰਡੀ ਦੇਹ ਉਸ ਤੋਂ ਦੇਖੀ ਨਹੀਂ ਜਾਂਦੀ। ਨਜ਼ਰਾਂ ਹਟਾ ਲੈਂਦਾ ਹੈ। ਆਂਢ-ਗੁਆਂਢ ਦੀਆਂ ਔਰਤਾਂ ਸੋਚਦੀਆਂ, 'ਹੁਣ ਕਿਸ ਹੌਸਲੇ 'ਤੇ ਉੱਡੀ ਫਿਰਦੀ ਐ ਇਹ?'

ਬਹੂ ਨੂੰ ਅੱਗੇ ਰੱਖਣ ਵਿਚ ਹੀ ਸੱਸ ਨੂੰ ਭਲਾਈ ਦਿੱਸਦੀ ਹੈ। ਤਦੇ ਤਾਂ ਏਥੇ ਉਸਦਾ ਮਨ ਲੱਗੇਗਾ। ਉਹ ਨਾ ਰਹੀ ਹੁੰਦੀ ਤਾਂ ਉਹ ਦੋਵੇਂ ਜੀਅ ਚਾਰ-ਛੇ ਸਾਲ ਦੇ ਮਹਿਮਾਨ ਹੁੰਦੇ। ਕਿਤੇ, ਰਾਤ ਬਰਾਤੇ ਬਨਵਾਰੀ ਹੀ ਗਲ਼ਾ ਘੁੱਟ ਕੇ ਪਾਰ ਬੁਲਾ ਦਿੰਦਾ।

ਪਰ ਇਸ ਖ਼ਬਰ ਨਾਲ ਉਹ ਬੇਚੈਨ ਹੋ ਗਈ। ਉਸਨੂੰ ਯਾਦ ਹੈ, ਲਗਭਗ ਡੇਢ ਸਾਲ ਹੋਣ ਵਾਲਾ ਹੈ, ਪਿਛਲੀ ਤੋਂ ਪਿਛਲੀ ਹੋਲੀ ਵਾਲੇ ਦਿਨ ਬਹੂ ਨੇ ਉਸਨੂੰ ਇਹ ਗੱਲ ਆਖੀ ਸੀ। ਉਸ ਦਿਨ ਖੇਤ ਦੇ ਵੰਡਾਰੇ ਨੂੰ ਲੈ ਕੇ ਬਨਵਾਰੀ ਨਾਲ ਝਗੜਾ ਹੋਇਆ ਸੀ। ਬਹੂ ਅਹੁਲ ਕੇ ਅੱਗੇ ਨਾ ਹੋ ਗਈ ਹੁੰਦੀ ਤਾਂ ਬਨਵਾਰੀ ਦੀ ਸੋਟੀ ਦਾ ਵਾਰ ਬੁੱਢੇ ਦਾ ਸਿਰ ਪਾੜ ਦਿੰਦਾ। ਬਨਵਾਰੀ ਦੇ ਹੱਥੋਂ ਸੋਟੀ ਖੋਹਣ ਤੋਂ ਪਹਿਲਾਂ ਬਹੂ ਨੇ ਉਸਦੇ ਤਿੰਨ ਵਾਰ ਆਪਣੀ ਹਥੇਲੀ 'ਤੇ ਰੋਕੇ ਸੀ। ਸੱਜੇ ਹੱਥ ਦੀਆਂ ਦੋ ਉਂਗਲਾਂ ਵਿਚਕਾਰੋਂ ਮਾਸ ਪਾਟ ਗਿਆ ਸੀ। ਟਾਂਕੇ ਲਗਵਾਉਣੇ ਪਏ ਸੀ।

ਉਸ ਰਾਤ ਉਸਦੇ ਪੱਲੇ ਨਾਲ ਮੂੰਹ ਢਕੀ ਪਈ ਬਹੂ ਨੇ ਕਿਹਾ ਸੀ, "ਮੈਂ ਆਪਣੇ ਮਨ ਨੂੰ ਬੜਾ ਰੋਕਿਆ ਅੰਮਾ, ਨਈਂ ਤਾਂ ਉਸੇ ਸੋਟੀ ਨਾਲ ਜੇਠ ਦੀ ਪਿੱਠ ਲਾਲ ਕਰ ਦਿੰਦੀ।"

"ਆਪਣੇ ਟੱਬਰ 'ਚ ਕੋਈ ਭਿੜਣ ਵਾਲਾ ਨ੍ਹੀਂ ਨਾ ਧੀਏ ਇਸੇ ਲਈ ਸਾਂਨ੍ਹ ਬਣਿਆ ਹੋਇਐ।"

ਥੋੜ੍ਹੀ ਦੇਰ ਸਿਸਕਣ ਪਿੱਛੋਂ ਦੁੱਖਾਂ-ਪਰੁੱਚੀ ਆਵਾਜ਼ 'ਚ ਕਿਹਾ ਸੀ ਬਹੂ ਨੇ, "ਨੀਂ ਅੰਮਾ! ਜੀਅ ਕਰਦੈ ਇਕ, ਦੋ ਮੁੰਡੇ ਜੰਮ ਲਵਾਂ ਜਿਹੜੇ ਵੱਡੇ ਹੋ ਕੇ ਇਸਦੇ 'ਉਹਨਾਂ 'ਚ' ਡਾਂਗ ਦੇ ਦੇਣ।"

ਬੁੱਢੀ ਠੇਸ ਖਾਧੇ ਬਹੂ ਦੇ ਮਨ ਦੇ ਉਬਾਲ ਨੂੰ ਸਮਝ ਰਹੀ ਸੀ। ਸ਼ਾਂਤ ਸੁਰ ਵਿਚ ਸਮਝਾਇਆ ਸੀ, "ਏਹੀ ਕੰਮ ਤਾਂ ਔਰਤ ਨ੍ਹੀਂ ਕਰ ਸਕਦੀ ਧੀਆ।"

"ਔਰਤ ਈ ਤਾਂ ਕਰ ਸਕਦੀ ਐ ਅੰਮਾ। ਮਰਦ ਥੋੜ੍ਹਾ ਕਰ ਸਕਦੈ।"

"ਐਂ ਨਾ ਕਰ ਦਵੀਂ ਮੇਰੀ ਧੀਏ। ਪਿੰਡ ਰਹਿਣ ਨ੍ਹੀਂ ਦੇਊਗਾ। ਬਨਵਾਰੀ ਨੇ ਜਿਊਣ ਨ੍ਹੀਂ ਦੇਣਾ।"

"ਹੁਣ ਕਦੋਂ ਜਿਊਣ ਦੇ ਰਿਹੈ ਅੰਮਾ। ਇਸੇ ਲਈ ਤਾਂ ਜ਼ਰੂਰੀ ਆ।"

"ਜ਼ਰੂਰੀ ਤਾਂ ਬੜਾ ਕੁਛ ਐ ਧੀਏ ਪਰ ਕੀ ਕਰ ਸਕਦੇ ਆਂ। ਸਾਡਾ 'ਟੈਮ' ਨਿਕਲ ਗਿਐ।

"ਮੇਰਾ ਟੈਮ ਨਿਕਲ ਗਿਐ ਅੰਮਾ। ਅਜੇ ਤੇਰਾ ਨ੍ਹੀਂ ਨਿਕਲਿਆ। ਤੂਹੀਓਂ ਪੈਦਾ ਕਰ ਲੈ।"

ਬੁੱਢੀ ਦੁੱਖ ਤੇ ਸ਼ਰਮ ਦੇ ਮਿਲੇ-ਜੁਲੇ ਭਾਵਾਂ ਵਿਚ ਡੁੱਬ ਗਈ ਸੀ। ਪੱਲਾ ਹਟਾ ਕੇ ਬਹੂ ਦਾ ਮੂੰਹ ਚੁੰਮ ਲਿਆ ਸੀ। ਗੱਲ੍ਹ 'ਤੇ ਹੰਝੂਆਂ ਦਾ ਖਾਰਾ ਸੁਆਦ ਸੀ।

ਪਰ ਇਸ ਨੇ ਸੱਚਮੁੱਚ ਕਰ ਦਿਖਾਇਆ। ਖਾਓ-ਪੀਊ ਪਿੱਛੋਂ ਉਹ ਜਾ ਕੇ ਬਹੂ ਦੇ ਨਾਲ ਪੈ ਗਈ ਹੈ। ਆਸਮਾਨ 'ਚ ਬੱਦਲ ਗੱਜ ਰਹੇ ਨੇ। ਥੋੜ੍ਹੀ ਦੇਰ ਤਕ ਉਸਦਾ ਢਿੱਡ ਪਲੋਸਣ ਪਿੱਛੋਂ ਬੁੜਬੁੜਾਈ ਹੈ, "ਏਸ 'ਚ ਕੁਛ ਹੈ ਕਿ ਕੁੜੇ?"

"ਹਾਂ ਅੰਮਾ।"

ਬਿਜਲੀ ਕੜਕਦੀ ਹੈ। ਪਲ ਭਰ ਲਈ ਚਾਨਣ 'ਚ ਉਹ ਦੇਖਦੀ ਹੈ, ਸਿੱਧੀ ਪਈ ਬਹੂ ਦੀਆਂ ਅੱਖਾਂ ਬੰਦ ਨੇ। ਬੁੱਢੀ ਦੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ। ਤੁਰਦਾ ਹੋਇਆ ਹੱਥ ਰੁਕ ਜਾਂਦਾ ਹੈ।

"ਕੀ ਜਵਾਬ ਦੇਵੇਂਗੀ ਨੀਂ?"

"ਜਵਾਬ ਕੌਣ ਮੰਗੂਗਾ ਅੰਮਾ?"

"ਨੀਂ, ਪਿੰਡ ਵਾਲੇ। ਆਂਢ-ਗੁਆਂਢ, ਸਰੀਕ...।"

"ਪਿੰਡ ਵਾਲੇ, ਆਂਢ-ਗੁਆਂਢ, ਸਰੀਕ ਸਾਡੇ ਦੁੱਖ-ਸੁੱਖ, ਭੀੜ-ਸੰਘੀੜ ਵੇਲੇ ਆਏ ਐ ਕਦੇ ਕਿ ਜਵਾਬ ਮੰਗਣ ਈ ਆਉਣਗੇ?"

ਲੰਬੀ ਚੁੱਪ ਵਾਪਰ ਗਈ। ਬਾਹਰ ਛੜਾਕੇਦਾਰ ਮੀਂਹ ਪੈ ਰਿਹਾ ਹੈ। ਲੱਗਦਾ ਹੈ ਬਹੂ ਸੌਂ ਗਈ ਹੈ। ਬੁੱਢੀ ਤੋਂ ਪਿਆ ਨਾ ਗਿਆ। ਬਰਸਾਤ ਸ਼ਾਇਦ ਧੀਮੀ ਹੋਈ ਹੈ। ਉਹ ਹਨੇਰੇ 'ਚ ਦੱਬਵੇਂ ਪੈਰੀਂ ਦਰਵਾਜ਼ੇ 'ਚ ਸੁੱਤੇ ਬੁੱਢੇ ਦੀ ਮੰਜੀ ਤਕ ਆਉਂਦੀ ਹੈ। ਘੁਰਾੜੇ ਮਾਰ ਰਹੇ ਬੁੱਢੇ ਦੀ ਮੰਜੀ ਦੀ ਬਾਹੀ 'ਤੇ ਬੈਠ ਕੇ ਉਸਨੂੰ ਹਿਲਾਉਂਦੀ ਹੈ—"ਸੁਣਦੇ ਓਂ।"

"ਕੌਣ?"

"ਬਹੂ ਢਿੱਡੋਂ ਐ।"

"ਹੈਂ!" ਉਹ ਤ੍ਰਬਕ ਕੇ ਉੱਠ ਬੈਠਦਾ ਹੈ।

"ਹਾਂ। ਚਾਰ-ਪੰਜ ਮਹੀਨਿਆਂ ਤੋਂ ਘੱਟ ਦਾ ਨ੍ਹੀਂ ਹੋਣਾ। ਸਾਰੇ ਪਿੰਡ ਨੂੰ ਪਤਾ ਐ।"

"ਕਿਸਦਾ ਐ?"



"ਪਤਾ ਨ੍ਹੀਂ।"

"ਤੂੰ ਪੁੱਛਿਆ ਨ੍ਹੀਂ?"

"ਸੋਚਿਆ ਪਹਿਲਾਂ ਥੋਤੋਂ ਈ ਪੁੱਛ ਲਵਾਂ।"

"ਮੈਂ ਕੀ ਦੱਸਾਂ। ਰਾਤ ਦਿਨ ਤਾਂ ਤੂੰ ਨਾਲ ਰਹਿੰਦੀ ਐਂ। ਤੈਨੂੰ ਤਾਂ ਪਤਾ ਹੋਊ ਕਿ ਕੌਣ ਆਉਂਦਾ ਜਾਂਦਾ ਸੀ।"

"ਘਰੇ ਭਲਾਂ ਕੌਣ ਆਊਗਾ?"

"ਫੇਰ?"

"ਫੇਰ ਕੀ!" ਬੁੱਢੀ ਨਾਲ ਪੈਣ ਲਈ ਜਗ੍ਹਾ ਬਣਾਉਂਦੀ ਹੋਈ ਪੁੱਛਦੀ ਹੈ, "ਕਿਤੇ ਥੋਡਾ ਈ ਤਾਂ ਨ੍ਹੀਂ ਜੀ ਇਹ?"

"ਪਾਗਲ ਹੋ ਗਈ ਐਂ ਕਿ? ਬਹੂ ਨਾਲ ਮੇਰਾ ਨਾਂ ਜੋੜਦਿਆਂ ਸ਼ਰਮ ਨੀ ਆਉਂਦੀ।"

"ਜ਼ਰਾ ਮੇਰੇ ਵੱਲ ਮੂੰਹ ਕਰਕੇ ਕਹੋ ਤਾਂ।" ਬੁੱਢੀ ਨੇ ਬੁੱਢੇ ਦਾ ਮੂੰਹ ਆਪਣੇ ਵੱਲ ਘੁਮਾਉਂਦਿਆਂ ਹੋਇਆਂ ਕਿਹਾ, "ਤੇਰਾ ਕੋਈ ਭਰੋਸਾ ਨ੍ਹੀਂ ਜੀ ਅਜੇ ਐਨਾ ਬੁੱਢਾ ਵੀ ਨ੍ਹੀਂ ਹੋਇਆ।"

"ਚੁੱਪ ਕਰ। ਬਚਣ ਦੀ ਰਾਹ ਟੋਲ। ਲੈ ਜਾ ਕੇ ਕਿਤੇ ਕਢਵਾ ਦੇ।"

"ਉਸ ਕਢਵਾਉਣਾ ਨ੍ਹੀਂ।"

"ਕਿਓਂ?...ਪੁੱਛਿਐ?"

"ਪੁੱਛਣਾਂ ਕੀ। ਮੈਂ ਜਾਣਦੀ ਆਂ।"

ਬੁੱਢੀ ਨੇ ਖਾਲੇ ਦੇ ਝਗੜੇ ਵਾਲੀ ਰਾਤ ਨੂੰ ਆਖੀ ਬਹੂ ਦੀ ਗੱਲ ਬਾਤ ਦੱਸੀ, ਫੇਰ ਕਿਹਾ, "ਇਸ ਦੇ ਇਲਾਵਾ, ਪੰਜ ਮਹੀਨੇ ਦਾ ਬੱਚਾ ਜੇ ਜਾਊ ਤਾਂ ਮਾਂ ਨੂੰ ਨਾਲ ਲੈ ਕੇ ਜਾਊਗਾ।"

"ਕੀ?"

"ਹੋਰ ਕੀ। ਐਨਾ ਖ਼ੂਨ ਚੱਲ ਪਊ।"

"ਤਾਂ ਦੋਵੇਂ ਜਾਣ। ਪਿੱਛਾ ਛੁੱਟੇ।"

ਸਵੇਰੇ ਜਦੋਂ ਸੱਸ ਉਸਦੀ ਮੰਜੀ 'ਤੇ ਗਈ ਤਾਂ ਬਹੂ ਵੱਖੀ ਪਰਨੇ ਪਈ ਮਿਲੀ।

"ਕੀ ਕਿਹਾ ਵੱਡਿਆਂ ਨੇ ਅੰਮਾ?"

"ਬੁੱਢਾ ਕੀ ਕਹੂਗਾ?"

"ਗੁੱਸੇ ਤਾਂ ਨ੍ਹੀਂ ਹੋਏ?"

"ਗੁੱਸੇ ਹੋ ਕੇ ਕੀ ਲੈ-ਲੂ? ਜੋ ਹੋਣਾ ਸੀ ਸੋ ਤਾਂ ਹੋ ਗਿਆ।"

"ਗੁੱਸੇ ਨਾ ਹੋ ਅੰਮਾ। ਹੁੰਦਾ ਆਇਐ।"

ਥੋੜ੍ਹੀ ਦੇਰ ਤਕ ਚੁੱਪ ਰਹੀ, ਫੇਰ ਬੁੱਢੀ ਬਹੂ ਦਾ ਚਿਹਰਾ ਦੋਵਾਂ ਹੱਥਾਂ 'ਚ ਲੈ ਕੇ ਪੁੱਛਦੀ ਹੈ, "ਜਿਸਦੈ, ਉਸਦੇ ਨਾਲ ਨਿਕਲ ਤਾਂ ਨ੍ਹੀਂ ਜਾਵੇਂਗੀ?"

ਲੱਗੀ ਤਾਂ ਪਹਿਲਾਂ ਵੀ ਸੀ ਪਿੰਡ ਵਿਚ ਅਜਿਹੀ ਅੱਗ—ਇਕ ਨਹੀਂ ਕਈ ਵਾਰੀ। ਪਰ ਉਸਨੂੰ ਸਮਾਂ ਰਹਿੰਦਿਆਂ ਹੀ ਬੁਝਾ ਦਿੱਤਾ ਜਾਂਦਾ ਸੀ। ਇਹ ਤਾਂ ਡੰਕੇ ਦੀ ਚੋਟ 'ਤੇ ਕਹਿ ਰਹੀ ਹੈ—'ਜਨਮ ਦੇਵਾਂਗੀ।'

ਬਨਵਾਰੀ ਖ਼ੁਸ਼ ਹੈ। ਇਸ ਵਾਰੀ ਅਜਿਹਾ ਦਾਅ ਫੱਬਿਆ ਹੈ ਕਿ ਜਾਂ ਤਾਂ ਰਮੇਸਰ ਇਸ ਕੁਲੱਛਣੀ ਨੂੰ ਘਰੋਂ ਕੱਢ ਦੇਵੇਗਾ ਜਾਂ ਸਾਰਾ ਪਿੰਡ ਉਸਦੇ ਨਾਲ ਰਲ ਕੇ ਰਮੇਸਰ ਹੁਰਾਂ ਦੇ ਦੋਵਾਂ

ਜੀਆਂ ਨੂੰ ਪਿੰਡੋਂ ਭਜਾ ਦੇਵੇਗਾ। ਕੌਣ ਚਾਹੁੰਦਾ ਹੈ ਕਿ ਇਸ ਦੇ ਰਹਿੰਦਿਆਂ ਪਿੰਡ ਦੀ ਬਦਨਾਮੀ ਹੋਵੇ। ਇਸ ਔਰਤ ਨੂੰ ਕੌਣ ਜਾਣਦਾ ਹੈ। ਬਦਨਾਮੀ ਤਾਂ ਪਿੰਡ ਦੀ ਹੋਵੇਗੀ।

ਦੋਵਾਂ ਘਰਾਂ ਵਿਚਕਾਰ ਬੋਲ-ਚਾਲ, ਆਉਣ-ਜਾਣ ਬੰਦ ਹੈ। ਸੁਲਛਨੀ ਤੇ ਕੁੱਚੀ ਨੇ ਇਕ ਦੂਜੀ ਦੇ ਘਰ ਨਾ ਜਾਣ ਦੀ ਸਹੁੰ ਖਾ ਲਈ ਹੈ। ਸਿਆਣੇ ਕਹਿੰਦੇ ਨੇ ਕਿ ਉਸਨੂੰ ਰਮੇਸਰ ਨਾਲ ਵਿਗਾੜਨੀ ਨਹੀਂ ਚਾਹੀਦੀ ਸੀ। ਚਾਚਾ, ਚਾਚੀ ਕਹਿ ਕੇ ਬੁੱਢੇ ਬੁੱਢੀ ਦੇ ਪੈਰ ਛੂੰਹਦਾ ਰਹਿੰਦਾ ਤੇ ਕੁੱਚੀ ਦੇ ਖ਼ਿਲਾਫ਼ ਦੋਵਾਂ ਦੇ ਕੰਨ ਭਰਦਾ ਰਹਿੰਦਾ ਤਾਂ ਸਭ ਕੁਝ ਹਾਸਲ ਹੋ ਜਾਂਦਾ। ਸਭ ਕੁਝ ਯਾਨੀ ਸਭ ਕੁਝ। ਪਰ ਗਲਤੀ ਹੋ ਗਈ। ਇਸ ਵਾਰੀ ਉਹ ਅਕਲ ਤੋਂ ਕੰਮ ਲਵੇਗਾ। ਖ਼ੁਦ ਸਾਹਮਣੇ ਨਹੀਂ ਆਵੇਗਾ। ਪੂਰੇ ਪਿੰਡ ਨੂੰ ਮੁਕਾਬਲੇ 'ਚ ਖੜ੍ਹਾ ਕਰ ਦੇਵੇਗਾ।

**ਸ਼**ਾਇਦ ਬਨਾਰਸੀ ਨੇ ਕੁੱਚੀ ਦੇ ਪੇਕਿਆਂ ਨੂੰ ਵੀ ਖ਼ਬਰ ਘੱਲ ਦਿੱਤੀ ਸੀ। ਉਸਦਾ ਛੋਟਾ ਭਰਾ ਮਿਲਣ ਆਇਆ ਹੈ। ਰਮੇਸਰ ਕਿਧਰੇ ਗਏ ਹੋਏ ਨੇ। ਕੁੱਚੀ ਦੀ ਸੱਸ ਵਰਾਂਡੇ 'ਚ ਮੰਜੇ 'ਤੇ ਦਰੀ ਵਿਛਾ ਕੇ ਉਸਨੂੰ ਬੈਠਾਉਂਦੀ ਹੈ। ਇਕ ਛੰਨੇ 'ਚ ਦਹੀਂ ਗੁੜ ਤੇ ਗੜਵੀ 'ਚ ਪਾਣੀ ਲਿਆ ਕੇ ਦਿੰਦੀ ਹੈ। ਫੇਰ ਅੰਦਰ ਜਾ ਕੇ ਚੁੱਲ੍ਹੇ 'ਤੇ ਰੋਟੀਆਂ ਪਕਾਉਂਦੀ ਬਹੂ ਨੂੰ ਦੱਸਦੀ ਹੈ। ਕੁੱਚੀ ਫੁੱਲਿਆ ਹੋਇਆ ਢਿੱਡ ਲੈ ਕੇ ਸਾਹਮਣੇ ਆਉਣ ਤੋਂ ਸ਼ਰਮਾਉਂਦੀ ਹੈ। ਦਰਵਾਜ਼ੇ ਦੀ ਓਟ 'ਚੋਂ ਹਾਲ-ਚਾਲ ਪੁੱਛਦੀ ਹੈ।

"ਬੜੇ ਦਿਨਾਂ ਬਾਅਦ ਪਤਾ ਲੈਣ ਆਇਐਂ ਭਰਾ। ਮਾਈ ਨੂੰ ਕਹੀਂ ਮੇਰੀ ਜਾਨ ਸੂਲੀ 'ਤੇ ਟੰਗੀ ਹੋਈ ਐ। ਉਸਨੂੰ ਮਿਲਣ ਨੂੰ ਬੜਾ ਜੀਅ ਕਰਦੈ।"

ਭਰਾ ਅੱਖ ਨਹੀਂ ਮਿਲਾਉਂਦਾ। ਦੂਜੇ ਪਾਸੇ ਵੱਲ ਦੇਖਦਾ ਹੋਇਆ ਕਹਿੰਦਾ ਹੈ— "ਮਾਈ ਨੇ ਕਿਹਾ ਐ ਕਿ ਕੁੱਚੀ ਹੁਣ ਪੇਕੇ ਆਉਣ ਦੀ ਨਾ ਸੋਚੇ। ਉਹ ਮੇਰੇ ਵੱਲੋਂ ਮਰ ਗਈ।"

ਉਹ ਕੰਬ ਜਾਂਦੀ ਹੈ।

"ਮਾਈ ਨੇ ਕਿਹੈ ਕਿ ਵੱਡੀ ਭਾਬੀ ਨੇ?"

"ਦੋਵਾਂ ਨੇ।"

"ਤੇ ਬਾਪੂ ਨੇ ਕੀ ਕਹਿ ਕੇ ਭੇਜਿਐ?"

"ਬਾਪੂ ਨੂੰ ਅਜੇ ਕੁਸ਼ ਪਤਾ ਨ੍ਹੀਂ।"

"ਤੇ ਤੂੰ ਕੀ ਕਹਿੰਦਾ ਐਂ?"

ਭਰਾ, ਜਿਸਨੂੰ ਉਸਨੇ ਗੋਦੀ ਵਿਚ ਖਿਡਾਇਆ ਹੈ, ਚੁੱਪ ਕਰ ਜਾਂਦਾ ਹੈ।

"ਤੂੰ ਵੀ ਆਪਣੇ ਮਨ ਦੀ ਗੱਲ ਕਹਿ ਦੇ ਦੀਪੂ।"

ਭਰਾ ਖੜ੍ਹਾ ਹੋ ਜਾਂਦਾ ਹੈ।

"ਪਾਣੀ ਤਾਂ ਪੀ ਲੈ ਛੋਟੇ।" ਸੱਸ ਕਹਿੰਦੀ ਹੈ।

"ਮਾਈ ਨੇ ਮੇਰੇ ਘਰ ਪਾਣੀ ਪੀਣ ਤੋਂ ਵੀ ਮਨ੍ਹਾਂ ਕੀਤੈ ਕਿ?"

ਭਰਾ ਨੀਵੀਂ ਪਾ ਕੇ ਬਾਹਰ ਨਿਕਲ ਜਾਂਦਾ ਹੈ।

ਉਹ ਦਰਵਾਜ਼ੇ ਦੀ ਓਟ 'ਚੋਂ ਬਾਹਰ ਆਉਂਦੀ ਹੋਈ ਕਹਿੰਦੀ ਹੈ—"ਜਾ ਕੇ ਮਾਈ ਨੂੰ ਕਹੀਂ, ਮੈਂ ਉਸਦੇ ਘਰ ਵੱਲ ਮੂੰਹ ਕਰਕੇ ਰੋਵਾਂਗੀ ਵੀ ਨਈਂ।"

**ਜਿ**ੱਥੇ ਜੋ ਵੀ ਮਿਲਦਾ ਹੈ ਬਨਵਾਰੀ ਉਸ ਕੋਲ ਕੁੱਚੀ ਦੀ ਕਰਤੂਤ ਦਾ ਵਿਖਿਆਨ ਸ਼ੁਰੂ ਕਰ ਦਿੰਦਾ ਹੈ। ਜਿਹੜੇ ਲੋਕ ਨੌਕਰੀ ਕਰਨ, ਵਕਾਲਤ, ਮੁਨਸ਼ੀਗਿਰੀ ਕਰਨ ਜਾਂ ਮਜਦੂਰੀ,



ਦਿਹਾੜੀ ਕਰਨ ਸ਼ਹਿਰ ਜਾਂਦੇ ਨੇ। ਉਹਨਾਂ ਕੋਲ ਕਿੱਥੇ ਵਿਹਲ ਹੈ ਗੱਲ ਸੁਣਨ ਦੀ। ਜਿਹੜੇ ਸੁਣਦੇ ਨੇ, ਉਹ ਵੀ ਹੱਸ ਪੈਂਦੇ ਨੇ—"ਆਪਾਂ ਕੀ ਲੈਣੈ?"

"ਇਤਰਾਜ ਹੋਊ ਤਾਂ ਰਮੇਸਰ ਦੇ ਦੋਵਾਂ ਜੀਆਂ ਨੂੰ ਹੋਊ। ਤੈਨੂੰ ਐਨੀ ਬੇਚੈਨੀ ਕਾਹਦੀ ਐ?"

"ਬੋਰਿੰਗ ਦਾ ਕੰਮ ਮੰਦਾ ਪੈ ਗਿਆ ਕਿ ਮਿਸਤਰੀ, ਜਿਹੜਾ ਦੂਜਿਆਂ ਦੇ ਫੱਟੇ 'ਚ ਲੱਤ ਫਸਾਉਂਦਾ ਫਿਰਦੈਂ?"

"ਬੰਦਾ ਆਪਣੀ ਨੂੰਹ-ਧੀ ਸੰਭਾਲ ਲਵੇ ਇਹੋ ਬੜੈ। ਸਾਰੇ ਪਿੰਡ ਨੂੰ ਸੰਭਾਲਣ ਦਾ ਠੇਕਾ ਕੌਣ ਲੈ ਸਕਦੈ?"

ਉਹਨਾਂ ਵਿਚੋਂ ਕੋਈ ਚਿੜਾਉਂਦਾ—"ਜੇ ਐਨਾ ਈ ਦਿਲ 'ਤੇ ਲੈ ਲਿਆ ਸੀ ਤਾਂ ਸਾਰੇ ਪਿੰਡ 'ਚ ਰੰਡੀ-ਰੋਣ ਕਰਦੇ ਫਿਰਨ ਦੀ ਕੀ ਲੋੜ ਸੀ? ਇਕ ਰਾਤ ਬਾਹਰੋਂ ਕੁੰਡੀ ਲਾ ਕੇ ਫੂਕ ਦਿੱਤਾ ਹੁੰਦਾ—ਘਰ ਦੇ ਅੰਦਰੇ, ਸਾਰੇ ਸਵਾਹਾ ਹੋ ਜਾਂਦੇ ਤੇ ਕਿਸੇ ਨੂੰ ਪਤਾ ਵੀ ਨਾ ਲੱਗਦਾ।"

ਕੁਝ ਲੋਕ ਮਜ਼ੇ ਲੈਂਦੇ—"ਨੱਕ ਤਾਂ ਸੱਚੀਂ-ਮੁੱਚੀਂ ਵੱਢਿਆ ਗਿਆ ਬਈ ਬਨਵਾਰੀ ਤੇਰੇ ਖਾਨਦਾਨ ਦਾ। ਇਸ ਤੋਂ ਚੰਗੀ ਸੀ ਤੂੰਈਂ ਕੁਸ਼ ਕਰ-ਕਰਾ ਦਿੱਤਾ ਹੁੰਦਾ।"

ਹਾਂ, ਪੁਰਾਣੇ ਬੁੱਢਿਆਂ ਦੀ ਨਜ਼ਰ 'ਚ ਜ਼ਰੂਰ ਇਹ ਗੰਭੀਰ ਮਾਮਲਾ ਸੀ—"ਇਸ ਨੇ ਤਾਂ ਸਾਰੇ ਪਿੰਡ ਦੀਆਂ ਨੂੰਹਾਂ-ਧੀਆਂ ਲਈ ਵਿਗਾੜ ਦਾ ਰਸਤਾ ਖੋਲ੍ਹ 'ਤਾ।" ਉਹ ਪੂਰੀ ਗੱਲ ਰਸ ਲੈ ਕੇ ਸੁਣਦੇ ਨੇ। ਪੁੱਛ-ਪੜਤਾਲ ਕਰਦੇ ਨੇ। ਬੱਚੇ ਦੇ ਪਿਓ ਬਾਰੇ ਅੰਦਾਜ਼ੇ ਲਾਉਂਦੇ ਨੇ ਤੇ ਪੰਚਾਇਤ 'ਚ ਆਉਣ ਦਾ ਵਾਅਦਾ ਕਰਦੇ ਨੇ।

ਵੈਸੇ 'ਵਿਲੇਜ ਬੈਰਿਸਟਰ' ਤਾਂ ਇਸ ਪਿੰਡ ਵਿਚ ਹੈ ਨਹੀਂ ਜਿਹੜੇ ਲੋਕਾਂ ਨੂੰ ਮੁਕੱਦਮਿਆਂ 'ਚ ਫਸਾਉਂਦੇ ਨੇ ਤੇ ਠਾਣੇ, ਤਹਿਸੀਲ, ਬਲਾਕ ਜਾਂ ਹਸਪਤਾਲ ਦੀ ਦਲਾਲੀ ਕਰਦੇ ਨੇ ਪਰ ਤਿੰਨ-ਚਾਰ ਮੋਤਬਰ ਅਜਿਹੇ ਵੀ ਨੇ ਜਿਹਨਾਂ ਦੇ ਅੱਖਾਂ, ਕੰਨਾਂ ਨਾਲ ਅੱਜ ਤਕ ਪਿੰਡ ਦੇਖਦਾ ਸੁਣਦਾ ਰਿਹਾ ਹੈ। ਉਹਨਾਂ ਵਿਚੋਂ ਵੀ ਧੰਨੂ ਉਰਫ਼ ਧਨਈ ਬਾਬਾ ਯਾਨੀ ਧਨਰਾਜ ਮਿਸਰ ਤੇ ਬਲਈ ਬਾਬਾ ਯਾਨੀ ਬਲਰਾਜ ਪਾਂਡੇ ਖਾਸ ਨੇ। ਉਸ ਸਾਲ ਬਾਬੇ ਬਲਈ ਦੇ ਸਬਮਰਸਿਬਲ ਨੇ ਪਾਣੀ ਛੱਡ ਦਿੱਤਾ ਸੀ ਤਾਂ ਨਵੀਂ ਬੋਰਿੰਗ ਦਾ ਕੰਮ ਰੋਕ ਕੇ ਉਸਨੇ ਇਕ ਲੈਂਥ ਪਾਈਪ ਆਪਣੇ ਪੈਸਿਆਂ ਦੀ ਖਰੀਦ ਕੇ ਪਾ ਦਿੱਤੀ ਸੀ। ਪਰ 'ਲੇਬਰ ਚਾਰਜ' ਲਈ ਕੌਣ ਕਹੇ, ਅਜੇ ਤਾਂ ਪਾਈਪ ਦੇ ਪੈਸੇ ਵੀ ਨਹੀਂ ਦਿੱਤੇ। ਉਸਨੇ ਮਨ ਹੀ ਮਨ ਤੈਅ ਕਰ ਲਿਆ ਸੀ ਕਿ 'ਫੇਰ ਖਰਾਬ ਹੋਇਆ ਤਾਂ ਦੱਸੂੰਗਾ।'...ਪਰ ਹੁਣ ਉਹ ਸਾਰਾ ਘਾਟਾ-ਉਧਾਰ ਭੁੱਲ ਜਾਵੇਗਾ। ਪਾਂਡੇ ਬਾਬਾ ਨੂੰ ਸਾਰੇ ਵੇਦ-ਪੁਰਾਣ ਜ਼ਬਾਨੀ-ਚੇਤੇ ਨੇ। ਜਿਸ ਵੱਲ ਖੜ੍ਹੇ ਹੋ ਜਾਣ ਉਸਦੀ ਜਿੱਤ ਪੱਕੀ। ਉਹਨਾਂ ਨੂੰ ਕਿਸੇ ਵੀ ਕੀਮਤ 'ਤੇ ਆਪਣੇ ਪਾਲੇ 'ਚ ਰੱਖਣਾ ਹੈ। ਕੋਸ਼ਿਸ਼ ਤਾਂ ਉਹ ਧੰਨੂ ਬਾਬੇ ਨੂੰ ਪਟਾਉਣ ਦੀ ਵੀ ਕਰੇਗਾ। ਧੰਨੂ ਬਾਬਾ ਬਿਨਾਂ ਪੜ੍ਹੇ-ਲਿਖੇ, ਵੱਡੇ-ਵੱਡੇ ਵਕੀਲਾਂ ਦੇ ਕੰਨ ਕੁਤਰਦੇ ਨੇ। ਮੁਸ਼ਕਲ ਇਹ ਹੈ ਕਿ ਇਹ ਦੋਵੇਂ ਸੱਜਣ ਇਕੋ ਪਾਲੇ 'ਚ ਨਹੀਂ ਖੜ੍ਹੇ ਹੋ ਸਕਦੇ। ਇਕ ਦਾ ਮੂੰਹ ਉੱਤਰ ਹੁੰਦਾ ਹੈ ਤਾਂ ਦੂਜੇ ਦਾ ਦੱਖਣ ਵੱਲ।

ਚਰਚਾ ਹੈ ਕਿ ਬਨਵਾਰੀ ਨੇ ਬਲਈ ਬਾਬੇ ਨੂੰ ਪਟਾ ਲਿਆ ਹੈ। ਪੁੱਛਣ 'ਤੇ ਤੰਮਾਕੂ ਨਾਲ ਕਾਲੇ ਹੋਏ ਦੰਦ ਕੱਢ ਕੇ ਹੱਸਦਾ ਹੈ, "ਰਾਮ ਨੇਵਾਜ ਮੁਨਸ਼ੀ ਕਹਿੰਦੇ ਹੁੰਦੇ ਸੀ ਕਿ ਜਿਹੜਾ ਚਮੜੇ ਦੀ ਜੁੱਤੀ ਨਾਲ ਨਾ ਮੰਨੇ ਉਸਨੂੰ ਚਾਂਦੀ ਦੀ ਜੁੱਤੀ ਨਾਲ ਮਨਾਓ। ਚਾਂਦੀ ਦੀ ਜੁੱਤੀ ਨਾਲ ਤਾਂ ਵੱਡੇ-ਵੱਡੇ ਜੱਜ 'ਬਾਲਿਸਟਰ' ਮੁੱਠੀ 'ਚ ਆ ਜਾਂਦੇ ਆ। ਬਲਈ ਕਿਸ ਖੇਤ ਦੀ ਮੂਲੀ ਐ।"

ਫੇਰ ਜੀਭ ਨੂੰ ਦੰਦਾਂ ਹੇਠ ਨੱਪ ਕੇ ਪਲਟਦਾ ਹੈ—"ਸਵਾਲ ਇਹ ਐ ਕਿ ਮੈਨੂੰ ਇਹ ਸਭ ਕਰਨ ਦੀ ਲੋੜ ਕੀ ਐ ? ਜਿਸਨੂੰ ਲੋੜ ਹੋਵੇ, ਉਹ ਪਟਾਵੇ।"

"ਸੁਣਦੇ ਆਂ ਤੂੰ ਵਚਨ ਦਿੱਤੈ ਬਈ ਜਦੋਂ ਤਕ ਜਿਊਂਦਾ ਰਹੇਂਗਾ, ਉਹਨਾਂ ਦੇ ਟਿਊਬਵੈੱਲ ਦੀ ਮੁਰੰਮਤ ਫਰੀ 'ਚ ਕਰੇਂਗਾ ?"

"ਉਹ ਤਾਂ ਮੈਂ ਹੁਣ ਵੀ ਕਰਦਾਂ। ਪਿੰਡ 'ਚ ਕਿਸੇ ਤੋਂ ਵੀ ਕਦੇ ਮੂੰਹ ਪਾੜ ਕੇ ਪੈਸੇ ਮੰਗੇ ਆ ? ਜਿਸਨੇ ਜੋ ਦੇ ਦਿੱਤਾ ਬਿਨਾਂ ਗਿਣੇ ਜੇਬ 'ਚ ਪਾ ਲੈਨਾਂ।" ਫੇਰ ਜਾਂਦਾ-ਜਾਂਦਾ ਕਹਿੰਦਾ ਹੈ, "ਨਾ ਅਫ਼ਵਾਹ ਸੁਣੋ, ਨਾ ਅਫ਼ਵਾਹ ਫੈਲਾਓ। ਪਿੰਡ ਦੀ ਇੱਜ਼ਤ ਬਚਾਓ।"

ਬਲਈ ਬਾਬੇ ਦੀ ਸਲਾਹ 'ਤੇ ਹੀ ਉਹ ਲਛਮਨ ਚੌਧਰੀ ਦੇ ਘਰ ਦੇ ਗੇੜੇ ਲਾ ਰਿਹਾ ਹੈ। ਲਛਮਨ ਉਸਦੀ ਬਿਰਾਦਰੀ ਦਾ ਚੌਧਰੀ ਹੈ। ਸਾਹਮਣੇ ਵਾਲੇ ਪਿੰਡ 'ਚ ਉਸਦਾ ਘਰ ਹੈ। ਪੰਚਾਇਤ ਦਾ ਫੈਸਲਾ ਲਾਗੂ ਕਰਵਾਉਣ 'ਚ ਉਸਦਾ ਦਬਦਬਾ ਕੰਮ ਆਵੇਗਾ।

ਆਪਣੇ ਘਰ ਦੇ ਬਾਹਰ ਨਿੰਮ ਹੇਠ ਚੌਂਕੀ 'ਤੇ ਬੈਠਾ ਲਛਮਨ ਚੌਧਰੀ ਹਥੇਲੀ 'ਤੇ ਪਾ ਕੇ ਜਰਦਾ ਮਲ ਰਿਹਾ ਹੈ—"ਏਸ ਘੋੜੀ ਨੂੰ ਪਿੰਡੋਂ ਭਜਾਉਣ ਦਾ ਫੈਸਲਾ ਕਰ ਦਿਓ, ਚੌਧਰੀ। ਮੇਰੇ ਖਾਨਦਾਨ ਦੀ ਇੱਜ਼ਤ ਬਚ ਜਾਊਗੀ। ਥੋੜੇ ਦੁਆਰੇ 'ਤੇ ਸੱਜਰ ਝੋਟੀ ਬੰਨ੍ਹ ਕੇ ਜਾਊਂਗਾ।"

ਪੁਰਾਣੇ ਘਾਘ ਨੇ ਲਛਮਨ। ਪਤਾ ਨਹੀਂ ਕਿੰਨਿਆਂ ਦਾ ਵੱਸਿਆ ਘਰ ਉਜਾੜਿਆ ਤੇ ਉੱਜੜਿਆ ਘਰ ਵਸਾਇਆ ਹੈ। ਜਰਦਾ ਫੱਕ ਕੇ ਮੂੰਹ ਬੰਦ ਕਰ ਲੈਂਦੇ ਨੇ। ਆਵਾਜ਼ ਤਾਂ ਨਿਕਲਦੀ ਹੈ ਪਰ ਕਿਤੋਂ ਹੋਰ। ਇਕ ਵਾਰੀ ਅੱਗੇ, ਇਕ ਵਾਰੀ ਪਿੱਛੇ ਸਿਰ ਹਿਲਾ ਦਿੰਦੇ ਨੇ।

ਪਿੰਡ ਦੀ ਘੁਸਰ-ਫੁਸਰ ਤੋਂ ਅਣਜਾਣ ਨਹੀਂ ਹੈ ਕੁੱਚੀ। ਉਸਨੂੰ ਲੱਗ ਰਿਹਾ ਹੈ ਕਿ 'ਉਸਨੇ ਵੱਡੀ ਮੁਸੀਬਤ ਮੁੱਲ ਲੈ ਲਈ ਹੈ। ਕੁੱਟੀ ਨਰਸ ਲਈ ਸ਼ਹਿਰ 'ਚ ਰਹਿ ਕੇ ਇੰਜ ਕਰਨਾ ਆਸਾਨ ਸੀ ਪਰ ਉਸਦੇ ਲਈ ਪਿੰਡ 'ਚ ਰਹਿ ਕੇ...। ਇਹ ਲੜਾਈ ਉਸਨੂੰ 'ਕੱਲੇ ਦਮ 'ਤੇ ਲੜਨੀ ਐਂ। ਘਰ ਦੇ ਅੰਦਰ ਵੀ ਤੇ ਬਾਹਰ ਵੀ। ਬੁੱਢਾ ਦੱਬੂ ਐ। ਪਿੰਡ ਦੇ ਮੁਕਾਬਲੇ ਖੁੱਲ੍ਹ ਕੇ ਉਸ ਨਾਲ ਖੜ੍ਹਾ ਹੋਊਗਾ, ਇਸਦੀ ਉਮੀਦ ਘੱਟ ਐ। ਅੰਮਾ ਜ਼ਰੂਰ ਮਨੋਂ ਉਸ ਨਾਲ ਐ ਪਰ ਔਰਤ ਜਾਤ, ਪੰਚਾਂ ਸਾਹਮਣੇ ਕਿੰਨਾ ਮੂੰਹ ਖੋਲ੍ਹ ਸਕੂਗੀ।'

ਆਥਣ ਦੇ ਧੁੰਦਲਾ ਜਾਣ 'ਤੇ ਉਹ ਧੰਨੂ ਬਾਬੇ ਦੇ ਘਰ ਜਾਂਦੀ ਹੈ। ਵਿਹੜੇ ਤੇ ਵਰਾਂਡੇ ਵਿਚਾਲੇ ਇਕ ਘੜੌਂਜੀ 'ਤੇ ਲਾਲਟੈਨ ਰੱਖੀ ਹੋਈ ਹੈ ਜਿਸਦਾ ਅੱਧਾ ਚਾਨਣ ਵਿਹੜੇ ਵਿਚ ਤੇ ਅੱਧਾ ਵਰਾਂਡੇ ਵਿਚ ਬਣੇ ਚੁੱਲ੍ਹੇ ਤਕ ਪਹੁੰਚ ਰਿਹਾ ਹੈ। ਬਾਬਾ ਵਿਹੜੇ ਵਿਚ ਬੈਠੇ 'ਸੰਧਿਆ' ਕਰ ਰਹੇ ਨੇ। ਮਿਸਰਾਣੀ ਅੰਮਾ ਵਰਾਂਡੇ ਵਾਲੇ ਚੁੱਲ੍ਹੇ ਵਿਚ ਅੱਗ ਬਾਲ ਰਹੀ ਏ। ਕੋਈ ਆਸ-ਔਲਾਦ ਨਾ ਹੋਣ ਕਰਕੇ ਇਸ ਉਮਰ ਵਿਚ ਵੀ ਆਪ ਹੀ ਚੁੱਲ੍ਹਾ-ਚੌਂਕਾ ਸਾਂਭਦੀ ਹੈ। ਉਹ ਕੋਲ ਜਾ ਕੇ ਪੈਰੀਂ-ਪੈਣਾ ਕਰਦੀ ਹੈ। ਅੰਮਾ ਭੌਂ ਕੇ ਉਸ ਵੱਲ ਦੇਖਦੀ ਹੈ ਤੇ ਫੇਰ ਪੁੱਛਦੀ ਹੈ, "ਕੌਨ ਸਾ ਅਸਿਰਬਾਦ ਦੇਂ ਰੇ ? ਕਿ ਪਾਂਚ ਪਸੇਰੀ ਕਾ ਬੇਟਵਾ ਹੋ ?" ਫੇਰ ਕੋਲ ਸਰਕਦੀ ਹੋਈ ਕਹਿੰਦੀ ਹੈ, "ਤੈਂ ਈ ਕਾ ਕਰਿ ਡਾਰੇ ?"

"ਹੁਣ ਤਾਂ ਕਰ 'ਤਾ ਅੰਮਾ।" ਕਹਿੰਦੀ ਹੋਈ ਕੁੱਚੀ ਚੁੱਲ੍ਹੇ ਕੋਲ ਜਾਂਦੀ ਹੈ ਤੇ ਫੂਕਾਂ ਮਾਰ ਕੇ ਅੱਗ ਬਾਲ ਦਿੰਦੀ ਹੈ। ਲਪਟਾਂ ਨਾਲ ਉਸਦਾ ਚਿਹਰਾ ਲਾਲ ਪੀਲਾ ਦਿੱਸਣ ਲੱਗ ਪੈਂਦਾ ਹੈ।

ਕੁੱਚੀ ਜਾਣਦੀ ਹੈ ਕਿ ਬਾਬਾ ਉਸਨੂੰ ਮੰਨਦੇ ਨੇ। ਜਿੱਥੇ ਮਿਲਦੇ ਨੇ, ਹਾਲ-ਚਾਲ ਪੁੱਛ ਲੈਂਦੇ ਨੇ। ਉਹ ਜੰਗਲ ਵੱਲੋਂ ਅੰਬ ਦਾ ਇਕ ਮੋਟਾ ਟਾਹਣਾ ਘਸੀਟੇ ਹੋਏ ਆ ਰਹੇ ਸੀ। ਟਾਹਣਾ ਹਨੇਰੀ ਨਾਲ ਟੁੱਟ ਗਿਆ ਸੀ। ਪਿੰਡ ਦੀਆਂ ਔਰਤਾਂ ਨੂੰ ਰਾਸ਼ਣ ਨਾਲੋਂ ਵੱਧ ਚਿੰਤਾ ਬਾਲਣ ਦੀ



ਰਹਿੰਦੀ ਹੈ। ਟਾਹਣਾ ਭਾਰੀ ਸੀ। ਬਾਬਾ ਉਸਨੂੰ ਖਿੱਚ-ਖਿੱਚ ਹੰਭ ਗਏ ਸਨ। ਪਰ ਰਾਹ ਵਿਚ ਛੱਡ ਵੀ ਨਹੀਂ ਸੀ ਸਕਦੇ। ਕੋਈ ਹੋਰ ਲੈ ਜਾਂਦਾ। ਕੁੱਚੀ ਦੇ ਸਿਰ 'ਤੇ ਘਾਹ ਦੀ ਪੰਡ ਸੀ। ਪੰਡ ਉਸਨੇ ਸੱਸ ਦੇ ਸਿਰ 'ਤੇ ਰੱਖੀ ਤੇ ਟਾਹਣੇ ਨੂੰ ਇਕੋ ਹੱਲੇ ਨਾਲ ਚੁੱਕ ਕੇ ਆਪਣੇ ਮੋਢੇ 'ਤੇ ਰੱਖ ਲਿਆ...ਤੇ ਲਿਆ ਕੇ ਸਿੱਧਾ ਬਾਬੇ ਦੇ ਘਰ ਸਾਹਵੇਂ ਜਾ ਸੁੱਟਿਆ। ਪਿੱਛੇ-ਪਿੱਛੇ ਆਉਂਦੇ ਬਾਬਾ ਸਾਰੇ ਰਾਹ ਅਸੀਸਾਂ ਦਿੰਦੇ ਰਹੇ। ਉਸਦੇ ਬਲ ਤੇ ਸੁਭਾਅ ਦੀ ਤਾਰੀਫ ਕਰਦੇ ਰਹੇ।

ਇਕ ਵਾਰੀ ਕੱਤਕ ਇਕਾਦਸ਼ੀ ਪੂਜਣ ਲਈ ਸੱਸ ਨੇ ਉਸਦੇ ਹੱਥ ਪੰਜ ਗੰਨੇ ਭੇਜੇ। ਬੂਹਾ ਖੜਕਾਉਣ 'ਤੇ ਬਾਬੇ ਨੇ ਵਿਹੜੇ 'ਚੋ ਹੀ ਪੁੱਛਿਆ, "ਕੌਣ ਐ ?"

"ਮੈਂ, ਕੁੱਚੀ !"

ਬਾਬਾ ਬਾਹਰ ਆਏ ਤੇ ਹੱਸਦਿਆਂ ਹੋਇਆਂ ਪੁੱਛਿਆ, "ਇਹ ਦੱਸ, ਤੂੰ ਪਹਿਲਾਂ ਕੁਚਵਤੀ ਹੋਈ, ਫੇਰ ਕੁੱਚੀ (ਤੇਲੀ ਦੀ ਤੇਲ ਨਾਪਣ ਵਾਲੀ ਕੁੱਪੀ) ਨਾਂ ਪਿਆ ਕਿ ਪਹਿਲਾਂ ਨਾਂ ਪਿਆ ਫੇਰ ਕੁਚਵਤੀ ਹੋਈ ?"

ਕੁੱਚੀ ਨੇ ਸੁਣਿਆ ਹੋਇਆ ਸੀ ਕਿ ਬਾਬਾ ਜਿੰਨੇ ਗਿਆਨੀ ਨੇ ਓਨੇ ਹੀ ਮਖੌਲੀਏ ਵੀ ਨੇ। ਬਾਰਾਤ ਜਾਂਦੇ ਨੇ ਤਾਂ ਸ਼ਾਸਤਰ ਵਿਚੋਂ ਅਜਿਹੀ ਬੁਝਾਰਤ ਪੁੱਛਦੇ ਨੇ ਕਿ ਵੱਡੇ-ਵੱਡੇ ਪੰਡਤਾਂ ਨੂੰ ਜਵਾਬ ਨਹੀਂ ਸੁਝਦਾ। ਜ਼ਰੂਰ ਕੋਈ ਡੂੰਘੀ ਗੱਲ ਪੁੱਛ ਰਹੇ ਨੇ। ਉਸਨੇ ਹੱਥ ਜੋੜ ਕੇ ਮੱਥੇ ਨੂੰ ਲਾਉਂਦਿਆਂ ਹੋਇਆਂ ਕਿਹਾ—"ਮੈਂ ਤੁਹਾਡੀ 'ਅੰਗਰੇਜੀ' ਨ੍ਹੀਂ ਸਮਝ ਸਕਦੀ ਬਾਬਾ।"

ਬਾਬਾ ਹੱਸੇ—"ਜਿਸ ਦਿਨ ਸਮਝ ਜਾਏਂਗੀ ਮਨ ਦੀ ਮਹਾਰਾਣੀ ਬਣ ਜਾਏਂਗੀ।"

ਮਹਾਰਾਣੀ ਤਾਂ ਹੁਣ ਉਹ ਕੀ ਬਣੇਗੀ, ਬਸ ਘਰੋਂ ਬਾਹਰ ਨਾ ਕੱਢ ਦਿੱਤੀ ਜਾਵੇ। ਬਾਬਾ ਚਾਹੁਣਗੇ ਤਾਂ ਉਸਦੇ ਟਿਕੇ ਰਹਿਣ ਦਾ ਰਾਹ ਕੱਢ ਦੇਣਗੇ।

ਕੁੱਚੀ ਇਸ ਪਿੰਡ ਦੀ ਸ਼ਾਨ ਹੈ। ਸ਼ਾਸਤਰਾਂ ਵਿਚ ਲਿਖੇ ਪ੍ਰਸੰਗ-ਪੈਮਾਨੇ ਅਨੁਸਾਰ ਘੜੇ ਗਏ ਨੇ ਉਸਦੇ ਅੰਗ। ਮੋਹਿਨੀ ਦਾ ਅਵਤਾਰ। ਅਜਿਹੀ ਲੰਮੀ-ਉੱਚੀ, ਚਿਕਨੀ-ਚਮਕੀਲੀ ਜਵਾਨ ਜ਼ਨਾਨੀ ਦਾ ਸ਼ਿਕਾਰ ਕਰ ਲੈਣਾ ਚਾਹੁੰਦਾ ਹੈ, ਲਕੜਬੱਗੇ ਵਰਗੇ ਮੂੰਹ ਵਾਲਾ ਇਹ ਬਨਵਾਰੀ, ਜਿਸਦੇ ਮੂੰਹ 'ਚੋਂ ਦੂਰੋਂ ਹੀ ਬੋ ਆਉਂਦੀ ਹੈ। ਇਸਨੂੰ 'ਬੇਇੱਜ਼ਤ' ਕਰਕੇ ਤਾਂ ਸਾਰਾ ਪਿੰਡ 'ਬੇਇੱਜ਼ਤ' ਹੋ ਜਾਵੇਗਾ। ਬੇ-ਔਲਾਦ ਵਿਧਵਾ ਨੂੰ ਦੇਖ ਕੇ ਬਾਬੇ ਨੂੰ ਓਨਾ ਹੀ ਦੁੱਖ ਹੁੰਦਾ ਹੈ ਜਿੰਨਾ ਸੋਲ੍ਹਾਂ ਆਨੇ ਖਰੇ ਖੇਤ ਨੂੰ ਰੜਾ ਪਿਆ ਦੇਖ ਕੇ।

ਬਾਬਾ ਉਸਦਾ ਮਨ ਟੋਂਹਦੇ ਨੇ—"ਜੇ ਤੂੰ ਆਪਣੇ ਸਹੁਰੇ ਦਾ ਨਾਂ ਲੈ ਦੇਵੇਂ ਤਾਂ ਸਾਰੀ ਤਕਰਾਰ ਖਤਮ ਹੋ ਜਾਵੇ।"

"ਪਰ ਮੈਂ ਝੂਠ ਨ੍ਹੀਂ ਬੋਲਣਾ ਚਾਹੁੰਦੀ ਬਾਬਾ। ਸਹੀ ਗੱਲ ਇਹ ਐ ਕਿ ਮੈਨੂੰ ਬੱਚੇ ਦੀ ਤਲਬ ਲੱਗੀ, ਐਨੀ ਲੱਗੀ ਕਿ ਮੈਂ ਕਿਤੋਂ ਇੰਤਜਾਮ ਕਰ ਲਿਆ। ਮੈਂ ਆਪਣੀ ਗੱਲ 'ਤੇ ਕਾਇਮ ਰਹਿਣਾ ਚਾਹੁੰਦੀ ਆਂ।"

"ਕੋਈ ਗੱਲ ਨ੍ਹੀਂ ਤੂੰ ਪਹਿਲੀ ਔਰਤ ਥੋੜ੍ਹਾ ਈ ਐਂ ਜਿਹੜੀ ਇਸ ਤਰ੍ਹਾਂ ਮਾਂ ਬਣੀ ਐ। ਜਦੋਂ ਦੀ ਇਹ ਦੁਨੀਆਂ ਬਣੀ ਐ, ਅਜਿਹੇ ਅਣਗਿਣਤ ਬੱਚੇ ਪੈਦਾ ਹੋ ਰਹੇ ਐ। ਇਕ ਨਾਲੋਂ ਵੱਧ ਇਕ ਪ੍ਰਤਾਪੀ, ਇਕ ਨਾਲੋਂ ਵੱਧ ਇਕ ਮਹਾਰਥੀ।" ਬਾਬੇ ਨੇ ਉਸਨੂੰ ਕਰਣ, ਬਜਰੰਗੀ, ਸੀਤਾ, ਪੰਜਾਂ ਪਾਂਡਵਾਂ ਆਦਿ ਦੀ ਪੈਦਾਇਸ਼ ਦੇ ਕਿੱਸੇ ਸੁਣਾਉਂਦਿਆਂ ਕਿਹਾ ਕਿ 'ਤੂੰ ਪਹਿਲੀ ਔਰਤ ਐਂ ਜਿਹੜੀ ਕਹਿ ਰਹੀ ਐ ਕਿ ਆਪਣੀ ਜ਼ਰੂਰਤ ਨਾਲ ਪੈਦਾ ਕਰ ਰਹੀ ਆਂ। ਅਜਿਹਾ ਸੋਲ੍ਹਾਂ ਆਨੇ ਖਰਾ ਸੱਚ ਕੌਣ ਬੋਲ ਸਕਿਐ ਅੱਜ ਤਕ ?'

ਉਹ ਤਿੰਨ ਦਿਨ ਬਾਬੇ ਕੋਲ ਗਈ ਤੇ 'ਤਿੰਨੋਂ ਲੋਕ' ਦਾ ਗਿਆਨ ਲੈ ਕੇ ਪਰਤੀ। ਉਹ ਤਾਂ ਡਰੀ ਹੋਈ ਸੀ ਕਿ ਬਾਬਾ ਝਿੜਕ ਕੇ ਭਜਾ ਦੇਣਗੇ।

ਬਾਬੇ ਤੋਂ ਮਿਲੇ ਹੌਸਲੇ ਸਦਕਾ ਉਸਨੂੰ ਸੁਘਰਾ ਠਕੁਰਾਇਣ ਕੋਲ ਜਾਣ ਦੀ ਹਿੰਮਤ ਮਿਲੀ। ਸੁਘਰਾ ਇਕ ਬੱਚੀ ਨੂੰ ਜਨਮ ਦੇ ਕੇ ਵਿਧਵਾ ਹੋ ਗਈ ਸੀ। ਜੇਠ ਨੇ ਕਿਹਾ—"ਵਿਧਵਾ ਦਾ ਵਿਆਹ ਤਾਂ ਏਸ ਖਾਨਦਾਨ 'ਚ ਸੰਭਵ ਨਈਂ ਪਰ ਭਰਾ ਮਰਿਆ ਏ, ਮੈਂ ਤਾਂ ਅਜੇ ਜਿਉਂਦਾ ਆਂ। ਤੂੰ ਏਸ ਘਰ ਦੀ ਮਾਲਕਣ ਬਣ ਕੇ ਰਹਿ।" ਉਹਨਾਂ ਘਰ ਦੀਆਂ ਚਾਬੀਆਂ ਸੁਘਰਾ ਨੂੰ ਸੌਂਪ ਦਿੱਤੀਆਂ ਤੇ ਵਾਲ ਕਟਵਾ ਦਿੱਤੇ। ਵਾਲ ਕਿਉਂ ਕਟਵਾ ਦਿੱਤੇ ? ਤਾਂ ਬੋਲੇ—"ਮੇਰਾ ਵੱਡਾ ਮੁੰਡਾ ਜਵਾਨ ਹੋਣ ਵਾਲਾ ਏ, ਇਸ ਲਈ।" ਸੁਘਰਾ ਨੇ ਬੇਦਾਗ਼ ਨਿਭਾਇਆ। ਆਪਣੀ ਧੀ ਤੇ ਜੇਠ ਦੇ ਬੱਚਿਆਂ ਵਿਚ ਕੋਈ ਫਰਕ ਨਹੀਂ ਕੀਤਾ। ਜੇਠਾਣੀ ਦਾ ਛੋਟਾ ਮੁੰਡਾ ਰਣਵੀਰ ਤਾਂ ਪੈਦਾ ਹੋਣ ਵਾਲੇ ਦਿਨ ਤੋਂ ਹੀ ਉਹਨਾਂ ਦੀ ਗੋਦ ਵਿਚ ਪਲਿਆ। ਉਹਨਾਂ ਦਾ ਦੁੱਧ ਪੀ ਕੇ ਵੱਡਾ ਹੋਇਆ। ਉਸਦਾ ਮੂੰਹ ਲੱਗਦਿਆਂ ਹੀ ਸੁਘਰਾ ਦੀ ਛਾਤੀ 'ਚ ਦੁੱਧ ਲੱਥ ਆਇਆ, ਜਦਕਿ ਉਸਦੀ ਧੀ ਓਦੋਂ ਚਾਰ ਸਾਲ ਦੀ ਹੋ ਚੁੱਕੀ ਸੀ।

ਪਰ ਜੇਠ ਦੇ ਮਰਨ ਤੋਂ ਸਾਲ ਕੁ ਬਾਅਦ ਉਹੀ ਰਣਵੀਰ ਦਬਾ ਪਾਉਣ ਲੱਗ ਪਿਆ ਕਿ ਆਪਣੇ ਹਿੱਸੇ ਦਾ ਚੱਕ ਉਸਦੇ ਨਾਂ ਲਿਖਵਾ ਦੇਵੇ। ਸੁਘਰਾ ਨੇ ਲੱਖ ਕਿਹਾ ਕਿ 'ਤੈਨੂੰ ਈ ਤਾਂ ਮੈਂ ਪੁੱਤਰ ਮੰਨਿਆਂ ਏ। ਤੇਰਾ ਈ ਤਾਂ ਸਭ ਕੁਛ ਏ।' ਪਰ ਰਣਵੀਰ ਮੰਨਣ ਨੂੰ ਤਿਆਰ ਨਹੀਂ ਸੀ। ਲੋਕਾਂ ਨੇ ਉਸਨੂੰ ਡਰਾਇਆ ਹੋਵੇਗਾ ਕਿ ਮੋਹ 'ਚ ਪੈ ਕੇ ਧੀ ਜਵਾਈ ਦੇ ਨਾਂ ਲਿਖ ਦੇਵੇਗੀ ਤਾਂ ਤੇਰੀ ਹੈਸੀਅਤ ਅੱਧੀ ਰਹਿ ਜਾਵੇਗੀ। ਸੁਘਰਾ ਨੇ ਵੀ ਸਾਫ਼ ਕਹਿ ਦਿੱਤਾ ਕਿ 'ਜਿਉਂਦੇ ਜੀਅ ਆਪਣੇ ਹੱਥ ਨਈਂ ਵਢਵਾ ਸਕਦੀ। ਜੋ ਮੇਰਾ ਏ ਉਹ ਮਰਨ ਦੇ ਦਿਨ ਤਕ ਮੇਰਾ ਰਹੇਗਾ।'

ਰਣਵੀਰ ਨੇ ਉਹਨੂੰ ਘਰੋਂ ਕੱਢ ਦਿੱਤਾ। ਸਰੀਕੇ ਕਬੀਲੇ ਦੇ ਲੋਕ ਵਿਚ ਬਚਾ ਕਰਨ ਆਏ ਤਾਂ ਸਾਫ਼ ਕਹਿ ਦਿੱਤਾ, "ਪਿਤਾ ਜੀ ਦੀ ਗੱਲ ਪਿਤਾ ਜੀ ਨਾਲ ਗਈ। ਪਿਤਾ ਜੀ ਨੂੰ ਇਹਨਾਂ ਪਤਾ ਨਈਂ ਕੀ ਬੂਟੀ ਸੁੰਘਾਈ ਸੀ ਕਿ ਮਾਂ ਦੇ ਜਿਉਂਦਿਆਂ ਈ ਉਹਨਾਂ ਘਰ ਦੀਆਂ ਚਾਬੀਆਂ ਇਹਨਾਂ ਨੂੰ ਸੌਂਪ ਦਿੱਤੀਆਂ। ਘਰੇ ਬਚਿਆ ਈ ਕੀ ਐ ਇੱਟਾਂ ਲਟੈਨਾਂ ਦੇ ਸਿਵਾਏ ? ਸਭ ਕੁਛ ਤਾਂ ਚੋਰੀ ਛੁਪੇ ਧੀ ਜਵਾਈ ਦੇ ਘਰ ਜਾਂਦਾ ਰਿਹਾ।" ਸਭ ਦੇ ਸਮਝਾਉਣ ਬੁਝਾਉਣ ਦੇ ਬਾਵਜੂਦ ਉਸਨੇ ਸੁਘਰਾ ਨੂੰ ਇਕ ਟੱਕ ਦਾ ਵੀ ਕਬਜ਼ਾ ਨਹੀਂ ਦਿੱਤਾ। ਗੁਜਾਰੇ ਲਈ ਦੋ ਘੁੰਮਾ ਖੇਤ ਤੇ ਰਹਿਣ ਲਈ ਅਹਾਤੇ ਦਾ ਇਕ ਹਿੱਸਾ ਦੇਣ 'ਤੇ ਰਾਜੀ ਹੋਇਆ। ਇਸ ਪਿੱਛੋਂ ਵੀ ਉਹਨਾਂ ਨੂੰ ਤੰਗ ਕਰਨ ਦਾ ਕੋਈ ਨਾ ਕੋਈ ਤਰੀਕਾ ਕੱਢ ਲੈਂਦਾ। ਉਹ ਆਪਣੀ ਕੋਠੜੀ ਬੰਦ ਕਰਕੇ ਕਿਧਰੇ ਜਾਂਦੀ ਤਾਂ ਜਿੰਦਰਾ ਤੋੜ ਕੇ ਆਟਾ, ਚੌਲ ਗ਼ਾਇਬ ਕਰ ਦਿੰਦਾ।

ਆਖ਼ਰ ਸੁਘਰਾ ਮੁਕਾਬਲੇ ਲਈ ਖੜ੍ਹੀ ਹੋ ਗਈ। ਚੱਕਬੰਦੀ ਵਿਚ ਦੋਵਾਂ ਭਰਾਵਾਂ ਦੇ ਅਲੱਗ-ਅਲੱਗ ਚੱਕ ਵੰਡੇ ਗਏ। ਕਬਜ਼ਾ ਅਜੇ ਲੈਣਾ ਸੀ। ਪਰ ਇਹ ਵੀ ਕੋਈ ਆਸਾਨ ਨਹੀਂ ਸੀ। ਉਹਨਾਂ ਨੂੰ ਲੱਗਦਾ ਸੀ ਕਿ ਰਣਵੀਰ ਕਿਸੇ ਰਾਤ ਗੁੱਸੇ 'ਚ ਆ ਕੇ ਉਹਨਾਂ ਦਾ ਸਿਰ ਧੜ ਨਾਲੋਂ ਵੱਖ ਕਰ ਦੇਵੇਗਾ। ਪਰ ਉਹਨਾਂ ਹਿੰਮਤ ਦਿਖਾਈ। ਮਦਦ ਲਈ ਧੀ ਜਵਾਈ ਨੂੰ ਬੁਲਾਇਆ। ਦੋ-ਢਾਈ ਸਾਲ ਤਕ ਠਾਣੇ, ਕਚਹਿਰੀ ਦੇ ਚੱਕਰ ਲਾਉਂਦੀ ਰਹੀ ਤੇ ਚੱਕ 'ਤੇ ਕਬਜ਼ਾ ਲੈ ਕੇ ਛੱਡਿਆ। ਦੋ ਸਾਲ ਪਹਿਲਾਂ ਤਕ ਪਿੰਡ ਦੀ ਪ੍ਰਧਾਨ ਸੀ। ਗੱਲਬਾਤ ਵਿਚ ਕਿਸੇ ਤੋਂ ਦਬਦੀ ਨਹੀਂ ਸੀ। ਖਰੀਆਂ-ਖਰੀਆਂ ਕਹਿ ਦੇਣ ਲਈ ਬਦਨਾਮ ਸੀ।

ਸੁਘਰਾ ਬੋਲੀ—"ਦੇਖ ਬਈ, ਸੱਸ ਸਹੁਰੇ ਦੀ ਢਾਲ ਬਣ ਕੇ ਰਹਿਣ ਲਈ ਦੂਜਾ ਵਿਆਹ ਨਈਂ ਕੀਤਾ, ਇਸ ਨੂੰ ਅੱਜ ਦੇ ਜ਼ਮਾਨੇ 'ਚ ਸਮਝਦਾਰੀ ਦਾ ਕੰਮ ਨਈਂ ਕਹਾਂਗੇ। ਹਾਂ, ਪਿੱਠ



ਥਾਪੜਣ ਵਾਲਾ ਕੰਮ ਜ਼ਰੂਰ ਐ। ਹੁਣ ਗ਼ੈਰ ਤੋਂ ਗਰਭ ਲੈ ਆਈ। ਇਹ ਤਾਂ ਬਿਲਕੁਲ ਨਵੀਂ ਪਿਰਤ ਐ। ਪਰ ਤੂੰ ਬੁਲਾਉਣ ਆਈ ਐਂ, ਤਾਂ ਪੰਚਾਇਤ 'ਚ ਜਾਵਾਂਗੀ ਤੇ ਜੋ ਸਹੀ ਲੱਗਿਆ, ਕਹਾਂਗੀ।"

ਬਨਵਾਰੀ ਨੇ ਭੱਜ-ਨੱਠ ਕਰਕੇ ਅੱਧੇ ਪਿੰਡ ਨੂੰ ਪੰਚਾਇਤ ਵਿਚ ਆਉਣ ਲਈ ਰਾਜ਼ੀ ਕਰ ਲਿਆ। ਅਜੇ ਧਾਈਂ ਦੀ ਫ਼ਸਲ ਪੱਕ ਰਹੀ ਹੈ। ਵੱਢਣ 'ਚ ਦੇਰ ਹੈ। ਜਾਨਵਰਾਂ ਨੂੰ ਪੱਠੇ ਪਾਉਣ ਤੇ ਪਾਣੀ ਪਿਆਉਣ ਤੇ ਦੁੱਧ ਵਾਲੇ ਪਸ਼ੂਆਂ ਨੂੰ ਸਵੇਰ-ਸ਼ਾਮ ਚੋਣ ਦੇ ਇਲਾਵਾ ਹੋਰ ਕੋਈ ਕੰਮ ਨਹੀਂ। ਅੱਧੇ ਘਰਾਂ ਦੇ ਤਾਂ ਕੋਈ ਪਸ਼ੂ ਵੀ ਨਹੀਂ। ਪੰਚਾਇਤ ਲਈ ਇਸ ਨਾਲੋਂ ਵੱਧ ਵਿਹਲ ਦਾ ਸਮਾਂ ਹੋਰ ਕਦੋਂ ਮਿਲਦਾ! ਅੱਠ-ਦਸ ਦਿਨਾਂ ਦਾ ਮੀਂਹ ਨਹੀਂ ਪਿਆ। ਜ਼ਮੀਨ ਤੇ ਰਸਤੇ ਸੁੱਕੇ ਨੇ। ਮਹੁਏ ਦੇ ਦਰਖ਼ਤਾਂ ਹੇਠ ਉੱਗੀ ਹੱਥ-ਹੱਥ ਲੰਮੀ ਘਾਹ ਪੀਲੀ ਪੈਣ ਲੱਗ ਪਈ ਹੈ। ਬੈਠਣ ਲਈ ਦਰੀਆਂ, ਬੋਰੀਆਂ ਦੀ ਵੀ ਲੋੜ ਨਹੀਂ। ਕੁਝ ਦੂਰ ਮਹੁਏ ਦੀਆਂ ਤਿੰਨ ਜੜ੍ਹਾਂ ਜ਼ਮੀਨ ਵਿਚੋਂ ਉੱਪਰ ਉੱਠ ਕੇ ਤਿੰਨਾਂ ਦਿਸ਼ਾਵਾਂ ਵਿਚ ਕੁਝ ਦੂਰ ਤਕ ਜਾ ਕੇ ਫੇਰ ਅੰਦਰ ਧਸ ਗਈਆਂ ਨੇ। ਬੈਠਣ ਦੇ ਇਲਾਵਾ ਇਹਨਾਂ 'ਤੇ ਪਿੱਠ ਵੀ ਸਿੱਧੀ ਕੀਤੀ ਜਾ ਸਕਦੀ ਹੈ। ਧੰਨੂ ਬਾਬੇ ਤੇ ਬਲਈ ਬਾਬੇ ਲਈ ਬਨਵਾਰੀ ਘਰੋਂ ਮੰਜੇ ਲੈ ਆਇਆ ਹੈ। ਵਿਚਕਾਰ ਦਸ-ਪੰਦਰਾਂ ਹੱਥ ਦੀ ਥਾਂ ਛੱਡ ਕੇ ਪੂਰਬ ਵੱਲ ਬਲਈ ਬਾਬਾ ਬੈਠੇ ਨੇ ਤੇ ਪੱਛਮ ਵੱਲ ਧੰਨੂ ਬਾਬਾ। ਲਛਮਨ ਚੌਧਰੀ ਲਈ ਤਖ਼ਤਪੋਸ਼ ਦਾ ਇੰਤਜ਼ਾਮ ਕੀਤਾ ਹੈ। ਉਹ ਉੱਤਰ ਵੱਲ ਬੈਠੇ ਨੇ। ਸੁਘਰਾ ਠਾਕੁਰਾਇਣ ਦਾ ਨੌਕਰ ਉਸ ਲਈ ਆਰਾਮ ਕੁਰਸੀ ਲੈ ਆਇਆ ਹੈ। ਉਹ ਮਹੁਏ ਦੇ ਤਣੇ ਕੋਲ ਆਰਾਮ ਕੁਰਸੀ ਰਖਵਾ ਕੇ ਬੈਠਦੀ ਹੈ—ਬਲਈ ਤੇ ਲਛਮਨ ਚੌਧਰੀ ਦੇ ਵਿਚਕਾਰ। ਬਨਵਾਰੀ, ਰਮੇਸਰ, ਉਹਦੀ ਬੁੱਢੀ ਤੇ ਕੁੱਚੀ, ਸੁਲਛਨੀ ਵਗ਼ੈਰਾ ਦੱਖਣ ਵੱਲ ਬੈਠੇ ਨੇ—ਉੱਤਰ ਵੱਲ ਮੂੰਹ ਕਰਕੇ। ਆਉਣ ਵਾਲੇ ਲੋਕ ਇਹਨਾਂ ਦੇ ਪਿੱਛੇ ਚਾਰੇ-ਪਾਸੇ ਬੈਠ ਰਹੇ ਨੇ। ਸਾਰਿਆਂ ਨੂੰ ਬਨਵਾਰੀ ਨੇ ਹੀ ਬੁਲਾਇਆ ਹੈ। ਰਮੇਸਰ ਕਿਸੇ ਨੂੰ ਬੁਲਾਉਣ ਨਹੀਂ ਗਿਆ। ਲਛਮਨ ਚੌਧਰੀ ਦਾ ਸੁਨੇਹਾ ਮਿਲਿਆ ਤਾਂ ਦੋਵੇਂ ਜੀ ਨੂੰਹ ਨੂੰ ਲੈ ਕੇ ਹਾਜ਼ਰ ਹੋ ਗਏ। ਰਮੇਸਰ ਤੇ ਉਸਦੀ ਬੁੱਢੀ, ਦੋਵਾਂ ਜੀਆਂ ਦਾ ਮੂੰਹ ਚੂਹੇਦਾਨੀ ਵਿਚ ਫਸੇ ਚੂਹੇ ਵਰਗਾ ਲੱਗ ਰਿਹਾ ਹੈ।

ਬਦਚਲਨ ਦੀ ਪੰਚਾਇਤ ਤਾਂ ਗੋਪੀਆਂ ਦੀ ਰਾਸਲੀਲ੍ਹਾ ਵਾਲੀ ਕਥਾ ਤੋਂ ਵੀ ਵੱਧ 'ਰਸਦਾਰ' ਹੁੰਦੀ ਹੈ। ਇਸ ਲਈ ਘਰ ਦਾ ਕੰਮਕਾਰ ਜਲਦੀ-ਜਲਦੀ ਨਿਬੇੜ ਕੇ ਔਰਤਾਂ ਦੇ ਟੋਲੇ ਤੁਰੇ ਆ ਰਹੇ ਨੇ। ਸੱਸਾਂ, ਨੂੰਹਾਂ, ਬੁੱਢੀਆਂ, ਮੁਟਿਆਰਾਂ ਸਾਰੀਆਂ ਹੀ—ਧੀਆਂ ਤੇ ਭੈਣਾਂ ਨੂੰ ਛੱਡ ਕੇ। ਗੋਦੀ ਵਿਚ, ਬਾਲ ਬੱਚੇ ਨੇ। ਉਹਨਾਂ ਦੇ ਹੱਥਾਂ ਵਿਚ ਦਾਲ-ਚੌਲ ਜਾਂ ਮੈਗੀ ਦੀਆਂ ਕੌਲੀਆਂ। ਨੂੰਹਾਂ ਘੁੰਡ ਵਿਚ ਨੇ ਤਾਂ ਕੀ ਹੋਇਆ। ਬੋਲਣ ਦੀ ਹਿੰਮਤ ਨਾ ਸਹੀ, ਸੁਣਨੋਂ ਕੌਣ ਰੋਕ ਲਵੇਗਾ ? ਨਵੇਂ-ਨਵੇਂ ਜਵਾਨ ਹੋ ਰਹੇ ਮੁੰਡੇ ਵੀ ਸ਼ਰਮਾਉਂਦੇ ਤੇ ਇਕ ਦੂਜੇ ਦੇ ਪਿੱਛੇ ਮੂੰਹ ਲਕੋਂਦੇ ਤੁਰੇ ਆ ਰਹੇ ਨੇ।

ਔਰਤਾਂ, ਬੱਚਿਆਂ ਦਾ ਇਕ ਝੁੰਡ ਬਨਵਾਰੀ ਦੇ ਪਿੱਛੇ ਖੂਹ ਦੇ ਪਹੇ ਦੇ ਨਾਲ-ਨਾਲ ਡਟਿਆ ਹੋਇਆ ਹੈ। ਸਾਰੇ ਪਿੰਡ ਵਿਚ ਇਹੋ ਇਕੱਲਾ ਖੂਹ ਹੈ ਜਿਹੜਾ ਵਗਦਾ ਹੈ। ਪੱਪੂ ਮੌਰੀਏ ਨੇ ਇਸ ਦੇ ਅੰਦਰ ਜੰਮੀ ਕਾਈ ਦੀ ਸਫ਼ਾਈ ਕਰਵਾ ਕੇ, ਇਸ ਵਿਚ ਇਕ ਪੰਪਿਗ-ਸੈੱਟ ਫਿੱਟ ਕਰ ਦਿੱਤਾ ਹੈ। ਇਸ ਨਾਲ ਆਪਣੀ ਸਬਜ਼ੀ ਦੀ ਸਿੰਜਾਈ ਕਰਦਾ ਹੈ। ਪਹੇ ਦੇ ਇਕ ਪਾਸੇ ਸੀਮਿੰਟ ਦੀ ਇਕ ਛੋਟੀ ਜਿਹੀ ਸੀਮਿੰਟ ਦੀ ਟੈਂਕ ਬਣਵਾ ਕੇ ਟੂਟੀ ਲਗਵਾ ਦਿੱਤੀ ਹੈ। ਜਦੋਂ ਦੀ ਸਰਕਾਰੀ ਪ੍ਰਾਇਮਰੀ ਸਕੂਲ ਦੇ ਨਲਕੇ ਦੀ ਹੱਥੀ ਚੋਰੀ ਹੋਈ ਹੈ, ਸਾਰੇ ਬੱਚੇ ਪਾਣੀ ਪੀਣ ਲਈ ਏਥੇ ਹੀ

ਆਉਂਦੇ ਨੇ। ਖੂਹ ਦੇ ਪਹੇ 'ਤੇ ਬਨਵਾਰੀ ਨੇ ਆਪਣੇ ਵੱਡੇ ਮੁੰਡੇ ਮਿਠੂਏ ਨੂੰ ਇਕ ਟੋਕਰੀ ਵਿਚ ਵੀਹ-ਪੱਚੀ ਪੇਸੀਆਂ ਗੁੜ ਦੀਆਂ ਦੇ ਕੇ ਬੈਠਾ ਦਿੱਤਾ ਹੈ—ਤਾਕਿ ਟੈਂਕੀ 'ਤੇ ਪਾਣੀ ਪੀਣ ਵਾਲੇ ਨੂੰ ਇਕ ਡਲੀ ਗੁੜ ਦੀ ਵੀ ਦੇ ਦਿੱਤੀ ਜਾਵੇ। ਛੋਟੇ ਬੱਚੇ ਗੁੜ ਦੀ ਟੋਕਰੀ ਦੇ ਆਲੇ-ਦੁਅਲੇ ਗੇੜਾ ਬੰਨ੍ਹੀ ਫਿਰਦੇ ਨੇ।

ਬਲਈ ਪਾਂਡੇ ਕਹਿੰਦੇ ਨੇ—"ਸ਼ੁਰੂ ਕਰੋ ਜੀ। ਦਿਨ ਲਟਕ ਗਿਐ।"

ਲਛਮਨ ਚੌਧਰੀ ਕਹਿੰਦੇ ਨੇ—"ਸਭ ਨੂੰ ਪਤੈ ਬਈ ਇਹ ਪੰਚਾਇਤ ਬਨਵਾਰੀ ਮਿਸਤਰੀ ਨੇ ਰਮੇਸਰ ਭਗਤ ਤੇ ਉਹਨਾਂ ਦੀ ਨੂੰਹ ਕੁੱਚੀ ਦੇ ਖ਼ਿਲਾਫ਼ ਬੁਲਾਈ ਐ। ਦੋਵੇਂ ਫਰੀਕ ਵਚਣ ਦੇਣ ਕਿ ਪੰਚਾਇਤ ਜੋ ਫ਼ੈਸਲਾ ਕਰੂਗੀ, ਮੰਨਣਗੇ।"

"ਜ਼ਰੂਰ ਮੰਨਾਂਗੇ। ਕਿਉਂ ਨ੍ਹੀਂ ਮੰਨਾਂਗੇ?" ਬਨਵਾਰੀ ਝੱਟ ਉੱਠ ਕੇ ਕਹਿੰਦਾ ਹੈ।

"ਤੂੰ ਬੋਲ ਕੁੱਚੀ।" ਬਲਈ ਪਾਂਡੇ ਉਂਗਲ ਸਿੰਨ੍ਹਦੇ ਨੇ।

"ਸਹੀ ਮੰਨਾਂਗੇ, ਗਲਤ ਨਈਂ ਮੰਨਾਂਗੇ।"

"ਤਾਂ ਕੀ ਅਸੀਂ ਲੋਕ ਗਲਤ ਕਰਨ ਆਏ ਆਂ?" ਬਲਈ ਨਾਰਾਜ਼ਗੀ ਦਿਖਾਉਂਦੇ ਨੇ।

"ਵਚਨ ਤਾਂ ਦੇ ਦਿੱਤਾ ਬਾਬਾ ਕਿ ਸਹੀ ਮੰਨਾਂਗੇ। ਜੇ ਪੰਚ ਦੂਜੇ ਫਰੀਕ ਦਾ ਗੁੜ ਖਾ ਕੇ ਕਹਿਣ ਲੱਗੇ ਕਿ ਕੁੱਚੀ ਦੀਆਂ ਅੱਖਾਂ ਕੱਢ ਦਿਓ, ਕੰਨ ਵੱਢ ਲਓ ਤਾਂ ਕਿਵੇਂ ਮੰਨਾਂਗੇ?"

"ਪੰਚ ਐਨੇ ਸਸਤੇ ਐ ਬਈ ਗੁੜ 'ਤੇ ਵਿਕ ਜਾਣਗੇ?"

"ਕਿਹੜਾ ਕਿੰਨਾ ਸਸਤਾ ਮਹਿੰਗਾ ਵਿਕੂਗਾ ਇਹ ਤਾਂ ਵਿਕਣ ਵਾਲਾ ਜਾਣੇ, ਪਰ ਸਾਨੂੰ ਵੀ ਪੰਚਾਂ ਦੀ ਜ਼ਬਾਨ ਚਾਹੀਦੀ ਐ ਕਿ ਉਹ ਅਨਿਆਂ ਨ੍ਹੀਂ ਕਰਨਗੇ।"

"ਕੌਣ ਤੈਅ ਕਰੂਗਾ ਕਿ ਨਿਆਂ ਹੋਇਆ ਜਾਂ ਅਨਿਆਂ?" ਧਨਈ ਮਿਸਰ ਪੁੱਛਦੇ ਨੇ।

"ਤੁਹਾਡਾ ਦਿਲ ਤੈਅ ਕਰੂਗਾ ਬਾਬਾ। ਮੇਰੀ ਦਾਦੀ ਕਹਿੰਦੀ ਹੁੰਦੀ ਸੀ ਕਿ ਜੀਭ ਦੀ ਲਗਾਮ ਦਿਲ ਦੇ ਹੱਥ ਰਹਿਣ ਦਿਓ, ਅਨਿਆਂ ਨ੍ਹੀਂ ਹੁੰਦਾ।"

ਬਲਈ ਪਾਂਡੇ ਕਹਿੰਦੇ ਨੇ—"ਜਿਹੜਾ ਵੀ ਪੰਚਾਇਤ 'ਚ ਬੋਲੇਗਾ ਉਹ ਬਨਵਾਰੀ ਦਾ ਗੁੜ ਨਈਂ ਖਾਏਗਾ। ਹੁਣ ਤਾਂ ਠੀਕ ਐ?"

ਪਰ ਲਛਮਨ ਚੌਧਰੀ ਨੂੰ ਕੁੱਚੀ ਦੀ ਗੱਲ ਵਿਚੋਂ ਆਉਂਦੀ ਬਗ਼ਾਵਤ ਦੀ ਬੂ ਚੰਗੀ ਨਹੀਂ ਲੱਗੀ। ਉਹ ਕਹਿੰਦੇ ਨੇ—"ਜਦੋਂ ਏਥੇ ਰਮੇਸਰ ਭਗਤ ਮੌਜੂਦ ਨੇ ਤਾਂ ਕੁੱਚੀ ਨੂੰ ਪੁੱਛਣ ਦਾ ਕੀ ਮਤਲਬ? ਓਸੇ ਦੀ ਬਦਫ਼ੈਲੀ 'ਤੇ ਤਾਂ ਪੰਚਾਇਤ ਬੈਠੀ ਐ। ਜੋ ਵੀ ਸਜ਼ਾ ਜੁਰਮਾਨਾ ਹੋਣੈ ਤੇ ਭੁਗਤਣੈ ਰਮੇਸਰ ਨੇ, ਤਾਂ ਰਮੇਸਰ ਭਗਤ ਵਚਨ ਦੇਣ।"

ਰਮੇਸਰ ਆਪਣੀ ਜਗ੍ਹਾ ਖੜ੍ਹੇ ਹੋ ਕੇ ਹੱਥ ਜੋੜਦੇ ਨੇ—"ਪੰਚ ਤਾਂ ਭਗਵਾਨ ਬਰਾਬਰ ਐ ਚੌਧਰੀ ਸਾਹੇਬ। ਭਗਵਾਨ ਤੋਂ ਬਾਹਰ ਕਿਵੇਂ ਚਲੇ ਜਾਵਾਂਗੇ, ਅਸੀਂ 'ਪੰਚ' ਦਾ ਮਾਣ ਰੱਖਾਂਗੇ। ਪੰਚ ਆਪਣੀ 'ਲਾਜ' ਰੱਖਣ। ਏਸੇ 'ਚ ਸਭ 'ਸਮਾਇਆ' ਐ।"

"ਠੀਕ ਐ।" ਬਲਈ ਬਾਬਾ ਕਹਿੰਦੇ ਨੇ, "ਬਨਵਾਰੀ, ਹੁਣ ਤੂੰ ਆਪਣੀ ਉਜਦਾਰੀ ਕਹਿ।"

ਬਨਵਾਰੀ ਮੋਢੇ 'ਤੇ ਪਿਆ ਪਰਨਾ ਹੱਥਾਂ ਵਿਚ ਫੜ ਕੇ ਖੜ੍ਹਾ ਹੋ ਜਾਂਦਾ ਹੈ। ਦੋਵੇਂ ਹੱਥ ਜੋੜਦਾ ਹੈ। ਪਰਨਾ ਮੱਥੇ ਨੂੰ ਲਾਉਂਦਾ ਹੈ ਤੇ ਭੋਲੀ ਸੂਰਤ ਬਣਾ ਕੇ ਸ਼ੁਰੂ ਕਰਦਾ ਹੈ—"ਪੰਚੋ, ਸਭ ਨੂੰ ਪਤੈ ਬਈ ਇਸ ਪੰਚੈਤ ਦੀ ਲੋੜ ਕਿਉਂ ਪਈ। ਬਜਰੰਗੀ ਮੇਰਾ ਸਕੇ ਭਰਾ ਨਾਲੋਂ ਵੱਧ ਸੀ। ਸਮਝੋ, ਮੇਰੀ ਸੱਜੀ ਬਾਂਹ। ਬਜਰੰਗੀ ਦੀ ਅਕਾਲ ਮੌਤ ਨਾਲ ਸਾਡਾ ਸਾਰਿਆਂ ਦਾ ਲੱਕ ਟੁੱਟ ਗਿਆ। ਉਸਦੀ ਬੇਵਾ ਦੀ ਅਜੇ ਕੋਈ ਉਮਰ ਨਈਂ ਐ, ਸਾਡੇ 'ਰਿਸ਼ੀ ਮੁਨੀ' ਕਹਿ ਗਏ ਐ ਪਈ ਜਵਾਨੀ



ਅੰਨ੍ਹੀ ਹੁੰਦੀ ਐ। ਓਸ 'ਤੇ ਕਿਸੇ ਦਾ ਜ਼ੋਰ ਨ੍ਹੀਂ ਹੁੰਦਾ। ਇਸ ਲਈ ਅਸੀਂ ਸਾਰੇ ਚਾਹੁੰਦੇ ਆਂ ਕਿ ਉਹ ਦੂਜਾ ਘਰ ਕਰ ਲਏ। ਚਾਚੇ ਹੁਰਾਂ ਨੂੰ ਅਸੀਂ ਖੁਸ਼ੀ-ਖੁਸ਼ੀ ਸੰਭਾਲਾਂਗੇ, ਤਾਜ਼ਿੰਦਗੀ। ਪਰ ਏਸ ਔਰਤ ਦੇ ਮਨ 'ਚ ਪਤਾ ਨ੍ਹੀਂ ਕੀ ਪੱਕ ਰਿਹਾ ਸੀ ਕਿ ਜਾਣ ਨੂੰ ਰਾਜ਼ੀ ਨਾ ਹੋਈ। ਕਿਉਂ? ਅਖੇ, ਸੱਸ ਸਹੁਰੇ ਦੀ ਸੇਵਾ ਕਰੂੰਗੀ। ਬੜੀ ਚੰਗੀ ਗੱਲ ਐ। ਸੇਵਾ ਕੈਸੀ ਕੀਤੀ ਇਸ ਨੇ, ਇਹ ਤਾਂ ਚਾਚੇ ਹੁਰੀਂ ਜਾਣਨ ਪਰ ਮੇਰੇ ਖਾਨਦਾਨ ਦੀ ਨੱਕ ਜ਼ਰੂਰ ਵੱਢ ਦਿੱਤੀ। ਪਤਾ ਲੱਗਾ ਐ ਕਿ ਇਸਦੇ ਛੇ ਮਹੀਨਿਆਂ ਦਾ 'ਢਿੱਡ' ਐ। ਇਹ ਕਿੱਥੋਂ ਆਇਆ? ਕਿਸਦਾ ਐ? ਚਾਚਾ ਜੀ ਈ ਦੱਸਣ ਜਾਂ ਇਹ ਦੱਸੇ। ਚਾਚਾ ਇਹ ਵੀ ਦੱਸਣ ਕਿ ਸਾਰਾ ਪਾਪ ਜੱਗ ਜਾਹਰ ਹੋ ਜਾਣ ਪਿੱਛੋਂ ਵੀ ਉਸਨੂੰ ਆਪਣੇ ਘਰ 'ਚ ਕਿਉਂ ਰੱਖਿਆ ਹੋਇਆ ਐ? ਕਦੋਂ ਤਕ ਰੱਖਣਗੇ? ਕਿਸ ਲਈ ਰੱਖਣਗੇ? ਪੰਚ ਦੱਸਣ ਬਈ ਇਹੋ-ਜਿਹਾ ਕਲੰਕੀ ਮੂੰਹ ਦੇਖਣ ਤੋਂ ਪਿੰਡ ਵਾਲਿਆਂ ਨੂੰ ਕਦੋਂ 'ਮੁਕਤੀ' ਮਿਲੂਗੀ?"

ਬਨਵਾਰੀ ਇਕ ਵਾਰੀ ਸੱਜੇ ਖੱਬੇ ਦੇਖਦਾ ਹੈ। ਫੇਰ ਆਪਣੀ ਜਗ੍ਹਾ ਬੈਠ ਜਾਂਦਾ ਹੈ। ਬਲਈ ਪਾਂਡੇ, ਲਛਮਨ ਚੌਧਰੀ ਵੱਲ ਦੇਖ ਕੇ ਕਹਿੰਦੇ ਨੇ—"ਸ਼ੁਰੂ ਕਰੋ।"

ਚੌਧਰੀ ਇਨਕਾਰ ਵਿਚ ਸਿਰ ਹਿਲਾਉਂਦਾ ਹੈ—"ਤੁਸੀਂ ਓ ਸ਼ੁਰੂ ਕਰੋ ਮਹਾਰਾਜ।"

ਬਲਈ ਪਾਂਡੇ ਖੰਘੂਰਾ-ਜਿਹਾ ਮਾਰ ਕੇ ਗਲ਼ਾ ਸਾਫ਼ ਕਰਕੇ ਸ਼ੁਰੂ ਕਰਦੇ ਨੇ—"ਪੂਰੇ ਪਿੰਡ ਨੂੰ ਪਤਾ ਐ ਕਿ ਬਜਰੰਗੀ ਮਰੇ ਨੂੰ ਸਵਾ ਦੋ ਸਾਲ ਤੋਂ ਵੱਧ ਹੋ ਗਏ। ਕੁੱਚੀ ਦੱਸੇ ਕਿ ਕੀ ਉਸਦੇ ਪੇਟ 'ਚ ਬੱਚਾ ਹੋਣ ਦੀ ਗੱਲ ਸਹੀ ਐ?"

"ਹਾਂ ਮਹਾਰਾਜ।" ਕੁੱਚੀ ਹੱਥ ਜੋੜ ਕੇ ਖੜ੍ਹੀ ਹੁੰਦੀ ਹੈ—"ਸਹੀ ਐ।"

"ਇਹ ਬੱਚਾ ਕਿੱਥੋਂ ਆਇਆ?"

"ਮੈਂ ਦੂਸਰੇ ਤੋਂ ਬੀਅ ਲਿਐ, ਮਹਾਰਾਜ।"

"ਹੇ ਭਗਵਾਨ।" ਦੋਵਾਂ ਕੰਨਾਂ 'ਤੇ ਹੱਥ ਰੱਖ ਲੈਂਦੇ ਨੇ ਬਲਈ ਬਾਬਾ—"ਕਲਜੁਗ 'ਚ ਇਹੋ-ਜਿਹੀ ਗੱਲ ਸੁਣਨਾ ਵੀ ਲਿਖਿਆ ਸੀ। ਕਿਉਂ ਲਿਆ ਦੂਸਰੇ ਤੋਂ ਬੀਅ?"

"ਕਈ ਕਾਰਨ ਐਂ ਮਹਾਰਾਜ।"

"ਦੱਸ। ਸਾਰਾ ਪਿੰਡ ਜਾਣਨਾ ਚਾਹੁੰਦਾ ਐ।"

"ਮੈਨੂੰ ਜ਼ਰੂਰਤ ਲੱਗੀ ਮਹਾਰਾਜ। ਮੇਰਾ ਆਦਮੀ ਤਾਂ ਇਕ ਵਾਰੀ ਮਰ ਕੇ ਫ਼ੁਰਸਤ ਪਾ ਗਿਆ ਪਰ ਬੇਸਹਾਰਾ ਸਮਝ ਕੇ ਹਰ ਆਦਮੀ ਕਿਸੇ ਨਾ ਕਿਸੇ ਬਹਾਨੇ ਮੈਨੂੰ ਨਿੱਤ ਮਾਰ ਰਿਹਾ ਸੀ। ਮੈਂ ਮਰ-ਮਰ ਕੇ ਹੰਭ ਗਈ ਤਾਂ ਜਿਊਣ ਲਈ ਆਪਣਾ ਸਹਾਰਾ ਪੈਦਾ ਕਰਨ ਲੱਗੀ ਆਂ।"

"ਤਾਂ ਤੈਨੂੰ ਦੂਸਰੀ ਸ਼ਾਦੀ ਕਰਨ ਤੋਂ ਕਿਸ ਨੇ ਰੋਕਿਆ ਸੀ?"

"ਦੂਜੀ ਸ਼ਾਦੀ ਕਰ ਲੈਂਦੀ ਤਾਂ ਮੇਰੇ ਸੱਸ ਸਹੁਰੇ ਬੇਸਹਾਰਾ ਹੋ ਜਾਂਦੇ ਬਾਬਾ। ਇਹਨਾਂ ਨੂੰ ਬੇਸਹਾਰਾ ਛੱਡ ਕੇ ਜਾ ਨਾ ਸਕੀ। ਮੇਰਾ ਰਿਸ਼ਤਾ ਮੇਰੇ ਆਦਮੀ ਤਕ ਈ ਤਾਂ ਨ੍ਹੀਂ ਸੀ।"

"ਪਰ ਤੂੰ ਬਜਰੰਗੀ ਦੀ ਵਿਆਹੁਤਾ ਐਂ। ਤੇਰੀ ਕੁੱਖ 'ਤੇ ਸਿਰਫ਼ ਬਜਰੰਗੀ ਦਾ ਹੱਕ ਬਣਦਾ ਐ।"

"ਮਰੇ ਹੋਏ ਆਦਮੀ ਦੇ ਕੰਮ ਤਾਂ ਇਹ ਕੁੱਖ ਆ ਨ੍ਹੀਂ ਸਕਦੀ ਬਾਬਾ। ਉਹਨਾਂ ਦੇ ਮਰਨ ਪਿੱਛੋਂ ਕਿਸ ਦਾ ਹੱਕ ਬਣਦਾ ਐ?"

"ਦੂਜਾ ਮਰਦ ਕਰੇਂਗੀ ਤਾਂ ਉਸਦਾ ਹੱਕ ਬਣੂੰਗਾ।"

"ਦੂਜਾ ਮੈਂ ਕੀਤਾ ਨ੍ਹੀਂ, ਤਾਂ ਕਿਸ ਦਾ ਹੱਕ ਬਣੂੰਗਾ?...ਤੇ ਮੇਰੀ ਕੁੱਖ ਤੇ ਮੇਰਾ ਹੱਕ ਕਦੋਂ ਬਣੂੰਗਾ?"

"ਤੂੰ ਬਜਰੰਗੀ ਦੇ ਘਰ ਦਾ ਹੱਕ-ਹਕੂ ਵੀ ਲਏਂਗੀ ਤੇ ਹਰਾਮ ਦਾ ਬੱਚਾ ਵੀ ਜੰਮੇਂਗੀ, ਇਹ ਕਿਵੇਂ ਹੋਊਗਾ ਬਈ ?"

"ਹੱਕ-ਹਕੂਕ ਦੀ ਗੱਲ ਤਾਂ ਮੈਂ ਕਦੇ ਸੋਚੀ ਨ੍ਹੀਂ ਬਾਬਾ। ਮੈਂ ਤਾਂ ਸੋਚਦੀ ਆਂ ਕਿ ਜਿਹੜੀ ਜਿੰਮੇਂਵਾਰੀ ਮਰਨ ਵਾਲਾ ਮੇਰੇ 'ਤੇ ਪਾ ਗਿਆ, ਉਸਨੂੰ ਪੂਰਾ ਕਰਾਂ। ਮੇਰੀ ਸੱਸ ਪੋਤੇ ਦਾ ਮੂੰਹ ਦੇਖਣਾ ਚਾਹੁੰਦੀ ਸੀ। ਮੇਰਾ ਆਦਮੀ ਪੁੱਤ ਦਾ ਮੂੰਹ ਦੇਖਣਾ ਚਾਹੁੰਦਾ ਸੀ। ਉਸਨੇ ਤਾਂ ਨਾਂ ਵੀ ਸੋਚ ਲਿਆ ਸੀ—ਬਾਲਕਿਸਨ। ਮੈਂ ਖ਼ੁਦ ਧੀ ਚਾਹੁੰਦੀ ਸੀ। ਨਾਂ ਸੋਚ ਲਿਆ ਸੀ—ਕਿਸਨਕਲੀ। ਇਸ ਗੱਲ 'ਤੇ ਉਹਨਾਂ ਨਾਲ ਅਕਸਰ ਤਕਰਾਰ ਹੁੰਦੀ ਸੀ ਕਿ ਪਹਿਲਾਂ ਬਾਲਕਿਸਨ ਆਊਗਾ ਜਾਂ ਕਿਸਨਕਲੀ। ਪਰ ਕਿਸੇ ਦੇ ਆਉਣ ਤੋਂ ਪਹਿਲਾਂ ਈ ਉਹ ਤੁਰ ਗਏ।" ਕੁੱਚੀ ਦੀ ਆਵਾਜ਼ ਭਰੜਾ ਜਾਂਦੀ ਹੈ—"ਹੁਣ ਮੈਂ ਉਹਨਾਂ ਦੀ ਆਖ਼ੀਰ ਇੱਛਾ ਪੂਰੀ ਕਰ ਰਹੀ ਆਂ।"

"ਵਾਹ! ਦੂਸਰੇ ਦਾ ਬਾਲ ਜੰਮ ਕੇ ਆਪਣੇ ਆਦਮੀ ਦੀ ਇੱਛਾ ਪੂਰੀ ਕਰ ਰਹੀ ਐਂ।"

"ਹੋਰ ਕੀ ਕਰਦੀ ਬਾਬਾ। ਉਹ ਤਾਂ ਜਮਾਉਣ ਲਈ ਹੁਣ 'ਸੁਰਗ' 'ਚੋਂ ਆਉਣੋਂ ਰਹੇ ਤੇ 'ਕੱਲੀ ਮੈਂ ਜੰਮ ਨ੍ਹੀਂ ਸਕਦੀ ਸੀ।"

"ਤਾਂ ਤੂੰ ਹਰਾਮ ਦੀ ਔਲਾਦ ਨਾਲ ਬਜਰੰਗੀ ਦਾ ਵੰਸ਼ ਚਲਾਉਣ ਦੀ ਠਾਣੀ ਐ। ਵਾਹ!"

"ਉਹਨਾਂ ਦਾ ਚੱਲੇ ਨਾ ਚੱਲੇ, ਮੇਰਾ ਤਾਂ ਚੱਲੂਗਾ।"

"ਮੂਰਖੇ, ਵੰਸ਼ ਮਾਂ ਨਾਲ ਨਈਂ ਪਿਓ ਦੀ ਬੂੰਦ ਤੇ ਨਾਂ ਨਾਲ ਚੱਲਦਾ ਐ।"

"ਐਂ ਕਿਓਂ ਐ ਬਾਬਾ ? ਢਿੱਡ 'ਚ ਤਾਂ ਨੌਂ ਮਹੀਨੇ ਸਿੰਜਦੀ ਐ ਮਾਂ ਵਿਚਾਰੀ। ਪਿਓ ਤਾਂ ਬੂੰਦ ਦੇ ਕੇ ਪਾਸੇ ਹੋ ਜਾਂਦੈ।"

"ਐਨੀ ਦੂਰ ਤੈਰ ਕੇ ਪਾਰ ਨਈਂ ਲੰਘਣਾ, ਕੁੜੀਏ। ਤੂੰ ਏਸ ਪਿੰਡ ਦੀ ਬਹੂ ਐਂ। ਤੂੰ ਕਿਓਂ ਨਈਂ ਸੋਚਿਆ ਬਈ ਤੇਰੇ ਇਸ ਕਦਮ ਨਾਲ ਪਿੰਡ ਦੀ ਨੱਕ ਵੱਢੀਦੀ ਐ।"

"ਮੇਰੀ ਗੋਦ ਭਰਨ ਨਾਲ, ਮੈਨੂੰ ਸਹਾਰਾ ਮਿਲਣ ਨਾਲ ਪਿੰਡ ਦੀ ਨੱਕ ਕਿਵੇਂ ਵੱਢੀ ਜਾਊਗੀ ਬਾਬਾ ? ਕੀ ਮੇਰੇ ਭੁੱਖੀ ਸੌਣ ਨਾਲ ਪਿੰਡ ਦੇ ਢਿੱਡ 'ਚ ਕਦੇ ਦਰਦ ਹੋਇਐ ? ਜੇਠ ਦੀ ਧਮਕੀ ਤੋਂ ਡਰ ਕੇ ਜਦੋਂ ਅਸੀਂ ਤਿੰਨੇ ਜਣੇ ਰਾਤ ਨੂੰ ਵਾਰੀ ਨਾਲ ਘਰ ਦੇ ਅੰਦਰ ਪਹਿਰੇਦਾਰੀ ਕਰਦੇ ਸੀ ਤਾਂ ਕੀ ਪਿੰਡ ਦੀ ਨੀਂਦ ਟੁੱਟੀ ਐ ? ਜਦੋਂ ਇਹ ਬਹਾਨੇ ਬਣਾ ਕੇ ਮੈਨੂੰ ਤੇ ਮੇਰੇ ਸਹੁਰੇ ਨੂੰ ਡਰਾਉਂਦਾ-ਧਮਕਾਉਂਦੈ ਤਾਂ ਕੀ ਪਿੰਡ ਉਸਨੂੰ ਰੋਕਣ ਆਉਂਦਾ ਐ ? ਜਦੋਂ ਮੇਰੀ ਭੁੱਖ ਪਿੰਡ ਦੀ ਭੁੱਖ ਨ੍ਹੀਂ ਬਣਦੀ। ਮੇਰਾ ਡਰ ਪੂਰੇ ਪਿੰਡ ਦਾ ਡਰ ਨ੍ਹੀਂ ਬਣਦਾ, ਮੇਰਾ ਦੁੱਖ-ਦਰਦ ਪੂਰੇ ਪਿੰਡ ਦਾ ਦੁੱਖ-ਦਰਦ ਨ੍ਹੀਂ ਬਣਦਾ ਤਾਂ ਮੇਰੇ ਕੀਤੇ ਹੋਏ ਕਿਸੇ ਕੰਮ ਨਾਲ ਪੂਰੇ ਪਿੰਡ ਦੀ ਨੱਕ ਕਿਵੇਂ ਵੱਢੀ ਜਾਊਗੀ ?"

"ਓਇ! ਇਹ ਤਾਂ ਵਕੀਲਾਂ ਦਾ ਪਿਓ ਬਣੀ ਬੈਠੀ ਐ।" ਬਲਈ ਬਾਬਾ ਨੂੰ ਅੱਗਾ ਵਲਣ ਦਾ ਰਸਤਾ ਨਹੀਂ ਸੀ ਸੁੱਝ ਰਿਹਾ। ਕੋਈ ਹੋਰ ਪੰਚ ਮਦਦ ਲਈ ਅੱਗੇ ਕਿਉਂ ਨਹੀਂ ਆਉਂਦਾ ? ਹੌਲੀ-ਹੌਲੀ ਅੱਗੇ ਪਿੱਛੇ ਝੂਲਦੇ ਹੋਏ ਉਹ ਨਵਾਂ 'ਪੈਂਟ' ਕੱਢਦੇ ਨੇ—"ਤੂੰ ਕੀ ਸਮਝਦੀ ਐਂ ਕਿ ਕੀ ਇਹ ਬੱਚਾ ਬਜਰੰਗੀ ਦਾ ਕਾਨੂੰਨੀ ਵਾਰਸ ਬਣ ਜਾਊਗਾ ?"

"ਪਤਾ ਨ੍ਹੀਂ ਬਾਬਾ। ਕਾਨੂੰਨ ਤਾਂ ਮੈਂ ਪੜ੍ਹਿਆ ਨ੍ਹੀਂ।"

"ਕਾਨੂੰਨ ਪੜ੍ਹਿਆ, ਬੇ-ਪੜ੍ਹਿਆ ਨਈਂ ਦੇਖਦਾ।" ਬਲਈ ਬਾਬਾ ਦੀ ਆਵਾਜ਼ ਵਿਚ ਚਿੜ ਝਲਕ ਰਹੀ ਸੀ—"ਸ਼ਿਕੰਜਾ ਕਸਦਾ ਐ ਤਾਂ ਵੱਡਿਆਂ-ਵੱਡਿਆਂ ਨੂੰ ਮੁਰਗਾ ਬਣਾ ਦਿੰਦਾ ਐ। ਚੱਬ ਕੇ ਮੂੰਹ 'ਚੋਂ ਪਿਚਕਾਰੀ ਵਾਂਗੂੰ ਥੁੱਕ ਦਿੰਦੈ।"



ਕੰਬ ਜਾਂਦੀ ਹੈ ਕੁੱਚੀ। ਕਿੰਨੀਆਂ ਮਿਰਚਾਂ ਖਾ ਕੇ ਆਇਐ ਇਹ ਬੁੱਢਾ।

"ਤੁਹਾਡਾ ਮੂੰਹ ਬਹੁਤ ਵੱਡੈ ਬਾਬਾ, ਕੁਸ਼ ਵੀ ਬੋਲ ਸਕਦੇ ਓਂ।"

"ਕੁਸ਼ ਵੀ ਕਿਓਂ ਬੋਲੂੰਗਾ ਮੈਂ ? ਜੋ ਕਾਨੂੰਨ ਵਿਚ ਲਿਖਿਐ ਉਹੀ ਬੋਲ ਰਿਹਾਂ। ਇਹ ਨਾਜਾਇਜ਼ ਸੰਤਾਨ ਐ। ਇਸਨੂੰ ਬਜਰੰਗੀ ਦੀ ਪ੍ਰਾਪਰਟੀ 'ਚੋਂ ਧੇਲਾ ਵੀ ਨਈਂ ਮਿਲਣਾ।"

"ਨਾ ਮਿਲੇ ਮਹਾਰਾਜ। ਮੈਂ ਵਪਾਰੀ ਤਾਂ ਹਾਂ ਨ੍ਹੀਂ ਕਿ ਘਾਟਾ ਨਫਾ ਜੋੜ ਕੇ ਸੌਦਾ ਕਰਿਐ।" ਫੇਰ ਰਤਾ ਰੁਕ ਕੇ ਪੁੱਛਦੀ ਹੈ, "ਕਾਨੂੰਨ 'ਚ ਚੱਬਣ ਵਾਲੀ ਗੱਲ ਵੀ ਲਿਖੀ ਐ, ਮਾਹਾਰਾਜ ?"

"ਹੁਣ ਤੂੰ ਮੇਰੀ ਜ਼ਬਾਨ ਫੜੇਂਗੀ ? ਏਨੀ ਦਬੰਗ ਹੋ-ਗੀ ?"

"ਮਰਦ ਦੀ ਜਬਾਨ ਫੜਨਾ ਔਰਤ ਦੇ ਵੱਸ 'ਚ ਕਿੱਥੇ ਬਾਬਾ ? ਪਰ ਇਹ ਦੱਸ ਦਿੰਦੇ ਕਿ ਕਾਨੂੰਨ ਲਿਖਿਆ ਕਿੱਥੇ ਜਾਂਦਾ ਐ, ਲਿਖਦਾ ਕੌਣ ਐ, ਤਾਂ ਜਾ ਕੇ ਉਸੇ ਨੂੰ ਫਰਿਆਦ ਕਰਦੀ ਕਿ ਸਾਡੇ ਬਾਲਕਿਸਨ ਵਰਗਿਆਂ ਦੇ ਜਿਊਣ ਖਾਣ ਲਈ ਵੀ 'ਦੋ ਅੱਖਰ' ਕਾਨੂੰਨ ਲਿਖ ਦਿੰਦੇ।"

ਕੁੱਚੀ ਦੀ ਮੂੜ੍ਹਤਾ 'ਤੇ ਠੱਠਾ ਮਾਰ ਕੇ ਹੱਸਦੇ ਨੇ ਬਾਬਾ। ਦੇਰ ਤਕ ਹੱਸਦੇ ਰਹਿੰਦੇ ਨੇ। ਇਸ ਦਾ ਇਹ ਮਤਲਬ ਨਹੀਂ ਕਿ ਉਹਨਾਂ ਨੂੰ ਸੱਚਮੁੱਚ ਏਨਾ ਹਾਸਾ ਆ ਰਿਹਾ ਹੈ। ਬਸ, ਮੌਕਾ ਵਿਚਾਰ ਕੇ ਉਹ ਆਪਣੇ ਮਨ ਅੰਦਰ ਘੁੰਮ-ਘੁੰਮ ਕੇ ਪ੍ਰੇਸ਼ਾਨ ਕਰ ਰਹੀ ਗੈਸ ਕੱਢ ਰਹੇ ਨੇ।

"ਓ ਮੂਰਖ, ਕਾਨੂੰਨ ਨਿੱਤ-ਨਿੱਤ ਥੋੜ੍ਹਾ ਲਿਖਿਆ ਜਾਂਦਾ ਐ। ਵਿਰਾਸਤ ਦਾ ਕਾਨੂੰਨ ਯਾਗਯਵਲਕਯ ਮੁਨੀ ਹਜ਼ਾਰਾਂ ਸਾਲ ਪਹਿਲਾਂ ਲਿਖ ਗਏ ਐ। ਹਜ਼ਾਰ ਸਾਲ ਪਹਿਲਾਂ ਤਾਂ ਉਸ ਦੇ ਟੀਕੇ ਲਿਖੇ ਗਏ—ਮਿਤਾਕਸ਼ਰਾ, ਦਾਯਭਾਗ, ਇਕ ਅੱਧੀ ਹੋਰ। ਆਪਣੇ ਏਥੇ ਵਿਗਿਆਨੇਸ਼ਵਰ ਦੀ ਲਿਖੀ ਮਿਤਕਸ਼ਰਾ ਚੱਲਦੀ ਐ। ਬਿਹਾਰ 'ਚ, ਜੀਮੂਤਵਾਹਨ ਦੀ ਲਿਖੀ ਦਾਯਭਾਗ। ਖੈਰ, ਸਭ ਤੇਰੀ ਸਮਝ 'ਚ ਕੀ ਆਊਣੈ। ਇਸ ਪਿੰਡ 'ਚ ਈ ਕਿਸੇ ਨੇ ਯਾਗਯਵਲਕਯ ਮੁਨੀ ਦਾ ਨਾਂ ਨਈਂ ਸੁਣਿਆ ਹੋਣਾ। ਸੁਣਿਐਂ, ਤਾਂ ਦੱਸੇ।" ਕਹਿ ਕੇ ਬਲਈ ਬਾਬਾ ਦੋ ਵਾਰੀ ਧਨਈ ਮਹਾਰਾਜ ਵੱਲ ਦੇਖਦੇ ਨੇ।

"ਉਸੇ ਦੇ ਸਹਾਰੇ ਪੰਡਿਤ ਜਵਾਹਰ ਲਾਲ ਨੇ ਪੰਜਾਹ-ਸੱਠ ਸਾਲ ਪਹਿਲਾਂ ਕਾਨੂੰਨ ਪਾਸ ਕਰਵਾਏ—ਹਿੰਦੂ ਵਿਆਹ ਕਾਨੂੰਨ, ਵਿਰਾਸਤ ਦਾ ਕਾਨੂੰਨ, ਗੋਦਨਾਮੇ ਦਾ ਕਾਨੂੰਨ ਵਗ਼ੈਰਾ...। ਹਾਂ ਬਈ। ਗੋਦਨਾਮੇ ਦੇ ਨਾਂ 'ਤੇ ਇਕ ਕੰਮ ਦੀ ਗੱਲ ਸੁੱਝੀ। ਜੇ ਤੂੰ ਦੂਸਰੇ ਦਾ ਬੱਚਾ ਗੋਦ ਲੈ ਲਏਂ ਤਾਂ ਬਜਰੰਗੀ ਦੀ ਵਿਰਾਸਤ ਵੀ ਮਿਲ ਜਾਊਗੀ ਤੇ ਤੈਨੂੰ ਬੁਢਾਪੇ ਦਾ ਸਹਾਰਾ ਵੀ ਮਿਲ ਜਾਊਗਾ। ਜ਼ਿਆਦਾ ਦੂਰ ਜਾਣ ਦੀ ਲੋੜ ਵੀ ਨਈਂ—ਬਨਵਾਰੀ ਦੇ ਤਿੰਨਾਂ ਮੁੰਡਿਆਂ 'ਚੋਂ ਕਿਸੇ ਨੂੰ ਲੈ ਸਕਦੀ ਐਂ।"

'ਵਾਹ! ਕੀ 'ਪੈਂਟ' ਕੱਢਿਆ ਐ ਬਾਬਾ ਨੇ।' ਬਨਵਾਰੀ ਨੀਵੀਂ ਪਾ ਕੇ ਆਪਣੀਆਂ ਮੁੱਛਾਂ ਨੂੰ ਵੱਟ ਚਾੜ੍ਹਨ ਲੱਗ ਪੈਂਦਾ ਹੈ—'ਏਸ ਨੂੰ ਕਹਿੰਦੇ ਐ ਬੁੱਧੀ।'

ਥੋੜ੍ਹੀ ਦੇਰ ਤਕ ਚੁੱਪ ਵਰਤੀ ਰਹਿੰਦੀ ਹੈ। ਸਿਰਫ਼ ਖੂਹ ਦੇ ਪਾਹੇ ਦੁਆਲੇ ਬੈਠੀਆਂ ਔਰਤਾਂ ਦੇ ਝਗੜਣ ਤੇ ਨਿਆਣਿਆਂ ਦੇ ਗੁੜ ਲਈ ਰੋਣ, ਲੜਨ ਦੀਆਂ ਆਵਾਜ਼ਾਂ ਆਉਂਦੀਆਂ ਨੇ।

ਪੰਚਾਂ ਦੀ ਨਜ਼ਰ ਕੁੱਚੀ 'ਤੇ ਟਿਕ ਗਈ ਹੈ।

ਕੁੱਚੀ ਪੂਰੀ ਪੰਚਾਇਤ 'ਤੇ ਨਜ਼ਰਾਂ ਘੁਮਾਉਂਦੀ ਹੋਈ ਕਹਿੰਦੀ ਹੈ, "ਪਰ ਮੈਂ ਤਾਂ ਪਹਿਲਾਂ ਈ ਲੈ ਚੁੱਕੀ ਆਂ। ਗੋਦ ਨਈਂ ਸਿੱਧਾ ਕੁੱਖ 'ਚ।"

ਫੇਰ ਬਲਈ ਵੱਲ ਭੌਂ ਕੇ ਕਹਿੰਦੀ ਹੈ—"ਤੇ ਤੁਸੀਂ ਤਾਂ ਗਜਬ ਦਾ ਕਾਨੂੰਨ ਬਣਾਇਆ ਐ ਬਾਬਾ। ਦੂਜੇ ਦਾ ਪੈਦਾ ਕੀਤਾ ਹੋਇਆ ਗੋਦ ਲੈ ਲਵਾਂ ਤਾਂ ਉਸਨੂੰ ਸਭ ਕੁਸ਼ ਮਿਲ ਜਾਊਗਾ ਤੇ ਆਪਣੀ ਕੁੱਖੋਂ ਪੈਦਾ ਕਰਾਂ ਤਾਂ ਉਸਨੂੰ ਕੁਛ ਵੀ ਨ੍ਹੀਂ ਮਿਲਣਾ। ਜਿਹੜਾ ਮੇਰੀ ਕੁੱਖ 'ਚੋਂ ਪੈਦਾ ਹੋਊਗਾ ਉਸਦਾ ਅੱਧਾ ਭਾਵੇਂ ਕਿਸੇ ਦਾ ਹੋਏ ਪਰ ਅੱਧਾ ਖ਼ੂਨ ਤਾਂ ਮੇਰਾ ਹੋਊਗਾ। ਗੋਦ ਵਾਲੇ ਬੱਚੇ 'ਚ ਤਾਂ ਮੇਰੇ ਖ਼ੂਨ ਦੀ ਇਕ ਬੂੰਦ ਵੀ ਨ੍ਹੀਂ ਹੋਣੀ। ਦੋਵਾਂ 'ਚੋਂ ਮੇਰਾ ਵੱਧ ਸਕਾ ਕਿਹੜਾ ਹੋਊਗਾ?" ਉਹ ਗਰਦਨ ਭੁੰਆਂ ਕੇ ਚਾਰੇ ਪਾਸੇ ਦੇਖਦੀ ਹੈ।—"ਮੈਨੂੰ ਤਾਂ ਵਿਸ਼ਵਾਸ ਨ੍ਹੀਂ ਆਉਂਦਾ ਕਿ ਪੰਡਤ ਜਵਾਹਰ ਲਾਲ ਨੇ ਇਹੋ ਜਿਹਾ ਅੰਨ੍ਹਾਂ ਕਾਨੂੰਨ ਪਾਸ ਕਰਵਾਇਆ ਹੋਊ। ਫੋਟੋ 'ਚ ਤਾਂ ਬੜੇ 'ਗਊ' ਆਦਮੀ ਲੱਗਦੇ ਐ।"

ਲੋਕ ਹੱਸਣ ਲੱਗ ਪੈਂਦੇ ਨੇ।

"ਓਇ ਭਰਾਓ, ਇਹ ਤਾਂ 'ਬਾਲਿਸਟਰ' ਦੇ ਕੰਨ ਕੁਤਰਨ ਲੱਗ ਪਈ ਐ।" ਬਲਈ ਬਾਬਾ ਚਿੜ ਜਾਂਦੇ ਨੇ।

"ਹੁਣ ਏਸ ਪਿੰਡ 'ਚ ਕੁੱਚੀ ਦਾ ਕਾਨੂੰਨ ਚੱਲੂਗਾ ਬਾਬਾ।" ਪਿਛਲੇ ਪਾਸਿਓਂ ਕੋਈ ਵਾਕ ਉਛਾਲਦਾ ਹੈ।

"ਲੱਗ ਤਾਂ ਇਉਂ ਈ ਰਿਹੈ।" ਬਲਈ ਕਹਿੰਦੇ ਨੇ—"ਤੁਲਸੀ ਦਾਸ ਨੇ ਸਹੀ ਕਿਹੈ, 'ਯੁਵਤੀ ਨਾਰਿ ਨ੍ਰਿਪਤਿ ਵਸ਼ ਨਾਹੀਂ।' ਕਿਸੇ ਹੋਰ ਨੇ ਕੁਛ ਪੁੱਛਣਾ ਹੋਏ ਤਾਂ ਪੁੱਛੇ।"

ਹੁਣ ਪੰਚਾਂ ਵਿਚੋਂ ਕਿਸੇ ਨੂੰ ਬੋਲਣ ਦੀ ਕਾਹਲ ਨਜ਼ਰ ਨਹੀਂ ਆ ਰਹੀ। ਸਾਰੇ ਇਕ ਦੂਜੇ ਨੂੰ ਸੁਣਨਾ ਚਾਹੁੰਦੇ ਨੇ।

"ਇਹ ਭੇਲੀ ਬੁੱਢੇ ਚੌਧਰੀਆਂ ਦੇ ਦੰਦਾਂ ਨਾਲ ਟੁੱਟਣ ਆਲੀ ਨ੍ਹੀਂ ਲੱਗਦੀ।" ਕੋਈ ਵਿਅੰਗ ਵਾਕ ਉਛਾਲਦਾ ਹੈ।

ਧੰਨੂ ਬਾਬਾ ਲਛਮਨ ਚੌਧਰੀ ਨੂੰ ਇਸ਼ਾਰਾ ਕਰਦੇ ਨੇ—"ਵਧੋ।"

ਲਛਮਨ ਚੌਧਰੀ ਇਨਕਾਰ ਵਿਚ ਸਿਰ ਹਿਲਾ ਦਿੰਦੇ ਨੇ—"ਤੁਸੀਂ ਓ ਵਧੋ ਮਹਾਰਾਜ।"

"ਅੱਛਾ ਕੁੱਚੀ।" ਧੰਨੂ ਬਾਬਾ ਕਹਿੰਦੇ ਨੇ—"ਪਹਿਲਾਂ ਤਾਂ ਆਪਣੀ ਜਗ੍ਹਾ ਬੈਠ ਜਾ। ਘੰਟੇ ਭਰ ਦੀ ਖੜ੍ਹੀ ਐਂ। ਹੁਣ ਬੈਠੀ-ਬੈਠੀ ਈ ਜਵਾਬ ਦੇ।"

ਕੁੱਚੀ ਸੁੱਕੀ ਘਾਹ 'ਤੇ ਬੈਠ ਜਾਂਦੀ ਹੈ। ਦੋਵੇਂ ਹੱਥ ਪਿੱਠ ਪਿੱਛੇ ਜ਼ਮੀਨ 'ਤੇ ਟਿਕਾ ਕੇ ਰਾਹਤ ਮਹਿਸੂਸ ਕਰਦੀ ਹੈ। ਉਸਨੂੰ ਪਿਆਸ ਲੱਗੀ ਹੋਈ ਹੈ।

"ਇਸ ਦੇ ਬੈਠਣ ਲਈ ਵੀ ਕੋਈ ਪੀੜ੍ਹੀ, ਮੰਜੀ ਲਿਆਓ ਭਾਈ...ਹਾਂ, ਤੂੰ ਕਹਿ ਰਹੀ ਸੀ ਕਿ ਤੇਰੇ ਗਰਭ ਧਾਰਨ ਕਰਨ ਦੇ ਕਈ ਕਾਰਨ ਐਂ। ਇਕ ਤਾਂ ਦੱਸ ਦਿੱਤਾ, ਬਾਕੀ?"

"ਬਾਬਾ ਬਰਮ੍ਹਾ ਨੇ ਔਰਤ ਨੂੰ ਕੁੱਖ ਕਿਸ ਲਈ ਦਿੱਤੀ ਐ?"

"ਤੂੰ ਈ ਦੱਸ।"

"ਮੇਰੇ ਭਾਣੇ ਤਾਂ ਇਸ ਲਈ ਬਈ ਉਹ ਬਰਮ੍ਹਾ ਦੀ ਬਣਾਈ ਦੁਨੀਆਂ ਨੂੰ ਆਬਾਦ ਕਰਦੀ ਰਹੇ। ਔਰਤਾਂ ਜਦੋਂ ਦੀਆਂ ਦੁਨੀਆਂ 'ਚ ਆਈਐਂ, ਉਹ ਬਰਮ੍ਹਾ ਦਾ ਕੰਮ ਈ ਕਰ ਰਹੀਐਂ।"

"ਫੇਰ?"

ਬੈਠ ਕੇ ਬੋਲਣ ਨਾਲ ਆਵਾਜ਼ ਦੂਰ ਤਕ ਨਈਂ ਜਾ ਰਹੀ ਹੈ ਇਸ ਲਈ ਪਿੱਛੇ ਬੈਠੇ ਲੋਕ ਉੱਠ ਕੇ ਅੱਗੇ ਆਉਣ ਲੱਗ ਪਏ ਨੇ।



"ਮੇਰਾ ਕਹਿਣੈ ਕਿ ਕੁੱਖ ਦੇ ਕੇ ਬਰਮ੍ਹਾ ਨੇ ਔਰਤਾਂ ਨੂੰ ਫਸਾ ਦਿੱਤਾ। ਆਪਣੀ ਬਲਾ ਉਹਨਾਂ ਦੇ ਸਿਰ ਪਾ ਦਿੱਤੀ। ਜੇ ਦੁਨੀਆਂ ਦੀਆਂ ਸਾਰੀਆਂ ਔਰਤਾਂ ਆਪਣੀ ਕੁੱਖ ਵਾਪਸ ਕਰ ਦੇਣ ਤਾਂ ਕੀ ਬਰਮ੍ਹਾ ਦੇ ਵੱਸ ਦਾ ਐ ਕਿ ਉਹ ਆਪਣੀ ਦੁਨੀਆਂ ਚਲਾ ਲੈਣ?"

"ਪਤਾ ਨਈਂ, ਤੂੰ ਈ ਦੱਸ।"

"ਪਾਂਡੇ ਬਾਬਾ ਨੇ ਵੀ ਮੇਰੇ ਸਵਾਲ ਦਾ ਜਵਾਬ ਟਾਲ ਦਿੱਤਾ ਤੇ ਤੁਸੀਂ ਵੀ ਟਾਲ ਰਹੇ ਓਂ।"

"ਤੂੰ ਸਿਰਫ਼ ਉਹ ਦੱਸ ਜੋ ਪੁੱਛਿਆ ਜਾ ਰਿਹਾ ਐ।"

"ਮੈਨੂੰ ਵੀ ਤਾਂ ਕੁਛ ਪੁੱਛਣ ਦੀ ਛੂਟ ਮਿਲੇ..."

"ਅਜੇ ਨਈਂ, ਅਜੇ ਮੇਰੇ ਸਵਾਲ ਦਾ ਜਵਾਬ ਦੇ।"

"ਮੈਂ ਆਪਣੀ ਕੁੱਖ ਦਾ ਉਦਾਰ ਕਰਨਾ ਚਾਹੁੰਦੀ ਸੀ। ਬਚਪਨ ਤੋਂ ਸੁਣਦੀ ਰਹੀ ਆਂ ਕਿ ਕੁੱਖ ਦਾ ਉਦਾਰ ਉਦੋਂ ਹੁੰਦੈ ਜਦੋਂ ਕੁੱਖ ਫਲੇ। ਆਪਣੇ 'ਜਨਮੇ' ਨੂੰ ਦੁੱਧ ਪਿਆ ਕੇ ਮੈਂ ਮਾਂ ਦੇ ਦੁੱਧ ਦਾ ਉਧਾਰ ਲਾਹੁਣਾ ਚਾਹੁੰਦੀ ਸੀ।"

"ਹੋਰ ਕੋਈ ਕਾਰਨ?"

"ਹਾਂ ਬਾਬਾ, ਮੈਂ ਆਪਣੀ ਕੁੱਖ 'ਤੇ ਲੱਗੇ 'ਬਾਂਝ' ਹੋਣ ਦੇ ਕਲੰਕ ਨੂੰ ਮਿਟਾਉਣਾ ਚਾਹੁੰਦੀ ਸੀ। ਮੇਰੇ ਜੇਠ ਨੇ ਦੋ ਸਾਲ 'ਚ ਪਤਾ ਨ੍ਹੀਂ ਕਿੰਨੇ ਵਾਰੀ 'ਬਾਂਝਣ' ਕਹਿ ਕੇ ਮੇਰੇ ਕਾਲਜੇ 'ਚ ਸੱਲ ਮਾਰੇ ਐ।"

ਅਚਾਨਕ ਬਲਈ ਬਾਬਾ ਕੁੱਚੀ ਵੱਲ ਉਂਗਲ ਸਿੰਨ੍ਹ ਕੇ ਪੁੱਛਦੇ ਨੇ—"ਵੱਡਾ ਕਲੰਕ ਕਿਹੜੈ? ਕੁੱਖ ਦਾ ਬਾਂਝ ਰਹਿ ਜਾਣਾ ਜਾਂ ਕੁੱਖ 'ਚ ਹਰਾਮ ਦੀ ਔਲਾਦ ਪਾਲਨਾ?"

ਧੰਨੂ ਬਾਬਾ ਰੋਕਦੇ ਨੇ—"ਬਾਅਦ ਵਿਚ, ਬਾਅਦ ਵਿਚ। ਪਹਿਲਾਂ ਮੇਰੀ ਜਿਰਹਾ ਖ਼ਤਮ ਹੋ ਜਾਣ ਦਿਓ।...ਹੋਰ ਕੋਈ ਕਾਰਨ?"

"ਹਾਂ, ਬਾਬਾ ਮੈਂ ਜਾਣਨਾ ਚਾਹੁੰਦੀ ਸੀ ਕਿ ਬੱਚਾ ਪੈਦਾ ਕਰਨ ਦੀ ਪੀੜ ਕਿਹੋ-ਜਿਹੀ ਹੁੰਦੀ ਐ? ਆਪਣੇ ਵਰਗਾ ਜੀਵ ਪੈਦਾ ਕਰਨ ਦਾ ਸੁੱਖ ਕਿਹੋ-ਜਿਹਾ ਹੁੰਦੈ?"

"ਪੈਦਾ ਕਰਨ ਦਾ ਸੁੱਖ?" ਬਨਾਰਸੀ ਕੂਕਦਾ ਹੈ—"ਸਾਫ਼ ਕਿਉਂ ਨ੍ਹੀਂ ਕਹਿੰਦੀ ਕਿ 'ਬਦਕਾਰੀ'ਦਾ ਮਜਾ ਲੈਣਾ ਚਾਹੁੰਦੀ ਸੀ।"

"ਬਦਕਾਰੀ ਦਾ ਮਜਾ ਲੈਣ ਵਾਸਤੇ ਤਾਂ ਤੂੰ ਬੜੇ ਹੱਥ-ਪੈਰ ਮਾਰੇ ਐ ਪਰ ਕੁਸ਼ ਹੱਥ ਪੱਲੇ ਨ੍ਹੀਂ ਪਿਆ। ਇਹੋ ਕਿੜ ਕੱਢਣ ਲਈ ਤਾਂ ਇੰਜ ਛਟਪਟਾ ਰਿਹੈਂ। ਪੰਚੋ, ਇਸਨੇ ਮੈਨੂੰ ਖੰਡ ਦੀ ਗੋਲੀ ਸਮਝ ਲਿਆ ਸੀ ਕਿ ਜਦੋਂ ਚਾਹੇ ਮੂੰਹ 'ਚ ਪਾ ਲਊਗਾ। ਜਦੋਂ ਦਾਲ ਨਾ ਗਲੀ ਤਾਂ ਪਿੰਡੋਂ ਭਜਾਉਣ ਲਈ ਅੜਾਟ ਪਾ ਰਿਹੈ। ਇਹ ਸਮਝਦੈ ਕਿ ਪਿੰਡ ਦੇ ਲੋਕ 'ਬੱਚੇ' ਐ। ਉਹਨਾਂ ਨੂੰ ਗੁੜ ਖੁਆ ਕੇ ਮਗਰ ਲਾ ਲਊਗਾ। ਰਿਸ਼ਤੇ 'ਚ ਇਹ ਮੇਰਾ ਜੇਠ ਲੱਗਦਾ ਐ। ਰਿਵਾਜ਼ ਐ ਕਿ ਜੇਠ ਆਪਣੀ ਭਾਬੀ ਦੇ ਪ੍ਰਛਾਵੇਂ ਤੋਂ ਵੀ ਬਚ ਕੇ ਤੁਰੇ। ਸਿੱਧਾ ਛੂਹਣ ਦਾ ਤਾਂ ਸਵਾਲ ਈ ਨਈਂ ਪਰ 'ਇਹਨਾਂ' ਨੂੰ ਮਰੇ ਤਿੰਨ ਮਹੀਨੇ ਵੀ ਨਈਂ ਸੀ ਹੋਏ ਕਿ ਇਸ ਨੇ ਧੋਖੇ ਨਾਲ ਮੇਰੀ 'ਛਾਤੀ' ਫੜ ਲਈ। ਜਦੋਂ ਮੇਰੀ ਸੱਸ ਹਸਪਤਾਲ 'ਚ ਸੀ ਤਾਂ ਬੁਰੀ ਨੀਅਤ ਨਾਲ ਮੇਰੇ ਸੁੰਨੇ ਘਰ 'ਚ ਵੜ ਆਇਆ। ਵਾਲ ਤਾਂ ਇਸਦੇ ਅੱਧੇ-ਚਿੱਟੇ ਹੋ ਗਏ ਐ ਪਰ ਦਿਲ ਅਜੇ ਤਕ ਕਾਲਾ ਐ। ਮੈਨੂੰ ਫਸਾਉਣ ਲਈ ਮਹਾਰਾਣੀ ਬਣਾ ਕੇ ਰੱਖਣ ਦਾ ਲਾਲਚ ਦੇ ਰਿਹਾ ਸੀ। ਪੁੱਛੋ ਇਸ ਕਪਟੀ ਨੂੰ, ਸੱਚ ਐ ਕਿ ਝੂਠ? ਇਸੇ ਪੰਚਾਇਤ 'ਚ ਇਸ ਦਾ ਫ਼ੈਸਲਾ ਹੋਣਾ ਐ।"

"ਇਹ ਤਾਂ ਬੜਾ ਵੱਡਾ ਜੁਰਮ ਐ। ਕਿਸੇ ਔਰਤ ਦੇ ਸੁੰਨੇ ਘਰ 'ਚ ਮਾੜੀ ਨੀਅਤ ਨਾਲ ਵੜਨਾ। ਇਸ 'ਚ ਤਾਂ ਧਾਰਾ 354 ਲੱਗ ਜਾਂਦੀ ਐ।" ਧੰਨੂ ਬਾਬਾ ਚਾਰੇ-ਪਾਸੇ ਦੇਖਦੇ ਹੋਏ ਗੰਭੀਰ ਆਵਾਜ਼ ਵਿਚ ਕਹਿੰਦੇ ਨੇ—"ਹੁਣ ਇਹ ਧਾਰਾ ਵੀ ਗ਼ੈਰ-ਜਮਾਨਤੀ ਹੋ ਗਈ ਐ। ਸੱਤ ਸਾਲ ਦੀ ਸਜ਼ਾ।"

"ਬਾਬਾ ਇਹ ਇਕ ਨੰਬਰੀ ਝੂਠੀ ਐ।" ਬਨਵਾਰੀ ਨੇ ਚੀਕ ਕੇ ਕਿਹਾ—"ਸਰਾਸਰ ਝੂਠ ਬੋਲ ਰਹੀ ਐ।"

"ਮੈਂ ਮੌਕੇ ਦਾ ਗਵਾਹ ਪੇਸ਼ ਕਰ ਦਿਆਂਗੀ। ਮੇਰੀ ਗਵਾਹ ਏਸੇ ਪੰਚਾਇਤ 'ਚ ਬੈਠੀ ਐ।"

"ਪਹਿਲਾਂ ਜਿਹੜਾ ਮਾਮਲਾ ਪੇਸ਼ ਹੋਇਐ ਉਸਨੂੰ ਤਾਂ ਸਿਰੇ ਲੱਗ ਲੈਣ ਦਿਓ।" ਬਲਈ ਬਾਬਾ ਕਹਿੰਦੇ ਨੇ।

"ਜਦੋਂ ਪੰਚਾਇਤ ਬੈਠ ਗਈ ਐ ਤਾਂ ਦੋਵਾਂ ਧਿਰਾਂ ਦੇ ਮਾਮਲੇ ਨਿਬਟਾ ਕੇ ਉੱਠੇਗੀ। ਇਕ ਦਿਨ 'ਚ ਨਈਂ ਦੋ ਦਿਨਾਂ 'ਚ ਸਹੀ।" ਧੰਨੂ ਬਾਬਾ ਸਾਵਧਾਨ ਕਰਦੇ ਨੇ—"ਪਰ ਤੂੰ ਇਸਨੂੰ ਬਦਕਾਰ ਕਿਓਂ ਕਹਿ ਰਿਹੈਂ ਬਨਵਾਰੀ? ਬਦਕਾਰੀ ਕਹਿੰਦੇ ਐ ਆਪਣੇ ਆਦਮੀ ਤੇ ਪਰਿਵਾਰ ਤੋਂ ਚੋਰੀਓਂ ਦੂਜੇ ਆਦਮੀ ਨਾਲ ਲੱਗਣ ਨੂੰ। ਇਹ ਤਾਂ ਸਾਫ਼ ਕਹਿ ਰਹੀ ਆ ਕਿ ਉਸਨੂੰ ਬੱਚੇ ਦੀ ਜ਼ਰੂਰਤ ਸੀ ਤੇ ਉਸਦਾ ਪਤੀ ਮਰ ਗਿਆ ਸੀ।"

"ਮਰ ਗਿਆ ਸੀ ਤਾਂ ਸਬਰ ਕਰਦੀ।" ਬਲਈ ਕੜਕਦੇ ਨੇ—"ਤੇ ਜੇ ਐਨੀ ਜਵਾਨੀ ਚੜ੍ਹੀ ਸੀ ਕਿ ਕਾਬੂ ਨਈਂ ਰਹਿੰਦੀ ਸੀ ਤਾਂ ਦੂਜਾ ਸਾਂਨ੍ਹ ਵਰਗਾ ਘਰਵਾਲਾ ਕਰ ਲੈਂਦੀ।"

"ਓ ਮਹਾਰਾਜ ਜਵਾਨੀ ਤਾਂ ਤੁਹਾਨੂੰ ਚੜ੍ਹੀ ਸੀ। ਉਹ ਵੀ ਸੱਠ ਸਾਲ ਦੀ ਉਮਰ 'ਚ।" ਸੁਘਰਾ ਠਾਕੁਰਾਇਣ ਅਚਾਨਕ ਬਲਈ ਬਾਬੇ ਵੱਲ ਉਂਗਲ ਸਿੰਨ੍ਹ ਕੇ ਕਹਿੰਦੀ ਹੈ—"ਐਨੀ ਚੜ੍ਹੀ ਕਿ ਪਰਾਈ ਔਰਤ ਨੂੰ ਭਰਮਾ ਕੇ ਘਰੇ ਬੰਦ ਕਰ ਲਿਆ ਤੇ ਚੁੰਗਲ 'ਚੋਂ ਨਿਕਲ ਕੇ ਭੱਜ ਗਈ ਤਾਂ ਭੁੱਬਾਂ ਮਾਰ-ਮਾਰ ਰੋਏ ਸੀ।"

ਲੋਕ ਉੱਚੀ ਉੱਚੀ ਹੱਸਣ ਲੱਗ ਪਏ। ਔਰਤਾਂ ਮੂੰਹ ਅੱਗੇ ਪਲੇ ਕਰ-ਕਰ ਹੱਸਣ ਲੱਗੀਆਂ। ਛੋਟੇ ਬੱਚਿਆਂ ਨੇ ਹੈਰਾਨ ਹੋ ਕੇ ਰੋਣਾ ਬੰਦ ਕਰ ਦਿੱਤਾ।

ਬਲਈ ਬਾਬਾ ਦਾ ਚਿਹਰ ਪੀਲਾ ਫੱਕ ਹੋ ਗਿਆ।

ਕਿਆ ਧੋਬੀ ਪਟਕਾ ਲੁਆਇਆ ਹੈ ਠਾਕੁਰਾਇਣ ਨੇ! ਚਿੱਤ ਕਰ ਦਿੱਤਾ।

ਗੱਲ ਪੁਰਾਣੀ ਜ਼ਰੂਰ ਹੈ ਪਰ ਲੋਕ ਭੁੱਲੇ ਨਹੀਂ। ਬਲਈ ਬਾਬਾ ਦੀ ਘਰਵਾਰੀ ਨੂੰ ਬੁੱਢੀਆਂ ਔਰਤਾਂ ਦਿਆਲੂ ਜੀਵ ਦੇ ਤੌਰ 'ਤੇ ਯਾਦ ਕਰਦੀਆਂ ਨੇ। ਉਦੋਂ ਪਿੰਡ ਦੇ ਹਰ ਘਰ ਵਿਚ ਦੋ ਡੰਗ ਚੁੱਲ੍ਹਾ ਬਲਣ ਦੀ ਨੌਬਤ ਨਹੀਂ ਆਈ ਸੀ। ਉਹ ਭੁੱਖੇ, ਦੁਖੀ ਦੇ ਦੁੱਖ ਵਿਚ ਸਹਾਰਾ ਬਣ ਕੇ ਖੜ੍ਹੀ ਹੁੰਦੀ ਸੀ। ਪਰ ਚੰਗੇ ਆਦਮੀ ਦੀ ਲੋੜ ਉਪਰ ਵੀ ਰਹਿੰਦੀ ਹੈ। ਜਿਸ ਸਾਲ ਉਹਨਾਂ ਨੇ ਧੀ ਦਾ ਵਿਆਹ ਕੀਤਾ ਉਸੇ ਸਾਲ ਤਿੰਨ ਦਿਨ ਦੇ ਦਿਮਾਗ਼ੀ ਬੁਖਾਰ ਨਾਲ ਮੁੱਕ ਗਈ। ਉਦੋਂ ਬਾਬਾ ਦਾ ਪੁੱਤਰ ਸਨਾਤਨ ਦਸ ਸਾਲ ਦਾ ਸੀ। ਖ਼ੁਦ ਬਾਬਾ ਅਜੇ ਚਾਲ੍ਹੀ ਦੇ ਅੰਦਰ ਸਨ। ਇਹ ਮੰਨ ਕੇ ਕਿ ਕੋਈ ਨਾ ਕੋਈ ਧੀ ਵਾਲਾ ਦੇਰ-ਸਵੇਰ ਘੇਰ ਕੇ ਫੇਰ ਬਲਈ ਬਾਬਾ ਦਾ ਵਿਆਹ ਕਰ ਦੇਵੇਗਾ—ਭਾਵੀ ਮਤਰੇਈ ਮਾਂ ਦੇ ਅਤਿਆਚਾਰ ਤੋਂ ਬਚਾਉਣ ਲਈ ਸਨਾਤਨ ਦੇ ਨਾਨਾ-ਨਾਨੀ ਉਸਨੂੰ ਆਪਣੇ ਨਾਲ ਲੈ ਗਏ। ਬਾਬੇ ਹੁਰਾਂ ਦੀ ਘਰ ਵਾਲੀ ਮਾਪਿਆਂ ਦੀ ਇਕੱਲੀ ਧੀ ਸੀ ਇਸ ਲਈ ਬਲਈ ਸਨਾਤਨ ਨੂੰ ਨਾਨਕੇ ਭੇਜਣ ਦੇ ਪੱਖ ਵਿਚ ਨਹੀਂ ਸਨ। ਉਹਨਾਂ ਦਾ ਮੰਨਣਾ ਸੀ ਕਿ



ਨਾਨੀ ਦਾ ਪੈਸਾ, ਪਾਣੀ ਦਾ ਪੈਸਾ (ਦੁੱਧ ਵਿਚ ਰਲਾਏ ਪਾਣੀ) ਤੇ ਬੇਈਮਾਨੀ ਦਾ ਪੈਸਾ ਸਭ ਨੂੰ ਨਹੀਂ ਫਲਦਾ। ਉਹ ਆਪਣੇ ਪੁੱਤਰ ਨੂੰ ਅਜਿਹੇ ਪੈਸੇ ਤੋਂ ਬਚਾਉਣਾ ਚਾਹੁੰਦੇ ਸਨ ਪਰ ਸੱਸ ਦੀ ਜ਼ਿੱਦ ਸਾਹਵੇਂ ਹਾਰ ਗਏ। ਇਕ ਵਾਰੀ ਗਿਆ ਤਾਂ ਸਨਾਤਨ ਨਾਨਕਿਆਂ ਦਾ ਹੀ ਹੋ ਕੇ ਰਹਿ ਗਿਆ। ਨਾਨੇ ਨਾਨੀ ਨੇ ਹੀ ਉਸਦਾ ਵਿਆਹ ਕੀਤਾ। ਬਲਈ ਬਾਬਾ ਬਰਾਤੀ ਬਣ ਕੇ ਗਏ ਤੇ ਪਰਤ ਆਏ। ਗੋਰੇ ਚਿੱਟੇ, ਲੰਮੇ ਦਰਸ਼ਨੀ ਮਰਦ ਸਨ। ਆਮ ਕਰਕੇ ਸਿਰਫ਼ ਧੋਤੀ ਬੰਨ੍ਹਦੇ ਸਨ। ਛਾਤੀ ਪਿੱਠ 'ਤੇ ਸਿਰਫ਼ ਜਨੇਊ। ਜਿੱਧਰੋਂ ਲੰਘਦੇ ਔਰਤਾਂ ਕੰਮ ਛੱਡ ਕੇ ਦਰਵਾਜ਼ੇ ਦੀ ਓਟ ਵਿਚੋਂ ਦੇਖਣ ਲੱਗਦੀਆਂ। ਚੋਖੀ ਖੇਤੀਵਾੜੀ ਸੀ ਪਰ ਪਤਾ ਨਹੀਂ ਕਿਉਂ ਕੋਈ ਧੀ ਵਾਲਾ ਉਹਨਾਂ ਦੀ ਡਿਓਢੀ ਨਹੀਂ ਚੜ੍ਹਿਆ। ਬਾਬਾ ਇਕੱਲੇ ਰਹਿ ਗਏ। ਨੈਕਾ ਕੁਹਾਰੀ ਦੀ ਸੱਸ ਦਿਲਰਾਜੀ ਜਦੋਂ ਤਕ ਜਿਊਂਦੀ ਸੀ, ਉਹਨਾਂ ਦਾ ਚੌਂਕਾ ਚੁੱਲ੍ਹ ਕਰ ਜਾਂਦੀ, ਦਾਲ ਚੌਲ ਬਣਾ ਦਿੰਦੀ। ਸਬਜ਼ੀ ਤੜਕ ਦਿੰਦੀ। ਆਨਾ ਗੁੰਨ੍ਹ ਦਿੰਦੀ। ਬਾਬਾ ਨਹਾ ਕੇ ਕੜਾਹੀ ਚੜ੍ਹਾ ਬਹਿੰਦੇ, ਦਿਲਰਾਜੀ ਵੇਲ ਦਿੰਦੀ, ਬਾਬਾ ਪੂਰੀਆਂ ਕੱਢ ਲੈਂਦੇ। ਬਦਲੇ ਵਿਚ ਬਾਬਾ ਨੇ ਕਮਾਉਣ ਖਾਣ ਲਈ ਪਿੰਡ ਦੇ ਲਾਗੇ ਹੀ ਇਕ ਘੁੰਮਾ ਖੇਤ ਦੇ ਦਿੱਤਾ। ਬਾਬਾ ਨੇ ਦਿਲਰਾਜੀ ਨੂੰ ਕਈ ਵਾਰ ਕਿਹਾ ਕਿ 'ਹੁਣ ਤੇਰੀ ਉਮਰ ਹੋ ਗਈ। ਖ਼ੁਦ ਹੱਡ ਘਿਸਾਉਣ ਦੀ ਬਜਾਏ ਆਪਣੀ ਬਹੂ ਨੈਕੀ ਨੂੰ ਭੇਜ ਦਿਆ ਕਰ'। ਪਰ ਦਿਲਰਾਜੀ ਦਿਲ ਦੀ ਬੜੀ ਕਠੋਰ ਨਿਕਲੀ। ਨੈਕੀ ਨੂੰ ਇਕ ਦਿਨ ਵੀ ਇਕੱਲੀ ਨਹੀਂ ਭੇਜਿਆ। ਕਦੇ ਲਿਆਈ ਵੀ ਤਾਂ ਨਾਲ ਲੈ ਕੇ ਆਈ, ਨਾਲ ਲੈ ਕੇ ਵਾਪਸ ਚਲੀ ਗਈ।

ਬਾਬੇ ਹੁਰਾਂ ਬੜਾ ਚਾਹਿਆ ਕਿ ਇਲਾਕੇ 'ਚ ਮਥਰੇ ਵਾਂਗੂੰ ਉਹਨਾਂ ਦਾ ਨਾਂ ਵੀ ਮਹਾਲਿੰਗਮ ਮਸ਼ਹੂਰ ਹੋ ਜਾਵੇ ਪਰ ਨਹੀਂ ਹੋ ਸਕਿਆ। ਹਾਂ, ਸ਼ੰਕਰ ਦੇ ਪੂਜਾਰੀ ਤੇ ਬਾਅਦ ਵਿਚ ਸ਼ੰਕਰ ਭਗਵਾਨ ਦੇ ਅਵਤਾਰ ਦੇ ਰੂਪ ਵਿਚ ਜ਼ਰੂਰ ਉਹਨਾਂ ਦੀ ਪ੍ਰਸਿੱਧੀ ਤੇਜ਼ੀ ਨਾਲ ਫੈਲੀ। ਉਹਨਾਂ ਬੂਹੇ ਦੇ ਸਾਹਮਣੇ ਪਾਕੜ ਦੇ ਰੁੱਖ ਹੇਠ ਇਕ ਚਬੂਤਰਾ ਬਣਵਾਇਆ—ਬਨਾਰਸ ਤੋਂ ਰੇਡੀਮੇਡ ਜਟਾਵਾਂ, ਡਮਰੂ, ਚਾਂਦੀ ਦਾ ਪੱਤਰਾ ਚੜ੍ਹਿਆ ਚੰਦ੍ਰਮਾ, ਪਲਾਸਟਿਕ ਦਾ ਫਨਧਰੀ ਕਾਲਾਨਾਗ ਤੇ ਮਿਰਗਛਾਲਾ ਲਿਆਏ। ਲਾਲੇ ਲੁਹਾਰ ਤੋਂ ਢਾਈ ਗਜ ਲੰਮਾ ਤ੍ਰਿਸ਼ੂਲ ਬਣਵਾਇਆ। ਭਭੂਤੀ ਮਲ ਕੇ ਤੇ ਲੰਗੋਟੇ 'ਤੇ ਮਿਰਗਛਾਲਾ ਬੰਨ੍ਹ ਕੇ ਡਮ-ਡਮ-ਡਮ ਡਮਰੂ ਵਜਾਉਂਦੇ ਹੋਏ ਬਾਬਾ ਜਦੋਂ ਤਾਂਡਵ ਨ੍ਰਿਤ ਕਰਦੇ ਤਾਂ ਲੱਗਦਾ ਖ਼ੁਦ ਸ਼ੰਕਰ ਭਗਵਾਨ ਕੈਲਾਸ਼ ਪਰਬਤ ਤੋਂ ਉੱਤਰ ਆਏ ਨੇ। ਸ਼ਿਵਰਾਤਰੀ ਦੇ ਦਿਨ ਉਹਨਾਂ ਦਾ ਨ੍ਰਿਤ ਦੇਖਣ ਸਾਰਾ ਇਲਾਕਾ ਜੁੜ ਜਾਂਦਾ। ਉਹਨਾਂ ਦਾ ਨਾਂ ਹੀ ਤਾਂਡਵ ਬਾਬਾ ਪੈ ਗਿਆ।

ਡਮੱਡਮੱਡਮੱਡਨਿੰਨਾਦ ਬੱਡਮਰਵਯ:
ਚਕਾਰ ਚੰਡਤਾਂਡਵੰ ਤਨੋਤੁਨ: ਸ਼ਿਵ: ਸ਼ਿਵਮ

ਡਮਰੂ 'ਚੋਂ ਏਨੀਆਂ ਸਪੱਸ਼ਟ ਆਵਾਜ਼ਾਂ ਨਿਕਲਦੀਆਂ ਕਿ ਖ਼ੁਦ ਰਾਵਣ ਵੀ ਨਾ ਕੱਢ ਸਕਿਆ ਹੋਏਗਾ। ਤਾਂਡਵ ਦੇਖਦੀਆਂ ਔਰਤਾਂ ਦੀਆਂ ਅੱਖਾਂ 'ਚੋਂ ਝਿਰਦੀ ਪ੍ਰਸੰਸਾ ਦੇ ਭਾਵ ਬਾਬਾ ਨੂੰ ਤ੍ਰਿਪਤੀ ਨਾਲ ਭਰ ਦਿੰਦੇ। ਉਹਨਾਂ ਦਾ ਮਨੁੱਖਾ ਤਨ ਕਿਸੇ ਨੂੰ ਤਾਂ ਸੰਤੁਸ਼ਟ ਕਰ ਰਿਹਾ ਹੈ, ਓਵੇਂ ਨਾ ਸਹੀ ਇਵੇਂ ਸਹੀ।

ਇਕ ਦਿਨ ਸ਼ਾਮ ਦੇ ਘੁਸਮੁਸੇ ਵਿਚ ਬਾਬਾ ਜੰਗਲ-ਪਾਣੀ ਹੋ ਕੇ ਮੁੜ ਰਹੇ ਸਨ ਤਾਂ ਪੰਗਡੰਡੀ 'ਤੇ ਇਕ ਔਰਤ ਤੇਜ਼ੀ ਨਾਲ ਆਉਂਦੀ ਦਿਖਾਈ ਦਿੱਤੀ। ਨੇੜੇ ਪਹੁੰਚ ਕੇ ਬਾਬਾ ਤੋਂ ਪੁੱਛਿਆ—"ਮਾਇਆਪੁਰ ਕਿੰਨੀ ਕੁ ਦੂਰ ਹੋਏਗਾ?"

ਬਾਬਾ ਨੇ ਧਿਆਨ ਨਾਲ ਦੇਖਿਆ। ਉਮਰ ਪੈਂਤੀ-ਚਾਲੀ ਦੇ ਵਿਚਕਾਰ। ਰੰਗ ਕਣਕ-ਵੰਨਾ। ਦੇਖਣ 'ਚ ਸਿੱਧੀ-ਸਾਦੀ। ਮਾਇਆ ਦੀ ਮੂਰਤ ਮਾਇਆਪੁਰ ਦਾ ਪਤਾ ਪੁੱਛ ਰਹੀ ਸੀ।

ਬਾਬੇ ਹੁਰਾਂ ਨੂੰ ਨਾਰਦ-ਮੋਹ ਹੋ ਗਿਆ। ਬੋਲੇ—"ਦੂਰ ਤਾਂ ਕੋਹ ਕੁ ਐ ਬਹੁਤਾ ਨਈਂ ਪਰ ਤਿੰਨ-ਚਾਰ ਦਿਨਾਂ ਦਾ ਉੱਧਰ ਇਕ ਲੱਕੜਬੱਗਾ ਆਇਆ ਫਿਰਦੈ। ਔਰਤਾਂ ਬੱਚਿਆਂ 'ਤੇ ਰੋਜ਼ ਹਮਲਾ ਕਰ ਰਿਹੈ। ਇਸ ਵੇਲੇ ਹਨੇਰ 'ਚ ਇਕੱਲੇ ਜਾਣਾ ਖਤਰੇ ਤੋਂ ਖਾਲੀ ਨਈਂ। ਸਾਹਮਣੇ ਮੇਰਾ ਘਰ ਐ। ਰਾਤ ਰੁਕ ਜਾਓ। ਸਵੇਰੇ ਚਲੇ ਜਾਣਾ।"

ਔਰਤ ਮੰਨ ਗਈ। ਉਸਨੂੰ ਕੀ ਪਤਾ ਸੀ ਕਿ ਬਾਬਾ ਆਪਣੇ ਘਰ 'ਚ ਇਕੱਲੇ ਨੇ। ਇਕ ਵਾਰੀ ਡਿਓਢੀ ਤੋਂ ਅੰਦਰ ਗਈ ਤਾਂ ਦਰਵਾਜ਼ੇ ਬੰਦ। ਲੋਕ ਕਹਿੰਦੇ ਨੇ ਕਿ ਬਾਬਾ ਨੇ ਉਸਨੂੰ ਆਪਣੇ ਹੱਥੀਂ ਦੇਸੀ ਘਿਓ ਦੀਆਂ ਪੂਰੀਆਂ ਕੱਢ ਕੇ ਅਰਬੀ ਦੀ ਸਬਜ਼ੀ ਨਾਲ ਖੁਆਈਆਂ ਸੀ। ਰਾਤ ਭਰ ਦਾ ਸਾਥ ਰਿਹਾ। ਚੌਥੇ ਪਹਿਰ ਬਾਬਾ ਨੇ ਗੱਲ ਰੱਖੀ ਕਿ 'ਹਮੇਸ਼ਾ ਲਈ ਕਿਉਂ ਨਈਂ ਰਹਿ ਜਾਂਦੀ ਮੇਰੇ ਘਰ। ਬਾਰਾਂ ਘੁੰਮਾ ਜ਼ਮੀਨ ਐ। ਬਾਗ ਬਗੀਚਾ ਐ। ਘਰਵਾਲੀ ਦੇ ਗਹਿਣੇ। ਰੋਟੀ ਪਕਾਉਣ ਵਾਲੀ ਦੇ ਇਲਾਵਾ ਭਗਵਾਨ ਨੇ ਸਭ ਕੁਝ ਦਿੱਤਾ ਏ। ਸੁਖ ਨਾਲ ਰਹੇਂਗੀ।' ਉਹ ਸ਼ਾਇਦ ਮੰਨ ਵੀ ਗਈ। ਪਰ ਸਵੇਰੇ ਜੰਗਲ-ਪਾਣੀ ਜਾਣ ਦੀ ਗੱਲ ਆਈ ਤਾਂ ਬਾਬਾ ਨੇ ਸਾਵਧਾਨੀ ਰੱਖਣਾ ਜ਼ਰੂਰੀ ਸਮਝਿਆ। ਤੁਲਸੀ ਬਾਬਾ ਬਹੁਤ ਪਹਿਲਾਂ 'ਮਾਨਸ' 'ਚ ਸਾਵਧਾਨ ਕਰ ਗਏ ਨੇ—'ਨਿਜ ਪ੍ਰਤਿਬਿੰਬ ਬਰੁਕ ਗਹਿ ਜਾਈ। ਜਾਨਿ ਨ ਜਾਯ ਨਾਰਿ ਗਤਿ ਭਾਈ।'

ਕਿੱਲੇ 'ਤੇ ਰੱਸੀ ਦਾ ਬੰਡਲ ਟੰਗਿਆ ਹੋਇਆ ਸੀ। ਪਹਿਲਾਂ ਲੋਕ ਯਾਤਰਾ 'ਤੇ ਜਾਂਦੇ ਸੀ ਤਾਂ ਗੜਵੀ ਤੇ ਰੱਸੀ ਨਾਲ ਲੈ ਕੇ ਜਾਂਦੇ ਸੀ। ਜਿੱਥੇ ਪਿਆਸ ਲੱਗੀ, ਖੂਹ ਵਿਚੋਂ ਪਾਣੀ ਕੱਢ ਕੇ ਪੀ ਲਿਆ। ਹੁਣ ਨਾ ਖੂਹ ਰਹੇ ਨੇ, ਨਾ ਪੈਦਲ ਚੱਲਣ ਵਾਲੇ। ਰੱਸੀ ਕਈ ਸਾਲਾਂ ਦੀ ਬੇਕਾਰ ਟੰਗੀ ਹੋਈ ਸੀ। ਬਾਬਾ ਨੇ ਉਸਨੂੰ ਲਾਹਿਆ। ਪਾਣੀ ਦੀ ਭਰੀ ਗੜਵੀ ਔਰਤ ਦੇ ਹੱਥ ਫੜਾ ਕੇ ਜੰਗਲ-ਪਾਣੀ ਲਈ ਲੈ ਗਏ। ਰੱਸੀ ਦਾ ਫੰਦਾ ਉਸਦੀ ਸੱਜੀ ਲੱਤ ਵਿਚ ਪਾ ਕੇ ਬੰਡਲ ਦਾ ਲਪੇਟਨ ਖੋਲ੍ਹਦੇ ਹੋਏ ਕਿਹਾ—"ਜਾ ਕੇ ਉਸ ਝਾੜੀ ਪਿੱਛੇ ਬੈਠ ਜਾਓ।" ਰੱਸੀ ਦਾ ਦੂਜਾ ਸਿਰਾ ਫੜ ਕੇ ਵੀਹ ਕੁ ਗਜ ਦੀ ਵਿੱਥ 'ਤੇ ਬੈਠ ਕੇ ਇੰਤਜ਼ਾਰ ਕਰਨ ਲੱਗੇ।

ਚਾਨਣ ਹੋਣ ਲੱਗਾ। ਉਹ ਰੱਸੀ ਨੂੰ ਖਿੱਚ ਕੇ ਦੇਖਦੇ। ਰੱਸੀ ਤਣ ਜਾਂਦੀ। ਤਸੱਲੀ ਹੋ ਜਾਂਦੀ। ਪਰ ਏਨੀ ਦੇਰ ਤਕ ਕਰ ਕੀ ਰਹੀ ਹੈ? ਰਾਤ ਭਰ ਦੀ ਜਾਗੀ ਸੀ, ਸੌਂ ਤਾਂ ਨਈਂ ਗਈ? ਸੰਗਦਿਆਂ ਸ਼ਰਮਾਉਂਦਿਆਂ ਜਾ ਕੇ ਝਾੜੀ ਓਹਲੇ ਦੇਖਿਆ। ਨਾ ਕਿਤੇ ਗੜਵੀ ਸੀ, ਨਾ ਗੜਵੀ ਵਾਲੀ। ਰੱਸੀ ਦਾ ਫੰਦਾ ਝਾੜੀ ਦੀ ਟਾਹਣੀ ਵਿਚ ਫਸਿਆ ਸੀ। ਬਾਬਾ ਜਿਵੇਂ ਆਸਮਾਨ ਤੋਂ ਡਿੱਗੇ। ਪਹਿਰ ਦਿਨ ਚੜ੍ਹੇ ਤਕ ਜੰਗਲ ਵਿਚ ਲੱਭਦੇ ਫਿਰੇ—ਫੇਰ ਰੋਂਦੇ ਹੋਏ ਵਾਪਸ ਆਏ।

ਤਸਯ ਸਥਿਰਾਂ ਰਥ ਗਜੇਂਦ੍ਰ ਤੁਰੰਗ ਯੁਕਤਾਂ
ਲਕਸ਼ਮੀਮ ਸਦੈਵ ਸੁਮੁਖੀਮ ਪ੍ਰਦਦਾਤਿ ਸ਼ੰਭੂ

ਕਹਿੰਦੇ ਨੇ ਰਾਵਣ ਰਚਿਤ ਇਸ ਸਿਵ ਸਤ੍ਰੋਰ ਦਾ ਪਾਠ ਕਰਨ ਵਾਲੇ ਨੂੰ ਭਗਵਾਨ ਸ਼ੰਕਰ ਰੱਥ ਗਜੇਂਦਰ ਤੇ ਤੁਰੰਗ ਦੇ ਨਾਲ ਨਾਲ ਸਮਤਿ ਲਕਸ਼ਮੀ ਪ੍ਰਦਾਨ ਕਰਦੇ ਨੇ।

ਸ਼ਾਮ ਨੂੰ ਉਸ ਔਰਤ ਦਾ ਆਦਮੀ ਡਾਂਗ ਚੁੱਕੀ ਲੱਭਦਾ ਹੋਇਆ ਆਇਆ। ਪੁੱਛਿਆ—"ਕਿਹੜਾ ਐ ਏਸ ਪਿੰਡ 'ਚ ਓਹ ਆਦਮੀ ਜਿਹੜਾ ਆਪਣੇ ਘਰ ਇਕੱਲਾ ਐ। ਜਿਸਦੇ ਬਾਰ ਮੂਹਰੇ ਪਾਕੜ ਦਾ ਰੁੱਖ ਐ। ਜਿਸਦੇ ਸੱਜੇ ਹੱਥ ਦੀਆਂ ਛੇ ਉਂਗਲਾਂ ਐਂ, ਜਿਸਨੇ ਮੇਰੀ ਔਰਤ ਨੂੰ ਭੇਚਲ ਕੇ ਘਰੇ ਡੱਕ ਲੈਣਾ ਚਾਹਿਆ। ਜਿਸ ਤੋਂ ਡਰ ਕੇ ਭੱਜ ਕੇ ਉਸਨੂੰ ਸਾਰੀ ਰਾਤ ਜੰਗਲ 'ਚ ਲੁਕਣਾ ਪਿਆ।" ਤਾਂ ਪਿੰਡ ਵਾਲਿਆਂ ਨੂੰ ਬਾਬੇ ਦੇ ਰੋਣ ਦਾ ਰਹੱਸ ਸਮਝ ਆਇਆ। ਚੰਗਾ ਹੋਇਆ ਬਾਬਾ ਦੁਪਹਿਰੇ ਗੰਗਾ ਇਸ਼ਨਾਨ ਲਈ ਨਿਕਲ ਗਏ ਸੀ।



ਇਸ ਦੁਰਘਟਨਾ ਪਿੱਛੋਂ ਪ੍ਰਾਸ਼ਚਿਤ ਵਜੋਂ ਬਾਬਾ ਨੰਗੇ ਪੈਰ ਰਹਿਣ ਲੱਗੇ। ਮੁੰਜ ਦਾ ਜਨੇਊ ਪਾਉਣ ਲੱਗੇ। ਖ਼ੁਦ ਨੂੰ 'ਕਾਮਾਰਿ' (ਕਾਮਦੇਵ ਦਾ ਦੁਸ਼ਮਣ, ਸ਼ਿਵ) ਬਣਾਉਣ 'ਤੇ ਤੁਲ ਗਏ। 'ਉਸ' ਨੂੰ ਵੀ ਮੁੰਜ ਨਾਲ ਬੰਨ੍ਹ ਕੇ ਜਕੜ ਦਿੱਤਾ। ਬੜੇ ਦਿਨ ਤਕ ਬਲਈ ਦਾ ਜ਼ਿਕਰ ਆਉਂਦਿਆਂ ਹੀ ਧੰਨੂ ਬਾਬਾ ਮੁਸਕਰਾਉਂਦੇ ਤੇ ਤੁਲਸੀ ਬਾਬਾ ਦੇ ਦੋਹੇ ਨੂੰ ਜ਼ਰਾ ਸੋਧਕੇ ਸੁਰ ਵਿਚ ਸੁਣਾਉਂਦੇ—

ਕਾਮ ਕਰੋਧ ਲੋਭਾਦਿ ਮਦ, ਪਰਬਲ ਮੋਹ ਕੀ ਧਾਰਿ
ਤਿੰਹ ਮੰਹ ਅਤਿ ਦਾਰੁਨ ਦੁਖਦ ਮਾਯਾਪੁਰ ਕੀ ਨਾਰਿ।

ਕੁੱਚੀ ਦੇ ਬੈਠਣ ਲਈ ਪੀੜ੍ਹੀ ਆ ਗਈ ਹੈ।

ਲਾਲੇ ਲੁਹਾਰ ਦੀ ਬਹੂ ਪੀਣ ਲਈ ਉਸਨੂੰ ਪਾਣੀ ਦਾ ਗਲਾਸ ਦਿੰਦੀ ਹੈ।

"ਪਰਾਈ ਔਰਤ ਨੂੰ ਸੁੰਨੇ ਘਰ 'ਚ ਰਾਤ ਭਰ ਰੱਖਣ ਦਾ ਫ਼ੈਸਲਾ ਵੀ ਲੱਗਦੇ ਹੱਥ ਹੋ ਜਾਏ।" ਸੁਘਰਾ ਕਹਿੰਦੀ ਹੈ।

"ਓ ਜੀ ਛੱਡੋ ਠਾਕੁਰਾਇਣ, ਪੱਚੀ ਸਾਲ ਪੁਰਾਣੀਆਂ ਗੱਲਾਂ ਨੂੰ।" ਧੰਨੂ ਬਾਬਾ ਮੁਸਕਰਾ ਕੇ ਕਹਿੰਦੇ ਨੇ—"ਰਾਤ ਗਈ ਸੋ ਬਾਤ ਗਈ।"

"ਕਦੋਂ ਤਕ ਛੱਡਦੇ ਰਹਾਂਗੇ ਬਾਬਾ? ਹਾਈਕੋਰਟ ਵੀ ਕਹਿੰਦਾ ਏ ਪੁਰਾਣੇ ਮਾਮਲੇ ਪਹਿਲਾਂ ਨਿਬੇੜੇ ਜਾਣ।"

"ਪਹਿਲਾਂ ਜਿਹੜਾ ਮਾਮਲਾ ਪੇਸ਼ ਐ ਉਹ ਤਾਂ ਨਿੱਬੜੇ।" ਲਛਮਨ ਚੌਧਰੀ ਕਹਿੰਦੇ ਨੇ—"ਇਕ ਦਿਨ 'ਚ ਕੀ-ਕੀ ਨਿਬੇੜਾਂਗੇ?"

"ਠੀਕ ਐ।" ਧੰਨੂ ਬਾਬਾ ਲਛਮਨ ਚੌਧਰੀ ਨੂੰ ਕਹਿੰਦੇ ਨੇ—"ਹੁਣ ਤੁਸੀਂ ਅੱਗੇ ਵਧਾਓ।"

ਲਛਮਨ ਚੌਧਰੀ ਸਿਰ 'ਤੇ ਸਾਫਾ ਬੰਨ੍ਹਦੇ ਹੋਏ ਕੁੱਚੀ ਵੱਲ ਦੇਖਦੇ ਨੇ।

"ਪੰਚ ਜਾਣਨਾ ਚਾਹੁੰਦੇ ਐ ਕਿ ਇਹ ਬੀਅ ਤੂੰ ਕਿੱਥੋਂ ਲੈ ਆਈ?"

ਧੰਨੂ ਬੋਲ ਪੈਂਦੇ ਨੇ—"ਮੈਂ ਤਾਂ ਸੁਣਿਐਂ ਰਮੇਸਰ ਚੌਧਰੀ ਅਯੋਧਿਆ ਜੀ ਗਏ ਸੀ। ਉੱਥੋਂ ਖੀਰ ਦਾ ਪ੍ਰਸਾਦ ਲਿਆਏ। ਉਸੇ ਨੂੰ ਖਾਣ ਨਾਲ ਇਸ ਦੇ ਗਰਭ ਠਹਰਿਆ।"

"ਖੀਰ ਖਾਣ ਨਾਲ ਗਰਭ ਠਹਿਰ ਸਕਦੈ ਮਹਾਰਾਜ?" ਲਛਮਨ ਚੌਧਰੀ ਪੁੱਛਦੇ ਨੇ।

"ਠਹਿਰ ਸਕਦੈ ਨਈਂ, ਬਲਕਿ ਠਹਿਰੇ ਐ—ਇਕ ਨਈਂ ਚਾਰ-ਚਾਰ। ਨਾਂ ਦੱਸਾਂ।"

"ਉਹ ਤਰੇਤਾ ਦੀ ਗੱਲ ਸੀ ਮਹਾਰਾਜ। ਇਹ ਕਲਯੁਗ ਐ।"

"ਜੋ ਤਰੇਤਾ 'ਚ ਹੋ ਸਕਦਾ ਏ ਉਹ ਕਲਯੁਗ 'ਚ ਕਿਓਂ ਨਈਂ ਹੋ ਸਕਦਾ? ਤਰੇਤਾ 'ਚ ਤਾਂ ਖਾਣ ਨਾਲ ਠਹਿਰਿਆ। ਦੁਆਪਰ 'ਚ ਤਾਂ ਸਿਮਰਨ ਕਰਨ ਨਾਲ ਈ ਠਹਿਰ ਗਿਆ। ਇਸ ਰਫਤਾਰ ਨਾਲ ਤਾਂ ਕਲਯੁਗ 'ਚ ਸਿਰਫ ਦੇਖ ਲੈਣ ਨਾਲ ਈ ਠਹਿਰ ਸਕਦਾ ਐ।"

"ਵਾਹ ਬਈ ਵਾਹ।" ਪਿੱਛੋਂ ਆਵਾਜ਼ ਆਉਂਦੀ ਹੈ—"ਬੜਾ ਖੁੱਲ੍ਹ ਕੇ ਕੁੱਚੀ ਦਾ ਪੱਖ ਲੈ ਰਹੇ ਆ ਬਾਬਾ। ਕਿਤੇ ਕੁਸ਼ ਓਹਲੇ ਛੁਪੋਲੇ ਚਖਾ ਤਾਂ ਨ੍ਹੀਂ ਦਿੱਤਾ?"

"ਹੁਣ ਬਹੱਤਰ ਸਾਲ ਦੀ ਉਮਰ 'ਚ ਚੱਖਣ ਲਾਇਕ ਤਾਂ ਕੀ ਰਹਿ-ਗੇ ਹੋਣੇ ਆਂ।" ਦੂਜੀ ਆਵਾਜ਼—"ਹਾਂ ਚਟਾਅ-ਸੁੰਘਾਅ ਦਿੱਤਾ ਹੋਵੇ ਤਾਂ ਹੋਰ ਗੱਲ ਐ।"

"ਇਹ ਕਿਹੜਾ ਬੋਲਿਐ ?" ਲਛਮਨ ਚੌਧਰੀ ਝਿੜਕਦੇ ਨੇ—"ਪੰਚਾਇਤ 'ਚ ਮਖੌਲਾਂ ਕਰਨ ਆਏ ਓ ? ਮੁਰਗਾ ਬਣਾ ਕੇ ਪਿੱਠ 'ਤੇ ਦਸ ਇੱਟਾਂ ਲੱਦ ਦਿੱਤੀਆਂ ਜਾਣਗੀਆਂ ਤਾਂ ਦਿਮਾਗ ਦਰੁਸਤ ਹੋ ਜਾਊਗਾ।"

"ਇਸ ਨੂੰ ਨ੍ਹੀਂ, ਇਸ ਦੇ ਬਾਪੂ ਨੂੰ ਮੁਰਗਾ ਬਣਾਓ, ਜਿਸਨੇ ਇਹੋ ਜੇਹੀ ਨਾਲਾਇਕ ਔਲਾਦ ਪੈਦਾ ਕੀਤੀ ਆ।"

ਪਰ ਪਤਾ ਈ ਨਹੀਂ ਲੱਗ ਰਿਹਾ ਬੋਲਣ ਵਾਲਾ ਕੌਣ ਹੈ ?

ਖੂਹ ਦੇ ਪਹੇ 'ਤੇ ਬੈਠੀਆਂ ਵਿਆਹੀਆਂ ਔਰਤਾਂ ਦੇ ਝੁੰਡ ਵਿਚ ਖੀਰ ਵਾਲੀ ਗੱਲ ਸੁਣ ਕੇ ਹਾਸੇ ਦੀ ਲਹਿਰ ਦੌੜ ਗਈ ਹੈ। ਇਕ ਸੁਹਾਗਣ ਚਤੁਰਾ ਅੰਮਾ ਦੇ ਕੰਨ ਨਾਲ ਮੂੰਹ ਲਾ ਕੇ ਪੁੱਛਦੀ ਹੈ—"ਖੀਰ ਖਾਣ ਨਾਲ ਕਿ ਖੀਰਾ ਖਾਣ ਨਾਲ ਅੰਮਾ ?"

ਫੇਰ ਹਾਸੇ ਦੀ ਲਹਿਰ।

"ਤੂੰ ਕੀ ਸਮਝਦੀ ਐਂ, ਸੱਚਮੁੱਚ ਖੀਰ ਖਾਣ ਨਾਲ ਪੈਦਾ ਹੋ-ਗੇ ?"

"ਰਮਾਇਣ 'ਚ ਤਾਂ ਇਹੋ ਲਿਖਿਐ।"

"ਲਿਖਣ-ਪੜ੍ਹਨ ਨਾਲ ਸੱਚ ਹੋ ਗਿਆ ? ਸਾਰੇ ਝੂਠ-ਫਰੇਬ ਤਾਂ ਪੜ੍ਹੇ-ਲਿਖੇ ਲੋਕ ਈ ਕਰਦੇ ਐ।"

"ਹੇ !" ਧੰਨੂ ਬਾਬਾ ਤਾੜਦੇ ਨੇ—"ਤੁਸਾਂ ਲੋਕਾਂ ਏਧਰ-ਉਧਰ ਗਪੌੜਚੌਥ ਸ਼ੁਰੂ ਕਰ ਦਿੱਤੀ ? ਸ਼ਾਂਤ ਰਹੋ।"

ਕੁੱਚੀ ਮੰਜੀ ਤੋਂ ਉੱਠਣ ਦੀ ਕੋਸ਼ਿਸ਼ ਕਰਦੀ ਹੈ ਪਰ ਲੋਕਾਂ ਦੇ ਮਨ੍ਹਾਂ ਕਰਨ 'ਤੇ ਫੇਰ ਬੈਠ ਜਾਂਦੀ ਹੈ।

"ਖੀਰ-ਹਲਵਾ ਖਾਣ ਤੇ ਸਿਮਰਨ ਕਰਨ ਨਾਲ ਰਾਣੀਆਂ-ਮਹਾਰਾਣੀਆਂ ਦੇ ਪੈਦਾ ਹੁੰਦੇ ਹੋਣਗੇ ਪੰਚੋ। ਉਹਨਾਂ ਦੀ ਮਦਦ ਕਰਨ ਲਈ ਤਾਂ ਦੇਵਤੇ, ਪਿੱਤਰ ਸਾਰੇ ਦੌੜ ਪੈਂਦੇ ਐ। ਪਰ ਸਾਡੇ ਵਰਗਿਆਂ ਦੀ ਮਦਦ ਕਰਨ ਵਾਲਾ ਤਾਂ ਕੋਈ ਮਾਨਸ ਪੁਰਖ ਈ ਹੋਊਗਾ।"

"ਪੰਚ ਜਾਣਨਾ ਚਾਹੁੰਦੇ ਐ ਕਿ ਇਹ ਮਦਦਗਾਰ ਮਾਨਸ ਪੁਰਖ ਕੌਣ ਐਂ ?"

"ਜਿਹੜਾ ਪੁਰਖ ਮੇਰੇ ਮਨ 'ਚ ਵੱਸ ਗਿਆ। ਜਿਸ ਵਰਗਾ ਬੱਚਾ ਮੈਨੂੰ ਚਾਹੀਦਾ ਸੀ।"

"ਤਾਂ ਤੇਰੇ ਮਨ 'ਚ ਬਜਰੰਗੀ ਦੇ ਇਲਾਵਾ ਕੋਈ ਪੁਰਖ ਵੱਸਦਾ ਸੀ ?"

"ਹਰ ਔਰਤ ਦੇ ਮਨ 'ਚ ਕੋਈ ਨਾ ਕੋਈ ਪੁਰਖ ਵੱਸਦਾ ਐ। ਕਦੀ ਉਹ ਉਸਨੂੰ ਪਾ ਲੈਂਦੀ ਐ, ਕਦੇ ਨਈਂ। ਨਈਂ ਪਾਉਂਦੀ ਤਾਂ ਜਿਸ ਨੂੰ ਪਾਉਂਦੀ ਐ ਉਸੇ 'ਚ ਰਮ ਜਾਂਦੀ ਐ। ਮੇਰੇ ਮਨ 'ਚ ਪਹਿਲਾਂ ਤੋਂ ਨ੍ਹੀਂ ਵੱਸਿਆ ਸੀ ਪਰ ਲੋੜ ਪਈ ਤਾਂ ਵਸਾਉਣਾ ਪਿਆ।"

"ਵਾਹ ! ਵਿਧਿਹੁੰ ਨ ਨਾਰਿ ਹਿਰਦੈ ਗਤਿ ਜਾਨੀ।" ਬਲਈ ਬਾਬਾ ਹਵਾ ਵਿਚ ਪ੍ਰਣਾਮ ਕਰਦੇ ਨੇ।

ਲਛਮਨ ਚੌਧਰੀ ਹੱਸਣ ਲੱਗ ਪੈਂਦੇ ਨੇ—"ਤੂੰ ਤਾਂ ਪੂਰੀ ਪੰਡਤ ਐਂ ਕੁੱਚੀ। ਪੰਚਾਂ ਨੂੰ ਵੀ ਦੱਸ ਕਿ ਤੇਰੇ ਮਨ 'ਚ ਵੱਸਣ ਵਾਲਾ ਉਹ ਪੁਰਖ ਕੌਣ ਐ ?"

"ਇਹ ਗੁਪਤਦਾਨ ਐ ਬਾਬਾ। ਦਾਨ ਕਰਨ ਵਾਲੇ ਨੇ ਇਸ ਸ਼ਰਤ 'ਤੇ ਦਿੱਤੈ ਕਿ ਉਸਦਾ ਨਾਂ ਗੁਪਤ ਰੱਖਿਆ ਜਾਵੇ।"

"ਕਿਉਂ ?"



"ਕਿਉਂਕਿ ਨਾਂ ਜਾਹਰ ਕਰ ਦੇਣ ਨਾਲ ਦਾਨ ਦਾ ਪੁੰਨ ਨ੍ਹੀਂ ਮਿਲਦਾ। ਏਸੇ ਲਈ ਤਾਂ ਵੱਡੇ-ਵੱਡੇ ਸੇਠ ਮਹਾਜਨ ਗੰਗਾ ਜੀ 'ਚ ਟੁੱਭੀ ਲਾ ਕੇ ਲੱਖਾਂ ਮੋਹਰਾਂ, ਅਸ਼ਰਫੀਆਂ ਦਾਨ ਕਰਦੇ ਐ ਤੇ ਖੱਬੇ ਹੱਥ ਨੂੰ ਪਤਾ ਨ੍ਹੀਂ ਲੱਗਦਾ ਕਿ ਸੱਜੇ ਨੇ ਕਿੰਨਾ ਦਾਨ ਦਿੱਤਾ।"

ਇਕ ਵਾਰੀ ਫੇਰ ਚੁੱਪ ਵਾਪਰ ਗਈ।

"ਓ ਭਾਈ ਲਛਮਨ ਚੌਧਰੀ ਦਾ ਈ ਨਾਂ ਲੈ ਦੇ।" ਕੋਈ ਮਨਮੌਜੀ ਵਾਕ-ਗੋਲਾ ਸੁੱਟਦਾ ਹੈ—"ਇਹਨਾਂ ਤੋਂ ਸਾਰੇ ਪਿੰਡ ਲਈ ਪੂੜੀ-ਭਾਜੀ ਦਾ ਲੰਗਰ ਲੁਆਇਆ ਜਾਊਗਾ।"

ਗੱਲ ਜੁੱਪਣ ਤੇ ਵਿਅੰਗ ਕਸਣ 'ਚ ਇਸ ਪਿੰਡ ਦੇ ਲੋਕਾਂ ਦਾ ਜਵਾਬ ਨਹੀਂ। ਇਹ ਮੌਕਾ ਮਿਲਣ 'ਤੇ ਵਾਕ ਉਛਾਲਣ ਤੋਂ ਨਹੀ ਉੱਕਦੇ। ਕਦੀ-ਕਦੀ ਆਵਾਜ਼ ਬਦਲ ਕੇ ਵੀ।

ਲਛਮਨ ਚੌਧਰੀ ਬਨਾਉਟੀ ਗੁੱਸਾ ਦਿਖਾਉਂਦੇ ਨੇ—"ਵਾਹ ਬਈ ! ਮੌਜਾਂ ਮਾਣੇ ਗਾਜੀ ਮੀਆਂ, ਧੱਫੇ ਸਹੇ ਮਜਾਵਰ।"

ਸਾਂਝੀ ਹਾਸੀ ਦਾ ਫੁਆਰਾ ਫੁੱਟਦਾ ਹੈ।

"ਅੱਛਾ ਇਹ ਦੱਸ, ਆਪਣੇ ਏਥੇ ਤਾਂ 'ਸੀਰੀ' ਵਗ਼ੈਰਾ ਵੀ ਰੱਖ ਲੈਣ ਦਾ ਰਿਵਾਜ਼ ਐ। ਤੂੰ ਦੂਜੇ ਘਰ ਨਈਂ ਜਾਣਾ ਸੀ ਤਾਂ 'ਸੀਰੀ' ਈ ਲੱਭ ਲੈਂਦੀ। ਬੜੇ ਲੋਕ 'ਕੱਲੇ ਪਏ ਜ਼ਿੰਦਗੀ ਕੱਟ ਰਹੇ ਹੋਣ ਐਂ। ਉਹ ਤੇਰੇ ਕੰਮ ਵੀ ਆਉਂਦਾ ਤੇ ਤੇਰੇ ਖੇਤ ਪਸ਼ੂ ਵੀ ਸਾਂਭਦਾ ਰਹਿੰਦਾ।"

"ਪਹਿਲੀ ਗੱਲ ਤਾਂ ਇਹ ਕਿ ਹੱਡ-ਪੈਰ ਚਲਦਿਆਂ ਮੇਰੀ ਸੱਸ-ਸਹੁਰਾ 'ਸੀਰੀ' ਨੂੰ ਕਿਓਂ ਵੜਨ ਦਿੰਦੇ ? ਵੜਨ ਵੀ ਦਿੰਦੇ ਤਾਂ ਅਜਿਹਾ ਸੀਰੀ ਕਿੱਥੋਂ ਲੱਭ ਕੇ ਲਿਆਉਂਦੀ ਜਿਹੜਾ ਮਨ ਮਾਫ਼ਕ ਹੁੰਦਾ ਤੇ ਮਿਲ ਕੇ ਵੀ ਚੱਲਦਾ। ਸੱਸ-ਸਹੁਰੇ ਦੀ ਸੇਵਾ ਲਈ ਤਾਂ ਮੈਂ ਦੂਜੇ ਘਰ, ਵਰ ਦਾ ਮੋਹ ਤਿਆਗਿਆ। ਉਹ ਉਂਗਲੀ ਫੜਣ ਪਿੱਛੋਂ ਹੱਥ ਫੜ ਬਹਿੰਦਾ ਫੇਰ ? ਸੱਸ-ਸਹੁਰੇ ਦੀ ਛਾਤੀ 'ਤੇ ਮੂੰਗ ਦਲਣ ਲੱਗ ਪੈਂਦਾ ਫੇਰ ? ਜੇ ਇਹ ਵੀ ਨਾ ਕਰਦਾ, ਕਿਸੇ ਰਾਤ ਗਹਿਣੇ-ਗੱਟੇ ਲੈ ਕੇ ਭੱਜ ਜਾਂਦਾ ਫੇਰ ? ਅਜਿਹੇ ਕਿੰਨੇ ਮਾਮਲੇ ਸੁਣੇ ਗਏ ਐ।"

ਗੱਲ ਤਾਂ ਸੋਲ੍ਹਾਂ ਆਨੇ ਸਹੀ ਕਹਿ ਰਹੀ ਹੈ। ਕਈ ਸਿਰ ਸਹਿਮਤੀ ਵਿਚ ਹਿੱਲਦੇ ਨੇ।

"ਹੁਣ ਹੋਰ ਕੋਈ ਕੁਛ ਪੁੱਛਣਾ, ਕਹਿਣਾ ਚਾਹੇ।" ਲਛਮਨ ਚਾਰੇ-ਪਾਸੇ ਦੇਖਦੇ ਨੇ।

ਸ਼ਾਮ ਉਤਰਨ ਲੱਗੀ ਹੈ। ਰੋਟੀ ਟੁੱਕ ਦਾ ਵੇਲਾ ਹੋ ਚੱਲਿਆ ਹੈ। ਮਾਮਲਾ ਕਿਸੇ ਸਿਰੇ ਲੱਗਦਾ ਨਜ਼ਰ ਨਹੀਂ ਆਉਂਦਾ। ਹੁਣੇ ਬੱਚੇ ਭੁੱਖ ਕਾਰਨ ਰੋਣਾ ਸ਼ੁਰੂ ਕਰ ਦੇਣਗੇ। ਪਸ਼ੂਆਂ ਨੂੰ ਪੱਠਾ ਪਾਉਣੇ ਨੇ। ਗਾਂਵਾਂ ਮੱਝਾਂ ਚੋਣੀਆਂ ਨੇ। ਇਕਾ ਦੁੱਕਾ ਆਦਮੀ ਤੇ ਦੋ-ਦੋ ਚਾਰ-ਚਾਰ ਦੇ ਝੁੰਡ ਵਿਚ ਔਰਤਾਂ ਸਿਰ ਝੁਕਾ ਕੇ ਹੌਲੀ-ਹੌਲੀ ਖਿਸਕਣ ਲੱਗੇ ਨੇ।

ਲਛਮਨ ਚੌਧਰੀ ਨੂੰ ਲੱਗ ਰਿਹਾ ਹੈ ਕਿ ਜਿੰਨੀ ਛੇਤੀ ਫੈਸਲੇ ਤਕ ਪਹੁੰਚਣ ਦਾ ਸੋਚਿਆ ਸੀ ਓਵੇਂ ਹੁੰਦਾ ਨਹੀਂ ਦਿੱਸਦਾ। ਇਹ ਔਰਤ ਰੱਤੀ ਭਰ ਵੀ ਡਰਨ ਜਾਂ ਝੁਕਣ ਲਈ ਤਿਆਰ ਨਹੀਂ। ਸਾਰਿਆਂ ਦੀ ਬੋਲਤੀ ਬੰਦ ਕਰ ਦਿੱਤੀ ਹੈ। ਇਸ ਨੂੰ ਲਪੇਟਨ ਲਈ ਤਾਂ ਕੋਈ ਨਵਾਂ ਫੰਦਾ ਤਿਆਰ ਕਰਨਾ ਪਵੇਗਾ। ਉਹ ਸੱਜੇ ਖੱਬੇ ਦੇਖ ਕੇ ਕਹਿੰਦੇ ਨੇ—"ਪੰਚੋ ਲੱਗਦਾ ਐ ਕਿਸੇ ਨਤੀਜੇ 'ਤੇ ਪਹੁੰਚਣ 'ਚ ਅਜੇ ਇਕ ਦੋ ਦਿਨ ਲੱਗ ਜਾਣਗੇ। ਪੰਜ ਛੇ ਘੰਟਿਆਂ 'ਚ ਸਾਰੇ ਥੱਕ ਗਏ ਆ। ਦਿਸ਼ਾ ਮੈਦਾਨ ਦਾ ਸਮਾਂ ਹੋ ਗਿਐ। ਰੋਟੀ ਪਾਣੀ ਦਾ ਆਹਰ ਵੀ ਕਰਨਾ ਐਂ। ਧੰਨੂ ਬਾਬਾ ਤੇ ਬਲਈ ਬਾਬਾ ਨੂੰ ਸੰਧਿਆ, ਆਰਤੀ ਲਈ ਵੀ ਸਮਾਂ ਚਾਹੀਦੈ। ਸੁਘਰਾ ਠਾਕੁਰਾਇਣ ਨੇ ਵੀ ਕਾਲੀ ਮੰਦਰ 'ਚ ਸੰਧਿਆ ਦੀ ਜੋਤ-ਬੱਤੀ ਕਰਨੀ ਹੋਣੀ ਐਂ। ਜੇ ਸਾਰਿਆਂ ਦੀ ਰਾਏ ਹੋਵੇ ਤਾਂ ਕੱਲ੍ਹ ਦੁਪਹਿਰ ਤਕ ਲਈ ਪੰਚਾਇਤ ਰੋਕ ਦਿੱਤੀ ਜਾਏ। ਕੱਲ੍ਹ ਦੁਪਹਿਰੇ ਏਸੇ ਜਗ੍ਹਾ ਫੇਰ ਬੈਠਾਂਗੇ।"

ਧੰਨੂ ਬਾਬਾ ਕਹਿੰਦੇ ਨੇ—"ਗੱਲ ਤਾਂ ਠੀਕ ਐ ਪਰ ਇਕ ਵਾਰੀ ਪੰਚਾਇਤ ਉੱਠੀ ਤਾਂ ਫੇਰ ਸਾਰਿਆਂ ਨੂੰ ਇਕੱਠੇ ਕਰਨਾ ਡੱਡਾਂ ਤੋਲਣ ਜਿੰਨਾ ਮੁਸ਼ਕਲ ਹੋ ਜਾਊਗਾ। ਕੋਈ ਉਦਪੁਰ ਨਿੱਕਲ ਜਾਊ, ਕੋਈ ਮਹਮੂਦਪੁਰ। ਮੇਰੀ ਮੰਨੋ, ਪੰਚਾਇਤ ਨੂੰ ਵਿਸ਼ਰਾਮ ਜ਼ਰੂਰ ਦਿਓ ਪਰ ਤਿੰਨ-ਚਾਰ ਘੰਟਿਆਂ ਲਈ। ਲੋਕ ਆਪਣੇ ਜ਼ਰੂਰੀ ਕੰਮ ਨਿਪਟਾ ਕੇ ਦਸ ਵਜੇ ਤਕ ਵਾਪਸ ਆ ਜਾਣ। ਰਾਤ ਨੂੰ ਜਿੰਨੀ ਵੀ ਦੇਰ ਹੋ ਜਾਏ, ਹਲਾ-ਭਲਾ ਕਰਕੇ ਈ ਉੱਠਿਆ ਜਾਵੇ।"

ਇਹੀ ਫੈਸਲਾ ਹੁੰਦਾ ਹੈ।

ਸਵੇਰੇ ਪੰਚਾਇਤ ਵਿਚ ਜਾਣ ਵੇਲੇ ਤਿੰਨਾਂ ਜੀਆਂ ਦਾ ਮੂੰਹ ਲਟਕਿਆ ਹੋਇਆ ਸੀ। ਕੋਈ ਕਿਸੇ ਨਾਲ ਗੱਲ ਨਹੀਂ ਕਰ ਰਿਹਾ ਸੀ। ਪਰ ਬਹੂ ਦੇ ਸਵਾਲ ਜਵਾਬ ਸੁਣ ਕੇ ਰਮੇਸਰ ਹੁਰਾਂ ਦੋਵਾਂ ਜੀਆਂ ਦੇ ਉੱਖੜੇ ਹੋਏ ਸਾਹ ਇਸ ਵੇਲੇ ਦਰੁਸਤ ਚੱਲ ਰਹੇ ਸੀ। ਰਮੇਸਰ ਮੁੜਦੇ ਹੀ ਜਾਨਵਰਾਂ ਨੂੰ ਪੱਠੇ ਪਾਉਣ ਵਿਚ ਰੁੱਝ ਗਿਆ।

ਪੰਚਾਇਤ ਦੇ ਭੈਅ ਨੇ ਕੁੱਚੀ ਨੂੰ ਕੱਲ੍ਹ ਦਾ ਹੀ ਆਪਣੀ ਜਕੜ ਵਿਚ ਲਿਆ ਹੋਇਆ ਸੀ। ਸਵੇਰੇ ਉਸ ਨੇ ਕਿਸੇ ਤਰ੍ਹਾਂ ਇਕ ਰੋਟੀ ਅੰਦਰ ਲੰਘਾਈ ਸੀ। ਇਸ ਵੇਲੇ ਵੀ ਭੁੱਖ ਗਾਇਬ ਸੀ ਪਰ ਸੱਸ ਸਹੁਰਾ ਤਾਂ ਵਰਤ ਨਹੀਂ ਰੱਖ ਸਕਦੇ, ਇਸ ਲਈ ਪਿੱਛੇ ਜਾ ਕੇ ਉਹ ਪਾਥੀਆਂ ਤੇ ਬਾਲਣ ਲੈ ਆਈ। ਚੁੱਲ੍ਹਾ ਪੋਚਿਆ ਤੇ ਤਾਕ ਵਿਚੋਂ ਮਾਚਸ ਚੁੱਕਣ ਲਈ ਮੁੜੀ ਹੀ ਸੀ ਕਿ ਕਰਾਹ ਕੇ ਬੈਠ ਗਈ। ਬੁੱਢੀ ਅਹੁਲ ਕੇ ਵਿਹੜੇ ਵਿਚ ਆਈ ਤੇ ਸਹਾਰਾ ਦੇ ਕੇ ਉਠਾਉਂਦਿਆਂ ਹੋਇਆਂ ਪੁੱਛਿਆ—"ਕੀ ਹੋਇਆ ?"

"ਲੱਗਦੈ ਜਿਵੇਂ ਢਿੱਡ 'ਚ ਛੁਰੀਆਂ ਚੁੱਭ ਰਹੀਐਂ ਅੰਮਾ।" ਪੀੜ ਦੀ ਲੀਹ ਆਰ-ਪਾਰ ਹੋ ਗਈ।

ਕੰਬਦੀਆਂ ਲੱਤਾਂ ਨਾਲ ਮੰਜੇ ਵੱਲ ਵਧਦਿਆਂ ਹੋਇਆਂ ਥਿੜਕਦੀ ਆਵਾਜ਼ ਵਿਚ ਕਿਹਾ—"ਚੱਕਰ ਆ ਰਿਹੈ।"

ਉਸਨੂੰ ਮੰਜੇ 'ਤੇ ਪਾ ਕੇ ਬੁੱਢੀ ਬਾਹੀ 'ਤੇ ਬੈਠ ਕੇ ਹਵਾ ਝੱਲਣ ਲੱਗੀ। ਕੁੱਚੀ ਦੀਆਂ ਅੱਖਾਂ ਬੰਦ ਹੋ ਗਈਆਂ। ਲੱਗਿਆ ਨੀਂਦ ਆ ਰਹੀ ਹੈ। ਨੀਂਦ ਜਾਂ ਬੇਹੋਸ਼ੀ ?

ਤਦ ਤਕ ਬਜਰੰਗੀ ਆ ਗਿਆ। ਪੁੱਛਿਆ—"ਕੀ ਹੋਇਆ ?"

"ਤੁਸੀਂ ਕਿੱਥੇ ਚਲੇ ਗਏ ਸੀ ?"

"ਮੈਂ ਗੋਲਗੱਪੇ ਲੈਣ ਗਿਆ ਸੀ।"

"ਮੇਰੀ ਜਾਨ 'ਤੇ ਬਣੀ ਹੋਈ ਐ ਤੇ ਤੁਹਾਨੂੰ ਗੋਲਗੱਪਿਆਂ ਦੀ ਸੁੱਝ ਰਹੀ ਐ।"

"ਜਾਨ ਨੂੰ ਕੀ ਹੋਇਐ ? ਲੈ ਗੋਲਗੱਪਾ ਖਾ ਲੈ। ਠੀਕ ਹੋ ਜਾਵੇਂਗੀ।" ਜਿਸ ਵੇਲੇ ਸੁੱਕੇ ਬੁੱਲ੍ਹਾਂ ਨੂੰ ਤਰ ਕਰਨ ਲਈ ਬੁੱਢੀ ਨੇ ਪਾਣੀ ਛੁਹਾਇਆ, ਐਨ ਉਸੇ ਵੇਲੇ ਬਜਰੰਗੀ ਨੇ ਖੱਟੇ ਪਾਣੀ ਨਾਲ ਭਰਿਆ ਗੋਲਗੱਪਾ ਵੀ ਲਾ ਦਿੱਤਾ।

ਕੁੱਚੀ ਨੇ ਤ੍ਰਬਕ ਕੇ ਅੱਖਾਂ ਖੋਲ੍ਹ ਲਈਆਂ।

"ਕਿੱਥੇ ਗਏ ?"

"ਕੌਣ ?" ਬੁੱਢੀ ਨੇ ਉਸਦੇ ਬੁੱਲ੍ਹਾਂ ਦੇ ਦੋਵੇਂ ਪਾਸੇ ਵਗੇ ਪਾਣੀ ਨੂੰ ਆਪਣੀ ਚੁੰਨੀ ਦੇ ਪੱਲੇ ਨਾਲ ਪੂੰਝਦਿਆਂ ਹੋਇਆਂ ਪੁੱਛਿਆ।

ਕੁੱਚੀ ਨੂੰ ਮੂੰਹ ਦਾ ਸਵਾਦ ਖੱਟਾ-ਖੱਟਾ ਜਿਹਾ ਲੱਗ ਰਿਹਾ ਸੀ।



ਸੱਜੇ ਖੱਬੇ ਨਜ਼ਰਾਂ ਘੁਮਾਉਂਦੀ ਹੋਈ ਉਹ ਉੱਠਣ ਦੀ ਕੋਸ਼ਿਸ਼ ਕਰਨ ਲੱਗੀ। ਬੁੱਢੀ ਨੇ ਮਨ੍ਹਾਂ ਕੀਤਾ—"ਪਈ ਰਹਿ। ਆਰਾਮ ਆ ਜਾਣ ਦੇ। ਮੈਂ ਤੇਰੇ ਲਈ ਦਾਲ ਦਾ ਪਾਣੀ ਬਣਾ ਕੇ ਲਿਆਉਣੀ ਆਂ।"

ਬੁੱਢੀ ਨੇ ਚੁੱਲ੍ਹਾ ਬਾਲ ਕੇ ਪਾਣੀ ਉਬਲਣਾ ਰੱਖ ਦਿੱਤਾ। ਜਦੋਂ ਪਾਣੀ ਉਬਲਣ ਲੱਗਿਆ ਤਾਂ ਪਤੀਲੀ ਵਿਚ ਅਰਹਰ ਦੀ ਦਾਲ, ਲੂਣ ਤੇ ਇਮਲੀ ਪਾ ਕੇ ਅੱਗ ਤੇਜ਼ ਕਰ ਦਿੱਤੀ। ਫੇਰ ਆਟਾ ਗੁੰਨ੍ਹਣ ਲੱਗੀ।

ਕੌਲੀ ਵਿਚ ਦਾਲ ਦਾ ਪਾਣੀ ਕੱਢਣ ਪਿੱਛੋਂ ਆਟੇ ਦੀਆਂ ਛੋਟੀਆਂ-ਛੋਟੀਆਂ ਪੇੜੀਆਂ ਬਣਾ ਕੇ ਪਤੀਲੀ ਵਿਚ ਪਾਈਆਂ ਤੇ ਉਪਰੋਂ ਪਾਣੀ ਦੀ ਭਰੀ ਗੜਵੀ ਨਾਲ ਢਕ ਦਿੱਤਾ। ਬੁੱਢੀ ਦੇ ਪੇਕਿਆਂ ਵਿਚ ਇਸ ਨੂੰ 'ਦਲਫਰਾ' ਜਾਂ 'ਦਾਲ ਦਾ ਲਾੜਾ' ਕਹਿੰਦੇ ਨੇ। ਤਾਜ਼ਾ ਭੋਜਨ। ਝਟਪਟ ਤਿਆਰ ਹੋਣ ਵਾਲਾ। ਖਟਿਆਈ ਦੀ ਮਹਿਕ ਵਿਚ ਪੱਕੀਆਂ ਇਹਨਾਂ ਟਿੱਕੀਆਂ ਦਾ ਸਵਾਦ ਹੀ ਵੱਖਰਾ ਹੁੰਦਾ ਹੈ। ਉਦਾਸ ਨਿਰਾਸ਼ ਮਨ ਇਸ ਦੇ ਸਵਾਦ ਨਾਲ ਹੌਸਲਾ ਫੜ ਲੈਂਦਾ ਹੈ।

ਕੁੱਚੀ ਦਾ ਦਰਦ ਤਾਂ ਗੋਲਗੱਪੇ ਖਾਣ ਪਿੱਛੋਂ ਹੀ ਸ਼ਾਂਤ ਹੋ ਗਿਆ ਸੀ। ਆਰਾਮ ਕਰਨ ਤੇ ਦਾਲ ਦਾ ਨਮਕੀਨ ਪਾਣੀ ਪੀਣ ਪਿੱਛੋਂ ਚੇਤਨ ਹੋਈ ਤਾਂ ਘਰੇ ਰੁਕਿਆ ਨਾ ਗਿਆ। ਉਹ ਹੌਲੀ-ਹੌਲੀ ਤੁਰਦੀ ਹੋਈ ਧਰਮਰਾਜ ਦੇ ਘਰ ਪਹੁੰਚੀ। ਉਸਨੇ ਕੱਲ੍ਹ ਧਰਮਰਾਜ ਨੂੰ ਵੀ ਪੰਚਾਇਤ ਵਿਚ ਆਉਣ ਲਈ ਕਿਹਾ ਸੀ ਪਰ ਉਹ ਟਾਲ ਗਿਆ—ਦਰਅਸਲ ਰਿਸ਼ਤੇ ਵਿਚ ਭਰਾ ਲੱਗਣ ਵਾਲੇ ਬਨਵਾਰੀ ਦੇ ਖ਼ਿਲਾਫ਼ ਬੋਲਣ ਤੋਂ ਉਹ ਬਚਣਾ ਚਾਹੁੰਦਾ ਸੀ। ਧਰਮਰਾਜ ਆਪਣੇ ਘਰ ਦੇ ਬਾਹਰ ਹੀ ਮਿਲ ਗਿਆ। ਕੁੱਚੀ ਨੂੰ ਦੇਖ ਕੇ ਝੇਂਪ ਗਿਆ। ਬਿਨਾਂ ਪੁੱਛੇ ਹੀ ਸਫਾਈ ਦੇਣ ਲੱਗ ਪਿਆ ਕਿ 'ਇਕ ਜਮਾਨਤ ਦੇ ਸਿਲਸਿਲੇ 'ਚ ਕਚਹਿਰੀ ਜਾਣਾ ਜ਼ਰੂਰੀ ਹੋਣ ਕਰਕੇ...'

"ਕੋਈ ਗੱਲ ਨ੍ਹੀਂ ਦਿਓਰ ਜੀ। ਹੁਣ ਤਾਂ ਚੱਲੋਂਗੇ ?"

"ਬਿਲਕੁਲ। ਤੇ 'ਕੱਲਾ ਨੀ। ਓਧਰ ਦੇਖੋ...।" ਉਸਨੇ ਸਾਹਮਣੇ, ਕਾਲੇ ਕੋਟ ਪਾਈ, ਕੁਰਸੀਆਂ 'ਤੇ ਬੈਠੀਆਂ ਤਿੰਨ ਔਰਤਾਂ ਵੱਲ ਇਸ਼ਾਰਾ ਕਰਦਿਆਂ ਹੋਇਆਂ ਕਿਹਾ—"ਤੁਹਾਡੇ ਵੱਲੋਂ ਬਹਿਸ ਕਰਨ ਲਈ ਸ਼ਹਿਰੋਂ ਇਹ ਤਿੰਨ-ਤਿੰਨ ਵਕੀਲ ਲੈ ਆਇਆਂ।" ਕੁੱਚੀ ਨੇ ਹੱਥ ਜੋੜ ਕੇ ਤਿੰਨਾਂ ਨੂੰ ਨਮਸਤੇ ਕੀਤੀ। ਧਰਮਰਾਜ ਨੇ ਜਾਣ-ਪਛਾਣ ਕਰਵਾਈ—"ਇਹ ਨੇ ਸਾਡੇ ਕੁੱਚੀ ਭਾਬੀ ਜੀ ਤੇ ਭਾਬੀ ਜੀ ਇਹ ਨੇ ਮਨੋਰਮਾ ਜੀ, ਜ਼ਿਲ੍ਹਾ ਮਹਿਲਾ ਮੋਰਚਾ ਦੇ ਪ੍ਰਧਾਨ। ਨਾਲ ਨੇ ਦੋ ਹੋਰ ਅਹੁਦੇਦਾਰ। ਔਰਤਾਂ ਦੇ ਖ਼ਿਲਾਫ਼ ਕਿਧਰੇ ਵੀ ਹੋਣ ਵਾਲੇ ਜਬਰ-ਜ਼ੁਲਮ ਦੇ ਖ਼ਿਲਾਫ਼ ਇਹ ਹਮੇਸ਼ਾ ਜਾਨ ਲੜਾਉਣ ਲਈ ਤਿਆਰ ਰਹਿੰਦੇ ਨੇ। ਵਕੀਲ ਤਾਂ ਹੈ ਈ ਨੇ।"

ਕੁੱਚੀ ਨੇ ਇਕ ਵਾਰੀ ਫੇਰ ਸਿਰ ਝੁਕਿਆ।

ਧਰਮਰਾਜ ਤੋਂ ਇਸ ਵਚਿੱਤਰ ਪੰਚਾਇਤ ਦੀ ਗੱਲ ਸੁਣ ਕੇ ਇਹ ਸਾਰੀਆਂ ਕੁੱਚੀ ਨੂੰ ਮਿਲਣ ਲਈ ਕਾਹਲੀਆਂ ਸਨ। ਲੋੜ ਪਈ ਤਾਂ ਕੁੱਚੀ ਦੇ ਪੱਖ ਵਿਚ ਬੋਲਣ ਦਾ ਮਨ ਬਣਾ ਕੇ ਆਈਆਂ ਨੇ। ਕਿਸੇ ਤੋਂ ਬੀਜ ਲੈ ਕੇ ਬੱਚਾ ਪੈਦਾ ਕਰ ਲੈਣ ਦੀ ਕਲਪਨਾ ਤੋਂ ਹੀ ਉਹ ਰੋਮਾਂਚਿਤ ਨੇ। ਕੋਈ ਔਰਤ ਇਸ ਦੇ ਅਧਿਕਾਰ ਦੀ ਮੰਗ ਕਰ ਸਕਦੀ ਹੈ, ਇਹ ਤਾਂ ਉਹਨਾਂ ਨੇ ਸੁਪਨੇ ਵਿਚ ਨਹੀਂ ਸੀ ਸੋਚਿਆ ਕਦੇ। ਤੇ ਇਹ ਮੰਗ ਇਕ ਅਜਿਹੇ ਪਿੰਡ ਦੀ ਸੱਤਵੀਂ ਪਾਸ ਔਰਤ ਭਰੀ ਪੰਚਾਇਤ ਵਿਚ ਕਰ ਰਹੀ ਹੈ ਜਿੱਥੇ ਨਾ ਸੜਕ ਹੈ, ਨਾ ਸਕੂਲ। ਜਿੱਥੋਂ ਦੇ ਲੋਕ ਅੱਜ ਵੀ ਖ਼ੂਹ ਜਾਂ ਨਲਕੇ ਦਾ ਪਾਣੀ ਪੀਂਦੇ ਨੇ ਤੇ ਲਾਲਟੈਨ ਜਾਂ ਢਿੰਬਰੀ ਦੇ ਚਾਨਣ ਵਿਚ ਜਿਊਂਦੇ ਨੇ। ਜਿੱਥੇ ਚੌਵੀ ਘੰਟਿਆਂ ਵਿਚੋਂ ਚਾਰ ਘੰਟੇ ਬਿਜਲੀ ਦਾ ਰਹਿ ਜਾਣਾ ਕਿਸੇ ਚਮਤਕਾਰ ਨਾਲੋਂ ਘੱਟ ਨਹੀਂ ਹੈ।

ਉਹਨਾਂ ਦੇ ਸੰਗਠਨ ਦੀਆਂ ਵਧੇਰੇ ਔਰਤਾਂ ਪਰਿਵਾਰਦਾਰ ਨੇ। ਧੀਆਂ ਪੁੱਤਰ ਵਿਆਹੇ ਜਾ ਚੁੱਕੇ ਨੇ ਜਾਂ ਵਿਆਹੁਣ ਵਾਲੇ ਨੇ। ਜਦੋਂ ਤਕ ਕੋਈ ਔਰਤ ਸ਼ਰਣ, ਸੁਰੱਖਿਆ ਤੇ ਰੋਟੀ ਲਈ ਕਿਸੇ ਮਰਦ 'ਤੇ ਨਿਰਭਰ ਹੈ, ਉਹ ਅਜਿਹੀ ਮੰਗ ਕਿਵੇਂ ਕਰ ਸਕਦੀ ਹੈ? ਅਜਿਹੀ ਮੰਗ ਦਾ ਸਮਰਥਨ ਕਰਦਿਆਂ ਹੋਇਆਂ ਅਖ਼ਬਾਰ ਵਿਚ ਫ਼ੋਟੋ ਛਪ ਗਈ ਤਾਂ ਘਰੋਂ ਕੱਢ ਦਿੱਤੀ ਜਾਵੇਗੀ। ਉਹਨਾਂ ਦਾ ਸੰਕੋਚ ਦੇਖ ਕੇ ਧਰਮ ਰਾਜ ਕਹਿੰਦਾ ਹੈ—"ਤੁਹਾਡੀ ਮੌਜੂਦਗੀ ਈ ਸਭ ਕੁਛ ਕਹਿ ਦਏਗੀ। ਚੱਲੋ।"

ਕੁੱਚੀ ਦੀ ਪੁਕਾਰ ਸੁਣ ਕੇ ਬਿਸਨ ਪ੍ਰਧਾਨ ਦਾ ਡਰਾਈਵਰ ਬਾਹਰ ਆਉਂਦਾ ਹੋਇਆ ਉੱਚੀ ਆਵਾਜ਼ ਵਿਚ ਦੱਸਦਾ ਹੈ—"ਪ੍ਰਧਾਨ ਜੀ ਤਾਂ ਬਲਾਕ 'ਚੋਂ ਈ ਸਹੁਰੀਂ ਚਲੇ ਗਏ। ਮੈਂ ਖਾਲੀ ਬੋਲੇਰੋ ਲੈ ਕੇ ਆਇਆਂ।" ਫੇਰ ਕੋਲ ਆ ਕੇ ਧੀਮੀ ਆਵਾਜ਼ ਵਿਚ ਕਹਿੰਦਾ ਹੈ—"ਅੰਦਰ ਹਲਕੇ ਦੇ ਸਿਪਾਹੀ ਨਾਲ ਚਾਹ ਪਕੌੜੇ ਛਕ ਰਹੇ ਐ ਪਰ ਬਾਹਰ ਨਈਂ ਆਉਣਗੇ। ਆਵਾਸ ਘੁਟਾਲੇ ਦੀ ਜਾਂਚ 'ਚ ਐਫ.ਆਈ.ਆਰ. ਦਰਜ ਹੋ ਗਈ ਐ। ਜਮਾਨਤ ਦਾ ਬੰਦੋਬਸਤ ਹੋਣ ਤਾਈਂ ਲੁਕ-ਛਿਪ ਕੇ ਦਿਨ ਕੱਟਣੈ ਐਂ।"

ਇਸ ਦੌਰਾਨ ਮਿਠੁਏ ਨੇ ਦੋ ਗੈਸ ਬੱਤੀਆਂ ਜਗਾ ਕੇ ਮਹੂਏ ਦੇ ਟਾਹਣ ਨਾਲ ਲਮਕਾ ਦਿੱਤੀਆਂ ਨੇ। ਨਾਲ ਦੀ ਲੰਘਦੇ ਬਿਜਲੀ ਦੇ ਖੰਭੇ 'ਤੇ ਕੁੰਡੀ ਲਾ ਕੇ ਉਸ ਨਾਲ ਸੌ ਵਾਟ ਦਾ ਬਲਬ ਲਟਕਾ ਦਿੱਤਾ ਹੈ। ਰਾਤੀਂ ਬਾਰਾਂ ਵਜੇ ਬਿਜਲੀ ਆ ਜਾਵੇਗੀ।

ਦੁਪਹਿਰ ਦੀ ਸ਼ੁਰੂ ਹੋਈ ਇਸ ਪੰਚਾਇਤ ਦੇ ਸਵਾਲਾਂ-ਜਵਾਬਾਂ ਦੀ ਸ਼ੋਹਰਤ ਇਕ ਕਿਲੋਮੀਟਰ ਦੂਰ ਬਾਜ਼ਾਰ ਤਕ ਪਹੁੰਚ ਗਈ ਹੈ। ਗੁਆਂਢ ਦੇ ਬਾਜ਼ਾਰ 'ਚ ਆਂਗਨਵਾੜੀ ਦੀਆਂ ਮੁਲਾਜਮਾਂ, ਗ੍ਰਾਮ ਸੇਵਕਾਵਾਂ, ਸਿਹਤ ਕੇਂਦਰ ਦੀਆਂ ਦਾਈਆਂ, ਬੈਂਕ ਤੇ ਬਲਾਕ ਦੀਆਂ ਕਰਮਚਾਰੀ ਔਰਤਾਂ ਤੇ ਅਧਿਆਪਕਾਵਾਂ ਦੀ ਇਕ ਵੱਡੀ ਗਿਣਤੀ ਕਿਰਾਏ 'ਤੇ ਕਮਰਾ ਲੈ ਕੇ ਰਹਿੰਦੀ ਹੈ। ਉਹਨਾਂ ਲਈ ਇਹ ਬੜੀ ਰੋਮਾਂਚਕ ਗੱਲ ਹੈ ਕਿ ਪਿੰਡ ਦੀ ਇਕ ਨਾਜਾਇਜ਼ ਗਰਭਧਾਰੀ ਵਿਧਵਾ ਔਰਤ ਚੌਧਰੀਆਂ ਦੀ ਘੇਰਾਬੰਦੀ ਨਾਲ ਇਕੱਲੀ ਮੋਰਚਾ ਲੈ ਰਹੀ ਹੈ। ਇਹ ਜਾਣ ਕੇ ਕਿ ਰਾਤੀਂ ਦਸ ਵਜੇ ਫੇਰ ਪੰਚਾਇਤ ਸ਼ੁਰੂ ਹੋਵੇਗੀ, ਉਹ ਸਾਰੀਆਂ ਇਸ ਔਰਤ ਨੂੰ ਦੇਖਣ, ਸੁਣਨ ਲਈ ਬੇਤਾਬ ਹੋ ਗਈਆਂ। ਇਹੋ ਬੇਤਾਬੀ ਉਹਨਾਂ ਨੂੰ ਵੀ ਪੰਚਾਇਤ ਵਿਚ ਖਿੱਚ ਲਿਆਈ ਹੈ। ਉਹ ਝੁੰਡ ਬਣਾ ਕੇ ਵਿਚਕਾਰਲੀ ਖਾਲੀ ਜਗ੍ਹਾ 'ਤੇ ਬੈਠ ਗਈਆਂ ਨੇ।

ਧਰਮਰਾਜ ਵਕੀਲ ਖ਼ੁਦ ਮਹੁਏ ਦੀ ਜੜ੍ਹ 'ਤੇ ਬੈਠੇ ਗਏ ਨੇ। ਔਰਤ ਵਕੀਲਾਂ ਲਈ ਕੁਰਸੀਆਂ ਦਾ ਇੰਤਜ਼ਾਮ ਹੈ। ਦੂਜੇ ਪੰਚਾਂ ਦੀ ਬਰਾਬਰੀ ਵਿਚ ਕਾਲਾ ਕੋਟ ਪਾ ਕੇ ਬੈਠੀਆਂ ਤਿੰਨ ਵਕੀਲ ਔਰਤਾਂ ਤੇ ਬਾਜ਼ਾਰ 'ਚੋਂ ਆਈਆਂ ਔਰਤਾਂ ਦਾ ਝੁੰਡ ਪੰਚਾਂ ਨੂੰ ਕੁਝ ਬੇਚੈਨ ਕਰ ਰਿਹਾ ਹੈ। ਕੀ ਕੁੱਚੀ ਦੇ ਬੁਲਾਵੇ 'ਤੇ ਆਈਆਂ ਨੇ ਇਹ ਸਾਰੀਆਂ?

ਪਰ ਲਛਮਨ ਚੌਧਰੀ ਲੰਬਾ ਸਾਹ ਖਿੱਚ ਕੇ ਆਪਣੇ-ਆਪ ਨੂੰ ਮਜਬੂਤ ਕਰਦੇ ਨੇ ਤੇ ਦੋ ਟੁੱਕ ਕਹਿੰਦੇ ਨੇ—"ਤਾਂ ਤੂੰ ਬੱਚੇ ਦੇ ਪਿਓ ਦਾ ਨਾਂ ਦੱਸਣ ਲਈ ਤਿਆਰ ਨਈਂ ਐਂ?"

"ਬੱਚੇ ਦੇ ਪਿਓ ਦਾ ਨਾਂ ਜਾਣਨ ਦੀ ਨਾ ਤਾਂ ਪੰਚਾਇਤ ਨੂੰ ਲੋੜ ਐ, ਨਾ ਹੱਕ।"

"ਹੱਕ ਕਿਓਂ ਨਈਂ ਐ?"

"ਦੱਸੋ ਹੱਕ ਕਿਵੇਂ ਐ? ਇਹ ਵੀ ਦੱਸੋ ਕਿ ਪੰਚਾਇਤ ਦਾ ਸਿਰਫ਼ ਸਵਾਲ ਪੁੱਛਣ ਦਾ ਹੱਕ ਈ ਐ ਜਾਂ ਜਵਾਬ ਦੇਣ ਦੀ ਜ਼ਿੰਮੇਦਾਰੀ ਵੀ?"

"ਦੋਵੇਂ।"



"ਤਾਂ ਮੇਰੇ ਪਹਿਲੇ ਸਵਾਲ ਦਾ ਜਵਾਬ ਅਜੇ ਤਾਈਂ ਕਿਉਂ ਨ੍ਹੀਂ ਮਿਲਿਆ? ਤੰਡੋ ਬਾਬਾ ਮੇਰੇ ਸਵਾਲ ਦਾ ਜਵਾਬ ਪੀ ਗਏ। ਜਦੋਂ ਮੇਰੇ ਹੱਥ, ਪੈਰ, ਅੱਖਾਂ, ਕੰਨ ਤੇ ਮੇਰਾ ਹੱਕ ਐ, ਇਹਨਾਂ 'ਤੇ ਮੇਰੀ ਮਰਜ਼ੀ ਚੱਲਦੀ ਐ ਤਾਂ ਕੁੱਖ 'ਤੇ ਕਿਸਦਾ ਹੱਕ ਹੋਊਗਾ, ਉਸ 'ਤੇ ਕਿਸ ਦੀ ਮਰਜੀ ਚੱਲੂਗੀ, ਇਹ ਜਾਣਨ ਲਈ ਕਿਹੜਾ ਕਾਨੂੰਨ ਪੜ੍ਹਨ ਦੀ ਲੋੜ ਐ?"

ਹੁਣੇ-ਹੁਣੇ ਆਏ ਨੇ ਬਲਈ ਬਾਬਾ। ਠੀਕ ਤਰ੍ਹਾਂ ਬੈਠੇ ਵੀ ਨਹੀਂ ਕਿ ਇਸ ਕੁੜੀ ਨੇ ਸਿੱਧਾ ਉਹਨਾਂ ਵੱਲ ਉਂਗਲ ਸਿੰਨ੍ਹ ਲਈ ਹੈ। ਉਹ ਅੱਗ ਵਰ੍ਹਾਉਂਦੀਆਂ ਅੱਖਾਂ ਨਾਲ ਕੁੱਚੀ ਵੱਲ ਦੇਖ ਕੇ ਕਹਿੰਦੇ ਨੇ—"ਫੇਰ ਕਾਨੂੰਨ ਵਿਚ ਲੈ ਆਈ? ਮੈਂ ਦੇਖ ਰਿਹਾਂ ਕਿ ਬਹਿਸਾ-ਬਹਿਸੀ ਕਰਨ ਤੋਂ ਤੂੰ ਗਾਰਗੀ ਨਾਲੋਂ ਵੀ ਪੰਜ ਹੱਥ ਅੱਗੇ ਨਿਕਲੀ ਜਾ ਰਹੀ ਐਂ। ਕਰਤੂਤ ਅਹੱਲਿਆ ਵਾਲੀ ਤੇ ਤੇਵਰ ਗਾਰਗੀ ਦੇ। ਅਹੱਲਿਆ ਵਰਗੀ ਔਰਤਾਂ ਨੂੰ ਹਜ਼ਾਰ ਸਾਲ ਤਕ ਪੱਥਰ ਦੀ ਜ਼ਿੰਦਗੀ ਜਿਊਣ ਦੀ ਸਜ਼ਾ ਮਿਲਦੀ ਐ, ਇਹ ਪਤਾ ਐ ਕਿ ਨਈਂ?"

"ਨਈਂ ਪਤਾ ਮਹਾਰਾਜ, ਪਰ ਇਹ ਪਤੈ ਕਿ ਤੁਸੀਂ ਮੈਨੂੰ ਧਮਕਾ ਰਹੇ ਹੋ। ਏਥੇ ਇਨਸਾਫ਼ ਕਰਨ ਲਈ ਬੁਲਾਇਐ ਕਿ ਧਮਕੀ ਦੇਣ ਲਈ?"

"ਧਮਕੀ ਨਈਂ ਦੇ ਰਿਹਾ, ਹਕੀਕਤ ਦੱਸ ਰਿਹਾਂ। ਅਹੱਲਿਆ ਦੇ ਕਿੱਸੇ ਤੋਂ ਸਬਕ ਲਿਆ ਹੁੰਦਾ ਤਾਂ ਅੱਜ ਇਹ ਪੰਚਾਇਤ ਬੁਲਾਉਣ ਦੀ ਲੋੜ ਈ ਨਾ ਪੈਂਦੀ।"

"ਐਂ ਨਈਂ ਮਹਾਰਾਜ।" ਸੁਘਰਾ ਬੋਲ ਪੈਂਦੀ ਹੈ—"ਕੁੱਚੀ ਨੇ ਨਾ ਸਹੀ ਪਰ ਹਜ਼ਾਰਾਂ ਸਾਲ ਤੋਂ ਇਸ ਦੇਸ਼ 'ਚ ਪੈਦਾ ਹੋ ਰਹੀਆਂ ਔਰਤਾਂ ਨੇ ਜ਼ਰੂਰ ਸਬਕ ਸਿੱਖਿਆ ਏ। ਉਸੇ ਸਿੱਖਿਆ ਕਰਕੇ ਤਾਂ ਉਹਨਾਂ ਦੇ ਦਿਲ ਪੱਥਰ ਦੇ ਹੋ ਗਏ ਐ। ਉਸੇ ਦਾ ਡਰ ਦਿਖਾ ਕੇ ਉਹ ਅੱਜ ਵੀ ਭੇਡਾਂ ਦੇ ਇੱਜੜ ਵਾਂਗ ਹੱਕੀਆਂ ਜਾ ਰਹੀਐਂ। ਪਰ ਇਹ ਦੱਸੋ ਕਿ ਗੌਤਮ ਮੁਨੀ ਨੇ ਆਪਣੀ ਸਾਰੀ ਮਰਦਾਨਗੀ ਆਪਣੀ ਔਰਤ 'ਤੇ ਈ ਕਿਉਂ ਦਿਖਾਈ? ਸੁੰਨੇ ਘਰ 'ਚ ਵੜ ਕੇ ਜਿਸ ਨੇ ਛਲ ਨਾਲ ਇਕੱਲੀ ਔਰਤ ਦੀ ਇੱਜ਼ਤ ਲੁੱਟੀ ਉਸਦਾ ਤਾਂ 'ਆਪ' ਕੁਛ ਉਖਾੜ ਨਈਂ ਸਕੇ। ਉਹ ਮੁੱਛ ਨੂੰ ਵੱਟ ਦਿੰਦਾ ਤੇ ਮੁਸਕਰਾਉਂਦਾ ਹੋਇਆ ਸਾਹਮਣਿਓਂ ਨਿਕਲ ਗਿਆ। ਉਲਟਾ ਨਮੋਸ਼ੀ ਮਿਟਾਉਣ ਲਈ ਆਪਣੀ ਛਲੀ ਗਈ ਔਰਤ ਨੂੰ ਈ ਪੱਥਰ ਬਣਾ ਦਿੱਤਾ। ਇਹ ਕਿਹੋ-ਜਿਹਾ ਇਨਸਾਫ਼ ਐ, ਇਸ 'ਚ ਔਰਤ ਦੇ ਸਿੱਖਣ ਲਈ ਹੈ ਕੀ?"

"ਬਿਲਕੁਲ ਸਹੀ।" ਬਾਜ਼ਾਰ 'ਚੋਂ ਆਈਆਂ ਔਰਤਾਂ ਦੇ ਝੁੰਡ ਵਿਚੋਂ ਆਵਾਜ਼ ਆਉਂਦੀ ਹੈ—"ਅਸੀਂ ਸਾਰੀਆਂ ਅਹੱਲਿਆ ਆਂ। ਅੱਜ ਵੀ ਅਹੱਲਿਆ ਆਂ। ਅੱਜ ਵੀ ਪੱਥਰ ਆਂ। ਅੱਜ ਵੀ ਛਲੀਆਂ ਜਾ ਰਹੀਆਂ ਆਂ।"

ਸੰਨਾਟਾ...!

ਇਹਨਾਂ ਔਰਤਾਂ ਦਾ ਸ਼ਾਮਲ ਹੋਣਾ ਬਲਈ ਬਾਬਾ ਤੇ ਲਛਮਨ ਚੌਧਰੀ ਦੇ ਅੰਤਰਮਨ ਨੂੰ ਕੰਬਾ ਰਿਹਾ ਹੈ। ਸੁਘਰਾ ਨਾਲ ਉਲਝਣ ਵਿਚ ਅਕਲਮੰਦੀ ਨਹੀਂ ਸਮਝਦੇ ਬਲਈ। ਇਕ ਤਾਂ ਔਰਤ, ਦੂਜਾ ਵਿਧਵਾ, ਤੀਜਾ ਇਸ ਪਿੰਡ ਦੀ ਠਾਕੁਰਾਇਣ। ਕੌਣ ਇਸਦੀ ਜੀਭ ਫੜ ਸਕਦਾ ਹੈ। ਉਹ ਜੋ ਬੋਲਣਗੇ ਉਸੇ ਦਾ ਸਿਰਾ ਫੜ ਕੇ ਇਹ ਉਹਨੂੰ ਧੋਬੀ ਫਟਕਾ ਲੁਆ ਸਕਦੀ ਹੈ।

ਸੰਨਾਟਾ ਕੁੱਚੀ ਹੀ ਭੰਗ ਕਰਦੀ ਹੈ।

"ਬਾਬਾ ਉਹਨਾਂ ਔਰਤਾਂ ਦਾ ਮਾਮਲਾ ਉਹ ਜਾਣਨ ਜਾਂ ਤੁਹਾਡੇ ਵਰਗੇ ਪੋਥੀ-ਪੱਤਰਾ ਵਾਚਣ ਵਾਲੇ ਜਾਣਨ। ਏਥੇ ਸਾਨੂੰ ਬੁਲਾਇਆ ਗਿਐ ਤਾਂ ਸਾਡੀ ਹਰਜ-ਗਰਜ 'ਤੇ ਵਿਚਾਰ ਕਰੋ। ਗੱਲਾਂ ਨਾਲ ਕਾਇਲ ਕਰ ਦਿਓ ਜਾਂ ਕਾਇਲ ਹੋ ਜਾਓ। ਮੇਰੀ ਕੁੱਖ 'ਤੇ ਮੇਰਾ ਹੱਕ ਐ ਕਿ ਨਈਂ?"

ਕੀ ਕਹਿਣ, ਕੁਝ ਸੁੱਝ ਨਹੀਂ ਰਿਹਾ। ਇਹ ਵੀ ਕਿਵੇਂ ਕਹਿ ਸਕਦੇ ਨੇ ਕਿ ਉਸਦੀ ਕੁੱਖ 'ਤੇ ਉਸਦਾ ਹੱਕ ਨਹੀਂ ਹੈ। ਉਸਦਾ ਨਹੀਂ ਤਾਂ ਕਿਸ ਦਾ ਹੈ ?

ਲਛਮਨ ਚੌਧਰੀ ਨੂੰ ਵੀ ਬੇਇੱਜ਼ਤ ਹੋਣ ਦਾ ਡਰ ਸਤਾ ਰਿਹਾ ਹੈ। ਲੱਗਦਾ ਹੈ ਸਾਰੀਆਂ ਔਰਤਾਂ ਕੁੱਚੀ ਦੇ ਪੱਖ ਵਿਚ ਖੜ੍ਹੀਆਂ ਹੋ ਗਈਆਂ ਨੇ। ਸਹੀ ਕਿਹਾ ਹੈ , ਔਰਤ ਜਾਤ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ। ਰਮੇਸਰ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਗਿਆ ਹੁੰਦਾ ਤਾਂ ਹੁਣ ਤਕ ਸਜ਼ਾ, ਜੁਰਮਾਨਾ ਕਰਕੇ ਫੁਰਸਤ ਮਿਲ ਗਈ ਹੁੰਦੀ।

ਬਨਵਾਰੀ ਨੂੰ ਲੱਗ ਰਿਹਾ ਹੈ ਕਿ ਪੰਚ ਇਸ ਔਰਤ ਦਾ ਵਾਲ ਨਹੀਂ ਪੁੱਟ ਸਕਣਗੇ। ਵੱਡੇ ਤੁਰੱਰਮ ਖਾਂ ਬਣੇ ਫਿਰਦੇ ਨੇ।

ਬੜੀ ਦੇਰ ਤਕ ਚੁੱਪ ਵਾਪਰੀ ਰਹਿੰਦੀ ਹੈ। ਫੇਰ ਇੰਜਨ ਦੀ ਸੀਟੀ ਸੁਣਾਈ ਦਿੰਦੀ ਹੈ। ਇਕ ਗੈਸ ਬੱਤੀ ਦੇ ਭਵਕਣ ਦੀ ਆਵਾਜ਼ ਆਉਂਦੀ ਹੈ। ਮਿਠੂਆ ਉਸਨੂੰ ਲਾਹ ਕੇ ਉਸ ਵਿਚ ਹਵਾ ਭਰਨ ਲੱਗ ਪੈਂਦਾ ਹੈ।

"ਮੇਰੇ ਸਵਾਲ ਦਾ ਜਵਾਬ ਤੁਹਾਡੇ ਸਭ ਦੇ ਮਨਾਂ ਵਿਚ ਐ। ਤੁਸੀਂ ਦੇਣਾ ਨ੍ਹੀਂ ਚਾਹੁੰਦੇ। ਹੁਣ ਮੈਂ ਦੂਜਾ ਸਵਾਲ ਪੇਸ਼ ਕਰਦੀ ਆਂ। ਮੇਰੇ ਇਸ ਸਵਾਲ ਦੇ ਢਿੱਡ 'ਚੋਂ ਈ ਚੌਧਰੀ ਬਾਬਾ ਦੇ ਸਵਾਲ ਦਾ ਜਵਾਬ ਨਿਕਲੂਗਾ। ਮੇਰਾ ਸਵਾਲ ਐ ਕਿ ਫਸਲ 'ਤੇ ਹੱਕ ਕਿਸ ਦਾ ਐ ? ਖੇਤ ਦਾ ਜਾਂ ਬੀਅ ਦਾ ? ਜੇ ਪੰਚ ਫੈਸਲਾ ਕਰਦੇ ਐ ਕਿ ਫਸਲ 'ਤੇ ਖੇਤ ਦਾ ਹੱਕ ਐ ਤਾਂ ਪੰਜ ਮੈਥੋਂ ਮੇਰੇ ਬੱਚੇ ਦੇ ਪਿਓ ਦਾ ਨਾਂ ਪੁੱਛਣ ਦੇ ਹੱਕਦਾਰ ਨਈਂ ਬਣਦੇ। ਜੇ ਫੈਸਲਾ ਬੀਜ ਦੇ ਹੱਕ 'ਚ ਹੁੰਦਾ ਐ ਤਾਂ ਮੈਂ ਬੱਚੇ ਦੇ ਪਿਓ ਨੂੰ ਪੇਸ਼ ਕਰ ਦਿਆਂਗੀ।"

ਫਸਲ 'ਤੇ ਪਹਿਲਾ ਹੱਕ ਖੇਤ ਦਾ ਹੈ ਕਿ ਬੀਜ ਦਾ ?

ਛੋਟੀਆਂ-ਛੋਟੀਆਂ ਟੋਲੀਆਂ ਵਿਚ ਤਰਕ-ਵਿਤਰਕ ਸ਼ੁਰੂ ਹੋ ਜਾਂਦਾ ਹੈ।

ਲਛਮਨ ਚੌਧਰੀ ਏਧਰ ਉਧਰ ਦੇਖ ਕੇ ਕਹਿੰਦੇ ਨੇ—"ਮੇਰੇ ਵਿਚਾਰ 'ਚ ਤਾਂ ਬੀਅ ਈ ਪ੍ਰਧਾਨ ਐ। ਖੇਤ ਕਿਸੇ ਦਾ ਹੋਵੇ, ਜੋ ਬੀਜਿਆ ਜਾਵੇਗਾ ਉਹੀ ਪੈਦਾ ਹੋਵੇਗਾ। ਅੰਬ ਦੇ ਬੀਅ ਤੋਂ ਅੰਬ। ਬਬੂਲ ਦੇ ਬੀਅ ਤੋਂ ਬਬੂਲ। ਬੋਯਾ ਬੀਜ ਬਬੂਲ ਕਾ, ਆਮ ਕਹਾਂ ਸੇ ਹੋਯ ?"

"ਸਵਾਲ ਇਹ ਨਈਂ ਕਿ ਕੀ ਬੀਜਣ ਨਾਲ ਕੀ ਪੈਦਾ ਹੋਵੇਗਾ। ਇਹ ਤਾਂ ਪਿੱਛੇ ਬੈਠਾ ਹੱਸ ਰਿਹਾ ਓਹ ਬੱਗੜ ਵੀ ਜਾਣਦੈ।" ਸੁਘਰਾ ਬੋਲਦੀ ਹੈ—"ਸਵਾਲ ਇਹ ਐ ਕਿ ਫਸਲ 'ਤੇ ਹੱਕ ਕਿਸ ਦਾ ਹੋਵੇਗਾ ? ਇਕ ਆਦਮੀ ਆਪਣੇ ਖੇਤ 'ਚ ਕਣਕ ਬੀਜ ਰਿਹੈ। ਉਸਦੇ ਬੀਅ ਦੇ ਕੁਛ ਦਾਣੇ ਨਾਲ ਵਾਲੇ ਜੌਂ ਦੇ ਖੇਤ 'ਚ ਜਾ ਡਿੱਗਦੇ ਐ। ਤਾਂ ਕੀ ਕਣਕ ਦੇ ਖੇਤ ਵਾਲਾ ਜੌਂ ਦੇ ਖੇਤ 'ਚ ਉੱਗੀ ਕਣਕ 'ਤੇ ਆਪਣਾ ਹੱਕ ਜਮਾ ਸਕਦੈ ?"

"ਬਿਲਕੁਲ ਨਈਂ।" ਕਈ ਆਵਾਜ਼ਾਂ ਆਉਂਦੀ ਨੇ—"ਜਿਸ ਦੇ ਖੇਤ 'ਚ ਉੱਗੇਗੀ ਉਹੀ ਕੱਟੂਗਾ।"

"ਕੀ ਅੱਜ ਤਕ ਇਕ ਵੀ ਮਾਮਲਾ ਸੁਣਿਆ ਗਿਐ ਕਿ ਡਿੱਗੇ ਬੀਆਂ ਦੇ ਮਾਲਕ ਨੇ ਨਾਲ ਵਾਲੇ ਖੇਤ 'ਚ ਵੜ ਕੇ ਉਹ ਫਸਲ ਕੱਟੀ ਹੋਵੇ ?"

"ਕਦੇ ਨਈਂ, ਇਸ ਨੀਤ ਨਾਲ ਉਸ ਖੇਤ 'ਚ ਪੈਰ ਵੀ ਧਰ ਦੇਵੇ ਤਾਂ ਡਾਂਗਾ ਚੱਲ ਜਾਣ।"

"ਜਿਵੇਂ ਖੇਤ 'ਚੋਂ ਖੁਰਾਕ ਲੈ ਕੇ ਉਹ ਬੀਅ ਬੂਟਾ ਬਣਦੈ, ਓਵੇਂ ਈ ਬੂੰਦ ਤੋਂ ਆਦਮੀ ਬਣਨ ਲਈ ਮਾਂ ਨੂੰ ਨੌਂ ਮਹੀਨੇ ਆਪਣਾ ਖ਼ੂਨ ਪਿਆਉਣਾ ਪੈਂਦਾ ਐ। ਬੂੰਦ ਸਿਰਫ਼ ਬੂੰਦ ਹੁੰਦੀ ਐ। ਆਦਮੀ ਦਾ ਬੱਚਾ ਨਈਂ ਹੁੰਦੀ।"



"ਬਿਲਕੁਲ ਸਹੀ ਆ।"

"ਹੁਣ ਪੰਚ ਤੈਅ ਕਰਨ ਕਿ ਵੱਡੀ ਗੱਲ ਕਿਹੜੀ ਐ ? ਬੂੰਦ ਪਾਉਣਾ ਜਾਂ ਉਸ ਬੂੰਦ ਨੂੰ ਪਾਲ ਕੇ ਆਦਮੀ ਬਣਾਉਣਾ।"

ਧੰਨੂ ਬਾਬਾ ਕਹਿੰਦੇ ਨੇ—"ਇਹੋ ਜਿਹੇ ਛਿੜਕੇ ਬੂਟਿਆਂ ਨੂੰ 'ਲਮੇਰ' ਕਿਹਾ ਜਾਂਦੈ। ਧਾਈਂ ਦੀ ਫਸਲ 'ਚ ਤਾਂ ਅਕਸਰ ਈ ਉੱਗੇ ਮਿਲਦੇ ਐ। 'ਲਮੇਰ' ਮੂਲ ਫਸਲ ਦੇ ਬੂਟੇ ਨਾਲੋਂ ਵੱਧ ਨਰੋਏ, ਵਧੇਰੇ ਜੀਵੰਤ ਹੁੰਦੇ ਐ। ਉਸ ਮੂਲ ਫਸਲ ਨਾਲੋਂ ਉੱਚੇ-ਲੰਮੇ ਹੁੰਦੇ ਐ। ਉਹਨਾਂ ਦਾ ਸਿੱਟਾ ਵੱਧ ਲੰਬਾ ਤੇ ਦਾਣੇ ਵਧੇਰੇ ਮੋਟੇ ਹੁੰਦੇ ਐ। ਉਹਨਾਂ 'ਤੇ ਬਿਮਾਰੀਆਂ ਦਾ ਅਸਰ ਵੀ ਘੱਟ ਹੁੰਦੈ। ਇਸ ਲਈ ਇਸੇ ਤਰ੍ਹਾਂ ਆਦਮੀਆਂ ਦੀ ਫਸਲ 'ਤੇ ਨਜ਼ਰ ਮਾਰੀਏ ਤਾਂ ਹਰੇਕ ਪਿੰਡ 'ਚ ਇਕ-ਦੋ ਅਜਿਹੇ ਲਮੇਰ ਮਿਲ ਜਾਣਗੇ ਜਿਹਨਾਂ ਦੇ ਚਿਹਰੇ ਮੋਹਰੇ, ਹਾਸਾ-ਮੁਸਕਾਨ ਤੇ ਬੋਲ-ਬਾਣੀ ਦੇ ਢੰਗ ਤੋਂ ਤੁਸੀਂ ਬੁੱਝ ਲਓਗੇ ਕਿ ਇਹ ਕਿਸਦੇ ਬੀਅ ਦਾ ਲਮੇਰ ਐ। ਆਦਮੀ ਦੇ ਲਮੇਰ ਵੀ ਆਪਣੇ ਮੂਲ ਨਾਲੋਂ ਵੱਧ ਲੰਮੇ-ਚੌੜੇ, ਜੀਵੰਤ ਤੇ ਤੇਜ਼-ਤਰਾਰ ਹੁੰਦੇ ਐ। ਧਿਆਨ ਦਿਓ ਤਾਂ ਆਪਣੇ ਏਸੇ ਪਿੰਡ 'ਚ ਦੋ ਲਮੇਰ ਪਛਾਣ 'ਚ ਆ ਜਾਣਗੇ। ਪਰ ਕੀ ਕਿਸੇ ਲਮੇਰ ਦੇ ਬੀਅ ਨੇ ਅੱਜ ਤਕ ਉਹਨਾਂ 'ਤੇ ਆਪਣਾ ਦਾਅਵਾ ਠੋਕਿਆ ? ਕਦੀ ਕਿਧਰੇ ਸੁਣਿਆ ਗਿਆ ਕਿ ਕਿਸੇ ਲਮੇਰ ਦਾ ਅਸਲੀ ਪਿਓ ਉਸਨੂੰ ਲੈਣ ਵਾਸਤੇ ਆਇਆ ਹੋਵੇ। ਤਾਂ ਕੁੱਚੀ ਦੇ ਬੱਚੇ 'ਤੇ ਉਸ ਬੀਅ ਦਾਨ ਦੇਣ ਵਾਲੇ ਦਾ ਹੱਕ ਕਿਵੇਂ ਮੰਨਾਂਗੇ, ਜਿਹੜਾ ਹੱਕ ਦੀ ਗੱਲ ਤਾਂ ਇਕ ਪਾਸੇ ਆਪਣਾ ਨਾਂ ਵੀ ਜਾਹਰ ਨਈਂ ਕਰਨਾ ਚਾਹੁੰਦਾ।"

ਪੰਚਾਇਤ ਵਿਚ ਫੇਰ ਖੁਸਰ-ਫੁਸਰ ਹੋਣ ਲੱਗ ਪਈ ਹੈ। ਇਹ ਠੀਕ ਹੈ ਕਿ ਲਮੇਰ ਦੀ ਹਕੀਕਤ ਨੂੰ ਸਾਰਾ ਪਿੰਡ ਜਾਣਦਾ ਹੈ। ਅੱਜ ਦਾ ਨਹੀਂ ਚਿਰਾਂ ਦਾ। ਪਰ ਇਸ 'ਤੇ ਇਸ ਤਰ੍ਹਾਂ ਪੰਚਾਇਤ ਵਿਚ ਖੁੱਲ੍ਹੀ ਆਮ ਚਰਚਾ ਹੋਈ ਹੋਵੇ, ਕਿਸੇ ਨੂੰ ਯਾਦ ਨਹੀਂ। ਅੱਖਾਂ ਵਿਚ ਰੜਕਣ ਵਾਲੀਆਂ ਅਜਿਹੀਆਂ ਅਸਲੀਅਤਾਂ ਹਜ਼ਾਰਾਂ ਸਾਲਾਂ ਤੋਂ ਬਿਨਾਂ ਚਰਚਾ ਰਹਿੰਦੀਆਂ ਰਹੀਆਂ ਨੇ—ਇਹ ਵੀ ਇਕ ਅਜੂਬਾ ਹੈ।

ਲਛਮਨ ਚੌਧਰੀ ਦੀ ਮਾਂ ਬਰਮਣ ਸੀ। ਜਦੋਂ ਬਰਮਾ (ਅੱਜ ਦਾ ਮਯਾਂਮਾਰ) ਦੀ ਲੜਾਈ ਛਿੜੀ ਤਾਂ ਲਛਮਨ ਚੌਧਰੀ ਮਾਂ ਦੀ ਗੋਦੀ 'ਚ ਸੀ। ਉਹਦਾ ਪਿਓ ਉਹਨਾਂ ਨੂੰ ਲੈ ਕੇ ਕਦੀ ਕਿਸੇ ਸਵਾਰੀ 'ਚ, ਕਦੇ ਪੈਦਲ ਭੱਜਦਾ ਹੋਇਆ ਪਿੰਡ ਪਰਤਿਆ। ਲਛਮਨ ਚੌਧਰੀ ਦਾ ਪਿਓ ਲੰਮਾ-ਝੰਮਾ ਤੇ ਕਾਲਿਆਂ ਵਿਚੋਂ ਕਾਲਾ ਸੀ। ਤਾਰਕੋਲ ਦੇ ਰੰਗ ਵਰਗਾ। ਲਛਮਨ ਚੌਧਰੀ ਨੂੰ ਕੱਦ-ਕਾਠੀ ਪਿਓ ਦੀ ਤੇ ਰੰਗ ਰੂਪ ਮਾਂ ਦਾ ਮਿਲਿਆ, ਇਸ ਲਈ ਉਹ ਲੰਮਾ, ਨਰੋਆ ਤੇ ਗੋਰਾ ਬਲਕਿ ਬੱਗਾ-ਜਿਹਾ ਸੀ। ਗੋਭਲੇ-ਗੋਲ ਚਿਹਰੇ ਵਾਲਾ। ਬਚਪਨ ਵਿਚ ਲੋਕ ਉਸਨੂੰ ਚਿੜਾਉਂਦੇ ਕਿ ਉਹ ਆਪਣੇ ਪਿਓ ਦਾ ਨਹੀਂ, ਕਿਸੇ ਬਰਮੀ ਦਾ ਮੁੰਡਾ ਹੈ। ਸੁਣਦਿਆਂ-ਸੁਣਦਿਆਂ ਉਸਦੇ ਮਨ ਵਿਚ ਸ਼ੰਕਾ ਪੈਦਾ ਹੋ ਗਈ। ਆਪਣੇ ਪਿਓ ਦੇ ਕਾਲੇ ਚਿਹਰੇ ਵੱਲ ਦੇਖਣ ਨੂੰ ਉਸਦਾ ਮਨ ਨਹੀਂ ਸੀ ਕਰਦਾ। ਉਹ ਆਪਣੀ ਮਾਂ ਨੂੰ ਪੁੱਛਣਾ ਚਾਹੁੰਦਾ ਸੀ ਕਿ ਕੀ ਸੱਚਮੁੱਚ ਉਸਦਾ ਪਿਓ ਕੋਈ ਹੋਰ ਸੀ ? ਪਰ ਪੁੱਛਣ ਦੀ ਹਿੰਮਤ ਨਾ ਪਈ।

ਚੰਗਾ ਹੀ ਹੈ ਕਿ ਜਿਹਨਾਂ ਦੋ ਹੋਰ ਲਮੇਰਾਂ ਵੱਲ ਧੰਨੂ ਬਾਬੇ ਨੇ ਇਸ਼ਾਰਾ ਕੀਤਾ, ਉਹ ਪੰਚਾਇਤ ਵਿਚ ਮੌਜੂਦ ਨਹੀਂ। ਇਕ ਤਾਂ ਵੱਡੀ ਉਮਰ ਦਾ ਹੋਣ ਕਰਕੇ ਕਈ ਮਹੀਨਿਆਂ ਦਾ ਮੰਜੇ 'ਤੇ ਪਿਆ ਆਪਣੇ ਆਖ਼ਰੀ ਦਿਨ ਗਿਣ ਰਿਹਾ ਹੈ। ਦੂਜਾ ਜਿਹੜਾ ਨੌਜਵਾਨ ਹੈ, ਬੜਾ ਪਹਿਲਾਂ ਬੰਬਈ ਚਲਾ ਗਿਆ ਸੀ।

"ਹੋਰ ਸੁਣੋ।" ਧੰਨੂ ਬਾਬਾ ਕਹਿੰਦੇ ਨੇ—"ਮੇਰਾ ਵੱਸ ਚੱਲੇ ਤਾਂ ਮੈਂ ਇਹੋ-ਜਿਹੇ 'ਲਮੇਰਾਂ' ਨਾਲ ਸਾਰੀ ਦੁਨੀਆਂ ਭਰ ਦਿਆਂ। ਜਿੰਨੇ ਵੀ ਅੱਖੜ ਅਪਰਾਧੀ, ਬੌਣੇ, ਬੋਦੇ, ਲਾਇਲਾਜ਼ ਬਿਮਾਰੀਆਂ ਦੇ ਰੋਗੀ ਤੇ ਦਿਮਾਗੀ ਤੌਰ 'ਤੇ ਕਮਜ਼ੋਰ ਲੋਕ ਨੇ ਉਹਨਾਂ 'ਤੇ ਬੱਚੇ ਪੈਣਾ ਕਰਨ 'ਤੇ ਰੋਕ ਲਾ ਦਿੱਤੀ ਜਾਵੇ ਤੇ ਜਿੰਨੇ ਵਿਦਵਾਨ, ਬੁੱਧੀਮਾਨ, ਪਹਿਲਵਾਨ ਨੇ ਉਹਨਾਂ ਨੂੰ ਸਿਰਫ਼ ਬੱਚੇ ਪੈਦਾ ਕਰਨ ਦੇ ਕੰਮ 'ਤੇ ਲਾਇਆ ਜਾਵੇ ਤਾਂ ਦੇਖੋ ਕਿ ਪੰਜਾਹ ਸਾਲ 'ਚ ਕੈਸੀ ਦਰਸ਼ਨੀ ਪੀੜ੍ਹੀ ਤਿਆਰ ਹੁੰਦੀ ਐ। ਦੇਸ ਦੁਨੀਆਂ ਦੀ ਨਸਲ ਸੁਧਰ ਜਾਏਗੀ।"

"ਵਾਹ ਬਾਬਾ ਵਾਹ!" ਪਿੱਛੋਂ ਕੋਈ ਉੱਚੀ ਆਵਾਜ਼ 'ਚ ਕਹਿੰਦਾ ਹੈ—"ਇਹੋ ਜਿਹਾ ਇੰਤਜ਼ਾਮ ਪੱਚੀ ਸਾਲ ਪਹਿਲਾਂ ਕਰਵਾ ਦਿੰਦੇ ਤਾਂ ਬਲਈ ਬਾਬੇ ਦੀ ਜ਼ਿੰਦਗੀ ਵੀ ਸਫਲ ਹੋ ਜਾਂਦੀ।"

ਹਾਸੇ ਦਾ ਫੁਹਾਰਾ।

ਪੰਚਾਇਤ ਅਜਿਹੀ ਬੇੜੀ ਹੈ ਜਿਸ ਵਿਚ ਬੈਠੇ ਹਰੇਕ ਆਦਮੀ ਦੇ ਹੱਥ ਵਿਚ ਚੱਪੂ ਹੁੰਦਾ ਹੈ। ਕੌਣ ਕਿੱਧਰ ਨੂੰ ਠਿੱਲ ਕੇ ਲੈ ਜਾਵੇ, ਕੁਝ ਨਹੀਂ ਕਹਿ ਸਕਦੇ। ਬਨਵਾਰੀ ਦਾ ਸਬਰ ਜਵਾਬ ਦੇ ਗਿਆ।

ਉਹ ਖੜ੍ਹਾ ਹੋ ਕੇ ਕਹਿੰਦਾ ਹੈ—"ਦੇਸ ਦੁਨੀਆਂ ਦੀ ਨਸਲ ਬਾਅਦ 'ਚ ਸੁਧਾਰਨਾ ਬਾਬਾ। ਅੱਧੀ ਰਾਤ ਹੋ ਗਈ ਐ। ਮੁੱਦੇ ਤੇ ਆਓ।"

"ਮੁੱਦਾ ਤਾਂ ਸਾਫ ਹੋ ਗਿਆ। 'ਲਮੇਰ' 'ਤੇ ਖੇਤ ਵਾਲੇ ਦਾ ਹੱਕ ਬਣਦਾ ਐ।"

"ਰੁੱਖਾਂ ਬੂਟਿਆਂ ਦੀ ਗੱਲ ਹੋਰ ਐ ਮਹਾਰਾਜ।" ਲਛਮਣ ਚੌਧਰੀ ਕਹਿੰਦੇ ਨੇ—"ਪਰ ਕੱਲ੍ਹ ਨੂੰ ਜੇ ਉਹੀ ਲਮੇਰ ਬੱਚਾ ਮਾਂ ਨੂੰ ਗਲ੍ਹੋਂ ਫੜ ਕੇ ਪੁੱਛੇ ਕਿ ਮੈਨੂੰ ਲਮੇਰ ਕਿਓਂ ਪੈਦਾ ਕੀਤਾ? ਦੱਸ ਮੇਰਾ ਪਿਓ ਕੌਣ ਐਂ ਫੇਰ...?"

"ਉਸਦੇ ਪੁੱਛਣ 'ਚ ਅਜੇ ਅਠਾਰਾਂ ਵੀਹ ਸਾਲ ਦੀ ਕਸਰ ਐ।" ਧੰਨੂ ਬਾਬਾ ਕਹਿੰਦੇ ਨੇ—"ਉਸਦੇ ਪੁੱਛਣ ਤਕ ਸਮਾਂ ਅਜਿਹੇ ਸਾਲਾਂ ਦੇ ਜਵਾਬ ਦੇਣ ਲਾਇਕ ਹੋ ਜਾਵੇਗਾ।"

"ਤੁਸੀਂ ਵੀ ਬਾਬਾ ਕੁਸ਼ ਲੰਮੀਆਂ ਈ ਹੱਕ ਰਹੇ ਓ। ਸਮਾਂ ਭਲਾਂ ਅਜਿਹੇ ਸਵਾਲਾਂ ਦੇ ਜਵਾਬ ਦੇਣ ਆਉਂਦੈ?"

"ਆਉਂਦੈ ਚੌਧਰੀ। ਪਤਾ ਨਈਂ ਕਿੰਨੇ ਸਵਾਲਾਂ ਦਾ ਜਵਾਬ ਸਮਾਂ ਦੇ ਚੁੱਕਿਐ। ਹੁਣ ਕੋਈ ਓਹੋ ਜਿਹੇ ਸਵਾਲ ਨਈਂ ਪੁੱਛਦਾ।"

ਬਨਵਾਰੀ ਦੇ ਮਨ ਵਿਚ ਧੰਨੂ ਲਈ ਚਿੜ ਪੈਦਾ ਹੋ ਗਈ ਹੈ। ਸਾਫ ਲੱਗ ਰਿਹਾ ਹੈ ਕਿ ਉਹ ਕੁੱਚੀ ਦੇ ਪੱਖ 'ਚ ਵਹਿ ਰਹੇ ਨੇ। ਐਵੇਂ ਹੀ ਥੋੜ੍ਹਾ ਭਗਵਾਨ ਨੇ ਔਤਰੇ ਨਿਖੱਤਰੇ ਬਣਾਏ ਨੇ।

ਉਸ ਤੋਂ ਬੋਲੇ ਬਿਨਾਂ ਨਹੀਂ ਰਿਹਾ ਜਾਂਦਾ—"ਅੰਗੂਠਾਛਾਪ ਹੋ ਕੇ ਐਨੀ ਵਕਾਲਤ ਕਰ ਰਹੇ ਐ—ਕਿਤੇ ਚਾਰ ਅੱਖਰ ਪੜ੍ਹੇ ਹੁੰਦੇ ਤਾਂ ਅਸਮਾਨ ਨੂੰ ਟਾਕੀਆਂ ਲਾਉਂਦੇ।"

"ਚਾਰ ਆਦਮੀਆਂ ਵਿਚਕਾਰ ਬੋਲਣ ਦੀ ਅਕਲ ਸਿੱਖ ਬਨਵਾਰੀ। ਮੈਂ ਅੰਗੂਠਾਛਾਪ ਨਈਂ, ਚਹਾਰਮ ਪਾਸ ਆਂ। ਤੇ ਅੰਗੂਠਾਛਾਪ ਹੋਣਾ ਕੋਈ ਗਾਲ੍ਹ ਨਈਂ ਐ। ਲਛਮਨ ਚੌਧਰੀ ਅੰਗੂਠਾਛਾਪ ਨੇ ਤਾਂ ਇਸਦਾ ਮਤਲਬ ਇਹ ਨਈਂ ਕਿ ਉਹ ਜਾਹਲ ਨੇ। ਜਦੋਂ ਤੂੰ ਮਾਂ ਦੇ ਢਿੱਡ 'ਚੋਂ ਨਿਕਲਿਆ ਨਈਂ ਸੀ ਤਾਂ ਇਸ ਦੇਸ਼ 'ਚ ਐਮਰਜੈਂਸੀ ਲੱਗੀ ਸੀ। ਉਦੋਂ ਵੱਡੇ-ਵੱਡੇ ਪੜ੍ਹੇ-ਲਿਖਿਆਂ ਦੇ ਗਲ਼ 'ਚੋਂ ਫੰਦਾ ਅੰਗੂਠਾਛਾਪਾਂ ਨੇ ਈ ਕੱਟਿਆ ਸੀ। ਪੜ੍ਹੇ-ਲਿਖੇ ਲੋਕ ਤਾਂ ਡਰਦੇ ਮਾਰੇ ਖੁੱਡਾਂ 'ਚ ਜਾ ਲੁਕੇ ਸੀ।"



ਇਕ ਤੀਰ ਨਾਲ ਦੋ ਸ਼ਿਕਾਰ ਤਾਂ ਸੁਣਿਆ ਸੀ, ਧੰਨੂ ਬਾਬੇ ਨੇ ਤਿੰਨ-ਤਿੰਨ ਕਰ ਲਏ। ਧਰਮਰਾਜ ਨੀਂਵੀਂ ਪਾ ਕੇ ਮੁਸਕਰਾ ਰਿਹਾ ਸੀ।

ਲਛਮਨ ਚੌਧਰੀ ਨੂੰ ਚੰਗਾ ਲੱਗਿਆ।

ਬਲਈ ਸੋਚਾਂ 'ਚ ਪੈ ਗਏ ਨੇ। ਪਿੰਡ ਵਾਲਿਆਂ ਨੂੰ ਇਹ ਤਾਂ ਪਤਾ ਸੀ ਕਿ ਉਹ ਵੋਟ ਪਾਉਣ ਪੋਲਿੰਗ ਸੈਂਟਰ ਤਕ ਨਹੀਂ ਪਹੁੰਚੇ ਪਰ ਇਹ ਤਾਂ ਸਨਾਤਨ ਦੀ ਅੰਮਾ ਵੀ ਨਹੀਂ ਜਾਣ ਸਕੀ ਸੀ ਕਿ ਘਰੋਂ ਨਿਕਲ ਕੇ ਉਹ ਅਰਹਰ ਦੇ ਖੇਤ 'ਚ ਜਾ ਲੁਕੇ ਸੀ। ਤਾਂ ਫੇਰ ਧੰਨੂ ਖੁੱਡ 'ਚ ਲੁਕਣ ਵਾਲੀ ਗੱਲ ਕਿਵੇਂ ਕਹਿ ਰਹੇ ਨੇ? ਐਮਰਜੈਂਸੀ ਦੌਰਾਨ ਜਬਰਦਸਤੀ ਨਸਬੰਦੀ ਲਈ ਫੜ ਲਏ ਜਾਣ ਦਾ ਡਰ ਉਹਨਾਂ ਦੇ ਮਨ 'ਤੇ ਇਸ ਤਰ੍ਹਾਂ ਹਾਵੀ ਸੀ ਕਿ ਉਹਨਾਂ ਦੀ ਪੋਲਿੰਗ ਸੈਂਟਰ ਜਾਣ ਦੀ ਹਿੰਮਤ ਨਹੀਂ ਸੀ ਪਈ। ਕਿਤੇ ਕੋਈ ਧੋਖਾ ਨਾ ਹੋ ਜਾਏ...

ਫੇਰ ਉਹਨਾਂ ਨੂੰ ਲੱਗਿਆ ਕਿ ਉਹ ਬੇਕਾਰ ਸ਼ੱਕ ਕਰ ਰਹੇ ਨੇ। ਧਨਈ ਆਮ ਸ਼ਹਿਰੀ ਪੜ੍ਹੇ-ਲਿਖਿਆਂ ਦੀ ਗੱਲ ਕਰ ਰਹੇ ਹੋਣਗੇ, ਸੇਠਾਂ ਦੀ, ਅਫਸਰਾਂ ਦੀ, ਯੂਨੀਵਰਸਟੀਆਂ ਦੇ ਮਾਸਟਰਾਂ ਦੀ, ਜਿਹੜੇ ਜ਼ਰਾ ਜਿੰਨੀ ਧੁੱਪ ਲੱਗਦਿਆਂ ਹੀ ਕੁਮਲਾ ਜਾਂਦੇ ਨੇ। ਭੱਜ ਕੇ ਏਸੀ ਵਿਚ ਵੜ ਜਾਂਦੇ ਨੇ।

ਬਲਈ ਦਾ ਲਟਕਿਆ ਮੂੰਹ ਦੇਖ ਕੇ ਬਨਵਾਰੀ ਦੇ ਤਨ ਮਨ ਵਿਚ ਅੱਗ ਲੱਗ ਜਾਂਦੀ ਹੈ।

ਲਛਮਨ ਚੌਧਰੀ ਬੀੜੀ ਲਾਉਣ ਲੱਗਦੇ ਨੇ।

ਉਹ ਕਹਿੰਦਾ ਹੈ—"ਮੁੱਦਿਆਂ ਨੂੰ ਸੱਜੇ ਖੱਬੇ ਲੈ ਕੇ ਨਾ ਭੱਜੋ ਬਾਬਾ। ਇਹ ਬੱਚਾ ਮੇਰੇ ਖਾਨਦਾਨ ਦੀ ਨੱਕ ਕਟਾਉਣ ਆ ਰਿਹੈ। ਮੈਂ ਆਪਣੇ ਖਾਨਦਾਨ 'ਚ ਅਜਿਹਾ ਬੱਚਾ ਪੈਦਾ ਨ੍ਹੀਂ ਹੋਣ ਦੇਣਾ।"

"ਉਹ ਤਾਂ ਪੈਦਾ ਹੋ ਗਿਆ। ਮਤਲਬ ਢਿੱਡ 'ਚ ਆ ਚੁੱਕਿਐ।"

"ਮੈਂ ਦੁਨੀਆਂ 'ਚ ਨਈਂ ਆਉਣ ਦਿਆਂਗਾ।" ਬਨਵਾਰੀ ਦੋਵੇਂ ਹੱਥ ਚੁੱਕ ਕੇ ਦਹਾੜਦਾ ਹੈ।

ਧਰਮਰਾਜ ਖੜ੍ਹਾ ਹੋ ਕੇ ਟੋਕਦਾ ਹੈ—"ਏਡੇ ਬੋਲ ਨਾ ਬੋਲ ਭਰਾ—ਸਾਰੇ ਪਿੰਡ ਦੇ ਸਾਹਮਣੇ ਬੱਚੇ ਨੂੰ ਮਾਰਨ ਦੀ ਧਮਕੀ। ਇੰਜ ਕਰਨ ਦੀ ਸਜ਼ਾ ਜਾਣਦਾ ਏਂ? ਧਾਰਾ 212 'ਚ ਉਮਰ ਭਰ ਦੀ ਕੈਦ। ਕਿਸੇ ਹੋਰ ਨੇ ਇੰਜ ਕਰ ਦਿੱਤਾ ਤਾਂ ਵੀ ਤੂੰਹੀਓਂ ਫੜਿਆ ਜਾਏਂਗਾ। ਸਾਰੀ ਜ਼ਿੰਦਗੀ ਚੱਕੀ ਪੀਸਦਿਆਂ ਲੰਘ ਜਾਊਗੀ।"

"ਮੇਰੇ ਸਾਹਮਣੇ ਜੰਮਿਆ ਤੂੰ ਮੈਨੂੰ ਈ ਡਰਾ ਰਿਹੈਂ? ਮੁਫ਼ਤ 'ਚ ਹੀਰੋਹਾਂਡਾ ਮਿਲ ਗਿਆ ਇਸ ਲਈ?"

"ਮੁਫ਼ਤ 'ਚ ਨਈਂ ਭਰਾ। ਤੀਹ ਹਜ਼ਾਰ ਨਗਦ ਦਿੱਤੇ ਐ।...ਤੇ ਡਰਾਉਣ ਦੀ ਨਈਂ ਸਮਝਦਾਰੀ ਦੀ ਗੱਲ ਕਰ ਰਿਹਾਂ। ਨੱਕ ਕਟਾ ਦਿੱਤਾ, ਕੰਨ ਕਟਾ ਦਿੱਤਾ ਇਹ ਪੁਰਾਣੀਆਂ ਗੱਲ ਹੋ ਗਈਆਂ। ਜੇ ਤੂੰ ਸਮਝਦਾ ਏਂ ਕਿ ਭਾਬੀ ਦੇ ਬੱਚਾ ਹੋ ਜਾਣ 'ਤੇ ਉਹਨਾਂ ਦਾ ਘਰ ਦੀ ਬਹੂ ਵਾਲਾ ਹੱਕ ਮਰ ਜਾਊਗਾ ਤਾਂ ਗਲਤੀ 'ਤੇ ਐਂ। ਜੇ ਕਿਸੇ ਨੇ ਤੈਨੂੰ ਇਹ ਪਾਠ ਪੜ੍ਹਾਇਐ ਤਾਂ ਸਮਝ ਤੈਨੂੰ ਖੂਹ 'ਚ ਧੱਕ ਰਿਹਾ ਏ। ਜੇ ਰਮੇਸਰ ਚਾਚਾ ਆਪਣੇ ਜਿਊਂਦੇ ਜੀ ਖੇਤ ਵੇਚ ਨਈਂ ਦਿੰਦੇ ਤਾਂ ਚਾਚੀ ਦੇ ਪਿੱਛੋਂ ਇਹ ਕੁੱਚੀ ਭਾਬੀ ਨੂੰ ਈ ਮਿਲਣਗੇ। ਉਹਦਾ ਹੱਕ ਓਦੋਂ ਖਤਮ ਹੋਵੇਗਾ ਜਦੋਂ ਉਹ ਦੂਜਾ ਵਿਆਹ ਕਰ ਲਏਗੀ। ਉਹਦੇ ਹੁੰਦਿਆਂ ਤੈਨੂੰ ਸੂਈ ਦੀ ਨੋਕ ਜਿੰਨੀ ਜ਼ਮੀਨ ਨਈਂ ਮਿਲਣੀ।"

"ਇਹ ਸਭ ਜਾਣਦਾ ਏ। ਤਦੇ ਤਾਂ ਉਸਨੂੰ ਭਜਾਉਣ ਲਈ ਜ਼ਮੀਨ ਆਸਮਾਨ ਇਕ ਕਰ ਰਿਹੈ।" ਧੰਨੂ ਬਾਬਾ ਕਹਿੰਦੇ ਨੇ—"ਪਰ ਤੁਸੀਂ ਲੋਕ ਦੱਸੋ, ਖਾਨਦਾਨ ਦੀ ਨੱਕ ਢਿੱਡ ਵਾਲੇ ਬੱਚੇ ਨੂੰ ਮਾਰਨ ਨਾਲ ਕੱਟੀ ਜਾਂਦੀ ਐ, ਇਕੱਲੀ ਔਰਤ ਦੇ ਘਰ ਬੁਰੀ ਨੀਤ ਨਾਲ ਵੜ ਜਾਣ 'ਤੇ ਕੱਟੀ ਜਾਂਦੀ ਐ ਕਿ ਆਪਣੀ ਮਰਜੀ ਨਾਲ ਆਪਣਾ ਸਹਾਰਾ ਟੋਲ ਲੈਣ ਨਾਲ? ਬਨਵਾਰੀ ਨੇ ਜਿਹੜੀ ਧਮਕੀ ਦਿੱਤੀ ਐ ਉਹ ਖਤਰੇ ਤੋਂ ਬਚਣ ਦਾ ਰਾਹ ਪੰਚਾਂ ਨੂੰ ਲੱਭਣਾ ਪਏਗਾ।"

"ਲਾਜਮੀ ਲੱਭਣਾ ਪਏਗਾ।" ਸੁਘਰਾ ਕਹਿੰਦੀ ਹੈ—"ਇਹ ਧਮਕੀ ਨਵੀਂ ਨਈਂ ਏਂ। ਔਰਤ ਨੂੰ ਇਹ ਧਮਕੀ ਸਦੀਆਂ ਤੋਂ ਮਿਲਦੀ ਆ ਰਹੀ ਏ। ਕਿਓਂ? ਕਿਓਂਕਿ ਉਪਰ ਵਾਲੇ ਨੇ ਈ ਔਰਤ ਦੇ ਨਾਲ ਅਨਿਆਂ ਕਰ ਦਿੱਤਾ। ਉਸਦੀ ਛਾਤੀ ਵਧਾ ਦਿੱਤੀ ਤੇ ਹੌਸਲਾ ਘਟਾ ਦਿੱਤਾ। ਜਿਸ ਦਿਨ ਤੋਂ ਕੁੜੀ ਦੀ ਛਾਤੀ ਵਧਣ ਲੱਗਦੀ ਏ, ਉਸਦਾ ਹੌਸਲਾ ਘਟਣ ਲੱਗਦਾ ਐ। ਉਹ ਵਧੀ ਹੋਈ ਛਾਤੀ 'ਤੇ ਗੁਮਾਨ ਕਰਦੀ ਏ ਤੇ ਓਸੇ ਕਰਕੇ ਮਾਰੀ ਜਾਂਦੀ ਐ। ਪੈਦਾ ਤਾਂ ਪਹਿਲਾਂ ਵੀ ਹੁੰਦੇ ਰਹੇ ਐ ਇਹੋ ਜਿਹੇ ਬੱਚੇ ਪਰ ਮਾਂ ਦੇ ਡਰ ਜਾਣ, ਹੌਸਲਾ ਛੱਡ ਦੇਣ ਕਰਕੇ ਮਾਰੇ ਜਾਂਦੇ ਰਹੇ, ਸੁੱਟ ਦਿੱਤੇ ਜਾਂਦੇ, ਡਿਗਵਾ ਦਿੱਤੇ ਜਾਂਦੇ ਰਹੇ।"

"ਹਾਂ ਜੀ।" ਕੁੱਚੀ ਖੜ੍ਹੀ ਹੋ ਜਾਂਦੀ ਹੈ—"ਕੁੰਤੀ ਮਾਈ ਡਰ ਗਈ, ਅੰਜਨੀ ਮਾਈ ਡਰ ਗਈ, ਸੀਤਾ ਮਾਈ ਡਰ ਗਈ ਪਰ ਬਾਲਕਿਸਨ ਦੀ ਮਾਈ ਡਰਨ ਵਾਲੀ ਨ੍ਹੀਂ। ਮੇਰਾ ਬਾਲਕਿਸਨ ਪੈਦਾ ਹੋ ਕੇ ਰਹੂਗਾ।"

ਕੁੱਚੀ ਦਾ ਐਲਾਨ ਪੂਰੀ ਪੰਚਾਇਤ ਦੇ ਕੰਨਾਂ ਵਿਚ ਧਮਾਕੇ ਵਾਂਗ ਗੂੰਜਦਾ ਹੈ। ਪਲ ਭਰ ਲਈ ਚੁੱਪ। ਫੇਰ ਬਾਜ਼ਾਰ ਤੋਂ ਆਈਆਂ ਔਰਤਾਂ ਦੇ ਝੁੰਡ ਵਿਚ ਤਾੜੀਆਂ ਵੱਜਣ ਦੀ ਜਿਹੜੀ ਸ਼ੁਰੂਆਤ ਹੁੰਦੀ ਹੈ, ਉਹ ਪੂਰੀ ਪੰਚਾਇਤ ਵਿਚ ਫੈਲ ਜਾਂਦੀ ਹੈ। ਤਿੰਨੇ ਵਕੀਲ ਔਰਤਾਂ ਵੀ ਖ਼ੁਦ ਨੂੰ ਤਾੜੀਆਂ ਵਜਾਉਣ ਤੋਂ ਨਹੀਂ ਰੋਕ ਸਕਦੀਆਂ। ਠੀਕ ਓਸੇ ਵੇਲੇ ਸੌ ਵਾਟ ਦੇ ਬਲਬ ਦੀ ਰੋਸ਼ਨੀ ਸਾਰੀ ਪੰਚਾਇਤ ਨੂੰ ਨੁਹਾ ਦਿੰਦੀ ਹੈ। ਬਲਈ ਬਾਬਾ ਦੀਆਂ ਪੁੜਪੁੜੀਆਂ 'ਚੋਂ ਪਸੀਨਾ ਵਹਿ ਤੁਰਦਾ ਹੈ।

ਕੁਝ ਚਿਰ ਤਕ ਚੁੱਪ ਵਾਪਰੀ ਰਹਿੰਦੀ ਹੈ ਫੇਰ ਸੁਘਰਾ ਕਹਿੰਦੀ ਹੈ—"ਪੰਚੋ, ਕਈ ਸਾਲ ਤਕ ਠਾਣੇ ਕਚਹਿਰੀ ਦੌੜਨ ਤੇ ਪ੍ਰਧਾਨੀ ਕਰਕੇ ਇਹੀ ਸਮਝ ਆਇਆ ਕਿ ਸਾਰੇ ਝਗੜੇ ਦੀ ਜੜ੍ਹ ਪ੍ਰਾਪਟੀ ਏ। ਆਦਮੀ ਦੀ ਨਜ਼ਰ 'ਚ ਔਰਤ ਖ਼ੁਦ ਪ੍ਰਾਪਟੀ ਏ। ਬਨਵਾਰੀ ਤੇ ਬਜਰੰਗੀ, ਰਾਮ ਲਛਮਨ ਵਾਂਗੂੰ ਰਹਿੰਦੇ ਸੀ ਪਰ ਜਿਵੇਂ ਈ ਬਜਰੰਗੀ ਮਰਿਆ, ਬਨਵਾਰੀ ਉਸਦੀ ਬੇਵਾ ਦੀ ਮਦਦ ਕਰਨ ਦੇ ਬਜਾਏ ਉਸਨੂੰ ਆਪਣੀ ਪ੍ਰਾਪਟੀ ਬਣਾਉਣ ਲਈ ਤਿਕੜਮ ਭਿੜਾਉਣ ਲੱਗ ਪਿਆ। ਇਸਦੀ ਬਣੇ ਜਾਂ ਪਿੰਡੋਂ ਨੱਸ ਜਾਏ ਤਾਂ ਉਹ ਰਮੇਸਰ ਦੀ ਪ੍ਰਾਪਟੀ ਹੜਪੇ। ਬਨਵਾਰੀ ਸਿਰਫ਼ ਇਸੇ ਪਿੰਡ 'ਚ ਥੋੜ੍ਹੈ—ਹਰ ਪਿੰਡ 'ਚ ਬਨਵਾਰੀ ਨੇ। ਮੇਰਾ ਭਤੀਜਾ ਵੀ ਤਾਂ ਬਨਵਾਰੀ ਏ। ਆਦਮੀ ਨੂੰ ਛੱਡੋ, ਪ੍ਰਾਪਟੀ ਦੇ ਮਾਮਲੇ 'ਚ ਸਾਡੀਆਂ ਸਰਕਾਰਾਂ ਤਕ ਬਨਵਾਰੀਆਂ ਨਾਲੋਂ ਘੱਟ ਨਈਂ। ਉਹਨਾਂ ਨੇ ਵੀ ਮਰਦ ਦੀ ਤਰਫ਼ਦਾਰੀ ਵਾਲੇ ਕਾਨੂੰਨ ਬਣਾ ਕੇ ਰੱਖ ਦਿੱਤੇ ਨੇ। ਮੰਨ ਲਓ ਹੁਣ ਲਛਮਨ ਚੌਧਰੀ ਨੂੰ ਦਾਰੂ ਦੀ ਲਤ ਲੱਗ ਜਾਏ। ਦਾਰੂ ਲਈ ਉਹ ਆਪਣੇ ਖੇਤ ਵੇਚਣ 'ਤੇ ਤੁਲ ਜਾਏ। ਘਰਵਾਲੀ ਨੂੰ ਪਤਾ ਲੱਗੇ ਉਹ ਬਾਲ-ਬੱਚਿਆਂ ਸਮੇਤ ਹਾਕਮ ਦੇ ਦਫ਼ਤਰ 'ਚ ਜਾ ਕੇ ਦੁਹਾਈ ਪਾਏ ਕਿ ਹਜ਼ੂਰ ਮੇਰੇ ਆਦਮੀ ਨੂੰ ਖੇਤ ਵੇਚਣ ਤੋਂ ਰੋਕਿਆ ਜਾਏ ਨਈਂ ਤਾਂ ਮੈਂ ਬਾਲ ਬੱਚਿਆਂ ਨਾਲ ਭੀਖ ਮੰਗਣ 'ਤੇ ਮਜਬੂਰ ਹੋ ਜਾਵਾਂਗੀ। ਪੂਰੀ ਨਈਂ ਤਾਂ ਅੱਧੀ ਜ਼ਮੀਨ 'ਤੇ ਈ ਸਟੇ ਦੇ ਦਿੱਤਾ ਜਾਏ। ਕੀ ਹਾਕਮ ਵੱਲੋਂ ਰੋਕ ਲਾ ਦਿੱਤੀ ਜਾਏਗੀ? ਕਤਈ ਨਈਂ। ਉਹ ਹੱਥ ਖੜ੍ਹੇ ਕਰ ਦੇਣਗੇ। ਕਿਉਂ ਭਰਾਵੋ? ਪਾਵਰਾਂ ਤਾਂ ਬੜੀਆਂ ਨੇ। ਜਾਂ ਪਾਵਰ ਤਾਂ ਹੈ ਪਰ ਲਛਮਨ ਚੌਧਰੀ ਨੂੰ ਆਪਣੀ



ਜਮੀਨ ਵੇਚਣ 'ਤੇ ਰੋਕ ਲਾਉਣ ਦੀ ਪਾਵਰ ਨਈਂ ਏ। ਜਿਹੜਾ ਜ਼ਿਮੀਂਦਾਰਾ ਉਜਾੜੂ ਕਾਨੂੰਨ ਸੰਨ 52 ਵਿਚ ਲਾਗੂ ਹੋਇਆ ਉਹ ਸਿਰਫ਼ ਮਰਦਾਂ ਨੂੰ ਪਛਾਣਦਾ ਏ। ਖੇਤ ਦੇ ਸਾਰੇ ਮਾਲਕੀ ਹੱਕ ਉਹ ਮਰਦਾਂ ਨੂੰ ਦਿੰਦਾ ਏ। ਔਰਤ ਸਰਕਾਰ ਦੀ ਨਜ਼ਰ 'ਚ ਗੋਹੇ ਦਾ ਢੇਰ ਏ। ਕਿਸਾਨ ਦੀ ਜ਼ਮੀਨ ਹੜਪਣ ਦਾ ਕਾਨੂੰਨ ਤਾਂ ਸਰਕਾਰਾਂ ਮਿੰਟਾਂ 'ਚ ਪਾਸ ਕਰ ਦਿੰਦੀਆਂ ਨੇ। ਬਾਈ ਰੋਟੇਸ਼ਨ ਪਾਸ ਕਰ ਦਿੰਦੀਆਂ ਨੇ ਪਰ ਔਰਤ ਮਰਦਾ ਵਿਚਕਾਰ ਮਾਲਕਾਨਾਂ ਹੱਕ ਵੰਡਣ ਦਾ ਕਾਨੂੰਨ ਪਾਸ ਕਰਨ ਦੀ ਵਿਹਲ ਅੱਜ ਤਕ ਸਰਕਾਰ ਨੂੰ ਨਈਂ ਮਿਲੀ। ਅਜਿਹਾ ਹੋ ਜਾਂਦਾ ਤਾਂ 'ਬਨਵਾਰੀਆਂ' ਦੀ ਪੈਦਾਇਸ਼ ਬੰਦ ਹੋ ਜਾਂਦੀ।"

ਬੈਠੇ-ਬੈਠੇ ਮੋਬਾਇਲ ਵਿਚ ਫ਼ੋਟੋਆਂ ਖਿੱਚਣ ਦੇ ਇਲਾਵਾ ਬਹਿਸ ਵਿਚ ਸ਼ਾਮਲ ਹੋਣ ਦਾ ਕੋਈ ਮੌਕਾ ਨਾ ਮਿਲਣ ਵਾਲੀਆਂ ਮਹਿਲਾ ਮੋਰਚੇ ਮੈਂਬਰਾਂ ਨੂੰ ਬੋਲਣ ਦਾ ਮੌਕਾ ਮਿਲ ਗਿਆ ਹੈ। ਮਨੋਰਮਾ ਜੀ ਤੁਰੰਤ ਕੁਰਸੀ ਤੋਂ ਉੱਠਦੇ ਹੋਏ ਕਹਿੰਦੇ ਨੇ—"ਭਰਾਵੋ ਤੇ ਭੈਣੋਂ। ਸਾਡਾ ਸੰਗਠਨ ਇਸ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਉਠਾ ਰਿਹਾ ਹੈ। ਅਸੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣਾ ਹੈ ਕਿ ਔਰਤਾਂ ਨੂੰ ਪਤੀ ਦੀ ਖੇਤੀਬਾੜੀ ਵਿਚ ਵਿਆਹ ਦੇ ਦਿਨ ਤੋਂ ਹੀ ਅੱਧਾ ਮਾਲਕਾਨਾ ਹੱਕ ਦਿੱਤਾ ਜਾਵੇ।"

"ਤੇ ਕੁੱਖ ਵਾਲਾ ਮੁੱਦਾ ਦੀਦੀ?" ਕੁੱਚੀ ਪੁੱਛਦੀ ਹੈ।

ਮਨੋਰਮਾ ਜੀ ਅਜਿਹੇ ਸਵਾਲਾਂ ਦਾ ਜਵਾਬ ਦੇਣ ਲਈ ਤਿਆਰ ਨਹੀਂ। ਉਹ ਪਲ ਕੁ ਲਈ ਝਿਜਕਦੇ ਨੇ, ਫੇਰ ਕਹਿੰਦੇ ਨੇ—"ਦੇਖੋ ਸਹੀ ਗੱਲ ਤਾਂ ਇਹ ਐ ਬਈ ਇਹ ਮੁੱਦਾ ਹਾਲੇ ਸਾਡੇ ਸੰਗਠਨ 'ਚ ਉੱਠਿਆ ਈ ਨਈਂ।" ਫੇਰ ਥੋੜ੍ਹਾ ਰੁਕ ਕੇ, ਆਪਣੀਆਂ ਦੂਜੀਆਂ ਮੈਂਬਰਾਂ ਵੱਲ ਦੇਖ ਕੇ ਕਹਿੰਦੇ ਨੇ—"ਦਰਅਸਲ ਇਹ ਬੜਾ ਅੱਗੇ ਦਾ ਮੁੱਦਾ ਏ ਪਰ ਪਿੰਡ ਵਿਚ ਰਹਿ ਕੇ ਜਦੋਂ ਤੁਹਾਡੇ ਵਰਗੀ ਔਰਤ ਇਸ ਦੀ ਲੋੜ ਮਹਿਸੂਸ ਕਰ ਰਹੀ ਏ, ਇਸ ਮੁੱਦੇ ਨੂੰ ਉਠਾਲ ਰਹੀ ਏ ਤਾਂ ਦੇਰ ਸਵੇਰ ਇਸਨੂੰ ਵਕਤ ਦੀ ਆਵਾਜ਼ ਬਣਨਾ ਈ ਪਏਗਾ।"

"ਵੱਡਾ ਮੁੱਦਾ ਤਾਂ ਕੁੱਖ 'ਤੇ ਅਧਿਕਾਰ ਦਾ ਮੁੱਦਾ ਏ।" ਬਾਜ਼ਾਰ 'ਚੋਂ ਆਈਆਂ ਔਰਤਾਂ ਵਿਚੋਂ ਇਕ ਕੁੜੀ ਖੜ੍ਹੀ ਹੁੰਦੀ ਹੈ—"ਯਾਗਯਵਲਕਯ ਕਦੋਂ ਦੇ ਮਰ-ਮਰਾ ਗਏ ਪਰ ਉਹਨਾਂ ਦਾ ਬਣਾਇਆ ਫੰਦਾ ਹਾਲੇ ਵੀ ਔਰਤਾਂ ਦੇ ਗਲ਼ 'ਚ ਪਿਆ ਹੋਇਆ ਏ। ਵਕਤ ਆ ਗਿਆ ਏ ਕਿ ਮਰੇ ਹੋਇਆਂ ਦਾ ਕਾਨੂੰਨ ਮਰੇ ਹੋਇਆਂ ਦੇ ਨਾਲ ਦਫ਼ਨ ਕਰ ਦਿੱਤਾ ਜਾਏ। ਅਜਿਹੇ ਕਾਨੂੰਨ ਬਣਨ ਜਿਹਨਾਂ ਨਾਲ ਅਸੀਂ ਵੀ ਜਿਊਂਦੇ ਲੋਕਾਂ ਵਾਂਗ ਜਿਊਂਦੇ ਰਹਿ ਸਕੀਏ। ਅਸੀਂ ਸਾਰੇ ਆਪਣੀ ਇਸ ਬਹਾਦਰ ਭੈਣ ਦੇ ਨਾਲ ਹਾਂ।"

ਪਤਾ ਲੱਗਦਾ ਹੈ ਕਿ ਇਹ ਕੁੜੀ ਹੁਣੇ ਹੁਣੇ ਏਡੀਓ ਪੰਚਾਇਤ ਬਣ ਕੇ ਬਲਾਕ 'ਚ ਆਈ ਹੈ।

ਇਹਨਾਂ ਔਰਤਾਂ ਦਾ ਰੁਖ਼ ਦੇਖ ਕੇ ਲਛਮਨ ਚੌਧਰੀ ਤੇ ਬਲਈ ਬਾਬਾ ਨੂੰ ਅੰਦਰੋ-ਅੰਦਰ ਘਬਰਾਹਟ ਹੋਣ ਲੱਗ ਪਈ ਹੈ। ਕਿਤੇ ਕੋਈ ਹੰਗਾਮਾ ਨਾ ਸ਼ੁਰੂ ਕਰ ਦੇਣ। ਉਹਨਾਂ ਨੂੰ ਲੱਗਦਾ ਹੈ ਕਿ ਪੰਚਾਇਤ ਪੂਰੀ ਤਰ੍ਹਾਂ ਮੁੱਦੇ ਤੋਂ ਭਟਕ ਗਈ ਹੈ।

ਆਖ਼ਰੀ ਕੋਸ਼ਿਸ਼ ਦੇ ਤੌਰ 'ਤੇ ਲਛਮਨ ਚੌਧਰੀ ਫੇਰ ਪੈਂਤਰਾ ਬਦਲਦੇ ਨੇ—"ਤੁਸੀਂ ਲੋਕ ਤਾਂ ਕਿੱਥੋਂ ਦੀ ਗੱਲ ਨੂੰ ਕਿੱਥੇ ਲੈ ਉੱਡੇ। ਅਸਲੀ ਮੁੱਦੇ 'ਤੇ ਰਹੋ। ਏਥੇ ਰਮੇਸਰ ਹੁਰੀਂ ਦੋਵੇਂ ਜੀਅ ਵੀ ਮੌਜੂਦ ਨੇ। ਕੁੱਚੀ ਨੇ ਆਖ਼ਰ ਰਹਿਣਾ ਤਾਂ ਉਹਨਾਂ ਦੇ ਘਰ ਐ। ਉਹਨਾਂ ਦੀ ਮਰਜ਼ੀ ਕੀ ਐ, ਇਹ ਵੀ ਜਾਣਨਾ ਜ਼ਰੂਰੀ ਐ। ਕੀ ਉਹਨਾਂ ਨੂੰ ਅਜਿਹੀ ਦਾਗੀ ਔਰਤ ਆਪਣੇ ਘਰ ਰੱਖਣਾ ਮੰਜ਼ੂਰ ਐ?"

"ਜ਼ਰੂਰ-ਜ਼ਰੂਰ।" ਬਲਈ ਬਾਬਾ ਤੁਰੰਤ ਬੋਲਦੇ ਨੇ—"ਕਿੱਥੇ ਐ ਰਮੇਸਰ? ਬੈਠਾ-ਬੈਠਾ ਸੌਂ ਗਿਆ ਕਿ?"

ਰਮੇਸਰ ਭਗਤ ਜਦੋਂ ਦੇ ਬੈਠੇ ਨੇ ਪਿਸ਼ਾਬ ਕਰਨ ਲਈ ਵੀ ਨਹੀਂ ਉੱਠੇ। ਪੈਰ ਸੌਂ ਗਏ ਨੇ, ਲੱਤਾਂ 'ਚ ਕੀੜੀਆਂ ਜਿਹੀਆਂ ਤੁਰ ਰਹੀਆਂ ਨੇ। ਉਹ ਜ਼ਮੀਨ 'ਤੇ ਹੱਥ ਟੇਕ ਕੇ ਖੜ੍ਹੇ ਹੁੰਦੇ ਨੇ।

"ਆਪਣੇ ਮਨ ਦੀ ਗੱਲ ਬੇਧੜਕ ਕਹਿ ਦੇ ਭਗਤ। ਕਿਸੇ ਤੋਂ ਦਬਣ ਦੀ ਲੋੜ ਨਈਂ।" ਬਲਈ ਉਸਨੂੰ ਤਾੜ ਕੇ ਕੁਝ ਕਹਾਉਣ ਦੀ ਕੋਸ਼ਿਸ਼ ਕਰਨਾ ਚਾਹੁੰਦੇ ਨੇ।

"ਸਾਡੇ ਬੋਲਣ ਦੇ ਦਿਨ ਤਾਂ ਬਜਰੰਗੀ ਦੇ ਨਾਲ ਈ ਉੱਡ ਗਏ ਪੰਚੋ। ਸੁਣਨ ਦੇ ਦਿਨ ਐਂ ਸੋ ਸੁਣ ਰਹੇ ਆਂ।"

"ਫੇਰ ਵੀ ਆਪਣੀ ਇੱਛਾ ਦੱਸ? ਬਹੂ ਦੀ ਮਨਮਾਨੀ ਦਾ ਦੁੱਖ-ਸੰਤਾਪ ਤਾਂ ਹੁੰਦਾ ਈ ਹੋਊਗਾ?"

"ਦੁੱਖ ਸੰਤਾਪ ਮੈਨੂੰ ਨ੍ਹੀਂ ਬਨਵਾਰੀ ਨੂੰ ਐ ਮਹਾਰਾਜ। ਇਸ ਦੇ ਹੋਣ ਕਰਕੇ ਤਾਂ ਢਾਈ ਸਾਲ ਤੋਂ ਉਸਦੇ ਢਿੱਡ 'ਚ ਪਾਣੀ ਨ੍ਹੀਂ ਪਚ ਰਿਹਾ। ਉਸਦੇ ਬੁਲਾਵੇ 'ਤੇ, ਉਸੇ ਦੀ ਸੁਣਨ ਤਾਂ ਤੁਸੀਂ ਲੋਕ ਆਏ ਓ।"

"ਤੇਰੀ ਵੀ ਸੁਣੀ ਜਾਊਗੀ।" ਲਛਮਨ ਚੌਧਰੀ ਕਹਿੰਦੇ ਨੇ।

"ਬੜਾ ਚੰਗਾ ਲੱਗ ਰਿਹੈ ਜਦੋਂ ਐਨੇ ਦਿਨ ਬਾਅਦ ਪੰਚ ਸਾਡਾ ਦੁੱਖ-ਸੰਤਾਪ ਪੁੱਛ ਰਹੇ ਐ ਭਾਈ।"

"ਤੇਰੀ ਨੂੰਹ ਨੇ ਕਾਂਡ ਈ ਇਹੋ ਜਿਹਾ ਕਰ ਦਿੱਤਾ ਕਿ ਪੁੱਛਣਾ ਲਾਜ਼ਮੀ ਐ। ਉਸਨੇ ਜੋ ਕੁਛ ਕਿਹੈ, ਤੂੰ ਸੁਣਿਆ ਕਿ ਨਈਂ?"

"ਕਿਓਂ ਨੀ ਸੁਣਿਆ ਮਹਾਰਾਜ। ਬਹੂ ਨੇ ਜੋ ਕੁਸ਼ ਕਿਹਾ ਉਹ ਤਾਂ ਦੋਵਾਂ ਕੰਨਾਂ ਤੋਂ ਬੋਲੇ ਨੂੰ ਵੀ ਸੁਣ ਗਿਆ ਹੋਊਗਾ। ਅੱਜ ਪਹਿਲੀ ਵਾਰੀ ਸਮਝਿਆ ਕਿ ਸਾਡੀ ਬਹੂ ਐਨਾ ਜਾਣਦੀ ਐ, ਐਨਾ ਸੋਚਦੀ ਐ, ਐਨਾ ਬੋਲਦੀ ਐ। ਅਸੀਂ ਤਾਂ ਉਸਨੂੰ ਗੂੰਗੀ ਗਾਂ ਸਮਝਦੇ ਸੀ।"

ਫੇਰ ਚੁੱਪ ਪਸਰ ਗਈ।

"ਅੱਛਾ ਰਮੇਸਰ ਦੀ ਬਹੂ ਤੂੰ ਦੱਸ।" ਲਛਮਨ ਚੌਧਰੀ ਤੀਰ ਛੱਡਦੇ ਨੇ—"ਕੀ ਤੂੰ ਲਮੇਰ ਬੱਚੇ ਸਮੇਤ ਬਹੂ ਨੂੰ ਘਰ ਰੱਖਣ ਲਈ ਤਿਆਰ ਐਂ?"

"ਚੌਧਰੀ, ਕਿਹੜਾ ਮਾਨਸ ਦਾਵੇ ਨਾਲ ਕਹਿ ਸਕਦੈ ਕਿ ਉਹ ਲਮੇਰ ਨ੍ਹੀਂ ਐ। ਤੁਸੀਂ ਕਹਿ ਸਕਦੇ ਓਂ?"

ਬੁੱਢੀ ਇਕ ਪਲ ਲਈ ਰੁਕਦੀ ਹੈ ਤੇ ਇਸੇ ਇਕ ਪਲ ਵਿਚ ਲਛਮਨ ਚੌਧਰੀ ਨੂੰ ਪਸੀਨੇ ਆਉਣ ਲੱਗ ਪੈਂਦੇ ਨੇ। ਅੱਗੇ ਕੀ ਕਹੇਗੀ ਇਹ ਬੁੱਢੀ?

"ਇਹ ਗੱਲ ਤਾਂ ਸਿਰਫ਼ ਮਾਂ ਜਾਣਦੀ ਐ। ਫਰਕ ਸਿਰਫ਼ ਐਨਾ ਐਂ ਕਿ ਦੂਜੇ ਲਮੇਰਾਂ ਦੇ ਮੂੰਹ 'ਤੇ ਉਹਨਾਂ ਦੇ ਪਿਓ ਦਾ ਢੱਕਣ ਲੱਗਿਆ ਹੁੰਦੈ, ਇਸ ਬੱਚੇ ਦੇ ਮੂੰਹ 'ਤੇ ਢੱਕਣ ਨ੍ਹੀਂ। ਰਹੀ ਗੱਲ ਘਰੇ ਰੱਖਣ ਦੀ, ਤਾਂ ਜਿਸ ਬਹੂ ਨੇ ਸਾਡੇ ਲਈ ਆਪਣੀ ਜ਼ਿੰਦਗੀ ਦਾ ਰਸਤਾ ਬਦਲ ਦਿੱਤਾ, ਸਾਨੂੰ ਉਸਦੇ ਰਸਤੇ ਦੇ ਕੰਡੇ ਹਟਾਉਣੇ ਚਾਹੀਦੇ ਐ ਕਿ ਉਸ 'ਤੇ ਹੋਰ ਕੰਡੇ ਵਿਛਾਉਣੇ ਚਾਹੀਦੇ ਐ? ਇਹ ਮੇਰੀ ਬਹੂ ਵੀ ਐ, ਬੇਟੀ ਵੀ ਐ। ਇਸਦੀ ਖੁਸ਼ੀ 'ਚ ਈ ਮੇਰੀ ਖੁਸ਼ੀ ਐ।"

ਲਛਮਨ ਚੌਧਰੀ ਦੇ ਦੰਦ ਜੁੜ ਜਾਂਦੇ ਨੇ।

"ਬਸ ਹੋ ਗਿਆ।" ਧੰਨੂ ਬਾਬਾ ਖੜ੍ਹੇ ਹੁੰਦੇ ਹੋਏ ਦੋਵੇਂ ਹੱਥ ਚੁੱਕ ਕੇ ਕਹਿੰਦੇ ਨੇ—"ਬੁਢਾਪੇ 'ਚ ਸਹਾਰੇ ਦੀ ਕਿੰਨੀ ਲੋੜ ਹੁੰਦੀ ਐ, ਇਸਨੂੰ ਬਲਰਾਜ ਭਰਾ ਤੇ ਮੈਥੋਂ ਵੱਧ ਕੌਣ ਸਮਝ



ਸਕਦੈ? ਇਸ ਲਈ ਜੇ ਕੁੱਚੀ ਆਪਣੇ ਲਈ ਸਹਾਰਾ ਪੈਦਾ ਕਰ ਰਹੀ ਐ ਤਾਂ ਕਿਸੇ ਤੀਜੇ ਨੂੰ ਵਿਚਕਾਰ ਕੁੱਦਣ ਦਾ ਕੋਈ ਹੱਕ ਨਈਂ ਬਣਦਾ।"

ਉਹ ਬਲਈ ਤੇ ਲਛਮਨ ਚੌਧਰੀ ਵੱਲ ਦੇਖਦੇ ਨੇ, ਫੇਰ ਕਹਿੰਦੇ ਨੇ—"ਠਾਕੁਰਾਇਣ ਨੇ ਔਰਤਾਂ ਦੀ ਹੱਕਤਲਫੀ ਵਾਲੇ ਜਿਸ ਕਾਨੂੰਨ ਵੱਲ ਇਸ਼ਾਰਾ ਕੀਤੈ, ਉਹ ਵੀ ਬੜਾ ਜ਼ਰੂਰੀ ਮੁੱਦਾ ਐ। ਜੇ ਵਿਆਹ ਕੇ ਆਉਂਦੇ ਈ ਕੁੱਚੀ ਨੂੰ ਖੇਤੀਬਾੜੀ 'ਚ ਕਾਨੂੰਨੀ ਹੱਕ-ਹਿੱਸਾ ਮਿਲ ਜਾਂਦਾ ਤਾਂ ਅੱਜ ਉਸਨੂੰ ਬੱਚੇ ਲਈ ਚਿੰਤਾ ਕਰਨ ਦੀ ਲੋੜ ਈ ਨਾ ਰਹਿੰਦੀ। ਪਰ ਉਸਦਾ ਵੀ ਰਸਤਾ ਐ। ਉਸਨੂੰ ਵਿਰਾਸਤ 'ਚ ਨਈਂ ਮਿਲੇਗਾ ਤਾਂ ਰਮੇਸਰ ਭਗਤ ਦੇ ਅੰਗੂਠੇ ਨਿਸ਼ਾਨ ਨਾਲ ਮਿਲ ਜਾਊਗਾ। ਅਸਲੀ ਚਿੰਤਾ ਤਾਂ ਉਸਦੀ ਜ਼ਿੰਦਗੀ ਦੀ ਐ। ਸਾਨੂੰ ਉਸਦੀ ਜ਼ਿੰਦਗੀ ਦੀ ਗਰੰਟੀ ਚਾਹੀਦੀ ਐ। ਜੇ ਬਨਵਾਰੀ ਉਸਦੀ ਜ਼ਿੰਦਗੀ ਲਈ ਖਤਰਾ ਬਣਦੈ ਤਾਂ ਇਸ ਜੁਰਮ ਦਾ ਭਾਗੀ ਪੂਰਾ ਪਿੰਡ ਹੋਊਗਾ। ਇਸ ਲਈ ਜ਼ਰੂਰੀ ਐ ਕਿ ਕਿਸੇ ਨੂੰ ਬਾਜ਼ਾਰ ਭੇਜ ਕੇ ਗੋਪਾਲ ਵੈਂਡਰ ਦੇ ਘਰੋਂ ਦਸ ਰੁਪਈਏ ਦਾ ਸਟਾਮ ਪੇਪਰ ਮੰਗਵਾਇਆ ਜਾਵੇ। ਉਸ 'ਤੇ ਇਸ ਧਮਕੀ ਦਾ ਹਵਾਲਾ ਦਿੰਦਿਆਂ ਹੋਇਆਂ ਲਿਖਿਆ ਜਾਵੇ ਕਿ ਜੱਚਾ-ਬੱਚਾ ਨੂੰ ਕੋਈ ਖਤਰਾ ਹੁੰਦਾ ਐ ਤਾਂ ਇਸਦਾ ਜ਼ਿੰਮੇਦਾਰ ਬਨਵਾਰੀ ਹੋਵੇਗਾ। ਸਾਰੇ ਪੰਚ ਉਸ 'ਤੇ ਦਸਤਖਤ ਕਰਨ। ਉਹ ਕਾਗਜ਼ ਸੁਘਰਾ ਠਾਕੁਰਾਇਣ ਕੋਲ ਰੱਖਿਆ ਜਾਵੇ, ਉਸਦੀ ਫ਼ੋਟੋ ਕਾਪੀ ਸਾਡੇ ਪਿੰਡ ਨੂੰ ਵੰਡੀ ਜਾਵੇ। ਕਦੀ ਕੋਰਟ ਕਚਹਿਰੀ 'ਚ ਲੋੜ ਪਵੇ ਤਾਂ ਸਾਰਾ ਪਿੰਡ ਗਵਾਹੀ ਦੇਣ ਚੱਲੇ।"

ਬਨਵਾਰੀ ਦੇ ਕੰਨ ਖੜ੍ਹੇ ਹੋ ਜਾਂਦੇ ਨੇ। ਇਹ ਤਾਂ ਉਲਟਾ ਉਸੇ ਨੂੰ ਫਸਾਉਣ ਦਾ ਫੰਦਾ ਤਿਆਰ ਕੀਤਾ ਜਾ ਰਿਹਾ ਹੈ। ਬਲਈ ਤੇ ਲਛਮਨ ਚੌਧਰੀ ਦੀ ਬੋਲਤੀ ਬੰਦ? 'ਸਲੈਂਡਰ' ਕਰ ਦਿੱਤਾ। ਉਸਦਾ ਚਿਹਰਾ ਹਿਰਖ ਨਾਲ ਭਖਣ ਲੱਗਦਾ ਹੈ। ਉਹ ਖੜ੍ਹਾ ਹੋ ਕੇ ਮੁੱਠੀ ਕਸ ਕੇ ਸੱਜਾ ਹੱਥ ਸਾਹਮਣੇ ਉਪਰ ਹੇਠ ਹਿਲਾਉਂਦਾ ਹੋਇਆ ਕੂਕਦਾ ਹੈ—"ਮੇਰੇ 'ਫਲਾਨੇ 'ਤੇ' ਵੱਜਣ ਇਹ ਪੰਚ ਤੇ ਪੰਚਾਇਤ।"

ਤੇ ਬਾਹਰ ਜਾਣ ਲਈ ਭੀੜ ਵਿਚੋਂ ਰਾਹ ਬਣਾਉਣ ਲੱਗਦਾ ਹੈ।

ਪੰਚ ਜਿਵੇਂ ਸਿਰ ਪੱਥਰ ਹੋ ਜਾਂਦੇ ਨੇ।

ਉਦੋਂ ਹੀ ਧੰਨੂ ਬਾਬਾ ਦੀ ਦਹਾੜ ਸੁਣਾਈ ਦਿੰਦੀ ਹੈ—"ਖਬਰਦਾਰ ਜੇ ਅੱਗੇ ਵਧਿਆ। ਤੇਰੀ ਇਹ ਮਜਾਲ ਕਿ ਪੂਰੇ ਪਿੰਡ ਨੂੰ 'ਫਲਾਨੇ 'ਤੇ' ਮਾਰ ਕੇ ਨਿਕਲ ਜਾਏਂਗਾ? ਜਾਂਦਾ ਐਂ ਤਾਂ ਇਸਦੀ ਸਜ਼ਾ ਸੁਣ ਕੇ ਜਾ। ਜੇ ਤੂੰ ਪੰਚਾਂ ਦੀ ਮਰਜੀ ਦੇ ਬਿਨਾਂ ਏਥੋਂ ਭੱਜਿਆ ਤਾਂ ਕੱਲ੍ਹ ਇਹੀ ਪਿੰਡ ਤੇਰੇ ਲਈ ਕਾਲਾ ਪਾਣੀ ਹੋ ਜਾਊਗਾ। ਨਾ ਪਿੰਡ ਦਾ ਕੋਈ ਆਦਮੀ ਤੇਰੇ ਦਰਵਾਜ਼ੇ 'ਤੇ ਜਾਊਗਾ, ਨਾ ਤੈਨੂੰ ਆਪਣੇ ਦਰਵਾਜ਼ੇ 'ਤੇ ਖੜ੍ਹਾ ਹੋਣ ਦੇਊਗਾ। ਨਾ ਕੋਈ ਤੇਰੇ ਨਾਲ ਬੋਲੂਗਾ, ਨਾ ਤੇਰੀ ਔਖੀਂ-ਸੌਖੀਂ ਜਾਊਗਾ। ਤੇਰੇ ਨਾਲ ਰਾਹ-ਰੀਤ ਹਰਾਮ, ਉੱਠਣਾ-ਬੈਠਣਾ ਹਰਾਮ, ਖਾਣ-ਪੀਣ ਹਰਾਮ, ਦੁਆ-ਸਲਾਮ ਹਰਾਮ।...ਜੇ ਕਿਸੇ ਨੂੰ ਏਸ ਫੈਸਲੇ 'ਤੇ ਇਤਰਾਜ ਐ ਤਾਂ ਹੁਣੇ ਦੱਸ ਦੇਵੇ।"

"ਬਹੁਤ ਸਹੀ। ਅਸੀਂ ਇਸਦਾ ਸਮਰਥਣ ਕਰਦੇ ਆਂ।" ਸੁਘਰਾ ਉੱਚੀ ਆਵਾਜ਼ ਵਿਚ ਕੜਕਦੀ ਹੈ।

ਬਲਈ ਬਾਬਾ ਬਨਵਾਰੀ ਨੂੰ ਤਾੜਦੇ ਨੇ—"ਤੂੰ ਭੰਗ ਤਾਂ ਨ੍ਹੀਂ ਖਾ ਲਈ। ਪੂਰੀ ਪੰਚਾਇਤ ਨੂੰ 'ਫਲਾਨੇ 'ਤੇ' ਮਾਰ ਦਿੱਤੈ?"

ਮਿਠੁਆ ਬਾਲਟੀ, ਗੜਵੀ, ਖਾਲੀ ਟੋਕਰੀ ਤੇ ਦੋਵੇਂ ਬੁਝੀਆਂ ਹੋਈਆਂ ਗੈਸ ਬੱਤੀਆਂ ਲੈ ਕੇ ਪਿਓ ਦੇ ਇਕ ਪਾਸੇ ਆ ਕੇ ਖੜ੍ਹਾ ਹੋ ਗਿਆ ਹੈ। ਸੁਲਛਨੀ ਘਾਹ 'ਤੇ ਸੁੱਤੇ ਆਪਣੇ ਦੋਵਾਂ ਮੁੰਡਿਆਂ ਨੂੰ ਝੰਜੋੜ ਕੇ ਜਗਾਉਣ ਲੱਗ ਪੈਂਦੀ ਹੈ।

ਲਛਮਨ ਚੌਧਰੀ ਤਾੜਦੇ ਨੇ—"ਤਿੰਨ ਬੱਚਿਆਂ ਦਾ ਪਿਓ ਹੋ ਗਿਆ ਤੇ ਪੰਚਾਇਤ 'ਚ ਬੋਲਣ ਦੀ ਅਕਲ ਨ੍ਹੀਂ ਆਈ ? ਮਾਫੀ ਮੰਗ।"

"ਬਿਨਾਂ ਸ਼ਰਤ ਮਾਫੀ ਜਿਵੇਂ ਹਾਈ ਕੋਰਟ 'ਚ ਮੰਗੀ ਜਾਂਦੀ ਐ।" ਸੁਘਰਾ ਕਹਿੰਦੀ ਹੈ।

ਪਰ ਬਨਵਾਰੀ ਮਾਫੀ ਮੰਗਣ ਲਈ ਤਿਆਰ ਨਹੀਂ ਦਿੱਸਦਾ। ਉਹ ਸਵਾਲੀਆ ਨਿਸ਼ਾਨ ਵਾਂਗ ਤਣ ਕੇ ਖੜ੍ਹਾ ਹੈ।

ਘੁੱਪ ਹਨੇਰੇ ਦੇ ਬਾਅਦ ਦਸਵੀਂ ਦੇ ਚੰਦ ਦੇ ਹੌਲੀ-ਹੌਲੀ ਫੈਲਦੇ ਚਾਨਣ ਵਿਚ ਇਹ ਅੰਦਾਜ਼ਾ ਲਾਉਣਾ ਸੰਭਵ ਨਹੀਂ ਹੈ ਕਿ ਬਨਵਾਰੀ ਸਿਰਫ ਹੱਥ ਚੁੱਕ ਰਿਹਾ ਹੈ ਜਾਂ ਹੱਥ ਜੋੜ ਵੀ ਰਿਹਾ ਹੈ।

ਹਲਕਾ-ਹਲਕਾ ਵਗਦਾ ਪੁਰਾ ਅਚਾਨਕ ਤੇਜ਼ ਹੋ ਗਿਆ ਹੈ। ਸੁੱਕੇ ਪੱਤੇ ਉੱਡਣ ਲੱਗ ਪਏ ਨੇ। ਕੀ ਹਨੇਰੀ ਮੀਂਹ ਆਵੇਗਾ ?

"ਉੱਠੋ ਬਈ ਉੱਠੋ। ਭੱਜੋ ਬਈ ਭੱਜੋ...।"

"ਪਰ ਕੱਲ੍ਹ ਸਟਾਮ ਪੇਪਰ ਜ਼ਰੂਰ ਮੰਗਵਾ ਲਿਓ ਪੰਡਤ ਜੀ।" ਸੋਫ਼ੇ ਤੋਂ ਉੱਠਦੀ ਹੋਈ ਸੁਘਰਾ ਕਹਿੰਦੀ ਹੈ।

— — —

ਮੋਬਾਇਲ ਨੰ : 94177-30600.

---

**ਪੰਨਾ ਨੰ. 90 ਦਾ ਬਾਕੀ**

-ਪਰ ਤੁਮ ਤੋ...?

-ਹਾਂ, ਅਸੀਂ ਇਕੱਠੇ ਨਹੀਂ ਆਏ, ਕੋਈ ਕਿਸੇ ਨਾਲ ਆ ਗਿਆ ਤੇ ਕੋਈ ਕਿਸੇ ਨਾਲ ਪਰ ਹੁਣ ਸਾਰੇ ਓਸ ਪੀਜ਼ਾ ਹੱਟ ਵਿੱਚ ਆਂ, ਆ ਜਾ ਤੈਨੂੰ ਸਭ ਨਾਲ ਮਿਲਾਉਨਾ।

-ਜਾਨੀ ਕਿ ਗਰੁੱਪ ਮੇਂ ?

-ਹਾਂ, ਤੈਨੂੰ ਦੱਸਿਆ ਸੀ ਨਾ। ਆ ਜਾ ਥਾਪਾ, ਤੈਨੂੰ ਆਪਣੇ ਦੋਸਤਾਂ ਨਾਲ ਮਿਲਾਵਾਂ ਨਾਲੇ ਤੇਰੇ ਗੀਤ ਵੀ ਸੁਣਾਂਗੇ, ਪੂਰੀ ਮਹਿਫਲ ਲਾਵਾਂਗੇ। ...ਆਓ ਪ੍ਰਭਾ।

ਗੀਤ ਦੇ ਨਾਂ 'ਤੇ ਥਾਪਾ ਦਾ ਦਿਲ ਲਲਚਾਉਣ ਲੱਗਾ ਪਰ ਥਾਪੇ ਤੋਂ ਪਹਿਲਾਂ ਹੀ ਪ੍ਰਭਾ ਬੋਲੀ,

-ਨਹੀਂ ਭਾਈ ਸ਼ਾਬ, ਹਮੇਂ ਜ਼ਰਾ ਜਲਦੀ ਹੈ, ਫਿਰ ਕਭੀ।

ਤੇ ਉਹ ਥਾਪੇ ਦਾ ਹੱਥ ਫੜ ਕੇ ਤੁਰਦੀ ਬਣੀ। ਅੱਗੇ ਜਾ ਕੇ ਥਾਪੇ ਨੂੰ ਕਹਿਣ ਲੱਗੀ,

-ਸੁਭਾਸ਼, ਤੂੰ ਵੀ ਪਤਾ ਨਹੀਂ ਕੀ ਕੀ ਸੋਚਦਾ ਰਹਿੰਨਾਂ! ਏਨੇ ਚੰਗੇ ਇਨਸਾਨ ਲਈ ਕੀ ਕੀ ਬੋਲ ਜਾਨਾਂ!





## ਆਈਡੀਆ/ਗੁਲ ਚੌਹਾਨ

-ਭਾ ਜੀ ਤੁਸੀਂ ਇਕ ਵਾਰ ਸੁਣ ਤਾਂ ਲਵੋ। ਇੰਨਾ ਵਧੀਆ ਆਈਡੀਆ ਹੈ ਕਿ ਤੁਸੀਂ ਹੈਰਾਨ ਰਹਿ ਜਾਉਗੇ ਸੁਣਕੇ। ਇਸ ਤੇ ਏਨੀਂ ਘੈਂਟ ਕਹਾਣੀ ਬਣ ਸਕਦੀ ਹੈ ਕਿ ਜਿਹੜੀ ਅੱਜ ਤਕ ਕਿਸੇ ਦੇ ਦਿਮਾਗ ਵਿਚ ਨਾ ਆਈ ਹੋਵੇ। ਕਿਸੇ ਲੇਖਕ ਨੇ ਨਾ ਲਿਖੀ ਹੋਵੇ। ਇਸ ਦਾ ਕਿੰਨਾ ਫਾਇਦਾ ਹੋ ਸਕਦਾ ਹੈ ਸਮਾਜ ਨੂੰ। ਕੋਈ ਬੰਦਾ ਫਾਇਦੇ ਲਈ ਹੀ ਤਾਂ ਕੋਈ ਕੋਈ ਕਹਾਣੀ ਪੜਦਾ ਹੈ ਕਿ ਉਸਨੂੰ ਕੋਈ ਕੰਮ ਦੀ ਗੱਲ ਲੱਭੇ ਨਹੀਂ ਤਾਂ ਕਿਓਂ ਮੱਥਾ ਮਾਰੇਗਾ, ਕੋਈ ਅਪਣਾ ਸਮਾਂ ਬਰਬਾਦ ਕਰੇਗਾ।.....

-ਭਾ ਜੀ ਤੁਸੀਂ ਮੈਨੂੰ ਇਸ ਵਾਰ ਨਾ ਟਾਲਿਆ ਜੇ।....ਸੌਂਹ ਜੇ ਸੱਚੇ ਪਾਤਸ਼ਾਹ ਦੀ ਤੁਹਾਨੂੰ।

ਇਸ ਤੋਂ ਪਹਿਲਾਂ ਕਿ ਮੈਂ ਕੋਈ ਨਵਾਂ ਬਹਾਨਾ ਬਣਾਉਂਦਾ, ਉਹ ਬੋਲਣ ਲੱਗਾ-

-ਇਕ ਤਹਿਸੀਲਦਾਰ ਹੁੰਦਾ ਸੀ। ਉਸਦਾ ਨਾਂ ਤੁਸੀਂ,ਚਲੋ ਸ. ਸੁਰਜਨ ਸਿੰਘ ਕਹਿ ਲੌ..... ਕੱਦ ਦਰਮਿਆਨਾ, ਦਾੜ੍ਹੀ ਕੱਟੀ ਹੋਈ, ਜਿਆਦਾਤਰ ਸਫੈਦ ਪਰ ਵਿਚ ਵਿਚ ਕੋਈ ਕੋਈ ਵਾਲ ਕਾਲਾ ਵੀ। ਚਿਹਰਾ ਗੋਲ, ਰੰਗ ਗੋਰਾ ਤੇ ਵੇਖਣ ਨੂੰ ਸ਼ਰੀਫ। ਜਬਾਨ ਦਾ ਮਿੱਠਾ, ਗਰੀਬਾਂ ਦਾ ਹਮਦਰਦ ਤੇ ਭਲਾ ਚਾਹੁਣ ਵਾਲਾ..... ਮਤਲਬ ਕਿ ਉਹ ਸਾਰੇ ਗੁਣ ਤੁਸੀਂ ਉਸ ਵਿਚ ਪਾ ਦੇਵੋ ਜਿਹੜੇ ਕਿ ਇਕ ਬੰਦੇ ਵਿਚ ਪੈ ਸਕਦੇ ਹਨ। ਉਹ ਵੇਖਣ ਵਾਲੇ ਨੂੰ ਅਪਣਾ ਅਪਣਾ ਤੇ ਕਿਸਮਤ ਦਾ ਧਨੀ ਲੱਗਦਾ ਹੈ ਤੇ ਕਦੀ ਲੋੜ ਪੈਣ ਤੇ ਕੰਮ ਆਉਣ ਵਾਲਾ ਵੀ। ਬਸ ਨਹੀਂ ਲੱਗਦਾ ਤਾਂ ਇਕ ਤਹਿਸੀਲਦਾਰ ਹੀ ਨਹੀਂ ਲੱਗਦਾ। ਆਪਣੇ ਇਸ ਨਿਮਰਤਾ ਵਾਲੇ ਗੁਣ ਕਰਕੇ ਉਸਨੇ ਜ਼ਿੰਦਗੀ ਵਿਚ ਚੰਗੀ ਕਮਾਈ ਕੀਤੀ ਹੈ। ਵਾਧੂ ਪੈਸੇ ਕਮਾਏ ਨੇ। ਤੁਸੀਂ ਜਾਣਦੇ ਹੀ ਹੋ ਕਿੰਨੀ ਕਮਾਈ ਹੁੰਦੀ ਹੈ ਇਕ ਤਹਿਸੀਲਦਾਰ ਨੂੰ। ਮਾਣ ਤੇ ਅੱਜ ਕਲ੍ਹ ਸਾਲਾ ਇਕ ਪਟਵਾਰੀ ਨਹੀਂ ਉਹ ਤਾਂ ਫਿਰ ਇਕ ਤਹਿਸੀਲਦਾਰ ਹੈ। ਲੋਕ ਵੀ ਭਾ ਜੀ ਜਿੰਨਾ ਚਿਰ ਰਿਸ਼ਵਤ ਦੇ ਨਾ ਦੇਣ ਕੰਮ ਭਾਵੇਂ ਜਾਇਜ਼ ਹੀ ਹੋਵੇ ਉਨ੍ਹਾਂ ਨੂੰ ਯਕੀਨ ਹੀ ਨਹੀਂ ਆਉਂਦਾ , ਤਸੱਲੀ ਨਹੀਂ ਹੁੰਦੀ ਕਿ ਕੰਮ ਹੋ ਜਾਵੇਗਾ।

-ਤੇ ਜੀ ਇਕ ਉਸਦੀ ਪਤਨੀ ਸੀ। ਜੇ ਮੁੰਡੇ ਜੰਮਣਾ ਕਿਸੇ ਜਨਾਨੀ ਦਾ ਗੁਣ ਹੈ ਤਾਂ ਜੀ ਉਸ ਨੇ ਡੇਢ ਡੇਢ ਸਾਲ ਦੇ ਫਰਕ ਨਾਲ ਉਪਰੋਂ ਥੱਲੀ ਸੱਤ ਮੁੰਡੇ ਜੰਮੇ ਸਨ। ਇਸ ਤੋਂ ਇਲਾਵਾ ਮਾਈਕਰੋਸਕੋਪ ਲੈ ਕੇ ਵੀ ਤੁਸੀਂ ਉਸ ਜਨਾਨੀ ਵਿਚ ਕੋਈ ਗੁਣ ਜਾਂ ਚੰਗਿਆਈ ਨਹੀਂ ਲੱਭ ਸਕਦੇ। ਨਾ ਉਹ ਢੰਗ ਦੀ ਪਤਨੀ ਸੀ ਨਾ ਮਾਂ। ਅਪਣੇ ਤੋਂ ਛੁੱਟ ਉਸ ਕਦੀ ਕਿਸੇ ਨੂੰ ਪਿਆਰ ਨਹੀਂ ਕੀਤਾ। ਨੂੰਹਾਂ ਨਾਲ ਤਾਂ ਮੰਨਿਆਂ ਚਲੋ ਬਹੁਤ ਸਾਰੀਆਂ ਸੱਸਾਂ ਦੀ ਨਹੀਂ ਬਣਦੀ ਉਸ ਦੀ ਅਪਣੇ ਪੁੱਤਾਂ ਨਾਲ ਵੀ ਬੋ ਕਾਟਾ ਰਹਿੰਦੀ ਸੀ। ਕਹਾਣੀ ਵਿਚ ਤੁਸੀਂ ਵਿਖਾਓ ਕਿ ਇਸ ਘਰ ਵਿਚ ਦੁਨੀਆਂ ਭਰ ਦੀ ਦੌਲਤ ਹੈ, ਸੁੱਖ ਸਹੂਲਤਾਂ ਹਨ, ਐਸ਼ ਅਤੇ ਆਰਾਮ ਹੈ, ਨਹੀਂ ਤਾਂ ਬਸ ਇਕ ਘਰ ਨਹੀਂ ਇਸ ਘਰ ਵਿਚ।.... ਵੱਡਾ ਸਾਰਾ ਘਰ ਹੈ, ਕਲੋਨੀ ਵਿਚ ਪਹਿਲੀ ਨਜ਼ਰ 'ਚ ਹੀ ਦਿਖ ਜਾਣ ਵਾਲਾ। ਵੱਡਾ ਅਤੇ ਸ਼ਾਨਦਾਰ। ਵਸਤੂਆਂ ਨਾਲ ਗਲ ਤਕ ਭਰਿਆ ਪਰ ਅੰਦਰ ਵੜੋ ਤਾਂ ਹਰ ਕੋਨਾ, ਹਰ ਕਮਰਾ ਗੁਦਾਮ ਜਾਂ ਸਟੋਰ ਦਿਖੇ। ਵੇਖ ਕੇ ਦੁੱਖ ਲੱਗੇ ਕਿ ਇਸ ਤਰ੍ਹਾਂ ਦਾ ਹੁੰਦਾ ਹੈ ਘਰ। ਇਹ ਤਾਂ ਹੋਵੇ ਜੇ ਤਹਿਸੀਲਦਾਰਨੀ ਕਿਸੇ ਨੌਕਰਾਣੀ ਨੂੰ ਟਿਕਣ ਦੇਵੇ ਚਾਰ ਦਿਨ। ਹੱਦ ਮਹੀਨਾ

ਡੇਢ਼ ਟਿਕਦੀ ਹੈ ਕੋਈ। ਤੇ ਜੇ ਨੌਕਰਾਣੀ ਮੂੰਹ ਮੱਥੇ ਲੱਗਦੀ ਹੋਈ ਤਾਂ ਮਰ ਕੇ ਪੰਦਰਾਂ ਜਾਂ ਵੀਹ ਦਿਨ....ਫਿਰ ਕਿੰਨੇ ਕਿੰਨੇ ਦਿਨ ਕੋਈ ਨੌਕਰ ਨਹੀਂ ਲੱਭਦਾ। ਘਰ ਦਾ ਬੁਰਾ ਹਾਲ ਹੋ ਜਾਂਦਾ ਹੈ। ਤਹਿਸੀਲਦਾਰਨੀ ਨੂੰ ਤਾਂ ਅਪਣੇ ਹੀ ਤੜਕੇ ਭਾਂਡੇ ਤੋਂ ਫੁਰਸਤ ਨਹੀਂ ਹੁੰਦੀ। ਤੇ ਫਿਰ ਸਵਾ ਕੁਇੰਟਲ ਦੀ ਦੇਹ ਨੂੰ ਛੇਤੀ ਛੇਤੀ ਇਧਰ ਉਧਰ ਢੋਣਾ ਵੀ ਕਿਹੜਾ ਆਸਾਨ ਹੈ। ਇਸ ਉਮਰ ਵਿਚ ਘਰ ਦੀਆਂ ਨੂੰਹਾਂ ਘਰ ਸੰਭਾਲ ਲੈਂਦੀਆਂ ਹਨ ਪਰ ਇਹ ਤਾਂ ਹੋਵੇ ਜੇ ਕੋਈ ਉਨ੍ਹਾਂ ਨੂੰ ਘਰ ਵਿਚ ਰਹਿਣ ਦੇਵੇ। ਤਹਿਸੀਲਦਾਰਨੀ ਨੇ ਅਪਣੀ ਹਰ ਨੂੰਹ ਨੂੰ ਵੱਡੇ ਘਰ ਦੀ ਕਹਿ ਕੇ ਚਾਈਂ ਚਾਈਂ ਘਰ ਵਿਚ ਦਾਖਲਾ ਦਿੱਤਾ ਤੇ ਦਸੀਂ ਦਿਨੀਂ ਕਮੀਨੇ ਘਰੋਂ ਆਈ ਕਹਿ ਕੇ, ਘਰੋਂ ਦੇਸ ਨਿਕਾਲਾ ਦੇ ਦਿੱਤਾ।

-ਤਹਿਸੀਲਦਾਰ ਤੇ ਤਹਿਸੀਲ਼ਦਾਰਨੀ ਤੋਂ ਬਾਦ ਭਾਜੀ ਉਨ੍ਹਾਂ ਦੇ ਮੁੰਡਿਆਂ ਦੀ ਗੱਲ.....ਤੁਸੀਂ ਆਪ ਅਨੁਮਾਨ ਲਗਾ ਸਕਦੇ ਹੋ ਕਿ ਜਿਸ ਘਰ ਵਿਚ ਇੰਨੀ ਵੱਡੀ ਗਿਣਤੀ ਵਿਚ ਸਿਰਫ ਮੁੰਡੇ ਹੋਣ, ਕੋਈ ਕੁੜੀ ਨਾ ਹੋਵੇ ਉਹ ਮੁੰਡੇ ਕਿਹੋ ਜਿਹੇ ਹੋਣਗੇ ਜਾਂ ਕਿੰਨੇ ਸੁਚੱਜੇ ਜਾਂ ਕਿੰਨੇ ਕੁ ਨਾਰਮਲ ਹੋ ਸਕਦੇ ਹਨ। ਉਨ੍ਹਾਂ ਨੂੰ ਜਵਾਨੀ ਵਿਚ ਬਸ ਇਕ ਹੀ ਕਮੀ ਵੱਢ ਵੱਢ ਖਾਂਦੀ ਰਹੀ ਕਿ ਘਰ ਦੇ ਨਾਲ ਨਾਲ ਗਲੀ ਗਵਾਂਢ ਵਿਚ ਵੀ ਕੁੜੀਆਂ ਨਹੀਂ ਸਨ ਜਾਂ ਕਹਿ ਲੌ ਕਿ ਨਜ਼ਰ ਨਹੀਂ ਸਨ ਆਉਂਦੀਆਂ। ਧੀਆਂ ਭੈਣਾਂ ਵਾਲੇ ਸ਼ਰਮ ਖਾਂਦੇ ਸਨ। ਬਾਕੀ ਮੁੰਡਿਆਂ ਨੂੰ ਭਾਵੇਂ ਤੁਸੀਂ ਰਹਿਣ ਦਿਓ, ਕਹਾਣੀ ਵਿਚ ਤੁਸੀਂ ਤਹਿਸੀਲਦਾਰ ਦੇ ਛੋਟੇ ਮੁੰਡੇ ਤੇ ਵਧੇਰੇ ਜ਼ੋਰ ਦਿਓ....।

-ਤਹਿਸੀਲਦਾਰ ਅਪਣੇ ਇਸ ਮੁੰਡੇ ਵੱਲੋਂ ਸੱਭ ਤੋਂ ਵੱਧ ਦੁਖੀ ਸੀ ਪਰ ਦੱਸੋ ਮੁੰਡਾ ਕੀ ਕਰੇ। ਐਮ. ਏ. ਪੰਜਾਬੀ ਪਾਸ, ਕੜੀ ਵਰਗਾ ਜਵਾਨ, ਰੱਜ ਕੇ ਸੋਹਣਾ ਪਰ ਵਿਹਲਾ, ਕਰਨ ਨੂੰ ਕੁਝ ਨਹੀਂ। ਇਸ ਨੂੰ ਵੇਖਦੇ ਸਾਰ ਤਹਿਸੀਲਦਾਰ ਨੂੰ ਗੁੱਸਾ ਚੜ੍ਹ ਜਾਂਦਾ ਹੈ। ਬੁੜ ਬੁੜ ਸ਼ੁਰੂ। ਗੱਲ ਗੱਲ ਤੇ ਪੁੱਤ ਦੀ ਧੀ ਦੀ ਭੈਣ ਦੀ ਇਕ ਕਰ ਦਿੰਦਾ ਹੈ। ਕਹਿੰਦਾ ਹੈ-

-ਤੈਨੂੰ ਸ਼ਹਿਰ ਦੀਆਂ ਸਾਰੀਆਂ ਆਵਾਰਾ ਕੁੜੀਆਂ ਜਾਣਦੀਆਂ ਹਨ ਕੁਝ ਨਹੀਂ ਬਨਣਾ ਕੁੱਤਿਆ ਤੇਰਾ ਜਿੰਦਗੀ ਵਿਚ।

-ਖਿੱਝਦਾ ਹੈ ਕਿ ਉਸਦੀ ਯਾਰੀ ਵੀ ਅਪਣੇ ਵਰਗੇ ਲੋਫਰਾਂ ਨਾਲ ਹੈ। ਕੰਜਰ ਦਾ ਪਤਾ ਹੀ ਨਹੀਂ ਲੱਗਦਾ ਕਿੱਥੇ ਜਾਂਦਾ ਹੈ,ਕਦੋਂ ਜਾਂਦਾ ਹੈ। ਕਦੋਂ ਆਉਂਦਾ ਹੈ, ਕਿੱਥੋਂ ਆਉਂਦਾ ਹੈ। ਦੁਨੀਆਂ ਦਾ ਕਿਹੜਾ ਮਾੜਾ ਕੰਮ ਹੈ ਜੋ ਇਹ ਮੁੰਡਾ ਨਹੀਂ ਕਰਦਾ।

-ਪਰ ਜੀ ਤੁਸੀਂ ਦੱਸੋ ਕਿਹੜਾ ਚੰਗਾ ਕੰਮ ਸੀ ਜੋ ਇਸ ਮੁੰਡੇ ਨੂੰ ਕਰਨ ਲਈ ਦਿੱਤਾ ਗਿਆ ਤੇ ਉਸ ਕੀਤਾ ਨਹੀਂ। ਇਸ ਨੂੰ ਤੁਸੀਂ ਕਹਾਣੀ ਦਾ ਮੇਨ ਕਰੈਕਟਰ ਬਣਾਓ। ਇਸ ਵਰਗੇ ਲੱਖਾਂ ਹੀ ਮੁੰਡੇ ਹਨ ਸੰਸਾਰ ਵਿਚ ਜਿਨ੍ਹਾਂ ਦੇ ਪਿਓ ਰਾਤ ਦਿਨ ਸ਼ਿਕਾਇਤ ਕਰਦੇ ਹਨ ਕਿ ਉਹ ਕੋਈ ਕੰਮ ਦਾ ਕੰਮ ਨਹੀਂ ਕਰਦੇ, ਜਦੋਂ ਕਿ ਉਨ੍ਹਾਂ ਨੂੰ ਮੌਕੇ ਹੀ ਨਹੀਂ ਦਿੱਤੇ ਜਾ ਰਹੇ। ਹੁਣ ਇਹ ਮੁੰਡਾ ਜੇ ਐਮ.ਏ. ਪਾਸ ਨਾ ਹੋਵੇ, ਉਸਦਾ ਪਿਓ ਤਹਿਸੀਲਦਾਰ ਨਾ ਹੋਵੇ ਤਾਂ ਇਹ ਕੋਈ ਛੋਟਾ ਮੋਟਾ ਕੰਮ ਵੀ ਕਰ ਲਵੇ, ਜਿਵੇਂ ਵੀ ਬਣੇ ਅਪਣੇ ਗੁਜ਼ਾਰੇ ਜੋਗਾ ਹੋ ਜਾਏ। ਪਰ ਜੀ ਇਹ ਮੁੰਡਾ ਕੀ ਕਰੇ। ਤੁਸੀਂ ਇਸ ਮੁੰਡੇ ਨੂੰ ਭਾਵੁਕ ਤੇ ਦੁਖੀ ਵਿਖਾਓ। ਦੱਸੋ ਕਿ ਨਾ ਉਸ ਨੂੰ ਘਰ ਵਿਚ ਚੰਗਾ ਸਮਝਿਆ ਜਾਂਦਾ ਹੈ ਨਾ ਬਾਹਰ ਕਿਸੇ ਮੁੱਲ ਦਾ। ਜਦੋਂ ਕਿ ਉਸ ਮੁੰਡੇ ਦੀ ਦਿਲੀ ਇੱਛਾ ਹੈ ਕਿ ਉਹ ਦੁਨੀਆਂ ਨੂੰ ਕੁਝ ਕਰਕੇ ਵਿਖਾਏ। ਕੁਝ ਬਣੇ। ਨਾਮ ਕਮਾਏ। ਰਾਤ ਦਿਨ ਅਪਣੇ ਪਿਓ ਦੇ ਤਾਹਨੇ ਹੀ ਨਾ ਸੁਣਦਾ ਰਹੇ। ਤੇ ਜਿਹੜਾ ਉਸਨੂੰ ਗੱਲ ਗੱਲ ਤੇ ਹੋਰਨਾਂ ਦੇ ਬੱਚਿਆਂ ਨਾਲ ਤੁਲਨਾਇਆ ਜਾਂਦਾ ਹੈ ਤੇ ਕਿਹਾ ਜਾਂਦਾ ਹੈ ਕਿ ਹੋਰਨਾਂ ਦੇ ਘਰ ਵੀ ਪੁੱਤ ਹਨ ਪਰ ਦੂਰ ਦੂਰ ਤਕ ਕੋਈ ਉਸ ਜਿਹਾ ਹਰਾਮੀ ਨਹੀਂ।

-ਭਾਜੀ ਤੁਸੀਂ ਇਸ ਤਰ੍ਹਾਂ ਕਹਾਣੀ ਸ਼ੁਰੂ ਕਰ ਸਕਦੇ ਹੋ। ਮੈਂ ਸੱਭ ਕੁਝ ਤੁਹਾਨੂੰ ਦੱਸ ਤਾਂ



ਦਿੱਤਾ ਹੈ। ਅੱਗੇ ਤੁਹਾਡੀ ਅਪਣੀ ਕਲਾ ਹੈ, ਜਿਵੇਂ ਲੇਖਕ ਅਪਣੇ ਕੋਲੋਂ ਕਿੰਨਾ ਸਾਰਾ ਮਸਾਲਾ ਪਾ ਲੈਂਦੇ ਹਨ ਕਿ- ਬਰਸਾਤ ਦੀ ਇਕ ਸੁੰਦਰ ਰਾਤ ਸੀ। ਮੀਂਹ ਪੈ ਕੇ ਹੱਟਿਆ ਸੀ। ਠੰਡੀ ਠੰਡੀ ਹਵਾ ਚੱਲ ਰਹੀ ਸੀ। ਚਿੱਟੇ ਚਿੱਟੇ ਬੱਦਲਾਂ ਪਿੱਛੇ ਪੂਰਨਮਾਸ਼ੀ ਦਾ ਚੰਨ, ਕਦੀ ਵਿਖਾਈ ਦਿੰਦਾ ਕਦੀ ਛਿਪ ਜਾਂਦਾ.... ਜਿਵੇਂ ਕਿਸੇ ਮੇਲੇ 'ਚ ਕੋਈ ਖੂਬਸੂਰਤ ਚਿਹਰਾ। ..ਤੇ ਹੋਰ ਜੋ ਕੁਝ ਵੀ ਤੁਹਾਡੇ ਮਨ ਆਏ ਪਰ ਇਹ ਕਹਾਣੀ ਤੁਸੀਂ ਜ਼ਰੂਰ ਲਿਖੋ। ਇਸ ਨਾਲ ਲੱਖਾਂ ਲੋਕਾਂ ਨੂੰ ਸਿੱਖਿਆ ਮਿਲੇਗੀ। ਵੈਸੇ ਇਸ ਵਿਚ ਸ. ਸੁਰਜਨ ਸਿੰਘ ਦਾ ਵੀ ਕੀ ਕਸੂਰ, ਜਦੋਂ ਬੰਦਾ ਪੰਜਾਹ ਨੂੰ ਟੱਪ ਗਿਆ ਹੋਵੇ, ਉਸ ਕੋਲ ਏਨਾਂ ਸੌਖੀ ਤਰ੍ਹਾਂ ਦਾ ਪੈਸਾ ਹੋਵੇ ਤੇ ਵਹੁਟੀ ਹੋਵੇ ਤਹਿਸੀਲਦਾਰਨੀ ਜਿਹੀ ਮਾਤਾ ਦਾ ਮਾਲ। ਅਹੁਦੇ ਦਾ ਨਸ਼ਾ ਸਿਰ ਨੂੰ ਚੜ੍ਹਿਆ ਹੋਵੇ ਤਾਂ ਬੰਦਾ ਡੋਲ ਤਾਂ ਜਾਂਦਾ ਹੀ ਹੈ। ਕਿੰਨਾ ਕੁ ਖਾ ਸਕਦਾ ਹੈ ਬੰਦਾ, ਕਿੰਨਾ ਪਹਿਣ ਲਵੇਗਾ। ਤੇ ਜਦੋਂ ਬੰਦੇ ਕੋਲ ਪੈਸਾ ਆਇਆ ਹੀ ਪਿਛਲੀ ਉਮਰੇ ਹੋਵੇ। ਜਿਸ ਅਪਣੀ ਉਮਰ ਦੇ ਪੈਂਤੀ ਚਾਲੀ ਸਾਲ ਗਰੀਬੀ ਵਿਚ ਕੱਟੇ ਹੋਣ, ਉਸਨੂੰ ਤਾਂ ਗਰੀਬੀ ਐਬ ਵਾਂਗ ਚੰਬੜ ਜਾਂਦੀ ਹੈ। ਬਾਦ ਵਿਚ ਕਿੰਨਾ ਪੈਸਾ ਆ ਜਾਵੇ, ਉਹ ਲੱਖ ਯਤਨ ਕਰੇ ਉਸ ਅਮੀਰੀ ਨੂੰ ਢੰਗ ਨਾਲ ਹੰਢਾ ਭੋਗ ਹੀ ਨਹੀਂ ਸਕਦਾ। ਤੇ ਇਹੀ ਹਾਲ ਸੁਰਜਨ ਸਿੰਘ ਦਾ ਹੈ। ਹੁਣ ਇਕ ਤਬਦੀਲੀ ਹੈ ਕਿ ਅਪਣੇ ਜਿਹੇ ਅਫਸਰਾਂ ਅਤੇ ਜਾਣ ਪਛਾਣ ਵਾਲੇ ਪਰਿਵਾਰਾਂ ਵਿਚ ਉੱਠਣ ਬੈਠਣ ਸਦਕਾ ਉਸਨੂੰ ਅਪਣੀ ਪਤਨੀ ਬੜੀ ਪਿਛੜੀ ਹੋਈ ਤੇ ਨਾ ਵਿਖਾਉਣ ਯੋਗ ਲੱਗਦੀ ਹੈ। ਜਿਸਨੂੰ ਨਾ ਚੰਗੀ ਤਰ੍ਹਾਂ ਪਹਿਨਣ ਪਚਰਨ ਦੀ ਜਾਚ ਹੈ ਨਾ ਟੈਲੀਫੋਨ ਤੇ ਮਿੱਠਾ ਬੋਲਣ ਦੀ। ਪਰ ਕਿੰਨੀ ਵੀ ਗਈ ਗੁਜਰੀ ਹੋਵੇ, ਪਤਨੀ ਤਾਂ ਆਖਿਰ ਪਤਨੀ ਹੀ ਹੁੰਦੀ ਹੈ। ਉਸ ਨਾਲ ਉਮਰ ਬਿਤਾਈ ਹੁੰਦੀ ਹੈ ਤੁਸੀਂ। ਹੁਣ ਜੇ ਸਾਰੇ ਮਰਦ ਤਹਿਸੀਲ਼ਦਾਰ ਵਾਂਗ ਹੀ ਸੋਚਣ ਲੱਗ ਪੈਣ....। ਇਕ ਗੱਲ ਹੈ ਕਿ ਤਹਿਸੀਲਦਾਰਨੀ ਵਿਚ ਹੰਕਾਰ ਵੀ ਹੈ ਕਿ ਤਹਿਸੀਲਦਾਰ ਦੀ ਕਲਰਕ ਤੋਂ ਤਹਿਸੀਲਦਾਰ ਤਕ ਦੀ ਤਰੱਕੀ ਉਸ ਕਰਕੇ ਹੋਈ ਹੈ, ਉਸਦੀ ਕਿਸਮਤ ਦਾ ਫਲ ਹੈ ਸਾਰਾ, ਜਿਹਦਾ ਸਾਰਾ ਟੱਬਰ ਮਜ਼ਾ ਲੈ ਰਿਹਾ ਹੈ। ਪਰ ਜੀ ਵਿਚਾਰਾ ਪਤੀ ਵੀ ਕੀ ਕਰੇ ਅਜਿਹੀ ਜਨਾਨੀ ਦਾ ਜਿਹੜੀ ਉਭੜ ਖਾਬੜ ਤੇ ਖੁੱਥੜ ਜਿਹੀ ਦਿਸੇ, ਕੋਈ ਰੰਗ ਜਾਂ ਰੋਮਾਂਸ ਨਹੀਂ, ਸ਼ਾਮ ਸੱਤ ਵਜੇ ਹੀ ਖਾ ਰੱਜ ਕੇ ਬੈੱਡ ਤੇ ਪਈ ਉੱਚੀ ਉੱਚੀ ਘੁਰਾੜੇ ਮਾਰ ਰਹੀ ਹੋਏ। ਤੇ ਭਾ ਜੀ ਜਦੋਂ ਮਾਰਕਿਟ ਵਿਚ ਤੁਹਾਨੂੰ ਚੰਗੀ ਤੋਂ ਚੰਗੀ ਚੀਜ਼ ਮਿਲਦੀ ਹੋਏ। ਬੰਦੇ ਕੋਲ ਖਰੀਦ ਸ਼ਕਤੀ ਵੀ ਹੋਏ, ਤਾਂ ਬੰਦਾ ਤਾਂ ਡੋਲੇਗਾ ਹੀ। ਤੁਸੀਂ ਲੇਖਕ ਲੋਕ ਹੋ ਸਕਦਾ ਹੈ ਇਸ ਨੂੰ ਗਲਤ ਜਾਂ ਗਿਰਿਆ ਹੋਇਆ ਸਮਝੋ ਪਰ ਜਦੋਂ ਸਮਾਜ ਵਿਚ ਇਹ ਸੱਭ ਇਸੇ ਤਰ੍ਹਾਂ ਵਾਪਰ ਰਿਹਾ ਹੈ ਤਾਂ ਤੁਸੀਂ ਲੋਕ ਕੀ ਕਰ ਸਕਦੇ ਹੋ।

ਅੱਕਿਆ ਹੋਇਆ ਤਹਿਸੀਲਦਾਰ ਇਕ ਦਿਨ ਤਹਿਸੀਲਦਾਰਨੀ ਨੂੰ ਕਹਿੰਦਾ ਹੈ-

-ਅੱਜ ਤੋਂ ਬਾਦ ਇਸ ਘਰ ਵਿਚ ਤੂੰ ਰਹੇਂਗੀ ਜਾਂ ਮੈਂ।

-ਤਹਿਸੀਲ਼ਦਾਰਨੀ ਕਿਧਰੇ ਚਲੀ ਜਾਂਦੀ ਹੈ। ਵੈਸੇ ਇਕ ਗੱਲ ਹੈ ਕਿ ਗਲਤ ਪੈਸੇ ਨਾਲ ਬਣੇ ਘਰਾਂ ਵਿਚ ਸੁੱਖ ਸ਼ਾਤੀ ਹੋ ਵੀ ਨਹੀਂ ਸਕਦੀ। ਕੋਈ ਵੀ ਚੀਜ਼ ਜਿਹੜੀ ਹੱਕ ਹਲਾਲ ਜਾਂ ਮਿਹਨਤ ਦੀ ਕਮਾਈ ਨਾਲ ਨਾ ਬਣੀ ਹੋਵੇ ਉਹ ਬੰਦੇ ਨੂੰ ਉਹ ਸੁੱਖ ਸ਼ਾਂਤੀ ਨਹੀਂ ਪੁਚਾ ਸਕਦੀ ਜੋ ਬੰਦੇ ਦੀ ਦਸਾਂ ਨੌਹਾਂ ਦੀ ਕਿਰਤ ਨਾਲ ਪ੍ਰਾਪਤ ਹੁੰਦੀ ਹੈ। ਵੈਸੇ ਤਾਂ ਬੇਇਮਾਨੀ ਕਰਨ ਵਾਲੇ ਨੇ ਵੀ ਮਿਹਨਤ ਤਾਂ ਕੀਤੀ ਹੁੰਦੀ ਹੈ। ਰਿਸ਼ਵਤ ਲੈਣੀ ਵੀ ਕੋਈ ਸੌਖੀ ਨਹੀਂ ਹੈ। ਬੰਦੇ ਦਾ ਡਰ ਨਾਲ ਲਹੂ ਸੁਕ ਜਾਂਦਾ ਹੈ ਕਿ ਕਿਤੇ ਕਿਸੇ ਜਾਲ ਵਿਚ ਹੀ ਨਾ ਫਸ ਜਾਵੇ। ਕਿੰਨਾ ਰਿਸਕ ਉਠਾਉਣਾ ਹੁੰਦਾ ਹੈ। ਪਰ ਨੇਕੀ ਫਿਰ ਨੇਕੀ ਹੈ, ਤੇ ਬਦੀ ਫਿਰ ਬਦੀ। ਇਸ ਕਹਾਣੀ ਦਾ ਨਾਂ ਨੇਕੀ ਅਤੇ ਬਦੀ ਵੀ ਹੋ ਸਕਦਾ ਹੈ.... ਤੇ ਭਾ ਜੀ ਤਹਿਸੀਲਦਾਰਨੀ ਚਲੀ ਜਾਂਦੀ ਹੈ, ਪਰ ਸੁੱਖ ਸ਼ਾਂਤੀ ਘਰ ਵਿਚ ਫੇਰ ਵੀ ਨਹੀਂ ਆਉਂਦੀ। ਵੇਖੋ, ਹੁਣ ਘਰ ਵਿਚ ਸੱਸ ਨਹੀਂ, ਨੂੰਹਾਂ ਨਹੀਂ, ਪੈਸਾ ਹੈ, ਅਹੁਦਾ ਹੈ ਪਰ ਫਿਰ ਵੀ

ਭਟਕਣ ਹੈ। ਇਹੀ ਗੱਲ ਹੈ ਕਹਾਣੀ ਵਿਚ ਲਿਆਉਣ ਵਾਲੀ ਸ਼ਤਾਂ ਕਿ ਪੜ੍ਹ ਕੇ ਲੋਕ ਸੁਧਰ ਸਕਣ, ਸਿੱਖਿਆ ਲੈ ਸਕਣ।.....ਤੇ ਹੁੰਦਾ ਕੀ ਹੈ ਕਿ ਇਕ ਦਿਨ ਦੋ ਕੁੜੀਆਂ ਤਹਿਸੀਲ਼ਦਾਰ ਨੂੰ ਮਿਲਣ ਆਉਂਦੀਆਂ ਹਨ। ਤੇ ਤਹਿਸੀਲਦਾਰ ਦਾ ਇਹ ਛੋਟਾ ਮੁੰਡਾ, ਤੁਸੀਂ ਕਹਾਣੀ ਵਿਚ ਇਸ ਦਾ ਨਾਂ ਪੱਪੂ ਰੱਖ ਲੌ, ਪੱਪੂ ਅਪਣੇ ਕਮਰੇ ਵਿਚ ਹੈ। ਉਸਨੂੰ ਕੋਈ ਪਤਾ ਨਹੀਂ ਕਿ ਕੌਣ ਆਇਆ ਹੈ ਘਰ ਵਿਚ.....।

ਪਿਓ ਪੁੱਤ ਦੇ ਕਮਰੇ ਵਿਚ ਆਉਂਦਾ ਹੈ ਤੇ ਵਧੀਆ ਜਿਹੇ ਚਾਹ ਦੇ ਤਿੰਨ ਕੱਪ ਬਣਾ ਕੇ ਲਿਆਉਣ ਲਈ ਕਹਿੰਦਾ ਹੈ।..... ਤੇ ਜੀ ਪੱਪੂ ਜਦੋਂ ਚਾਹ ਦੀ ਟ੍ਰੇਅ ਲੈ ਕੇ ਡਰਾਇੰਗਰੂਮ ਵਿਚ ਦਾਖਲ ਹੁੰਦਾ ਹੈ ਤਾਂ ਕੀ ਵੇਖਦਾ ਹੈ, ਸਾਹਮਣੇ ਸੋਫੇ ਤੇ ਦੋ ਕੁੜੀਆਂ ਬੈਠੀਆਂ ਹਨ। ਲਾਲ ਸੂਟ ਵਾਲੀ ਕੁੜੀ ਨਾਲ ਪੱਪੂ ਦੀ ਨਜ਼ਰ ਮਿਲਦੀ ਹੈ, ਤੇ ਉਸਦੇ ਹੱਥੋਂ ਚਾਹ ਵਾਲੀ ਟ੍ਰੇਅ ਛੁੱਟ ਕੇ, ਠਾਹ ਕਰਕੇ ਹੇਠਾਂ ਫਰਸ਼ ਤੇ ਡਿੱਗ ਪੈਂਦੀ ਹੈ। ਉਹ ਇਕ ਵਾਰ ਫਿਰ ਧਿਆਨ ਨਾਲ ਵੇਖਦਾ ਹੈ, ਇਹ ਕੁੜੀ ਤਾਂ ਸਿਮਰਨ ਹੈ, ਜਿਹੜੀ ਪਰਸੋਂ ਉਸਦੇ ਦੋਸਤ ਦੇ ਕਮਰੇ ਵਿਚ ਸੀ ਰਾਤ। ਸ਼ਰਾਬੀ ਹੋ ਗਈ ਸੀ,ਤੇ ਮੋਟੀਆਂ ਮੋਟੀਆਂ ਗ੍ਰਾਲਾਂ ਕੱਢਦੀ ਸੀ ਤੇ ਜਾਣ ਦਾ ਨਾਂ ਨਹੀਂ ਸੀ ਲੈ ਰਹੀ....। ਜਿਵੇਂ ਫਿਲਮਾਂ ਵਿਚ ਹੁੰਦਾ ਹੈ, ਪੱਪੂ ਦੀਆਂ ਅੱਖਾਂ ਅੱਗੇ ਧਰਤੀ ਗੋਲ ਗੋਲ ਘੁੰਮਣ ਲਗਦੀ ਹੈ। ਪਤਾ ਨਹੀਂ ਲਗਦਾ ਸ਼ੁਰੂ ਕਿੱਥੇ ਹੈ ਤੇ ਅੰਤ ਕਿਸ ਥਾਂ.... ਭਾ ਜੀ ਇਸ ਸੀਨ ਤੇ ਤੁਸੀਂ ਸਾਰਾ ਜ਼ੋਰ ਲਗਾ ਦਿਓ....ਕਿ ਇਕ ਦੂਸਰੇ ਨੂੰ ਵੇਖਕੇ ਪੱਪੂ ਤੇ ਸਿਮਰਨ ਦੇ ਦਿਲ ਵਿਚ ਕੀ ਚਲਦਾ ਹੈ ਇਸ ਵਕਤ। ਹੀਰੋ ਤੇ ਕੀ ਬੀਤਦੀ ਹੈ ਤੇ ਹਿਰੋਇਨ ਦੇ ਮਨ ਤੇ ਕੀ। ਤੇ ਪੁੱਤ ਅਪਣੇ ਪਿਓ ਦੇ ਬਾਰੇ ਕੀ ਸੋਚਦਾ ਹੈ ਕਿ ਉਹ ਕਿੰਨਾ ਗਿਰਿਆ ਹੋਇਆ ਇਨਸਾਨ ਹੈ। ਸੁਣਿਆ ਤਾਂ ਉਸਨੇ ਹੋਇਆ ਸੀ ਪਰ ਅੱਜ ਅਪਣੀਆਂ ਅੱਖਾਂ ਨਾਲ ਵੇਖਕੇ, ਉਹ ਬਰਦਾਸ਼ਤ ਨਹੀਂ ਕਰ ਪਾਉਂਦਾ ਕਿ ਕਿੰਨੇ ਇਖਲਾਕ ਤੋਂ ਗਿਰੇ ਹੋਏ ਪਿਓ ਦਾ ਪੁੱਤਰ ਹੈ ਉਹ।ਅਪਣੇ ਆਪ ਨੂੰ ਸਮਝਾਉਂਦਾ ਹੈ ਕਿ ਬਹੁਤ ਲੋਕ ਦੁਨੀਆਂ ਵਿਚ ਹਨ ਜੋ ਇਸ ਤਰ੍ਹਾਂ ਕਰਦੇ ਹਨ। ਦੁਨੀਆਂ ਵਿਚ ਕੌਣ ਹੈ ਜਿਸ ਕਦੀ ਗੁਨਾਹ ਨਹੀਂ ਕੀਤਾ। ਜੋ ਗੁਨਾਹਗਾਰ ਨਹੀਂ।ਪਰ ਜੀ ਉਸ ਮੁੰਡੇ ਦੇ ਮਨ ਵਿਚ ਇਹ ਗੱਲ ਬਹਿ ਜਾਂਦੀ ਹੈ ਕਿ ਉਸ ਦਾ ਪਿਓ ਇਕ ਚੰਗਾ ਆਦਮੀ ਕਿਓਂ ਨਹੀਂ।

-ਕਹਾਣੀ ਵਿਚ ਤੁਸੀਂ ਮੁੰਡੇ ਨੂੰ ਭਟਕਦਿਆਂ ਵਿਖਾਓ, ਅਪਣੇ ਆਪ ਨਾਲ ਦਿਨ ਰਾਤ ਲੜਦਿਆਂ ਤੇ ਅਪਣੇ ਆਪ ਨੂੰ ਲੱਖ ਯਤਨ ਕਰਨ ਬਾਦ ਵੀ ਸਮਝਾ ਨਾ ਸਕਦਿਆਂ। ਰਾਤ ਨੂੰ ਸੌਂ ਨਾ ਪਾਉਂਦਿਆਂ ਤੇ ਅੱਧੀ ਅੱਧੀ ਰਾਤ ਗਏ ਉੱਠ ਉੱਠ ਕੇ ਟਹਿਲਦਿਆਂ। ਅਪਣੇ ਪਿਓ ਨਾਲ ਨਾ ਬੋਲਦਿਆਂ, ਬਚਦਿਆਂ, ਅੱਖ ਨਾ ਮਿਲਾਉਂਦਿਆਂ.... ਤੇ ਕਹਾਣੀ ਦੇ ਅੰਤ ਤੇ ਤੁਸੀਂ ਵਿਖਾ ਦਿਓ ਕਿ ਉਹ ਮੁੰਡਾ ਆਤਮ ਹੱਤਿਆ ਕਰ ਲੈਂਦਾ ਹੈ।

ਕਹਾਣੀ ਖਤਮ ਕਰਕੇ ਉਹ ਮੇਰੇ ਮੂੰਹ ਵੱਲ ਵੇਖਣ ਲੱਗਾ। ਉਸ ਦੀਆਂ ਅੱਖਾਂ ਵਿਚ ਵਿਸ਼ਵਾਸ ਦੀ ਇਕ ਚਮਕ ਸੀ ਕਿ ਉਸਦਾ ਆਈਡੀਆ ਅਜਿਹਾ ਹੋ ਹੀ ਨਹੀਂ ਸਕਦਾ, ਜਿਸ ਨੂੰ ਕੋਈ ਨਿੰਦ ਸਕੇ, ਜਾਂ ਕਮਜ਼ੋਰ ਕਹਿ ਸਕੇ। ਉਸ ਨੂੰ ਉਡੀਕ ਸੀ ਕਿ ਮੈਂ ਉਸਦੀ ਪ੍ਰਸ਼ੰਸ਼ਾ ਦੇ ਪੁੱਲ ਬੰਨ ਦਿਆਂਗਾ ਕਿ ਲਾਜਵਾਬ ਹੈ, ਪੰਜਾਬੀ ਕਹਾਣੀ ਵਿਚ ਇਹੋ ਜਿਹੇ ਅਈਡੀਆਂ ਦੀ ਬੜੀ ਘਾਟ ਹੈ, ਨਹੀਂ ਤਾਂ ਇਸ ਨੇ ਕਿਤੋਂ ਤੋਂ ਕਿਤੇ ਪੁੱਜ ਗਈ ਹੋਣਾ ਸੀ ਅੱਜ ਤਕ...। ਮੈਂ ਸੋਚ ਰਿਹਾ ਸਾਂ ਇਸ ਵਿਚ ਇਕ ਤਬਦੀਲੀ ਕਰਨੀ ਹੋਵੇਗੀ। ਜਿੱਥੇ ਮੁੰਡੇ ਨੂੰ ਆਤਮ ਹੱਤਿਆ ਕਰਦਿਆਂ ਵਿਖਾਇਆ ਗਿਆ ਹੈ,ਉਸ ਦੀ ਥਾਂ ਲਿਖਣਾ ਹੋਵੇਗਾ ਕਿ ਉਹ ਮੁੰਡਾ ਇਸ ਵਕਤ ਮੇਰੇ ਸਾਹਮਣੇ ਬੈਠਾ ਹੈ ਤੇ ਖੁਸ਼ ਹੈ।

ਮੋ : 98144-09010



## ਡਾਉਨ ਟਾਉਨ/ਕੁਲਜੀਤ ਮਾਨ

ਡਾਉਨ ਟਾਉਨ ਵਿਚ ਘੁੰਮਦਿਆਂ ਰਾਮ ਸਿੰਘ ਨੂੰ ਯਾਦ ਆਇਆ ਸਵੇਰ ਦਾ ਸਮਾਂ। ਪਤਾ ਨਹੀਂ ਕੀ ਕਰਨੇ ਹਨ ਇਸਨੇ ਇਤਨੇ ਡਾਲਰ, ਪਰਮਾਤਮਾ ਨੇ ਸਭ ਕੁਝ ਤੇ ਦਿੱਤਾ ਹੈ, ਉਸਦਾ ਸ਼ੁਕਰ ਕਰਨਾ ਚਾਹੀਦਾ ਹੈ। ਸਾਰੀ ਉਮਰ ਕੰਮ ਹੀ ਤੇ ਕੀਤਾ ਹੈ ਤੇ ਹੁਣ ਦੋ ਜੌਬਾਂ ਦਾ ਚਾਅ ਚੜ੍ਹਿਆ ਪਿਆ ਹੈ। ਰਾਮ ਸਿੰਘ ਕਿਸੇ ਹੋਰ ਨਜ਼ਰੀਏ ਤੋਂ ਵੀ ਸੋਚ ਰਿਹਾ ਸੀ। ਉਸਨੂੰ ਇੰਝ ਲਗਦਾ ਸੀ ਕਿ ਪੰਮੀ ਘਰ ਵਿਚ ਰਹਿਣਾ ਹੀ ਨਹੀਂ ਚਾਹੁੰਦੀ।ਕਈ ਵਾਰੀ ਕਹਿ ਚੁੱਕੀ ਹੈ ਕਿ ਉਸਦਾ ਘਰ ਵਿਚ ਦਮ ਘੁਟਦਾ ਹੈ। ਰਾਮ ਸਿੰਘ ਨੇ ਇਸ ਬਾਰੇ ਆਪਣੇ ਡਾਕਟਰ ਨਾਲ ਵੀ ਗੱਲ ਕੀਤੀ ਸੀ। ਉਸਦਾ ਵੀ ਇਹੋ ਵਿਚਾਰ ਸੀ ਕਿ ਪੰਮੀ ਲਗਦੈ ਹੈ ਕਿ ਡਿਪਰੈਸ਼ਨ ਵਿਚ ਹੈ।

ਪੰਮੀ ਦੀ ਸ਼ੁਰੂ ਤੋਂ ਹੀ ਆਦਤ ਹੈ ਉਹ ਦੁਆਈ ਨਹੀਂ ਖਾਂਦੀ। ਪੀਣ ਵਾਲੀ ਤੇ ਪੀ ਲੈਂਦੀ ਹੈ ਪਰ ਗੋਲੀ ਲੰਘਾਉਣੀ ਉਹਦੇ ਲਈ ਜਮ੍ਹਾਂ ਈ ਮੁਸ਼ਕਲ ਹੈ। ਪਹਿਲਾਂ ਗੋਲੀ ਨੂੰ ਉਂਗਲ ਨਾਲ ਅੱਗੇ ਤੱਕ ਧਕੇਗੀ ਤੇ ਫਿਰ ਪਾਣੀ ਪੀਵੇਗੀ ਤੇ ਬਾਦ ਵਿਚ ਇੱਕ ਕੰਬਣੀ ਜਿਹੀ ਮਹਿਸੂਸ ਕਰੇਗੀ।

ਰਾਮ ਸਿੰਘ ਇਸ ਬਾਰੇ ਇੰਟਰਨੈੱਟ ਤੇ ਵੀ ਖੋਜ ਕਰਦਾ ਪਰ ਕਿਸੇ ਵੀ ਗੱਲ ਨਾਲ ਉਸਦੀ ਤਸੱਲੀ ਨਹੀਂ ਹੋ ਰਹੀ ਸੀ। ਉਹ ਪੰਮੀ ਲਈ ਕੁਝ ਕਰਨਾ ਚਾਹੁੰਦਾ ਸੀ।ਐਲੋਪੈਥੀ ਗੋਲੀਆਂ ਤੇ ਉਸਨੂੰ ਵੀ ਬਹੁਤਾ ਵਿਸ਼ਵਾਸ ਨਹੀਂ ਸੀ। ਸਾਈਡ ਅਫੈਕਟ ਹਨ ਹਰ ਚੀਜ਼ ਦੇ,ਉਹ ਭਾਵੇਂ ਦੁਆਈ ਹੋਵੇ ਜਾਂ ਬਹੁਤਾ ਕੰਮ। ਪੰਮੀ ਨੇ ਤੇ ਜ਼ਿੱਦ ਹੀ ਫੜ ਲਈ ਸੀ। ਜਦੋਂ ਦੀ ਕੁੜੀ ਇੰਡਸਰ ਯੂਨੀਵਰਸਿਟੀ ਗਈ ਸੀ,ਪੰਮੀ ਨੇ ਤਾਂ ਇੱਕ ਕਾਣ ਵਾਲਾ ਮੰਜਾ ਹੀ ਦਿਲ ਵਿਚ ਬੈਠਾ ਲਿਆ ਸੀ ਜਿਵੇਂ ਉਸਦੇ ਬਗੈਰ ਕੁੜੀ ਦੀ ਪੜ੍ਹਾਈ ਅਧੂਰੀ ਰਹਿ ਜਾਣੀ ਹੈ।ਅਸਲ ਵਿਚ ਮੰਜੇ ਵਿਚ ਕਾਣ ਤੇ ਹੈ ਹੀ ਨਹੀਂ ਸੀ। ਘਰ ਵਿਚ ਇਕਵਿਟੀ ਹੀ ਇਤਨੀ ਸੀ ਕਿ ਕਦੇ ਵੀ ਘਾਟ ਆਉਣ ਵਾਲੀ ਨਹੀਂ ਸੀ। ਐਜੂਕੇਸ਼ਨ ਸੇਵਿੰਗ ਪਲੈਨ ਦੇ ਪੈਸੇ ਵਖਰੇ, ਲੋੜ ਪੈਣ ਤੇ ਸਟੂਡੈਂਟ ਲੋਨ ਵੀ ਲਿਆ ਜਾ ਸਕਦਾ ਸੀ ਪਰ ਪੰਮੀ ਨੂੰ ਕੌਣ ਸਮਝਾਵੇ ?

ਰਾਮ ਸਿੰਘ ਦੀ ਸੋਚ ਵਿਚ ਇਹ ਗੱਲ ਸੀ ਕਿ ਪੰਮੀ ਨੂੰ ਖੁਸ਼ ਰਹਿਣਾ ਚਾਹੀਦਾ ਹੈ ਪਰ ਕਿਵੇਂ ਰਹੇ ਖੁਸ਼ ? ਉਹ ਹਮੇਸ਼ਾਂ ਉਦਾਸ ਔਰਤਾਂ ਨਾਲ ਗੱਲਾਂ ਕਰਨ ਦੀ ਕੋਸ਼ਿਸ਼ ਕਰਦਾ।ਉਨ੍ਹਾਂ ਬਾਰੇ ਜਾਨਣ ਦੀ ਕੋਸ਼ਿਸ਼ ਕਰਦਾ। ਕਈ ਸਿਰੇ ਦੀਆ ਸੋਹਣੀਆਂ ਮੁਟਿਆਰਾਂ ਵੀ ਉਦਾਸੀ ਵਿਚ ਸਨ। ਉਹ ਉਨ੍ਹਾਂ ਦੀ ਉਦਾਸੀ ਦੇ ਕਾਰਣ ਘੋਖਣ ਦੀ ਕੋਸ਼ਿਸ਼ ਕਰਦਾ।

ਡਾਉਨ ਟਾਉਨ ਵਿਚ ਹੀ ਉਸਨੂੰ ਇਕ ਜੁਆਨ ਮੰਗਤੀ ਮਿਲੀ ਸੀ। ਉਸਦਾ ਨਾਮ ਪੈਗੀ ਸੀ। ਹੋਮਲੈੱਸ ਪੈਗੀ ਕੋਲ ਇੱਕ ਕੁੱਤਾ ਵੀ ਹੁੰਦਾ ਜਿਸਦਾ ਨਾਮ ਐਗਨਸ ਸੀ।ਐਗਨਸ ਹਮੇਸ਼ਾਂ ਪੈਗੀ ਨਾਲ ਜੁੜ ਕੇ ਬੈਠਦਾ ਜਿਵੇਂ ਉਸਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

ਡੰਡਾਸ ਸਰਕਲ ਦੇ ਆਲੇ ਦੁਆਲੇ ਹੀ ਉਹ ਕਿਸੇ ਨਾ ਕਿਸੇ ਨੁੱਕਰ ਵਿਚ ਬੈਠੀ ਹੁੰਦੀ। ਕਿਸੇ ਕੋਲੋਂ ਕੁਝ ਵੀ ਮੰਗਦੀ ਨਾਂਹ, ਸਿਰਫ ਉਹਦੇ ਅੱਗੇ ਇੱਕ ਖਾਲੀ ਕਾਫੀ ਦਾ ਕੱਪ ਹੁੰਦਾ ਤੇ ਲੋਕ ਉਸ ਵਿਚ ਕੁਝ ਨਾ ਕੁਝ ਪਾ ਦਿੰਦੇ। ਉਹ ਧੰਨਵਾਦ ਤੱਕ ਨਾ ਕਰਦੀ। ਜਿਵੇਂ ਕਹਿ ਰਹੀ ਹੋਵੇ ਕਿ ਦੇਣਾ ਹੈ ਦੇ ਨਹੀਂ ਤਾਂ ਦਫਾ ਹੋ। ਰਾਮ ਸਿੰਘ ਆਪਣੀ ਹੌਟ ਡੌਗ ਵਾਲੀ ਕਾਰਟ ਤੇ ਜਦੋਂ ਬਿਜ਼ੀ ਨਾ ਹੁੰਦਾ ਉਸ ਵੱਲ ਕਦੇ ਕਦੇ ਵੇਖ ਲੈਂਦਾ।

ਉਹ ਕਦੇ ਕਦੇ ਉਸਦੀ ਕਾਰਟ ਤੇ ਆਉਂਦੀ, ਆਪਣੇ ਲਈ ਹੌਟ ਡੌਗ ਤੇ ਐਗਨਸ

ਲਈ ਸੌਸੇਜ਼ ਲੈਂਦੀ। ਪੀਣ ਲਈ ਉਸਨੇ ਕਦੇ ਵੀ ਸੌਫਟ ਡਰਿੰਕ ਨਹੀਂ ਲਿਆ ਸੀ। ਰਾਮ ਸਿੰਘ ਨੂੰ ਪਤਾ ਲੱਗ ਗਿਆ ਕਿ ਉਹ ਸੌਫਟ ਡਰਿੰਕ ਸਿਰਫ ਪੈਸਿਆਂ ਕਰਕੇ ਨਹੀਂ ਲੈਂਦੀ। ਹੌਟ ਡਾਗ ਖਾਕੇ ਉਹ ਕਿਸੇ ਵਾਸ਼ਰੂਮ ਵਿਚੋਂ ਪਾਣੀ ਪੀ ਲੈਂਦੀ ਸੀ। ਪੈਰੀ ਨੇ ਆਪ ਹੀ ਦਸਿਆ ਸੀ। ਕੋਈ ਕੀ ਕਰੇ, ਕੋਕ ਦਾ ਕੈਨ ਵੀ ਡਾਲਰ ਦਾ ਤੇ ਪਾਣੀ ਦੀ ਬੋਤਲ ਵੀ ਇੱਕ ਡਾਲਰ ਦੀ।

ਪੈਰੀ ਕਦੇ ਕਦੇ ਰਾਮ ਸਿੰਘ ਦੀ ਕਾਰਟ ਦੇ ਕੋਲ ਹੀ ਕਿਸੇ ਨੁੱਕਰ ਵਿਚ ਬੈਠ ਜਾਂਦੀ। ਮੰਗਣਾ ਵੀ ਇੱਕ ਕੰਮ ਹੈ, ਕਦੇ ਵੀ ਮੰਗਣ ਵਾਲੀ ਜਗ੍ਹਾ ਤੇ ਬੈਠ ਕੇ ਸਿਗਰਟ ਨਾ ਪੀਂਦੀ, ਜਦੋਂ ਵੀ ਸਿਗਰਟ ਪੀਣੀ ਹੁੰਦੀ, ਉੱਠਕੇ ਕੁਝ ਦੂਰ ਚਲੇ ਜਾਂਦੀ। ਆਖਰੀ ਸੂਟੇ ਨੂੰ ਜ਼ੋਰ ਨਾਲ ਖਿਚਦੀ ਤੇ ਵਾਪਸ ਐਗਨਸ ਕੋਲ ਆ ਜਾਂਦੀ।

ਗੋਡਿਆਂ ਤੋਂ ਉਪਰ ਉਸਦੀ ਜੀਨ ਪਾਟੀ ਹੋਈ ਸੀ, ਪਤਾ ਨਹੀਂ ਘਸ ਗਈ ਸੀ ਜਾਂ ਉਸਨੇ ਜਾਣਕੇ ਉੱਥੋਂ ਪਾੜ ਲਈ ਸੀ। ਪਾਟੀ ਜਗ੍ਹਾ ਤੋਂ ਉਸਦੇ ਗੋਰੇ ਪੱਟ ਦੀ ਝਲਕ ਪੈਂਦੀ ਤੇ ਲੰਘਣ ਵਾਲਾ ਹੋਰ ਜਜ਼ਬਾਤੀ ਹੋ ਜਾਂਦਾ। ਇਹੋ ਜਿਹੀ ਸਥਿਤੀ ਪੈਦਾ ਹੋ ਜਾਂਦੀ ਕਿ ਕਿਤਨੀ ਸੋਹਣੀ ਕੁੜੀ ਹੈ ਤੇ ਜ਼ਿੰਦਗੀ ਨੇ ਉਸ ਨਾਲ ਪਤਾ ਨਹੀਂ ਕੀ ਧਰੋਅ ਕਮਾਇਆ ਹੈ। ਸਰੀਰ ਦੀ ਉਹ ਭਾਰੀ ਸੀ, ਜਿਸਨੂੰ ਰਿਸ਼ਟ ਪੁਸ਼ਟ ਕਿਹਾ ਜਾ ਸਕਦਾ ਹੈ। ਚੇਹਰੇ ਤੇ ਉਦਾਸੀ ਤੇ ਕਪੜੇ ਅੱਧੋਰਾਣੇ, ਬਿਲਕੁਲ ਡਾਊਨ ਟਾਊਨ ਵਿਚ ਬੈਠੀ ਜਾਂ ਤੁਰੀ ਫਿਰਦੀ ਮੰਗਤੀ ਹੀ ਲਗਦੀ ਤੇ ਇਹੋ ਉਸਦਾ ਕਸਬ ਸੀ। ਇੱਕ ਹਿਸਾਬ ਨਾਲ ਉਹ ਆਪਣੇ ਕੰਮ ਵਿਚ ਨਿਪੁੰਨ ਸੀ ਜੇ ਓਪਰੇ ਲਹਿਜੇ ਤੋਂ ਵਾਚਣਾ ਹੋਵੇ।

ਰਾਮ ਸਿੰਘ ਪਤਾ ਨਹੀਂ ਕਿਉਂ ਉਸਦੀ ਜ਼ਿੰਦਗੀ ਬਾਰੇ ਜਾਨਣਾ ਚਾਹੁੰਦਾ ਸੀ। ਸ਼ਾਇਦ ਉਸਦੀ ਕਹਾਣੀ ਵਿਚੋਂ ਉਸਨੂੰ ਪੰਮੀ ਨੂੰ ਖੁਸ਼ ਕਰਨ ਦਾ ਕੋਈ ਸੁਰਾਗ ਮਿਲ ਜਾਵੇ। ਪੈਰੀ ਦੀ ਉਮਰ ਤੀਹ ਤੋਂ ਘਟ ਹੋਵੇਗੀ, ਇਹ ਵੀ ਹੋ ਸਕਦਾ ਹੈ ਪਚੀਆਂ ਤੋਂ ਵੀ ਘਟ ਹੋਵੇ ਪਰ ਤੀਹ ਤੋਂ ਉਪਰ ਤਾਂ ਬਿਲਕੁਲ ਨਹੀਂ ਸੀ। ਪੰਮੀ ਹੁਣ ਪੰਜਾਹਾਂ ਤੋਂ ਟਪ ਚੁੱਕੀ ਸੀ ਪਰ ਲਗਦੀ ਸਠਾਂ ਤੋਂ ਵਧ ਸੀ।

ਪੈਰੀ ਹੌਲੀ ਹੌਲੀ ਤੁਰਦੀ, ਹੌਟ ਡੌਗ ਕਾਰਟ ਆਈ ਤੇ ਉਸਨੇ ਹੌਟ ਡੌਗ ਆਰਡਰ ਕੀਤਾ ਤੇ ਪੁੱਛਿਆ, "ਮਿਸਟਰ ਰਾਮ ਯੂ ਲੁਕ ਹੈਪੀ ਟੂਡੇ ?"

"ਹਾਂ ਪੈਰੀ, ਅੱਜ ਮੈ ਅੱਗੇ ਨਾਲੋਂ ਬੇਹਤਰ ਹਾਂ, ਕਾਰਣ ਇਹ ਹੈ ਕਿ ਮੇਰੀ ਕੁੜੀ ਅੱਜ ਵਿੰਡਸਰ ਤੋਂ ਆ ਰਹੀ ਹੈ, ਵੀਕ ਐਂਡ ਤੇ ਘਰੇ ਹੀ ਰਹੇਗੀ। ਅੱਜ ਸ਼ਾਮ ਨੂੰ ਅਸੀਂ ਸਾਰਾ ਪਰਿਵਾਰ ਇਕੱਠੇ ਬੈਠਾਂਗੇ ਤੇ ਢੇਰ ਸਾਰੀਆਂ ਗੱਲਾਂ ਕਰਾਂਗੇ।"

" ਓ.. ਗਰੇਟ ਵੈਰੀ ਨਾਇਸ"।

"ਉਂਝ ਵੀ ਕਰਿਸਮਿਸ ਆਉਣ ਵਾਲੀ ਹੈ, ਖੁਸ਼ੀ ਤੇ ਹੌਲੀ ਹੌਲੀ ਤੁਰ ਹੀ ਪਈ ਹੈ ਸਾਰਿਆਂ ਵੱਲ, ਕੀ ਤੂੰ ਖੁਸ਼ ਨਹੀਂ ਹੈਂ ? ਰਾਮ ਸਿੰਘ ਨੇ ਕਿਹਾ।

ਪੈਰੀ ਹੱਸ ਪਈ, "ਉਹ ਯਾਹ ਮੀ ਟੂ।"

"ਕੀ ਤੂੰ ਵੀ ਕਰਿਸਮਿਸ ਤੇ ਆਪਣੇ ਪਰਿਵਾਰ ਕੋਲ ਜਾ ਰਹੀ ਹੈਂ ?" ਇਹ ਇੱਕ ਇਹੋ ਜਿਹਾ ਸੁਆਲ ਸੀ ਜੋ ਰਾਮ ਸਿੰਘ ਨੂੰ ਪੁੱਛਣਾ ਨਹੀਂ ਚਾਹੀਦਾ ਸੀ ਪਰ ਉਸਨੇ ਅੱਜ ਪੁੱਛ ਹੀ ਲਿਆ।

"ਨੋ ਰਾਮ ਸਿੰਘ, ਮੈਂ ਕਿਤੇ ਨਹੀਂ ਜਾ ਰਹੀ। ਕਰਿਸਮਿਸ ਵੀ ਐਗਨਸ ਨਾਲ ਡੰਡਾਸ ਦੇ ਆਲੇ ਦੁਆਲੇ ਹੀ ਗੁਜ਼ਾਰਾਂਗੀ , ਉਂਝ ਵੀ ਕਰਿਸਮਿਸ ਤੇ ਲੋਕ ਬਹੁਤ ਦਿਆਲੂ ਹੁੰਦੇ ਹਨ। ਚਾਰ ਡਾਲਰ ਬਣ ਗਏ ਤਾਂ ਐਗਨਸ ਲਈ ਵਧੀਆ ਜਿਹੇ ਸਨੈਕਸ ਖਰੀਦਾਂਗੀ। ਠੰਡ ਵਿਚ ਇਸਨੂੰ ਜੈੱਕਟ



ਵੀ ਚਾਹੀਦੀ ਹੈ, ਨਿੱਕ ਸੁੱਕ ਖਾ ਕੇ ਇਹ ਵੀ ਅਕਿਆ ਪਿਆ ਹੈ।"

"ਚੰਗਾ ਪੈਰੀ ਅੱਜ ਮੈ ਜਲਦੀ ਜਾਣਾ ਹੈ, ਜੇ ਤੈਨੂੰ ਕੁਝ ਚਾਹੀਦਾ ਹੈ ਤਾਂ ਦਸ, ਮੈਂ ਐਗਨਸ ਲਈ ਸੌਸੇਜ਼ ਤਿਆਰ ਕਰਦਾ ਹਾਂ ਫਰੀ, ਮੇਰੇ ਵੱਲੋਂ।"

"ਹਾਂ ਹਾਂ ਕਿਉਂ ਨਹੀਂ ਅੱਜ ਤੇਰੀ ਕੁੜੀ ਜਿਉਂ ਆ ਰਹੀ ਹੈ, ਅੱਜ ਤੇ ਫਰੀ ਦੇਵੇਂਗਾ ਹੀ, ਗੌਡ ਬਲੈੱਸ ਹਰ।"

ਰਾਮ ਸਿੰਘ ਨੇ ਕਾਰਟ ਨੂੰ ਲੌਕ ਲਾਇਆ ਉਸਨੂੰ ਤਰਪਾਲ ਨਾਲ ਢੱਕ ਦਿੱਤਾ। ਕੁਝ ਜ਼ਰੂਰੀ ਵਸਤਾਂ ਉਸਨੇ ਬਾਹਰ ਕੱਢ ਲਈਆਂ, ਉਹ ਉਸਨੇ ਵੈਨ ਵਿਚ ਧਰਕੇ ਘਰੇ ਲੈ ਜਾਣੀਆਂ ਸਨ ਤੇ ਫਰੀਜ਼ਰ ਵਿਚ ਰਖ ਦੇਣੀਆਂ ਸਨ। ਉਂਝ ਤਾਂ ਉਹ ਵੀਕ ਐਂਡ ਵੀ ਆ ਜਾਂਦਾ ਸੀ, ਭਾਵੇਂ ਬਹੁਤੇ ਦਫਤਰ ਬੰਦ ਹੁੰਦੇ ਪਰ ਫਿਰ ਵੀ ਸੈਲਾਨੀ ਕਾਫੀ ਹੁੰਦੇ ਤੇ ਉਸਦਾ ਕੰਮ ਆਮ ਦਿਨਾਂ ਵਰਗਾ ਹੀ ਹੁੰਦਾ।"

" ਬਾਏ ਪੈਰੀ, ਬਾਏ ਐਗਨਸ।" ਰਾਮ ਸਿੰਘ ਨੇ ਵੈਨ ਵਿਚ ਵਸਤਾਂ ਰਖਕੇ ਵੈਨ ਤੋਰ ਲਈ। ਪੈਰੀ ਨੇ ਸੌਸੇਜ਼ ਸੰਭਾਲ ਲਏ। ਅਜੇ ਐਗਨਸ ਨੂੰ ਦੇਣ ਦਾ ਵਕਤ ਨਹੀਂ ਸੀ ਹੋਇਆ।

ਗਾਰਡਨਰ ਐਕਸਪਰੈਸ ਹਾਇਵੇ ਤੋਂ ਫੋਰ ਟੰਵਟੀ ਸੈਵਨ ਲੈਕੇ ਉਸਨੇ ਡੇਰੀ ਤੇ ਵੈਨ ਕੱਢ ਲਈ। ਉਸਨੂੰ ਚੇਤੇ ਆ ਗਿਆ ਸੀ ਕਿ ਪੰਮੀ ਦੀ ਡਿਪਰੈਸ਼ਨ ਦੀ ਦਵਾਈ ਮੁਕੀ ਹੋਈ ਹੈ। ਪਰਿਸਕਰਿਪਸ਼ਨ ਵੀ ਨਹੀਂ ਸੀ, ਇਸ ਲਈ ਉਸਨੇ ਡਾਕਟਰ ਨੂੰ ਫੋਨ ਕਰਕੇ ਫੈਕਸ ਕਰਵਾ ਦਿੱਤੀ ਸੀ। ਦਵਾਈ ਤਿਆਰ ਹੀ ਸੀ ਤੇ ਉਹ ਲੈਕੇ ਉਹ ਫਿਰ ਘਰ ਵੱਲ ਤੁਰ ਪਿਆ।

ਰਾਮ ਸਿੰਘ ਨੇ ਰੇਡੀਉ ਲਾਇਆ ਹੋਇਆ ਸੀ ਪਰ ਉਸਦਾ ਧਿਆਨ ਰੇਡੀਉ ਵਲ ਬਿਲਕੁਲ ਹੀ ਨਹੀਂ ਸੀ। ਉਹ ਪੰਮੀ ਬਾਰੇ ਸੋਚਣ ਲੱਗਾ। ਮਰਜਾਣੀ ਨੇ ਕਿਹੋ ਜਿਹੀ ਬਿਮਾਰੀ ਲਵਾ ਲਈ ਹੈ। ਅੱਜ ਚਾਰ ਸਾਲ ਹੋ ਗਏ ਹਨ ਡਿਪਰੇਸ਼ਨ ਦੀਆਂ ਗੋਲੀਆਂ ਖਾਂਦਿਆਂ ਨੂੰ। ਹੁਣ ਡਿਪਰੈਸ਼ਨ ਦੀ ਗੱਲ ਨਹੀਂ ਸਗੋਂ ਦਵਾਈ ਦੀ ਗੱਲ ਸੀ। ਜੇ ਨਾਂਹ ਖਾਵੇ ਜਾਂ ਮਿਸ ਹੋ ਜਾਵੇ ਤਾਂ ਅਗਲੇ ਦਿਨ ਬੈੱਡ ਤੋਂ ਉੱਠ ਹੀ ਨਹੀਂ ਸਕਦੀ। ਖੋਪੜੀ ਵਿਚ ਕਹਿੰਦੀ ਹਵਾ ਸਰਕਦੀ ਹੈ ਤੇ ਚਟਾਕੇ ਪੈਂਦੇ ਹਨ। ਡਾਕਟਰ ਕਹਿੰਦੀ ਕਿ ਇਹ ਹੌਲੀ ਹੌਲੀ ਛੱਡ ਹੋਵੇਗੀ। ਸਰੀਰ ਕੈਮੀਕਲ ਤੇ ਹੋ ਗਿਆ ਹੈ। ਲੋੜ ਬਣ ਗਈ ਹੈ ਸਰੀਰ ਦੀ।

ਦਵਾਈ ਸਰੀਰ ਦੀ ਲੋੜ ਤੇ ਕੰਮ ਘਰ ਦੀ ਲੋੜ। ਸਭ ਕੁਝ ਠੀਕ ਹੋਣਾ ਸੀ ਜੇ ਇਹ ਨਾਂਹ ਹੁੰਦਾ, ਉਹ ਨਾਂਹ ਹੁੰਦਾ। ਨਾਂਹ ਬੰਦਾ ਪੁੱਛੇ ਤੂੰ ਇਕੱਲੀ ਦੁਖੀ ਹੈਂ ? ਨਾਲੇ ਦੁੱਖ ਵੀ ਕਾਹਦਾ ? ਚੰਗਾ ਭਲਾ ਤੇ ਹੈ ਸਭ ਕੁਝ। ਸੋਚਾਂ ਵਿਚ ਹੀ ਸੀ ਜਦੋਂ ਘਰ ਪਹੁੰਚ ਗਿਆ। ਟਾਇਮ ਵੇਖਿਆ ਅਜੇ ਨਹੀਂ ਆਈ ਹੋਣੀ। ਚਾਰ ਘੰਟੇ ਦੀ ਡਰਾਈਵ ਹੈ, ਜੇ ਬਾਰਾਂ ਵਜ਼ੇ ਵੀ ਤੁਰੀ ਹੋਈ ਤਾਂ ਮਸੀਂ ਚਾਰ ਦੇ ਨੇੜੇ ਤੇੜੇ ਪਹੁੰਚੇਗੀ ।

ਵੈਨ ਬੰਦ ਕੀਤੀ ਤਾਂ ਫੋਨ ਖੜਕ ਪਿਆ। ਉਸਨੇ ਕੰਨ ਨੂੰ ਲਾਇਆ ਤਾਂ ਅੱਗੋਂ ਬਬੂ ਬੋਲੀ, "ਹਾਏ ਡੈਡ।"

"ਉਹ ਬਬੂ, ਵੇਅਰ ਆਰ ਯੂ ? ਕਦੋਂ ਤੱਕ ਪਹੁੰਚੇਗੀਂ ? ਮੈਂ ਹੁਣੇ ਘਰ ਪਹੁੰਚਿਆਂ ਹਾਂ, ਮੌਮ ਅੰਦਰ ਤੇਰੀ ਹੀ ਉਡੀਕ ਕਰ ਰਹੀ ਹੋਵੇਗੀ।"

"ਔਹ ਡੈਡ, ਮੌਮ ਦਾ ਬਹੁਤ ਚੇਤਾ ਆਉਂਦਾ ਤਾਂ ਗੱਲ ਕਰੋ ਮੌਮ ਨਾਲ।"

"ਹਾਂ ਜੀ ਤੁਸੀਂ ਆ ਗਏ ?" ਪੰਮੀ ਨੇ ਫੋਨ ਤੇ ਪੁੱਛਿਆ।

"ਤੁਸੀਂ ਕਿੱਥੇ ਹੋ, ਦੋਵੇਂ ਜਣੀਆਂ, ਇਹ ਕਦੋਂ ਆਈ ?"

"ਇਹ ਤਾਂ ਦਸ ਵਜੇ ਹੀ ਪਹੁੰਚ ਗਈ ਸੀ। ਮੈਂ ਤੇ ਹੈਰਾਨ ਹੋ ਗਈ। ਸਾਜਰੇ ਤੇ ਇਹ ਕਦੇ

ਉੱਠੀ ਨਹੀਂ, ਅੱਜ ਕਹਿੰਦੀ ਮੈ ਛੇ ਵਜੇ ਹੀ ਤੁਰ ਪਈ ਸੀ, ਕਾਫ਼ੀ ਵੀ ਰਾਹ ਵਿਚੋਂ ਹੀ ਪੀਤੀ। ਅਸੀਂ ਫੋਰਟੀਨੋ ਹਾਂ ਤੇ ਤੁਹਾਡੇ ਲਈ ਕੇਕ ਲੈ ਰਹੇ ਹਾਂ।"

"ਕਿਉਂ ਕੇਕ ਕਾਹਦੇ ਲਈ ?"

"ਮੈਂ ਵੀ ਪੁੱਛਿਆ ਸੀ, ਕਹਿੰਦੀ ਡੈਡ ਨੂੰ ਪਸੰਦ ਹੈ ਤੇ ਮੈਂ ਆਪਣੇ ਪੈਸੇ ਨਾਲ ਖਰੀਦਣਾ ਹੈ, ਹੁਣ ਕੰਮ ਜੂ ਕਰਨ ਲੱਗ ਪਈ ਹੈ.... ਪਾਰਟ ਟਾਇਮ।"

ਰਾਮ ਸਿੰਘ ਹੱਸ ਪਿਆ ਤੇ ਬੋਲਿਆ, " ਕਦੋਂ ਤੱਕ ਆਉਣਾ ਹੈ, ਮੈਂ ਤੇਰੇ ਲਈ ਚਾਹ ਧਰ ਦਿੰਦਾ ਹਾਂ, ਬਬੂ ਨੇ ਤੇ ਚਾਹ ਪੀਣੀ ਨਹੀਂ।"

"ਹਾਂ ਧਰ ਦੇਵੋ, ਅਸੀਂ ਦਸ ਮਿੰਟ ਵਿਚ ਪਹੁੰਚ ਜਾਣਾ ਹੈ, ਬਿਲ ਕਰਵਾ ਲਿਆ ਹੈ।"

ਦਸੰਬਰ ਦਾ ਅੱਧ ਬੀਤ ਚੁੱਕਾ ਸੀ ਤੇ ਬਹੁਤੇ ਦਫਤਰ ਬੰਦ ਹੋ ਰਹੇ ਸਨ। ਡਾਊਨ ਟਾਊਨ ਦਾ ਰਸ਼ ਘਟ ਰਿਹਾ ਸੀ। ਸੈਲਾਨੀ ਵੀ ਇਨ੍ਹਾਂ ਦਿਨਾਂ ਵਿਚ ਘਟ ਹੀ ਆਉਂਦੇ ਹਨ, ਲੋਕਲ ਲੋਕ ਹੀ ਲਾਈਟਾਂ ਵੇਖਣ ਗੇੜਾ ਮਾਰਦੇ ਹਨ ਪਰ ਉਹ ਕਾਰ ਵਿਚੋਂ ਬਾਹਰ ਘਟ ਹੀ ਨਿਕਲਦੇ ਹਨ। ਹੌਟ ਡੌਗ ਤੇ ਕਿਸੇ ਨੇ ਕੀ ਖਾਣਾ ਹੈ। ਰਾਮ ਸਿੰਘ ਨੇ ਵੀ ਦੋ ਕੁ ਦਿਨ ਹੀ ਹੋਰ ਆਉਣਾ ਸੀ। ਪਤਾ ਨਹੀਂ ਕਿਉਂ ਪੈਰੀ ਵਿਚੋਂ ਉਸਨੂੰ ਬਬੂ ਦੀ ਝਲਕ ਪੈਂਦੀ ਸੀ ਸ਼ਾਇਦ ਉਮਰ ਇੱਕੋ ਜਿਹੀ ਹੋਣ ਕਰਕੇ। ਉਹ ਉਸ ਨਾਲ ਗੱਲ ਕਰਨ ਲਈ ਕਈ ਦਿਨ੍ਹਾਂ ਤੋਂ ਜ਼ਮੀਨ ਤਿਆਰ ਕਰ ਰਿਹਾ ਸੀ। ਗੱਲ ਪੈਰੀ ਦੀ ਨਹੀਂ ਸਗੋਂ ਬਬੂ ਦੀ ਸੀ। ਉਹ ਨਹੀਂ ਚਾਹੁੰਦਾ ਸੀ ਕਿ ਬਬੂ ਨੂੰ ਕਦੇ ਇਹੋ ਜਿਹੀ ਸਥਿਤੀ ਦਾ ਸਾਹਮਣਾ ਕਰਨਾ ਪਵੇ ਜਿਸ ਵਿਚੋਂ ਉਸਦੀ ਮਾਂ ਨਿਕਲ ਰਹੀ ਹੈ ਜਾਂ ਉਸ ਵਿਚੋਂ ਕਦੇ ਵੀ ਉਸਨੂੰ ਪੈਰੀ ਦੀ ਝਲਕ ਪਵੇ।

ਪੈਰੀ ਨੇ ਹੌਟ ਡੌਗ ਲਿਆ ਤੇ ਕਹਿੰਣ ਲੱਗੀ, "ਰਾਮ ਸਿੰਘ ਮੈਂ ਵੇਖ ਰਹੀ ਹਾਂ ਕਿ ਤੂੰ ਕੁਝ ਹਮਦਰਦੀ ਕਰ ਰਿਹਾ ਹੈਂ ਤੇ ਮੈਨੂੰ ਹਮਦਰਦੀ ਤੋਂ ਚਿੜ ਹੈ। ਇਹੋ ਜਿਹੀ ਹਮਦਰਦੀ ਮੇਰੇ ਡੈਡ ਨੇ ਵੀ ਕੀਤੀ ਸੀ। ਸਿਰਫ ਹਮਦਰਦੀ ਤਾਂ ਤੁਹਾਡਾ ਲੱਕ ਤੋੜ ਦਿੰਦੀ ਹੈ।"

"ਮਾਈ ਡਾਟਰ ਮੈਂ ਹਮਦਰਦੀ ਨਹੀਂ ਕਰ ਰਿਹਾ, ਸਗੋਂ ਪੁੱਛ ਰਿਹਾ ਹਾਂ ਸ਼ਾਇਦ ਤੇਰੇ ਆਸਰੇ ਮੈਨੂੰ ਹੀ ਕੋਈ ਦਵਾਈ ਮਿਲ ਜਾਵੇ।"

"ਮੈਂ ਤੇਰੀ ਡਾਟਰ ਨਹੀਂ ਹਾਂ, ਅੱਗੇ ਤੋਂ ਮੈਨੂੰ ਡਾਟਰ ਨਾਂਹ ਕਹੀਂ, ਵਰਨਾ ਹੌਟ ਡੌਗ ਕਾਰਟਸ ਹੋਰ ਵੀ ਬਹੁਤ ਹਨ।"

ਪੈਰੀ ਗੁੱਸਾ ਕਰ ਗਈ ਸੀ।

"ਕੀ ਕਹਾਂ ਤੈਨੂੰ ?"

"ਜੋ ਮਰਜੀ ਬਟ ਨੋ ਮੋਰ ਡੌਟਰ।"

"ਚਲ ਮਿਸ ਪੈਰੀ, ਤੂੰ ਮੇਰੀ ਦੋਸਤ ਹੈਂ, ਇਦਾਂ ਹੀ ਸਮਝ ਲੈ।"

"ਕਾਰਟ ਬੰਦ ਕਰਨੀ ਪਵੇਗੀ ਆਪਣੀ ਤੈਨੂੰ। ਹੈ ਹਿੰਮਤ ?"

"ਜੇ ਤੂੰ ਕਹੇਂ ਤਾਂ ਕਾਰਟ ਨੂੰ ਗਾਰਬੇਜ਼ ਵਿਚ ਸੁੱਟ ਦਿੰਦਾ ਹਾਂ।"

ਪੈਰੀ ਹੱਸ ਪਈ ਤੇ ਬੋਲੀ, "ਨਹੀਂ ਇਸਦੀ ਨੌਬਤ ਨਹੀਂ। ਚਲ ਹੁਣੇ ਤਰਪਾਲ ਪਾ ਇਸਤੇ, ਮੈਂ ਵੀ ਵੇਖਦੀ ਹਾਂ ਕਿ ਗੱਲ ਸੁਣਨ ਲਈ ਕਿਤਨਾ ਕੁ ਨੁਕਸਾਨ ਕਰਵਾ ਸਕਦਾ ਹੈਂ ?"

ਰਾਮ ਸਿੰਘ ਨੇ ਉਸੇ ਵੇਲੇ ਕਾਰਟ ਲੌਕ ਕਰ ਦਿੱਤੀ।

"ਸਾਰੀ ਰਾਤ ਸੌਂ ਨਹੀਂ ਸਕਦੀ ਸੀ ਜਦੋਂ ਮੇਰਾ ਡੈਡ ਮੈਨੂੰ ਸਾਈਕੈਟਰਿਸਟ ਕੋਲ ਲੈ ਗਿਆ ਤੇ ਉਸਨੇ ਮੇਰੀ ਰਿਪੋਰਟ ਵਿਚ ਮੈਨੂੰ ਪੋਸਟ ਪਾਰਟਮ ਡਿਪਰੈਸ਼ਨ ਘੋਸ਼ਿਤ ਕਰ ਦਿੱਤਾ।"

"ਕੀ ਹੁੰਦਾ ਹੈ ਇਹ ਪੋਸਟ ਪਾਰਟਮ ਡਿਪਰੈਸ਼ਨ ?" ਰਾਮ ਸਿੰਘ ਨੇ ਪੁੱਛਿਆ।



"ਮੇਰਾ ਬੇਟਾ ਸੀ ਤੇ ਉਸਦੀ ਉਮਰ ਚਾਰ ਮਹੀਨੇ ਦੀ ਸੀ, ਮੈਨੂੰ ਨਹੀਂ ਪਤਾ ਉਸਦਾ ਬਾਪ ਕੌਣ ਹੈ ? ਮੇਰੇ ਵਿਚਾਰ ਇਹੋ ਜਿਹੇ ਬਣ ਗਏ ਸਨ ਕਿ ਮੈਂ ਉਸਦਾ ਨੁਕਸਾਨ ਕਰ ਸਕਦੀ ਹਾਂ। ਉਸਨੂੰ ਜਾਨੋਂ ਵੀ ਮਾਰ ਸਕਦੀ ਹਾਂ। ਆਪ ਖੁਦਕਸ਼ੀ ਕਰ ਸਕਦੀ ਹਾਂ ਤੇ ਪਤਾ ਨਹੀਂ ਕੀ ਕਰ ਸਕਦੀ ਹਾਂ ਤੇ ਮੈਨੂੰ ਖੁੱਲ੍ਹਾ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਡਾਕਟਰ ਨੇ ਇਹ ਰਿਪੋਰਟ ਹੈਲਥ ਡਿਪਾਰਟਮੈਂਟ ਵਾਲਿਆਂ ਨੂੰ ਵੀ ਭੇਜ ਦਿੱਤੀ ਤੇ ਐਮਬੂਲੈਂਸ ਮੈਨੂੰ ਚੁੱਕ ਕੇ ਲੈ ਗਈ। ਉਦੋਂ ਹੀ ਮੇਰੇ ਦਿਮਾਗ ਵਿਚ ਇੱਕੋ ਗੱਲ ਬੈਠ ਗਈ ਕਿ ਜੇ ਕੋਈ ਮੇਰਾ ਇਸ ਦੁਨੀਆ ਵਿਚੋਂ ਨਾਮੋ ਨਿਸ਼ਾਨ ਖਤਮ ਕਰਨਾ ਚਾਹੁੰਦਾ ਹੈ ਤੇ ਉਹ ਸਿਰਫ ਮੇਰਾ ਡੈਡ ਹੀ ਹੋ ਸਕਦਾ ਹੈ।"

"ਉਹ ਆਈ ਐਮ ਸੌਰੀ ਪੈਰੀ।" ਰਾਮ ਸਿੰਘ ਨੇ ਸੰਖੇਪ ਵਿਚ ਕਿਹਾ।

"ਨਹੀਂ ਰਾਮ ਸਿੰਘ, ਇਸ ਵਿਚ ਸੌਰੀ ਵਾਲੀ ਕੋਈ ਗੱਲ ਨਹੀਂ। ਮੈਂ ਤੇ ਸਗੋਂ ਆਪਣੇ ਬੇਟੇ ਦੀ ਫਿਕਰ ਵਿਚ ਸਾਂ ਕਿਤੇ ਉਸਨੂੰ ਕੁਝ ਹੋ ਨਾ ਜਾਵੇ ਤੇ ਡਾਕਟਰ ਕਹਿ ਰਿਹਾ ਸੀ ਕਿ ਮੈਂ ਉਸ ਲਈ ਖਤਰਾ ਹਾਂ। ਮੈਨੂੰ ਡਰਾਉਣੇ ਸੁਪਨੇ ਆਉਂਦੇ, ਮੇਰਾ ਬੇਟਾ ਭੁੱਖਾ ਹੈ, ਉਸਨੂੰ ਠੰਡ ਲੱਗ ਰਹੀ ਹੈ, ਉਸ ਕੋਲ ਕੋਈ ਕਪੜਾ ਨਹੀਂ ਹੈ। ਮੈਂ ਆਪਣੇ ਬਾਪ ਦੀ ਪਨਾਹ ਵਿਚ ਇਲਾਜ ਕਰਾ ਰਹੀ ਸਾਂ ਤੇ ਖੁਦ ਆਪਣੇ ਬੱਚੇ ਲਈ ਕੁਝ ਕਰ ਨਹੀਂ ਸਕਦੀ ਸੀ। ਮੇਰੇ ਦਿਲ ਵਿਚ ਇਹ ਗੱਲ ਬੈਠ ਗਈ ਕਿ ਮੇਰੇ ਬੇਟੇ ਦਾ ਕਤਲ ਹੋਣ ਵਾਲਾ ਹੈ ਤੇ ਮੈਂ ਮਾਂ ਹੋਕੇ ਉਸਨੂੰ ਬਚਾ ਨਹੀਂ ਸਕਦੀ।"

"ਪਰ ਇਹ ਵਿਚਾਰ ਤੇਰੇ ਦਿਮਾਗ ਵਿਚ ਆਇਆ ਕਿਵੇਂ ਕਿ ਤੇਰਾ ਡੈਡ ਤੇਰਾ ਦੁਸ਼ਮਣ ਹੈ ? ਮੈਂ ਵੀ ਡੈਡ ਹਾਂ, ਇਹ ਤੇ ਕਦੇ ਹੋ ਹੀ ਨਹੀਂ ਸਕਦਾ, ਜ਼ਰੂਰ ਤੈਨੂੰ ਕਿਤੇ ਨਾ ਕਿਤੇ ਗਲਤਫਹਿਮੀ ਹੋਈ ਹੋਵੇਗੀ।"

"ਤੈਨੂੰ ਨਹੀਂ ਪਤਾ ਰਾਮ ਸਿੰਘ, ਤੁਸੀਂ ਹੋਰ ਮੁਲਕ ਦੇ ਹੋ, ਹੋਰ ਤਰ੍ਹਾਂ ਦੇ ਲੋਕ ਹੋ, ਅਸੀਂ ਤੁਹਾਡੇ ਵਰਗੇ ਨਹੀਂ, ਚੰਗੇ ਵੀ ਹਾਂ ਪਰ ਹੋਰ ਤਰ੍ਹਾਂ ਦੇ ਹਾਂ ਤੇ ਡੈਡ ਜ਼ਰੂਰ ਹੀ ਤੇਰੇ ਵਰਗਾ ਨਹੀਂ ਹੋਵੇਗਾ, ਤੂੰ ਤੇ ਆਪਣੀ ਕੁੜੀ ਨੂੰ ਬਹੁਤ ਪਿਆਰ ਕਰਦਾ ਹੈਂ।"

"ਪੈਰੀ, ਇਹ ਗੱਲ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਮੁਲਕ ਕੋਈ ਵੀ ਹੋਵੇ, ਕਿੱਥੋਂ ਕੋਈ ਸਰਹੱਦ ਸ਼ੁਰੂ ਹੁੰਦੀ ਹੈ ਤੇ ਕਿੱਥੇ ਕੋਈ ਸਰਹਦ ਖਤਮ ਹੁੰਦੀ ਹੈ, ਦੁਨੀਆ ਭਰ ਦੇ ਡੈਡ ਇੱਕੋ ਜਿਹੇ ਹਨ ਆਪਣੀ ਔਲਾਦ ਦਾ ਭਲਾ ਚਾਹੁੰਣ ਵਾਲੇ।"

ਪੈਰੀ ਹੱਸ ਪਈ ਤੇ ਬੋਲੀ, "ਰਾਮ ਸਿੰਘ, ਜਦ ਤੈਨੂੰ ਕਿਸੇ ਗੱਲ ਦਾ ਪਤਾ ਹੀ ਕੱਖ ਨਹੀਂ ਤੂੰ ਐਵੇਂ ਯਕੀਨ ਨਾਲ ਕਿਵੇਂ ਕਹਿ ਸਕਦਾ ਹੈਂ ? ਜੇ ਗੱਲ ਸੁਣਨੀ ਹੈ ਤਾਂ ਸੁਣ, ਐਵੇਂ ਯਭਲੀਆਂ ਮਾਰ ਕੇ ਸਮਾਂ ਖੋਟਾ ਨਾ ਕਰ, ਲੰਚ ਹੋਣ ਵਾਲਾ ਹੈ ਤੇ ਮੇਰੇ ਲਈ ਇਹੀ ਰਸ਼ ਆਵਰ ਹੈ।"

"ਠੀਕ ਹੈ ਪੈਰੀ, ਹੁਣ ਨਹੀਂ ਬੋਲਦਾ, ਤੂੰ ਆਪਣੀ ਗੱਲ ਕਰ।"

"ਪਤਾ ਨਹੀਂ ਕਿਉਂ ਮੈਂ ਆਪਣੇ ਬੇਟੇ ਨੂੰ ਆਪਣੀ ਛਾਤੀ ਦਾ ਦੁੱਧ ਪਿਆਉਣਾ ਚਾਹੁੰਦੀ ਸੀ। ਇਹ ਮੇਰਾ ਮੌਲਿਕ ਅਧਿਕਾਰ ਸੀ ਪਰ ਮੇਰੇ ਡੈਡ ਨੂੰ ਇਹ ਵੀ ਪਸੰਦ ਨਹੀਂ ਸੀ। ਉਸਨੇ ਕਿਵੇਂ ਛੜਯੰਤਰ ਰਚਿਆ ਬਸ ਮੈਂ ਹਾਇਪਰ ਹੋ ਗਈ, ਹਾਇਪਰ ਵੀ ਚਤੇ ਪਹਿਰ ਰਹਿਣ ਵਾਲੀ, ਪਤਾ ਨਹੀਂ ਇਸ ਵਿਚ ਕੀ ਚਾਲ ਸੀ ? ਮੌਮ ਵੀ ਰੋਕਦੀ ਤੇਰੀ ਫਿਗਰ ਖਰਾਬ ਹੋ ਜਾਵੇਗੀ, ਜਿਹੜਾ ਮੇਰਾ ਦਿਮਾਗ ਖਰਾਬ ਹੋ ਰਿਹਾ ਸੀ ਉਸਦਾ ਕਿਸੇ ਨੂੰ ਫਿਕਰ ਨਹੀਂ ਸੀ।"

"ਹੁਣ ਉਹੋ ਮਾਂ ਤੇ ਉਹੋ ਬਾਪ, ਮੇਰੇ ਪਿੱਛੇ ਆਉਂਦੇ ਹਨ ਤੇ ਮੈਂ ਉਨ੍ਹਾਂ ਨੂੰ ਚਿੜਾਉਣ ਲਈ ਜਾਣਕੇ ਲੋਕਾਂ ਅੱਗੇ ਹਾੜੇ ਕੱਢਦੀ ਬਿਚ ਬਿਚ ਕਰਦੀ ਹਾਂ। ਤੈਨੂੰ ਤੇ ਪਤਾ ਹੈ ਕਿ ਮੇਰੀ ਲੋੜ ਇਤਨੀ ਨਹੀਂ ਕਿ ਮੇਰੀ ਕਮਾਈ ਬਹੁਤ ਹੋਵੇ। ਇੱਕ ਹੀ ਤੇ ਜਾਨ ਹੈ ਮੇਰੇ ਨਾਲ ਐਗਨਸ,ਉਸ ਲਈ ਜਦੋਂ ਕੁਝ ਪੈਸੇ ਹੋ ਜਾਂਦੇ ਹਨ ਤਾਂ ਮੈਂ ਬੇਫਿਕਰ ਹੋ ਜਾਂਦੀ ਹਾਂ। ਮੇਰੀ ਮਾਂ ਨੇ ਇੱਕ ਵਾਰ ਡੰਡਾਸ

ਸਕੇਅਰ ਵਿਚ ਹੀ ਮੇਰੀ ਬਾਂਹ ਫੜ ਲਈ। ਚੰਗਾ ਹੰਗਾਮਾ ਹੋ ਗਿਆ, ਇੱਥੋਂ ਤੱਕ ਕਿ ਪੁਲੀਸ ਵੀ ਆ ਗਈ। ਉਹ ਮੈਨੂੰ ਰੈਵਿਨਿਊ ਦੀ ਚਿੱਠੀ ਦੇਣਾ ਚਾਹੁੰਦੀ ਸੀ ਤੇ ਮੈਂ ਕਹਿ ਰਹੀ ਸੀ ਕਿ ਮੈਂ ਹੋਮਲੈੱਸ ਹਾਂ। ਜਾਵੋ ਜਾਕੇ ਰੈਵਿਨਿਊ ਵਾਲਿਆਂ ਨੂੰ ਵੀ ਦਸ ਦੇਵੋ। ਪੁਲੀਸ ਨੇ ਮੇਰੀ ਹਾਲਤ ਵੇਖਕੇ ਮਾਂ ਨੂੰ ਕੁਝ ਸਮਝਾ ਕੇ ਤੇ ਕੁਝ ਕਾਨੂੰਨ ਦਸ ਕੇ ਵਾਪਸ ਭੇਜ ਦਿੱਤਾ। ਉਹ ਇੱਕ ਅਡਲਟ ਨਾਲ ਇੰਝ ਨਹੀਂ ਕਰ ਸਕਦੀ ਸੀ। ਉਸ ਰਾਤ ਪਹਿਲੀ ਵਾਰ ਮੈਂ ਮੈਰੁਆਨਾ ਦਾ ਸੂਟਾ ਲਾਇਆ ਤੇ ਬੇਫਿਕਰੀ ਨਾਲ ਸੁੱਤੀ। ਹੁਣ ਮੈਨੂੰ ਕੋਈ ਸੁਪਨਾ ਨਹੀਂ ਆਉਂਦਾ। ਕਦੇ ਵੀ ਨਹੀਂ। ਇਹ ਨਹੀਂ ਕਿ ਹੱਸਣਾ ਭੁੱਲ ਗਈ ਹਾਂ, ਨਹੀਂ..... ਰਾਮ ਸਿੰਘ ਹੁਣ ਸਗੋਂ ਮੈਂ ਰੋਣਾ ਭੁੱਲ ਗਈ ਹਾਂ। ਇਹ ਸ਼ਰਾਰਤੀ ਐਗਨਸ, ਮੈਨੂੰ ਹਸਾਉਂਦਾ ਰਹਿੰਦਾ ਹੈ। ਜੇ ਇਸਦੀਆਂ ਕਰਤੂਤਾਂ ਤੈਨੂੰ ਦਸਾਂ ਤਾਂ ਤੂੰ ਹੈਰਾਨ ਹੀ ਰਹਿ ਜਾਵੇਂ।"

"ਹਾਂ ਹਾਂ.. ਪੈਰੀ ਦਸ ਮੈਨੂੰ ਵੀ ਐਗਨਸ ਤੈਨੂੰ ਕਿਵੇਂ ਹਸਾਉਂਦਾ ਹੈ ?"

"ਇਹ ਜਾਣਦਾ ਹੈ ਕਿ ਮੈਰੀਆਨਾ ਦਾ ਸੂਟਾ ਲਾਕੇ, ਮੈਨੂੰ ਗੂੜ੍ਹੀ ਨੀਂਦ ਆਉਂਦੀ ਹੈ। ਇਸ ਨੂੰ ਇਹ ਵੀ ਪਤਾ ਹੈ ਕਿ ਪੈਸਿਆਂ ਵਾਲੀ ਪੋਟਲੀ ਕਿੱਥੇ ਪਈ ਹੈ ? ਜਦ ਵੀ ਬਾਈਕਰ ਆਉਂਦਾ ਹੈ ਤਾਂ ਇਹ ਨਿਗ੍ਹਾ ਰਖਦਾ ਹੈ। ਉਸਨੂੰ ਵੇਖਕੇ ਇਹ ਪੋਟਲੀ ਖਿਚਦਾ ਹੈ ਤੇ ਫਿਰ ਮੇਰੇ ਪਹੁੰਚੇ ਮਾਰੇਗਾ, ਮੈਨੂੰ ਝਟ ਪਤਾ ਲੱਗ ਜਾਂਦਾ ਹੈ ਕਿ ਡੇਵਿਡ ਆ ਗਿਆ। ਇੱਕ ਵਾਰ ਪਤਾ ਕੀ ਹੋਇਆ ? ਜਦੋਂ ਡੇਵਿਡ ਆਇਆ ਤਾਂ ਮੈਂ ਈਟਨ ਸੈਂਟਰ ਦੇ ਵਾਸ਼ਰੂਮ ਵਿਚ ਸੀ ਤੇ ਅਸੀਂ ਬਰਗਰ ਕਿੰਗ ਦੇ ਬਾਹਰ ਹੀ ਡੇਰਾ ਲਾਇਆ ਹੋਇਆ ਸੀ। ਇਸਨੇ ਡੇਵਿਡ ਦਾ ਸਾਈਕਲ ਘੇਰ ਲਿਆ। ਉਸਨੂੰ ਅੱਗੇ ਜਾਣ ਨਾ ਦੇਵੇ, ਸੁਖ ਨਾਲ ਉਂਝ ਵੀ ਡਰਾਉਣਾ ਹੈ। ਮੈਂ ਇਸਨੂੰ ਮਿਲਰ ਦੇ ਹਵਾਲੇ ਕੀਤਾ ਹੋਇਆ ਸੀ, ਉਹਦੇ ਕੋਲੋਂ ਛੁਟ ਗਿਆ ਤੇ ਡੇਵਿਡ ਦੇ ਮਗਰ ਹੀ ਰੋਡ ਕਰਾਸ ਕਰ ਗਿਆ, ਉਸਨੂੰ ਰੁਕਦਾ ਵੇਖਕੇ ਉਸਦੇ ਪੈਰ ਨੂੰ ਪੈ ਗਿਆ। ਉਹ ਵੀ ਸਮਝ ਗਿਆ ਤੇ ਬਹੁਤ ਹੱਸਿਆ। ਦਸ ਮਿੰਟ ਐਗਨਸ ਨੇ ਉਸਨੂੰ ਰੋਕ ਕੇ ਰਖਿਆ। ਇਤਨੀ ਸਾਂਝ ਨਾਲ ਡੇਵਿਡ ਹੁਣ ਉਧਾਰ ਵੀ ਕਰ ਲੈਂਦਾ ਹੈ ਪਰ ਮੈਂ ਕਦੇ ਵੀ ਉਸਦੇ ਪੈਸੇ ਨਹੀਂ ਮਾਰੇ। ਉਹ ਵੀ ਜਾਣਦਾ ਹੈ ਤੇ ਐਗਨਸ ਵੀ। ਇਸ ਦੀਆਂ ਹੋਰ ਵੀ ਕਈ ਕਹਾਣੀਆਂ ਹਨ, ਮੇਰੇ ਪਿਆਰੇ ਜਿਹੇ ਬਚੂ ਦੀਆਂ।" ਇਤਨਾ ਕਹਿ ਕੇ ਪੈਰੀ ਨੇ ਐਗਨਸ ਨੂੰ ਮੂੰਹ ਤੋਂ ਚੁੰਮ ਲਿਆ।

ਹੁਣ ਪੈਰੀ ਚੁੱਪ ਕਰ ਗਈ ਸੀ ਜਿਵੇਂ ਉਸਨੇ ਆਊਟ ਲਾਈਨ ਸੁਣਾ ਦਿੱਤੀ ਹੋਵੇ ਤਾਂ ਰਾਮ ਸਿੰਘ ਨੂੰ ਹੁਣ ਆਪ ਹੀ ਸਭ ਕੁਝ ਸਮਝ ਜਾਣਾ ਚਾਹੀਦਾ ਹੈ।

"ਕਿਉਂ ਚੁੱਪ ਕਿਉਂ ਕਰ ਗਈ ? ਕੀ ਇਤਨੀ ਹੀ ਗੱਲ ਹੈ ਜਾਂ ਕੁਝ ਹੋਰ ? ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਤੂੰ ਚੰਗੇ ਘਰ ਦੀ ਧੀ ਹੈਂ, ਫਿਰ ਇਹ ਬੈਗਿੰਗ ?"

"ਲਗਦੈ ਰਾਮ ਸਿੰਘ ਤੂੰ ਸਮਝਿਆ ਨਹੀਂ ਮੇਰੀ ਗੱਲ।"

"ਫਲੈਟਲੀ ਕਹਾਂ ਤਾਂ ਨਹੀਂ ਸਮਝਿਆ।"

"ਤੈਨੂੰ ਪਤਾ ਮੈਂ ਡਾਊਨ ਟਾਊਨ ਕਿਉਂ ਰਹਿੰਦੀ ਹਾਂ ?"

"ਨਹੀਂ"

"ਡਾਊਨ ਟਾਊਨ, ਇੱਕ ਉਹ ਜਗ੍ਹਾ ਹੈ ਜੋ ਸਭ ਦੀ ਸਾਂਝੀ ਹੈ, ਹਰ ਟਾਊਨ ਦਾ ਆਪਣਾ ਇੱਕ ਡਾਊਨ ਟਾਊਨ ਹੁੰਦਾ ਹੈ ਜੋ ਹਮੇਸ਼ਾਂ ਵਕਤ ਦੇ ਨਾਲ ਚਲਦਾ ਹੈ। ਟਰਾਂਟੋ ਦੇ ਡਾਊਨ ਟਾਊਨ ਵਿਚ ਸਾਰੀ ਦੁਨੀਆ ਦੇ ਲੋਕ ਸਹਿਜੇ ਹੀ ਸਮਾ ਸਕਦੇ ਹਨ। ਸੈਲਾਨੀ, ਵਪਾਰੀ,ਦੁਕਾਨਦਾਰ ਤੇ ਮੇਰੇ ਵਰਗੇ ਭਿਖਾਰੀ ਵੀ। ਮੈਨੂੰ ਇੱਥੋਂ ਦੇ ਲੋਕਾਂ ਨੇ ਕਦੇ ਦੁੱਖ ਨਹੀਂ ਦਿੱਤਾ। ਜੋ ਭੀਖ ਨਹੀਂ ਵੀ ਦਿੰਦਾ ਉਹ ਸ਼ਰਮਿੰਦਾ ਨਹੀਂ ਕਰਦਾ, ਸੌਰੀ ਕਹਿਕੇ ਅੱਗੇ ਨਿਕਲ ਜਾਂਦਾ ਹੈ। ਇਹੋ ਮੈਂ ਚਾਹੁੰਦੀ ਹਾਂ। ਸਾਡੇ ਘਰਾਂ ਵਿਚ ਤੇ ਲੋਕ ਨਹੀਂ ਵਿਚਾਰ ਵਸਦੇ ਹਨ। ਇਹ ਵਿਚਾਰ ਹੀ ਬੱਚਿਆਂ ਦੀ ਪਾਲਣਾ ਕਰਦੇ



ਹਨ। ਇਨ੍ਹਾਂ ਵਿਚਾਰਾਂ ਨੇ ਹੀ ਮੇਰਾ ਇੱਕੋ ਇੱਕ ਮੁੰਡਾ ਮਾਰ ਦਿੱਤਾ। ਘਰਾਂ ਵਿਚ ਕੋਈ ਵੀ ਅਜ਼ਾਦ ਨਹੀਂ ਹੈ। ਮੇਰੀ ਮਾਂ, ਮੇਰਾ ਬਾਪ ਮੇਰਾ ਭਰਾ ਸਭ ਘਰਾਂ ਦੇ ਗੁਲਾਮ ਹਨ। ਕੋਈ ਵੀ ਆਪਣੀ ਜ਼ਿੰਦਗੀ ਨਹੀਂ ਜੀਉਂਦਾ।"

ਉਹ ਕਿਵੇਂ ਪੈਰੀ ?"

ਇਸ ਤੋਂ ਪਹਿਲਾਂ ਕਿ ਪੈਰੀ ਜੁਆਬ ਦਿੰਦੀ, ਇੱਕ ਔਰਤ ਆਕੇ ਰੁਕੀ। ਪੂਰੀ ਟੌਅਰ ਕੱਢੀ ਹੋਈ, ਸਾਫ ਸੁਥਰੀ ਤੇ ਉਸਨੇ ਆਕੇ ਪੈਰੀ ਨੂੰ ਜੱਫੀ ਪਾ ਲਈ। ਪੈਰੀ ਉੱਠਕੇ ਖੜੀ ਹੋ ਗਈ ਤੇ ਬੋਲੀ, " ਔਹ ਮਾਈ ਗੌਡ ਲੀਜ਼ਾ, ਕੀ ਤੂੰ ਅੱਜ ਵੀ ਕੰਮ ਤੇ ਆਈ ਹੈਂ ?"

" ਹਾਂ ਸਵੀਟੀ, ਆਉਣਾ ਪਿਆ, ਇੱਕ ਅਸਾਈਨਮੈਂਟ ਪੈਡਿੰਗ ਸੀ, ਜਨਵਰੀ ਦੇ ਪਹਿਲੇ ਹਫਤੇ ਹੀ, ਰੌਸ ਐਂਡ ਰੌਸ ਦਾ ਲੋਨ ਕੰਨਸਾਈਨਮੈਂਟ ਸਿਰੇ ਚਾੜ੍ਹਨਾ ਹੈ। ਹਾਏ ਐਗਨਸ, ਤੂੰ ਕਿਵੇਂ ਹੈਂ ?" ਐਗਨਸ ਨੇ ਲੀਜ਼ਾ ਦੇ ਪੈਰਾਂ ਨੂੰ ਆਪਣੇ ਪੰਜੇ ਮਾਰਕੇ ਆਪਣਾ ਹਾਲ ਦਸਿਆ ਤੇ ਪੂਛ ਹਿਲਾਉਂਦਾ, ਲੀਜ਼ਾ ਦੇ ਗੋਡਿਆਂ ਤੇ ਅਗਲੇ ਪੰਜੇ ਰੱਖ ਦਿੱਤੇ। ਲੀਜ਼ਾ ਪੱਬਾਂ ਭਾਰ ਬੈਠ ਗਈ ਤੇ ਐਗਨਸ ਨੂੰ ਥਪ ਥਪਾ ਕਿ ਪਿਆਰ ਕਰਨ ਲੱਗੀ।

" ਲੀਜ਼ਾ ਇਹ ਮੇਰਾ ਦੋਸਤ ਹੈ ਰਾਮ ਸਿੰਘ।"

" ਹਾਂ ਮੈਂ ਜਾਣਦੀ ਹਾਂ, ਇਸਦੇ ਹੌਟ ਡੌਗ ਤੇ ਬਹੁਤ ਸੁਆਦੀ ਹੁੰਦੇ ਹਨ, ਪਤਾ ਨਹੀਂ ਇੰਡੀਅਨ ਸੌਸ ਪਾਉਂਦਾ ਹੈ, ਬਸ ਮਜ਼ਾ ਹੀ ਆ ਜਾਂਦਾ ਹੈ। ਹਾਏ ਰਾਮ ਸਿੰਘ।" ਲੀਜ਼ਾ ਨੇ ਰਾਮ ਸਿੰਘ ਨਾਲ ਹੱਥ ਮਿਲਾਇਆ।

" ਹੋਰ ਕਿਤਨੇ ਦਿਨ ਆਉਣਾ ਹੈ ਲੀਜ਼ਾ ?"

" ਬਸ ਹੋਰ ਨਹੀਂ, ਅੱਜ ਕੰਮ ਖਤਮ ਕਰਕੇ ਹੀ ਆਈ ਹਾਂ, ਤੇ ਅੱਜ ਸ਼ਾਮ ਨੂੰ ਹੀ ਬੇਰੀ ਚਲੇ ਜਾਣਾ ਹੈ, ਸਮਿਥ ਨਾਲ। ਬਾਕੀ ਦਾ ਕਰਿਸਮਿਸ ਦਾ ਸਮਾਂ ਉੱਥੇ ਹੀ ਗੁਜ਼ਾਰਾਂਗੇ। ਸ਼ਾਇਦ ਇੱਕ ਦਿਨ ਉਰੀਲੀਆ ਵੀ ਜਾਈਏ। ਉੱਥੇ ਸਮਿਥ ਦੀ ਮਾਂ ਰਹਿੰਦੀ ਹੈ। ਹੁਣ ਤੂੰ ਦਸ ਤੇਰੇ ਤੇ ਐਗਨਸ ਲਈ ਬੇਰੀ ਤੋਂ ਕੀ ਲੈਕੇ ਆਵਾਂ ?"

"ਐਗਨਸ ਲਈ ਇੱਕ ਡੌਗ ਜੈਕੱਟ ਚਾਹੀਦੀ ਹੈ ਲੀਜ਼ਾ, ਭਾਵੇਂ ਬੇਰੀ ਤੋਂ ਲੈ ਲਵੀਂ ਤੇ ਭਾਵੇਂ ਟਰਾਂਟੋ ਤੋਂ ਹੀ ਲੈ ਲਵੀਂ।"

"ਜ਼ਰੂਰ, ਉਹ ਤੇ ਲੈ ਹੀ ਲਵਾਂਗੀ ਪਰ ਤੇਰੇ ਲਈ ?"

"ਬਸ ਇਹੋ ਹੀ, ਹੋਰ ਭਾਰ ਤੇਰੇ ਤੇ ਨਹੀਂ ਪਾਉਣਾ।"

"ਪੈਰੀ, ਮੈਂ ਕਾਫ਼ੀ ਲੈਣ ਜਾ ਰਹੀ ਸੀ। ਤੂੰ ਲਵੇਂਗੀ ?"

"ਹਾਂ ਲੀਜ਼ਾ, ਮੇਰੇ ਲਈ ਸਿੰਗਲ ਸ਼ੂਗਰ ਡਬਲ ਕਰੀਮ,ਐਗਨਸ ਲਈ ਸਵਿਸ ਸੈਂਡਵਿਚ ਤੇ ਰਾਮ ਸਿੰਘ ਲਈ ਸਟੀਪ ਟੀ, ਇਹ ਕਾਫ਼ੀ ਨਹੀਂ ਪੀਂਦਾ।"

"ਔਕੇ ਪੈਰੀ,ਮੈਂ ਹੁਣੇ ਆਈ।"

ਲੀਜ਼ਾ ਦੇ ਜਾਣ ਤੋਂ ਬਾਦ ਰਾਮ ਸਿੰਘ ਨੇ ਪੁੱਛਿਆ, "ਤੈਨੂੰ ਕਿਵੇਂ ਪਤਾ ਮੈਂ ਕਾਫ਼ੀ ਨਹੀਂ ਪੀਂਦਾ ਤੇ ਟੀ ਪੀਂਦਾ ਹਾਂ ?"

"ਰਾਮ ਸਿੰਘ ਇਹ ਡਾਊਨ ਟਾਊਨ ਦਾ ਆਲਾ ਦੁਆਲਾ ਮੇਰਾ ਘਰ ਹੈ, ਮੈਨੂੰ ਸਭ ਪਤਾ ਹੈ। ਤੂੰ ਘਰੋਂ ਹੀ ਥਰਮੋਸ ਭਰਕੇ ਚਾਹ ਦੀ ਲਿਆਉਂਦਾ ਹੈਂ, ਪਰ ਅਫਸੋਸ ਹੈ ਕਦੇ ਮੈਨੂੰ ਸੁਲਾਹ ਨਹੀਂ ਮਾਰੀ ਤੂੰ।"

"ਉਹ ਨੌਟੀ ਗਰਲ, ਮੈਨੂੰ ਤੇ ਪਤਾ ਹੀ ਨਹੀਂ ਸੀ ਕਿ ਮੈਂ ਵੀ ਤੇਰੇ ਹੀ ਡਾਊਨ ਟਾਊਨ ਦਾ ਬੰਦਾ ਹਾਂ, ਆਈ ਐਮ ਸੌਰੀ, ਅੱਗੇ ਤੋਂ ਤੇਰੇ ਵਾਸਤੇ ਵੀ ਟੀ ਲੈਕੇ ਆਇਆ ਕਰਾਂਗਾ।"

" ਹਾਂ ਇਹ ਠੀਕ ਹੈ, ਅੱਗੇ ਵਾਸਤੇ ਟੀ ਵੀ ਤੇ ਬਰਾਉਨ ਰੋਟੀ ਵੀ।"

ਰਾਮ ਸਿੰਘ ਹੱਸ ਪਿਆ ਤੇ ਬੋਲਿਆ, " ਉਸਨੂੰ ਪਰਾਉਂਠਾ ਕਹਿੰਦੇ ਹਨ, ਉਹ ਵੀ ਲਿਆਇਆ ਕਰਾਂਗਾ, ਹੁਣ ਆਪਾਂ ਦੋਸਤ ਜੋ ਬਣ ਗਏ ਹਾਂ।"

"ਹਾਂ ਰਾਮ ਸਿੰਘ ਬਾਕੀ ਗੱਲ ਤਾਂ ਲੀਜ਼ਾ ਦੀ ਕਾਫ਼ੀ ਪੀਣ ਤੋਂ ਬਾਦ ਕਰਾਂਗੇ ਪਰ ਇੱਕ ਗੱਲ ਤੂੰ ਵੀ ਦਸ, ਤੇਰੇ ਖਿਆਲ ਵਿਚ ਘਰ ਕਿਸਨੂੰ ਕਹਿੰਦੇ ਹਨ ?"

"ਘਰ ਤਾਂ ਘਰ ਹੀ ਹੁੰਦਾ ਹੈ, ਇਸ ਵਿਚ ਦਸਣ ਵਾਲੀ ਕਿਹੜੀ ਗੱਲ ਹੈ ?"

ਉਦੋਂ ਹੀ ਲੀਜ਼ਾ ਵੀ ਆ ਗਈ। ਪੈਰੀ ਨੇ ਉੱਠਕੇ ਉਸ ਕੋਲੋਂ ਕਾਫ਼ੀ ਵਾਲੀ ਟਰੇਅ ਲਈ ਤੇ ਉਸਨੂੰ ਬਾਏ ਕਹਿ ਦਿੱਤਾ। ਸ਼ਾਇਦ ਉਸਦਾ ਇਹ ਵਿਵਹਾਰ ਰਾਮ ਸਿੰਘ ਨੂੰ ਕੁਝ ਅਖਰਿਆ।

ਲੀਜ਼ਾ ਨੇ ਆਪਣਾ ਪਰਸ ਖੋਲ੍ਹਿਆ ਤੇ ਵਿਚੋਂ ਵੀਹ ਡਾਲਰ ਦਾ ਨੋਟ ਕੱਢਕੇ ਪੈਰੀ ਨੂੰ ਦੇਣਾ ਚਾਹਿਆ।

"ਨੋ ਲੀਜ਼ਾ, ਇਹ ਮੈਂ ਨਹੀਂ ਲੈਣੇ। ਤੇਰਾ ਇਹ ਬਹਾਨਾ ਵੀ ਨਹੀਂ ਚਲਣਾ ਕਿ ਕਰਿਸਮਿਸ ਹੈ। ਜੋ ਚਾਹੀਦਾ ਸੀ ਤੈਨੂੰ ਦਸ ਦਿੱਤਾ। ਨਾਲੇ ਡਾਲਰ ਮੈਂ ਕੀ ਕਰਨੇ ਹਨ ? ਤੈਨੂੰ ਤੇ ਪਤਾ ਹੈ ਕਿ ਮੈਂ ਡਰਿੰਕ ਵੀ ਨਹੀਂ ਕਰਦੀ, ਕਿਉਂਕਿ ਐਗਨਸ ਪਸੰਦ ਨਹੀਂ ਕਰਦਾ। ਡੇਵਿਡ ਨੂੰ ਦੇਣ ਜੋਗੇ ਪੈਸੇ ਮੇਰੀ ਪੋਟਲੀ ਵਿਚ ਹਨ ਸੋ ਬਾਏ ਬਾਏ ਐਂਡ ਸਮਿਥ ਨੂੰ ਮੇਰੇ ਵੱਲੋਂ ਹੈਪੀ ਕਰਿਸਮਿਸ ਕਹੀਂ।"

"ਉਹ ਸ਼ੁਅਰ," ਲੀਜ਼ਾ ਨੇ ਪੈਸੇ ਵਾਪਸ ਪਰਸ ਵਿਚ ਪਾ ਲਏ। ਮੈਰੀ ਕਰਿਸਮਿਸ ਕਹਿਕੇ ਉਹ ਸਬਵੇ ਟਰੇਨ ਤੇ ਸਟੇਸ਼ਨ ਵੱਲ ਤੁਰ ਪਈ।

"ਹਾਂ ਤੇ ਘਰ ਦੀ ਗੱਲ ਕਰ ਰਹੇ ਸੀ ਆਪਾਂ।"

"ਉਹ ਰਹਿਣ ਦੇ ਪਹਿਲਾਂ ਇਹ ਦਸ ਕਿ ਤੇਰੀ ਡਰਿੰਕ ਤੇ ਐਗਨਸ ਨੂੰ ਨਾ ਪਸੰਦ ਵਾਲੀ ਕਿਹੜੀ ਗੱਲ ਹੈ ?"

ਪੈਰੀ ਹੱਸ ਪਈ ਤੇ ਬੋਲੀ, "ਬੜੀ ਦਿਲਚਸਪ ਗੱਲ ਹੈ। ਇੱਕ ਵਾਰ ਮੈਂ ਸ਼ਾਮ ਜਿਹੇ ਨੂੰ ਡਰਿੰਕ ਕਰ ਲਈ। ਨੀਟ ਹੀ ਪੀ ਲਈ ਤੇ ਮੈਂ ਗੁੱਸੇ ਵਿਚ ਆ ਗਈ। ਅਵਾ ਤਵਾ ਬੋਲਣ ਲੱਗ ਪਈ। ਰਾਤ ਦੇ ਦਸ ਵਜੇ ਹੋਏ ਸਨ ਤੇ ਮੈਂ ਸੜਕ ਤੇ ਹੀ ਡਿਗ ਪਈ। ਕੋਈ ਕਾਰ ਵੀ ਨਹੀਂ ਆ ਰਹੀ ਸੀ ਤੇ ਮੈਂ ਸੜਕ ਦੇ ਐਨ ਵਿਚਕਾਰ ਡਿਗੀ ਹੋਈ ਸੀ। ਐਗਨਸ ਦੀ ਲੀਸ਼ ਮੇਰੇ ਹੱਥ ਵਿਚ ਘੁਟ ਕੇ ਫੜੀ ਹੋਈ ਸੀ। ਐਗਨਸ ਇਧਰ ਉਧਰ ਜਾ ਵੀ ਨਹੀਂ ਸਕਦਾ ਸੀ ਸਿਰਫ ਭੌਂਕ ਹੀ ਸਕਦਾ ਸੀ। ਇਸਦਾ ਭੌਂਕਣਾ ਸੁਣਕੇ ਤੇ ਇੱਕ ਕੁੜੀ ਦਾ ਸੜਕ ਤੇ ਡਿਗਿਆ ਵੇਖਕੇ ਇੱਕ ਕਾਰ ਰੁਕੀ। ਉਸਨੇ ਆਕੇ ਮੈਨੂੰ ਹਿਲਾਇਆ ਪਰ ਮੈਂ ਬੇਸੁਰਤ ਸੀ ਤੇ ਐਗਨਸ ਦੀ ਰਸੀ ਮੇਰੀ ਬਾਂਹ ਦੇ ਦੁਆਲੇ ਪੀਡੀ ਲਵੇਟੀ ਹੋਈ ਸੀ। ਉਸਨੇ ਕਿਸੇ ਨਾ ਕਿਸੇ ਤਰ੍ਹਾਂ ਮੈਨੂੰ ਖੜੀ ਕੀਤਾ। ਮੈਂ ਵੀ ਡੌਰ ਭੌਰ ਹੋਈ ਨੇ ਉਸ ਵੱਲ ਵੇਖਿਆ ਤੇ ਉਸਨੂੰ ਥੈਂਕਯੂ ਕਿਹਾ। ਮੇਰੀ ਮੁਸਕਰਾਹਟ ਵੇਖਕੇ ਉਸਨੇ ਕੁਝ ਹੋਰ ਹੀ ਸਮਝ ਲਿਆ ਤੇ ਉਹ ਮੇਰੇ ਅੰਗਾਂ ਨੂੰ ਟੋਹਣ ਲੱਗ ਪਿਆ। ਬਸ ਫੇਰ ਕੀ ਸੀ ਐਗਨਸ ਨੂੰ ਅੰਤਾਂ ਦਾ ਗੁੱਸਾ ਚੜ੍ਹ ਗਿਆ ਇਸਨੇ ਉਸਦੀ ਅੱਡੀ ਤੇ ਚੱਕ ਮਾਰਿਆ। ਇਤਨੀ ਜ਼ੋਰ ਦੀ ਚੱਕ ਮਾਰਿਆ ਕਿ ਉਸਦੇ ਖੂਨ ਨਿਕਲ ਆਇਆ। ਮੈਨੂੰ ਛੱਡ ਕੇ ਉਹ ਕਾਰ ਵਿਚ ਵੜ ਗਿਆ ਤੇ ਦੌੜ ਗਿਆ।"

"ਮੈਂ ਡਿਗਦੀ ਢਹਿੰਦੀ ਆਪਣੇ ਜੁਲੇ ਕੋਲ ਆਈ ਤੇ ਸਲੀਪਿੰਗ ਬੈਗ ਵਿਚ ਪੈਂਦਿਆ ਹੀ ਸੌਂ ਗਈ। ਇਹ ਵੀ ਨਹੀਂ ਸੋਚਿਆ ਕਿ ਐਗਨਸ ਇੱਕਲਾ ਠੰਡ ਵਿਚ ਬਾਹਰ ਬੈਠਾ ਹੈ।" ਇਹ ਕਹਿਕੇ ਪੈਰੀ ਹੱਸ ਪਈ।

"ਇਸ ਵਿਚ ਹੱਸਣ ਵਾਲੀ ਕਿਹੜੀ ਗੱਲ ਹੈ ?" ਰਾਮ ਸਿੰਘ ਨੇ ਕਿਹਾ।

"ਦਸਦੀ ਹਾਂ ਦਸਦੀ ਹਾਂ।" ਪੈਰੀ ਨੇ ਹੱਸਦਿਆਂ ਹੀ ਆਪਣੀਆਂ ਵਖੀਆਂ ਫੜੀਆਂ,



ਜਿਵੇਂ ਹਾਸਾ ਕੰਟਰੌਲ ਵਿਚ ਨਾ ਆ ਰਿਹਾ ਹੋਵੇ ਤੇ ਫਿਰ ਕੁਝ ਰੁਕ ਕੇ ਬੋਲੀ, "ਹੁਣ ਜਦੋਂ ਕੋਈ ਵੀ ਐਲ ਸੀ ਬੀ ਉ ਦਾ ਲਿਫ਼ਾਫ਼ਾ ਲੈਕੇ ਵੀ ਸਾਡੇ ਕੋਲੋਂ ਲੰਘਦਾ ਹੈ, ਐਗਨਸ ਉਸਦੇ ਗਲ਼ ਪੈ ਜਾਂਦਾ ਹੈ। ਮੈਂ ਵੀ ਦੂਰੋਂ ਕਿਸੇ ਨੂੰ ਲਿਫ਼ਾਫ਼ੇ ਨਾਲ ਵੇਖ ਲਵਾਂ ਤਾਂ ਐਗਨਸ ਨੂੰ ਘੁਟ ਕੇ ਫੜ ਲੈਂਦੀ ਹਾਂ।"

"ਵਾਉ, ਇਹ ਤਾਂ ਕਮਾਲ ਹੈ, ਸਰਕਾਰ ਦਾ ਕੰਮ ਐਗਨਸ ਕਰੀ ਜਾਂਦਾ ਹੈ।"

ਪੈਰੀ ਸੀਰੀਅਸ ਹੋ ਗਈ ਤੇ ਬੋਲੀ, "ਰਾਮ ਸਿੰਘ ਤੂੰ ਆਪ ਦਸ, ਜੇ ਐਗਨਸ ਦੇ ਆਖੇ ਲੱਗ ਕੇ ਸ਼ਰਾਬ ਪੀਣੀ ਛਡ ਸਕਦੀ ਹਾਂ ਤਾਂ ਆਪਣੇ ਡੈਡ ਦੇ ਆਖੇ ਲੱਗ ਕੇ ਕਿਉਂ ਨਹੀਂ ਛੱਡ ਸਕੀ ?"

ਰਾਮ ਸਿੰਘ ਕੋਲ ਕੋਈ ਵੀ ਰੈਡੀਮੇਡ ਜੁਆਬ ਨਹੀਂ ਸੀ ਤੇ ਉਸਨੇ ਮੋਢੇ ਉੱਚਕਾ ਦਿੱਤੇ।

"ਮੈਂ ਦਸਦੀ ਹਾਂ ਤੈਨੂੰ ਰਾਮ ਸਿੰਘ, ਡੈਡ ਨੂੰ ਪਤਾ ਹੀ ਨਹੀਂ ਸੀ ਕਿ ਮੇਰੇ ਨਾਲ ਗੱਲ ਕਿਵੇਂ ਕਰਨੀ ਹੈ। ਐਗਨਸ ਨੂੰ ਪਤਾ ਹੈ ਕਿ ਮੇਰੇ ਨਾਲ ਗੱਲ ਕਿਵੇਂ ਕਰਨੀ ਹੈ। ਡੈਡ ਦਾ ਘਰ ਤਾਂ ਬਹੁਤ ਛੋਟਾ ਹੈ ਪਰ ਮੇਰਾ ਘਰ ਬਹੁਤ ਵੱਡਾ ਹੈ।" ਪੈਰੀ ਹਫੀ ਹੋਈ ਕੁਝ ਸੈਕਿੰਟ ਚੁੱਪ ਰਹੀ ਤੇ ਫਿਰ ਬੋਲੀ, "ਰਾਮ ਸਿੰਘ ਕੀ ਤੂੰ ਤੇ ਤੇਰਾ ਪਰਿਵਾਰ, ਆਪਣੀ ਜ਼ਿੰਦਗੀ ਜੀਉਂਦੇ ਹੋ ? ਕੀ ਤੁਸੀਂ ਘਰਾਂ ਦੇ ਗੁਲਾਮ ਤੇ ਨਹੀਂ ਬਣ ਗਏ ? ਤੂੰ ਦਸਿਆ ਸੀ ਕਿ ਤੇਰੀ ਕੁੜੀ ਵਿੰਡਸਰ ਯੂਨੀਵਰਸਿਟੀ ਵਿਚ ਪੜ੍ਹਦੀ ਹੈ। ਕੀ ਤੂੰ ਉਸਨੂੰ ਇਕੱਲੀ ਛੱਡਿਆ ਹੈ ਕਿ ਉਸਦੇ ਗਲ ਵਿਚ ਪੱਟਾ ਪਾਕੇ ਯੂਨੀਵਰਸਿਟੀ ਭੇਜਿਆ ਹੈ ?"

"ਮੈਂ ਸਮਝਿਆ ਨਹੀਂ।"

"ਰਾਮ ਸਿੰਘ ਕੋਈ ਵੀ ਨਹੀਂ ਸਮਝਦਾ। ਤੁਸੀਂ ਅਨਜਾਣ ਨਹੀਂ ਹੋ, ਮਕਰੇ ਹੋ, ਪਖੰਡ ਕਰਦੇ ਹੋ। ਮੇਰਾ ਬਾਪ ਵੀ ਪਾਖੰਡੀ ਹੈ। ਮੈਂ ਉਸਦੇ ਪਾਖੰਡ ਨੂੰ ਤਿਲਾਂਜਲੀ ਦੇ ਦਿੱਤੀ ਤੇ ਉਸਨੂੰ ਮੇਰੇ ਭੀਖ ਮੰਗਣ ਨਾਲ ਤਕਲੀਫ ਹੁੰਦੀ ਹੈ। ਇਸੇ ਲਈ ਮੈਂ ਭੀਖ ਮੰਗਦੀ ਹਾਂ। ਮੈਨੂੰ ਲੀਜ਼ਾ ਨੇ ਵੀ ਇੱਕ ਦੋ ਵਾਰ ਕਿਹਾ ਹੈ, ਨੌਕਰੀ ਦਾ ਪ੍ਰਬੰਧ ਕਰ ਸਕਦੀ ਹੈ ਪਰ ਮੈਂ ਇਨਕਾਰ ਕਰ ਦਿੱਤਾ। ਉਹ ਅਸਲ ਵਿਚ ਹੈਲੀਫੈਕਸ ਦਾ ਹੈ ਤੇ ਮੇਰੀ ਮਾਂ ਇਟੈਲੀਅਨ ਹੈ। ਹੈ ਕੋਈ ਮੇਲ ? ਪਰ ਜਦ ਵਿਆਹ ਕਰਵਾ ਲਿਆ ਤਾਂ ਸਮਝੌਤੇ ਹੋ ਗਏ ਤੇ ਨਵੀਂ ਸੋਚ ਜੰਮ ਪਈ। ਮੈਂ ਸੋਚ ਤੋਂ ਬਾਦ ਜੰਮੀ। ਆ ਨਹੀਂ ਕਰਨਾ,ਉਹ ਨਹੀਂ ਕਰਨਾ....ਤੂੰ ਵੀ ਆਪਣੀ ਕੁੜੀ ਨਾਲ ਇੰਝ ਤੇ ਨਹੀਂ ਕਰਦਾ ?.. ਨਾ ਹੁਣ ਚੁੱਪ ਕਿਉਂ ਕਰ ਗਿਆ ?"

"ਪੈਰੀ ਮੇਰੇ ਕੋਲ ਤੇਰੀ ਕਿਸੇ ਵੀ ਗੱਲ ਦਾ ਜੁਆਬ ਨਹੀਂ ਹੈ। ਤੇਰੇ ਨਾਲ ਸਹਿਮਤ ਵੀ ਨਹੀਂ ਹਾਂ ਪਰ ਜੁਆਬ ਵੀ ਕੋਈ ਨਹੀਂ, ਸਮਝ ਨਹੀਂ ਆਉਂਦਾ, ਕੌਣ ਠੀਕ ਹੈ ਤੇ ਕੌਣ ਘਟ ਠੀਕ ਹੈ ?"

ਪੈਰੀ ਹੱਸ ਪਈ ਤੇ ਬੋਲੀ, "ਮਕਰਿਆ ਬੁੜਿਆ, ਇਹੋ ਗੱਲ ਮੇਰਾ ਡੈਡ ਕਰਦਾ ਹੈ ਜੋ ਤੂੰ ਕਰਦਾ ਹੈਂ ? ਘਟ ਠੀਕ ਕੁਝ ਨਹੀਂ ਹੁੰਦਾ। ਤੁਸੀਂ ਠੀਕ ਹੋ ਜਾਂ ਗਲਤ। ਮੇਰੀ ਇੱਕ ਤੋਂ ਬਾਦ ਦੂਜੀ ਹਰਕਤ ਤੋਂ ਬਾਦ, ਡੈਡ ਵੀ ਇੰਝ ਹੀ ਕਹਿੰਦਾ ਸੀ। ਚਲ ਅੱਗੇ ਤੋਂ ਨਾ ਕਰੀਂ। ਨਾ ਕੋਈ ਪੁੱਛਣ ਵਾਲਾ ਹੋਵੇ ਮੈਂ ਪਹਿਲਾਂ ਹੀ ਗਲਤ ਕਿੱਥੇ ਸੀ ? ਨਾਲੇ ਇਹ ਕਿਹੜਾ ਹੋਮ ਵਰਕ ਹੈ ਕਿ ਆਪਣੀ ਕੁੜੀ ਨੂੰ ਆਪਣੇ ਵਰਗਾ ਬਣਾ ਲਵੋ। ਤੁਸੀਂ ਕਿਸੇ ਨੂੰ ਉਸਦੀ ਜ਼ਿੰਦਗੀ ਜੀਉਣ ਕਿਉਂ ਨਹੀਂ ਦਿੰਦੇ ?"

"ਪੈਰੀ ਤੂੰ ਬਹੁਤ ਸਿਆਣੀਆਂ ਗੱਲਾਂ ਕਰਦੀ ਹੈਂ ਪਰ ਕਦੇ ਸੋਚਿਆ ਕਿ ਤੂੰ ਇਹ ਗੱਲਾਂ ਲੋਕਾਂ ਨੂੰ ਦਸ ਸਕਦੀ ਹੈਂ, ਸਮਝਾ ਸਕਦੀ ਹੈਂ ਤੇ ਉਹਦੇ ਲਈ ਤੈਨੂੰ ਆਪਣਾ ਲਾਈਫ ਸਟਾਇਲ

ਬਦਲਣਾ ਪਵੇਗਾ ?"

"ਰਾਮ ਸਿੰਘ ਗੱਲਾਂ ਕਰਨੀਆਂ ਬਹੁਤ ਸੁਖਾਲੀਆਂ ਹਨ। ਇੱਕ ਗੱਲ ਦਾ ਜੁਆਬ ਦੇਹ। ਤੇਰੀ ਇੱਕ ਕੁੜੀ ਹੈ ਜੇ ਉਸਦਾ ਕੋਈ ਕਤਲ ਕਰ ਦੇਵੇ ਤਾਂ ਤੂੰ ਕੀ ਕਰੇਂਗਾ ?"

ਰਾਮ ਸਿੰਘ ਨੇ ਬਿੰਦ ਕੁ ਸੋਚਿਆ ਤੇ ਬੋਲਿਆ, "ਮੈਨੂੰ ਨਹੀਂ ਪਤਾ, ਜਦ ਹੋਇਆ ਹੀ ਨਹੀਂ ਤਾਂ ਉਹ ਸੋਚ ਕਿਵੇਂ ਪੁੰਗਰ ਸਕਦੀ ਹੈ ?"

"ਰਾਮ ਸਿੰਘ ਜੇ ਇਹ ਹੋ ਜਾਵੇ ਤਾਂ ਤੂੰ ਸਮਾਜਿਕ ਸੁਧਾਰਕ ਬਣਕੇ ਇਹ ਤੇ ਨਹੀਂ ਕਹਿ ਸਕਦਾ ਕਿ ਉਹ ਲੋਕੋ, ਕਿਸੇ ਦੀ ਕੁੜੀ ਦਾ ਕਤਲ ਨਾ ਕਰੋ। ਇੰਝ ਕਰੇਗਾ ਤਾਂ ਲੋਕ ਪਾਗਲ ਕਹਿਣਗੇ।"

"ਰਾਮ ਸਿੰਘ, ਮੇਰਾ ਬੇਟੇ ਦਾ ਜਨਮ ਹੋਇਆ, ਪਹਿਲਾਂ ਤਾਂ ਅਬੌਰਸ਼ਨ ਲਈ ਕਹਿੰਦੇ ਸਨ, ਅਖੇ ਪਤਾ ਨਹੀਂ ਕਿਸਦਾ ਹੈ ? ਹਾਂ ਠੀਕ ਹੈ ਮੈਨੂੰ ਨਹੀਂ ਪਤਾ ਸੀ ਕਿ ਉਸਦਾ ਬਾਪ ਕੌਣ ਹੈ ਪਰ ਮੇਰੇ ਪਰਿਵਾਰ ਨੂੰ ਇਹ ਤੇ ਪਤਾ ਸੀ ਕਿ ਮੈਂ ਉਸਦੀ ਮਾਂ ਹਾਂ। ਇਹ ਮੇਰੀ ਚੋਣ ਸੀ ਜਾਂ ਕੋਈ ਘਟਨਾ ਪਰ ਉਹ ਮੇਰਾ ਬੇਟਾ ਸੀ।

"ਕਿਸੇ ਨੂੰ ਕੀ ਹੱਕ ਹੈ ਮੇਰੇ ਉਪਰ ਕੁਝ ਠੋਸਣ ਦਾ ਤੇ ਇਸ ਹੱਦ ਤੱਕ ਕਿ ਮੇਰਾ ਬੇਟਾ ਹੀ ਮਰ ਜਾਵੇ ? ਮੈਂ ਇਹ ਵੀ ਵੇਖਿਆ ਕਿ ਜਦ ਵੀ ਡੈਡ, ਘਰੋਂ ਗੈਰ ਹਾਜ਼ਰ ਹੋਵੇ ਤਾਂ ਉਸਨੂੰ ਦਸਣਾ ਪੈਂਦਾ ਹੈ, ਮੌਮ ਨੂੰ ਵੀ ਦਸਣਾ ਪੈਂਦਾ ਹੈ, ਕਿਉਂ ਦਸਣ ਇੱਕ ਦੂਜੇ ਨੂੰ ? ਇਹ ਮੇਰੀ ਸਮਝ ਵਿਚ ਨਹੀਂ ਆਇਆ। ਕੀ ਤੂੰ ਵੀ ਇੰਝ ਹੀ ਕਰਦਾ ਹੈਂ ਰਾਮ ਸਿੰਘ ?"

ਰਾਮ ਸਿੰਘ ਤੇ ਉਂਝ ਹੀ ਉਲਝਿਆ ਪਿਆ ਸੀ। ਉਹ ਤੇ ਸਿਰਫ ਆਪਣੀ ਪੰਮੀ ਦੀ ਜ਼ਿੰਦਗੀ ਤੇ ਖੁਸ਼ੀ ਲਈ ਕਿਸੇ ਮੋਕਸ਼ ਦੀ ਤਲਾਸ਼ ਕਰ ਰਿਹਾ ਸੀ। ਉਸਨੂੰ ਨਹੀਂ ਪਤਾ ਸੀ ਕਿ ਪੈਰੀ ਕਿਹੜੇ ਪਹਾੜਾਂ ਤੋਂ ਉਤਰਿਆ ਹੋਇਆ ਜੋਗੀ ਹੈ।

ਉਸਨੂੰ ਚੁੱਪ ਵੇਖਕੇ ਪੈਰੀ ਫਿਰ ਬੋਲ ਪਈ, "ਤਨਾਵ ਤੇ ਨਿਰਾਸ਼ਾ.... ਮਿਲੀਅਨਜ਼ ਹੀ ਲੋਕ ਹਰ ਰੋਜ਼ ਰਾਤ ਨੂੰ ਮਰਦੇ ਹਨ ਤੇ ਸਵੇਰੇ ਫਿਰ ਜਿੰਦਾ ਹੋ ਜਾਂਦੇ ਹਨ ਦੁਬਾਰਾ ਮਰਨ ਲਈ। ਇਸ ਨਿਰਾਸ਼ਾ ਨੂੰ ਲੋਕਾਂ ਨੇ ਝੇਲਣਾ ਸਿਖਿਆ ਹੋਇਆ ਹੈ ਤੇ ਉਹ ਹੁਣ ਆਪਣੀ ਔਲਾਦ ਨੂੰ ਨਿਰਾਸ਼ਾ ਝਲਣੀ ਸਿਖਾ ਰਹੇ ਹਨ। ਨਿਰਾਸ਼ਾ ਦੀ ਉਵਰ ਡੋਜ਼ ਨਾਲ ਮੇਰੇ ਵਰਗੇ ਨਸ਼ੇ ਕਰਦੇ ਹਨ ਤੇ ਨਸ਼ੇ ਵਿਚ ਕੁਝ ਵੀ ਕਰ ਸਕਦੇ ਹਨ। ਇਹ ਕਿਉਂ ਨਹੀਂ ਸੋਚਦੇ ਕਿ ਉਵਰ ਡੋਜ਼ ਦਿੱਤੀ ਹੀ ਨਾ ਜਾਵੇ ? ਤੂੰ ਵੀ ਤੇ ਦਸਿਆ ਸੀ ਕਿ ਤੇਰੀ ਬੀਵੀ ਡਿਪਰੈਸ਼ਨ ਵਿਚ ਹੈ ?"

"ਹਾਂ ਪੈਰੀ ਦਸਿਆ ਸੀ, ਕਈ ਸਾਲਾਂ ਤੋਂ ਡਿਪਰੈਸ਼ਨ ਵਿਚ ਹੈ।"

"ਕੀ ਕਰਦਾ ਹੈਂ ਤੂੰ ਇਸਦਾ ?"

"ਉਹ ਦਵਾਈ ਲੈਂਦੀ ਹੈ।"

"ਕਦੇ ਸੋਚਿਆ ਕਿ ਉਹ ਡਿਪਰੈਸ਼ਨ ਵਿਚ ਕਿਉਂ ਹੈ ?"

"ਨਹੀਂ"

"ਮੈਂ ਦਸਦੀ ਹਾਂ ਉਹ ਬਿਮਾਰ ਕਿਉਂ ਹੈ।"

"ਫਿਕੀ ਜਿਹੀ ਮੁਸਕਾਨ ਨਾਲ ਰਾਮ ਸਿੰਘ ਬੋਲਿਆ, "ਹਾਂ ਦਸ"

"ਉਹ ਜ਼ਰੂਰ ਹੀ ਆਪਣੀ ਜ਼ਿੰਦਗੀ ਨਹੀਂ ਜੀਅ ਰਹੀ। ਲਗਦੈ ਤੂੰ ਉਸਨੂੰ ਕਦੇ ਮੌਕਾ ਹੀ ਨਹੀਂ ਦਿੱਤਾ। ਤੁਸੀਂ ਡਰੇ ਹੋਏ ਹੋਏ ਲੋਕ ਹੋ।"

"ਮੈਂ ਯਕੀਨ ਨਾਲ ਕਹਿ ਸਕਦੀ ਹਾਂ ਕਿ ਤੇਰੇ ਵਰਗਾ ਕਮਜ਼ੋਰ ਇਨਸਾਨ ਆਪਣੀ ਕੁੜੀ ਨੂੰ ਵੀ ਬਿਮਾਰ ਕਰ ਦੇਵੇਗਾ। ਜੋ ਆਪਣੀ ਵਾਈਫ ਨੂੰ ਨਹੀਂ ਸੰਭਾਲ ਸਕਿਆ ਉਹ ਕੁੜੀ ਨੂੰ ਕੀ



ਸੰਭਾਲੇਗਾ ? ਉਸਦਾ ਕਾਰਨ ਹੈ ਕਿ ਤੈਨੂੰ ਉਨ੍ਹਾਂ ਨਾਲੋਂ ਬਹੁਤਾ ਦਵਾਈਆਂ ਤੇ ਯਕੀਨ ਹੈ।"

ਗੱਲਾਂ ਕਰਦੀ ਕਰਦੀ ਪੈਰੀ ਤਨਾਵ ਵਿਚ ਆ ਗਈ ਸੀ, ਉਸਦੇ ਮੱਥੇ ਤੇ ਤਿਉੜੀਆਂ ਚੜ੍ਹ ਆਈਆਂ ਸਨ। ਉਸਨੂੰ ਵੇਖਕੇ ਐਗਨਸ ਭੌਂਕਣ ਲੱਗ ਪਿਆ। ਪਹਿਲਾਂ ਹੌਲੀ ਤੇ ਫਿਰ ਪੂਰੇ ਕੁੱਤੇ ਵਾਲੇ ਰਬਾਬ ਵਿਚ। ਉਹ ਪੈਰੀ ਕੋਲੋਂ ਛੁਟ ਜਾਣਾ ਚਾਹੁੰਦਾ ਸੀ। ਪੈਰੀ ਨੇ ਉਸਨੂੰ ਘੁਟ ਕੇ ਫੜਿਆ ਹੋਇਆ ਸੀ। ਰਾਮ ਸਿੰਘ ਉੱਠ ਕੇ ਖੜ੍ਹਾ ਹੋ ਗਿਆ। ਉਹ ਡਰ ਨਾਲ ਥੋੜ੍ਹਾ ਜਿਹਾ ਪਿੱਛੇ ਸਰਕ ਗਿਆ। ਪਿੱਛੇ ਸਰਕਦਾ ਵੇਖੇ ਐਗਨਸ ਹੋਰ ਵੀ ਗੁਸੇ ਨਾਲ ਭੌਂਕਣ ਲੱਗਿਆ। ਪੈਰੀ ਦੀ ਪਕੜ ਕਮਜ਼ੋਰ ਪੈ ਰਹੀ ਸੀ। ਪੈਰੀ ਨੂੰ ਅਹਿਸਾਸ ਹੋਇਆ। ਉਹ ਅਚਾਨਕ ਹੱਸਣ ਲੱਗ ਪਈ। ਹਸਦਿਆਂ ਹਸਦਿਆਂ ਹੀ ਉਸਨੇ ਰਾਮ ਸਿੰਘ ਨੂੰ ਕਿਹਾ, "ਰਾਮ ਸਿੰਘ ਸਟਾਰਟ ਲਾਫਿੰਗ, ਲਾਫ ਵਿਦਾਉਟ ਰੀਜ਼ਨ। ਐਗਨਸ ਇਹੋ ਭਾਸ਼ਾ ਸਮਝਦਾ ਹੈ।"

ਡਰੇ ਹੋਏ ਰਾਮ ਸਿੰਘ ਨੇ ਹੱਸਣਾ ਸ਼ੁਰੂ ਕਰ ਦਿੱਤਾ। ਪਹਿਲਾਂ ਫਿੱਕਾ ਤੇ ਫਿਰ ਥੋੜ੍ਹਾ ਗੂੜ੍ਹਾ ਹੱਸਦਿਆਂ ਉਸਨੂੰ ਸ਼ੋਲੇ ਫਿਲਮ ਦਾ ਕਾਲੀਆ ਯਾਦ ਆਇਆ। ਪੈਰੀ ਨੇ ਅੱਗੇ ਵਧਕੇ, ਰਾਮ ਸਿੰਘ ਦੇ ਹੱਥ ਤੇ ਹੱਥ ਮਾਰਿਆ ਤੇ ਖੁੱਲ੍ਹ ਕੇ ਹੱਸ ਪਈ। ਐਗਨਸ ਵੀ ਘਰਕਿਆ ਪਿਆ ਸੀ। ਪੈਰੀ ਨੂੰ ਵੇਖਕੇ ਉਸਨੇ ਜੀਭ ਕਢ ਲਈ ਸਾਹ ਲੈਂਦਿਆਂ ਪੈਰੀ ਦੇ ਪੈਰਾਂ ਨਾਲ ਕਲੋਲ ਕਰਨ ਉੱਥੇ ਹੀ ਬੈਠ ਗਿਆ।

---

**ਪੰਨਾ ਨੰ. 128 ਦਾ ਬਾਕੀ ...**

ਆਤਮਾ ਨੂੰ ਸ਼ਾਂਤ ਕਰਨ ਲਈ ਪੱਕੀ ਕਬਰ ਬਣਾਉਂਦਾ ਹੈ। ਪਰ ਪੱਕੀ ਕਬਰ ਬਣਾਉਣ ਬਾਅਦ ਉਹ ਆਪ ਸਾਰੀ ਉਮਰ ਪੱਕੀਆਂ ਇੱਟਾਂ ਦੇ ਬੋਝ ਹੇਠ ਦੱਬਿਆ ਰਹਿੰਦਾ ਹੈ। ਇਸ ਤਰ੍ਹਾਂ ਪਾਤਰ ਦੇ ਜਿਹਨੀ ਦਬਾਉ ਨੂੰ ਸੁਪਨਿਆਂ ਦੀ ਜੁਗਤ ਰਾਹੀਂ ਸਪੱਸ਼ਟ ਕੀਤਾ ਗਿਆ ਹੈ।

ਸਪੱਸ਼ਟ ਹੈ ਕਿ ਇਨ੍ਹਾਂ ਕਹਾਣੀਆਂ ਦੇ ਪਾਤਰ ਦੱਬੇ-ਕੁਚਲੇ, ਪੀੜਤ, ਕਮਜ਼ੋਰ, ਨਿਤਾਣੇ ਤੇ ਅਮੀਰਾਂ ਦੀ ਕਠਪੁਤਲੀ ਬਣੇ ਬੈਠੇ ਹਨ। ਇਹ ਸਮਾਜ ਦੇ ਜ਼ਬਰ ਹੱਥੋਂ ਲਤਾੜੇ, ਹੀਣੇ ਤੇ ਲਾਚਾਰ ਮਨੁੱਖ ਹਨ। ਸਮਾਜ ਵਿਚ ਆਰਥਿਕ ਨਾਬਰਾਬਰੀ ਦੇ ਨਾਂ 'ਤੇ ਹੁੰਦਾ ਵਿਤਕਰਾ ਵੀ ਇਨ੍ਹਾਂ ਕਹਾਣੀਆਂ ਦੀ ਮੁੱਖ ਸੁਰ ਹੈ। ਆਮ ਸਧਾਰਨ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ ਬਜਾਏ ਸਗੋਂ ਉਨ੍ਹਾਂ ਦੇ ਆਪਣੇ ਹੱਕ ਵੀ ਖੋਹ ਲਏ ਜਾਂਦੇ ਹਨ। ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਸੱਧਰਾਂ ਦਾ ਵੀ ਘਾਣ ਕੀਤਾ ਜਾਂਦਾ ਹੈ। ਇਹ ਉਨ੍ਹਾਂ ਲਾਚਾਰ ਪਾਤਰਾਂ ਦੀਆਂ ਕਹਾਣੀਆਂ ਹਨ, ਜਿਨ੍ਹਾਂ ਦੇ ਹੱਸਣ 'ਤੇ ਵੀ ਪਾਬੰਦੀਆਂ ਹਨ। ਇਹੋ ਜਿਹਾ ਸਮਾਜ ਜ਼ਾਲਮ ਹੈ, ਜੋ ਸਧਾਰਨ ਬੰਦੇ ਨੂੰ ਨੱਪ ਕੇ, ਉਸਦਾ ਲਹੂ ਨਿਚੋੜ ਕੇ, ਆਪ ਖੁਸ਼ਹਾਲੀ ਭਾਲਦਾ ਹੈ। ਇਸ ਸੰਸਾਰ ਵਿਚ ਜੀਵ ਬੰਦੇ ਦੀ ਜੂਨੇ ਆਉਂਦਾ ਹੈ ਪਰ ਸਾਡਾ ਆਲਾ-ਦੁਆਲਾ ਤੇ ਮੰਦਾ ਵਰਤਾਰਾ ਬੰਦੇ ਨੂੰ ਬਦਲਣ ਲਈ ਮਜ਼ਬੂਰ ਕਰਦੇ ਹਨ। ਇਨਸਾਨੀ ਜਾਂ ਮਨੁੱਖੀ ਵਿਹਾਰ ਵਿਚ ਰਹਿ ਕੇ ਹੀ ਬੰਦੇ ਦੀ ਜੂਨ ਵਿਚ ਰਿਹਾ ਜਾ ਸਕਦਾ ਹੈ। ਕਿਹਾ ਜਾ ਸਕਦਾ ਹੈ ਕਿ ਲੇਖਕ ਨੇ ਬੇਖੌਫ਼ ਹੋ ਕੇ ਇਸ ਸੰਗ੍ਰਹਿ ਰਾਹੀਂ ਸਮਾਜੀ ਮਸਲੇ ਬਿਆਨ ਕੀਤੇ ਹਨ। ਉਸਨੇ ਅਜਿਹਾ ਕਰਨ ਵੇਲੇ ਕੌਮ, ਬਰਾਦਰੀ ਜਾਂ ਧਰਮ ਨਾਲ ਸੰਬੰਧ ਕਾਇਮ ਨਹੀਂ ਕੀਤਾ ਸਗੋਂ ਉਹ ਆਮ ਲੋਕਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਪ੍ਰਤਿ ਯਤਨਸ਼ੀਲ ਹੈ।

## ਤਸ਼ੱਦਦ/ਬਲਦੇਵ ਸਿੰਘ ਢੀਂਡਸਾ

ਅੱਜ ਸੱਥ ਵਿਚ ਰੌਣਕ ਹੈ। ਇਹ ਕੱਲ ਝੁੱਲੇ ਤੇਜ ਝੱਖੜ ਦਾ ਪਰਤਾਪ ਹੈ। ਹਜ਼ਾਰਾਂ ਦਰੱਖ਼ਤ ਅਤੇ ਸੈਂਕੜੇ ਬਿਜਲੀ ਦੇ ਖੰਭੇ ਝੱਖੜ ਨੇ ਧਰਤੀ ਦੇ ਗਲ਼ ਲਾ ਦਿੱਤੇ ਹਨ। ਬਹੁਤੇ ਪਿੰਡਾਂ ਦੀ ਬਿਜਲੀ ਗੁੱਲ ਹੋ ਗਈ ਹੈ। ਪਿੰਡ ਭਾਨੇਖੇੜਾ ਦਾ ਵੀ ਇਹੀ ਹਾਲ ਹੈ। ਲੋਕਾਂ ਦੇ ਟੀ.ਵੀ. ਪੱਖੇ ਬੰਦ ਹਨ। ਜੂਨ ਦਾ ਮਹੀਨਾ ਹੈ। ਤੇਜ਼ ਧੁੱਪ ਹੈ। ਅੰਦਰੀਂ ਹੁੰਮਸ ਹੈ। ਲੋਕ ਲਾਗ ਪਾਸ ਦੇ ਦਰੱਖਤਾਂ ਥੱਲੇ ਬੈਠੇ ਹਨ। ਤਾਂ ਹੀ ਪਿੰਡ ਦੀ ਸਾਂਝੀ ਥਾਂ ਵਿਚ ਲੱਗੀ ਤਰਵੇਣੀ ਹੇਠ ਅੱਜ ਵੱਧ 'ਕੱਠ ਹੈ। ਉਂਦਾਂ ਪੰਜ ਸੱਤ ਬੰਦੇ ਤਾਂ ਹਰ ਵੇਲੇ ਇੱਥੇ ਬੈਠੇ ਹੀ ਰਹਿੰਦੇ ਹਨ।

ਇੱਧਰ ਉੱਧਰ ਦੀਆਂ ਗੱਲਾਂ ਚੱਲ ਰਹੀਆਂ ਹਨ। ਬਹੁਤੀਆਂ ਗੱਲਾਂ ਕੱਲ ਸ਼ਾਮੀ ਝੁੱਲੇ ਤੇਜ਼ ਝੱਖੜ ਬਾਰੇ ਹੀ ਹਨ। ਕਾਦਰ ਦੀ ਕੁਦਰਤ ਦੀਆਂ ਗੱਲਾਂ ਹੋ ਰਹੀਆਂ ਹਨ। ਵੱਡੀ ਉਮਰ ਦੇ ਲੋਕ ਆਖ ਰਹੇ ਹਨ ਕਿ ਸਾਰੀ ਉਮਰ ਉਹਨਾਂ ਨੇ ਇਹੋ ਜਿਹਾ ਝੱਖੜ ਨਹੀਂ ਦੇਖਿਆ।

ਗੁਆਂਢੀ ਪਿੰਡ 'ਚ ਇੱਕ ਭਾਰੀ ਦਰਖ਼ਤ ਡਿੱਗਣ ਕਾਰਨ ਇੱਕ ਬਜ਼ੁਰਗ ਅਤੇ ਦੋ ਗਾਵਾਂ ਦੀ ਮੌਤ ਹੋ ਗਈ ਹੈ। ਹੋਰ ਥਾਵਾਂ ਤੋਂ ਵੀ ਇਹੋ ਜਿਹੀਆਂ ਖ਼ਬਰਾਂ ਆਮ ਆ ਰਹੀਆਂ ਹਨ।

ਪਰ ਭਾਨੇਖੇੜਾ ਦੇ ਲੋਕਾਂ ਦੇ ਰਿਸ਼ਤੇਦਾਰਾਂ ਵਿਚ ਅਤੇ ਉਨ੍ਹਾਂ ਦੇ ਆਪਣੇ ਪਿੰਡ ਵਿਚ ਇਹੋ ਜਿਹਾ ਜਾਨੀ ਨੁਕਸਾਨ ਨਹੀਂ ਹੋਇਆ, ਉਹ ਇਸ ਗੱਲੋਂ ਖ਼ੁਸ਼ ਹਨ।

ਖ਼ੁਸ਼ ਤਾਂ ਛੇ ਸਾਲ ਪਹਿਲਾਂ ਵੀ ਉਹ ਬਹੁਤ ਹੋਏ ਸਨ। ਜਦੋਂ ਪਿੰਡ 'ਚ ਪਤਾ ਲੱਗਾ ਸੀ ਕਿ ਪੰਡਤ ਦੀਨ ਦਿਆਲ ਦੀ ਪੋਤੀ ਸ਼ਾਰਦਾ ਨਾਇਬ ਤਹਿਸੀਲਦਾਰ ਭਰਤੀ ਹੋ ਗਈ ਹੈ। ਸ਼ਾਇਦ ਇਸ ਨੀਮ ਪਹਾੜੀ ਪਿੰਡ ਦਾ ਅਤਿ ਪਛੜੇ ਹੋਣਾ ਅਤੇ ਲੋਕਾਂ ਦਾ ਸਮੇਂ ਮੁਤਾਬਕ ਗਰੀਬ ਹੋਣਾ ਹੀ ਉਹ ਕਾਰਨ ਹਨ ਕਿ ਉਹ ਇੱਕ ਦੂਜੇ ਦੇ ਦੁੱਖ ਸੁੱਖ ਵਿਚ ਦਿਲੋਂ ਸ਼ਰੀਕ ਹੁੰਦੇ ਆਏ ਹਨ। ਸਾਰਾ ਪਿੰਡ ਹੀ ਪੰਡਤ ਦੀਨ ਦਿਆਲ ਦੇ ਘਰ ਵਧਾਈਆਂ ਦੇਣ ਢੁੱਕਿਆ ਸੀ। ਪੰਡਤ ਦੀਨ ਦਿਆਲ ਅਤੇ ਉਸਦੇ ਘਰ ਵਾਲ਼ੀ ਦਵਾਰਕੀ ਵੀ ਖਿੜੇ ਮੱਥੇ ਹਰ ਆਉਣ ਵਾਲ਼ੇ ਨੂੰ ਜੀ ਆਇਆ ਆਖਦੇ। ਪਿਆਰ ਨਾਲ਼ ਬਿਠਾਉਂਦੇ। ਪਾਣੀ ਪਿਲਾਉਣ ਤੋਂ ਮਗਰੋਂ ਚਾਹ ਦਾ ਕੱਪ ਜ਼ਰੂਰ ਪੇਸ਼ ਕਰਦੇ। ਦਿਨ ਦੇ ਛਿਪਾਅ ਨਾਲ਼ ਪਿੰਡ ਦੀ ਸਭ ਤੋਂ ਬਿਰਧ ਔਰਤ ਪਰਮੇਸ਼ਵਰੀ ਵੀ ਆਪਣੀ ਪੜੋਤੀ ਕਮਲਾ ਦੇ ਸਹਾਰੇ ਪੰਡਤ ਦੀਨ ਦਿਆਲ ਦੇ ਘਰ ਪਹੁੰਚ ਗਈ।

"ਵੇ ਪੁੱਤ ਦੀਨ ਦਿਆਲ, ਨੀ ਦਵਾਰਕੀ ਤੁਸਾਂ ਨੂੰ ਲੱਖ-ਲੱਖ ਵਧਾਈ। ਕਿੱਥੇ ਮੇਰੀ ਬੱਚੀ ਸ਼ਾਰਦਾ? ਉਸਨੂੰ ਪਿਆਰ ਦਿਆਂ।" ਪਰਮੇਸ਼ਵਰੀ ਨੇ ਵਿਹੜੇ ਵੜਦੀ ਨੇ ਹੀ ਆਖਿਆ ਸੀ।

"ਬੇਬੇ ਤੂੰ ਕਾਹਨੂੰ ਖੇਚਲ਼ ਕਰਨੀ ਤੀ। ਅਸੀਂ ਆਪ ਚੱਲਕੇ ਸਵੇਰੇ ਤੇਰੇ ਪਾ ਆਨਾ ਤੀ।" ਦੀਨ ਦਿਆਲ ਨੇ ਪਰਮੇਸ਼ਵਰੀ ਦੇ ਪੈਰ ਛੂੰਹਦਿਆਂ ਆਖਿਆ ਸੀ।

ਪੰਡਤ ਦੀਨ ਦਿਆਲ ਨੇ ਪਰਮੇਸ਼ਵਰੀ ਨੂੰ ਬੜੇ ਅਦਬ ਨਾਲ਼ ਮੰਜੇ ਤੇ ਬਿਠਾਇਆ। ਆਪ ਵੀ ਇਕ ਫੱਟਾ ਲੈ ਕੇ ਪਰਮੇਸ਼ਵਰੀ ਦੇ ਪੈਰਾਂ 'ਚ ਬੈਠ ਗਿਆ। ਦਵਾਰਕੀ ਅੰਦਰੋਂ ਦੋ ਗਲਾਸ ਪਾਣੀ ਦੇ ਲੈ ਆਈ।

"ਨੀ ਦਵਾਰਕੀ! ਸ਼ਾਰਦਾ ਨੀ ਦੀਹਦੀ। ਮਾਰੋਂ ਵਾਜ। ਮੈਂ ਉਸਨੂੰ ਕਾਲ਼ਜੇ ਲਾਵਾਂ। ਨਾਲ਼ੇ ਮੇਰੀ ਕਮਲਾ ਨੂੰ ਆਪਣਾ ਜੂਠਾ ਪਾਣੀ ਪਿਆਵੇ। ਕਿਤੇ ਕਮਲਾ ਵੀ ਉਸ ਵਾਂਗ ਪੜ੍ਹੇ



ਲਿਖੇ ਤੇ ਅਪਸਰ ਬਣ ਜੇ।" ਪਰਮੇਸ਼ਵਰੀ ਪਾਣੀ ਦਾ ਗਲਾਸ ਫੜ੍ਹਦੀ ਬੋਲੀ ਸੀ।

"ਬੇਬੇ ਸ਼ਾਰਦਾ ਗਈ ਵਾ ਉਨੇ ਆਪਣੀ ਭੂਆ ਪਾ। ਉਹ ਉਥੋਂ ਦੇਸੀ ਦਵਾਈ ਖਾਂਦੀ ਵਾ।" ਪੰਡਤ ਦੀਨ ਦਿਆਲ ਬੋਲਿਆ ਸੀ।

ਸ਼ਾਰਦਾ ਦੇ 'ਜੂਠੇ ਪਾਣੀ' ਬਾਰੇ ਪਰਮੇਸ਼ਵਰੀ ਦੇ ਮੂੰਹੋਂ ਸੁਣਕੇ ਦੀਨ ਦਿਆਲ ਦੇ ਬੁੱਢੇ ਚਿਹਰੇ ਦੀ ਭਾਅ ਹੋਰ ਵੀ ਚਮਕ ਪਈ। ਉਸਦੇ ਮੁੱਖੜੇ ਤੇ ਕੋਈ ਅਨੋਖਾ ਹੀ ਨੂਰ ਝਲਕ ਰਿਹਾ ਸੀ। ਇਸ ਨੂਰੀ ਝਲਕ ਵਿਚ ਸ਼ਾਰਦਾ ਦੀ ਮਿਹਨਤ ਅਤੇ ਉਸਦੀ ਆਪਣੀ ਤਪੱਸਿਆ ਦਾ ਮਿਸ਼ਰਣ ਸੀ।

"ਵੇ ਪੁੱਤ ਦੀਨ ਦਿਆਲ ਇਹ ਤੇਰੀ ਤਪੱਸਿਆ ਦਾ ਮੁੱਲ ਵੇ। ਨਹੀਂ ਤਾਂ ਮਾਂ-ਪੇ ਬਾਰ੍ਹੇ ਬੱਚਿਆਂ ਦਾ ਕੋਈ ਹਾਲ ਹੁੰਦਾ ਏ।" ਪਾਣੀ ਪੀਂਦੀ ਹੋਈ ਪਰਮੇਸ਼ਵਰੀ ਬੋਲੀ ਸੀ।

'ਮਾਂ-ਪੇ ਬਾਰ੍ਹੇ' ਸ਼ਬਦ ਦੀਨ ਦਿਆਲ ਦੇ ਚਿਹਰੇ ਦੀ ਨੂਰੀ ਝਲਕ ਨੂੰ ਮਾਦੀ ਪਾ ਗਏ। ਪਰ ਫਿਰ ਵੀ ਦੀਨ ਦਿਆਲ ਨੇ ਅੰਦਰੋਂ ਜਿਗਰਾ ਜਿਹਾ 'ਕੱਠਾ ਕਰਕੇ ਆਖਿਆ ਸੀ, "ਸ਼ਾਰਦਾ ਪੇ ਬਾਰ੍ਹੀ ਤਾਂ ਹੋਈ ਤੀ ਪਰ ਮਾਂ ਤਾਂ ਅੱਜ ਵੀ ਜਿਉਂਦੀ ਵਾ। ਉਸ ਕੋੜ੍ਹਨ ਨੇ ਤਾਂ ਇਸ ਘਰ ਵੱਲੇ ਐਸੀ ਪਿੱਠ ਕੀਤੀ ਕਿ ਮੁੜ ਮੂੰਹ ਤਾਂ ਕੀ ਕਰਨਾ ਤੀ ਕਦੇ ਚਿੱਠੀ-ਪੱਚਰ ਜਾਂ ਫ਼ੂਨ-ਸ਼ੂਨ ਵੀ ਨੀ ਕੀਤਾ।"

ਅਸਲ ਵਿਚ ਭਾਨੇਖੇੜਾ ਪਿੰਡ 'ਚ ਜ਼ਿਆਦਾ ਵਸੋਂ ਬ੍ਰਾਹਮਣਾਂ ਦੀ ਹੈ। ਕੁਝ ਜਾਤਾਂ ਹੋਰ ਵੀ ਨੇ। ਪਿੰਡ ਨੂੰ ਜ਼ਮੀਨ ਕਾਫ਼ੀ ਹੈ। ਪਰ ਉੱਚੀ ਨੀਵੀ, ਬੰਜਰ ਖੱਡਾਂ, ਚੋਅ ਤੇ ਕਾਫ਼ੀ ਹਿੱਸਾ ਪਹਾੜੀ-ਜੰਗਲ। ਆਰਥਕ ਪੱਖੋਂ ਟੁੱਟੇ ਬੰਦੇ ਨੂੰ ਤਾਂ ਚੰਗੀ ਭਲੀ ਜ਼ਮੀਨ ਵੀ ਕੁਝ ਨਹੀਂ ਦਿੰਦੀ ਤਾਂ ਨਿਕੰਮੀ ਜ਼ਮੀਨ ਨੇ ਕੀ ਦੇਣਾ ਸੀ। ਲੋਕ ਗਾਵਾਂ, ਮੱਝਾਂ ਤੇ ਬੱਕਰੀਆਂ ਵਗੈਰਾ ਪਾਲ਼ਦੇ। ਪਿੰਡ ਦੇ ਲਾਗ ਪਾਸ ਛੋਟੇ ਛੋਟੇ ਟੋਟਿਆਂ 'ਚ ਕਣਕ, ਛੋਲੇ, ਸਰੋਂ, ਤਾਰਾ ਮੀਰਾ, ਤਿਲ਼, ਮੂੰਗਫ਼ਲੀ, ਗੁਆਰਾ ਅਤੇ ਮੱਕੀ ਵਗੈਰਾ ਕਾਸ਼ਤ ਕਰਦੇ। ਇਹ ਫ਼ਸਲਾਂ ਸਿਰਫ਼ ਇੰਦਰ ਦੇਵਤਾ ਤੇ ਨਿਰਭਰ ਕਰਦੀਆਂ। ਚਾਰ ਛਿੱਟਾ ਸਮੇਂ ਸਿਰ ਪੈ ਜਾਂਦੀਆਂ ਤਾਂ ਚਾਰ ਮਣ ਦਾਣੇ ਹੋ ਜਾਂਦੇ ਨਹੀਂ ਤਾਂ ਬੀਜ ਵੀ ਹੱਥੋਂ ਜਾਂਦਾ ਰਹਿੰਦਾ। ਜੰਗਲ਼ੀ ਜਾਨਵਰਾਂ ਤੋਂ 'ਰਾਖੀ ਕਰਨਾ' ਇਹਨਾਂ ਲੋਕਾਂ ਨੂੰ ਕਿੱਤੇ ਲਾਈ ਰੱਖਦਾ। ਤੀਹ ਸਾਲ ਪਹਿਲਾਂ ਤਾਂ ਹਾਲਤ ਬਹੁਤ ਹੀ ਬਦਤਰ ਸਨ। ਪਿੰਡ ਦਫ਼ਾ ਚਾਰ ਅਧੀਨ ਸੀ। ਲੋਕਾਂ ਨੂੰ ਆਪਣੇ ਖੇਤਾਂ 'ਚੋਂ ਦਰਖ਼ਤ ਕੱਟਣ ਲਈ ਵੀ ਜੰਗਲਾਤ ਮੁਲਾਜ਼ਮਾਂ ਦੀ ਮੁੱਠੀ ਚਾਪੀ ਕਰਨੀ ਪੈਂਦੀ।

ਗੁਆਂਢੀ ਪਿੰਡ ਮਾਲੇਖੇੜਾ ਦੇ ਨੌਜੁਆਨਾਂ ਦੀ ਰੀਸੇ ਭਾਨੇਖੇੜਾ ਪਿੰਡ ਦੇ ਨੌਜਵਾਨਾਂ ਨੇ ਵੀ ਫੌਜ 'ਚ ਭਰਤੀ ਹੋਣਾ ਸ਼ੁਰੂ ਕਰ ਦਿੱਤਾ। ਦੀਨ ਦਿਆਲ ਦੀ ਪਿੰਡ 'ਚ ਦਰਮਿਆਨੀ ਜਿਹੀ ਹੱਟੀ ਸੀ। ਉਹ ਚਾਹੁੰਦਾ ਸੀ ਕਿ ਉਸਦਾ ਇਕਲੌਤਾ ਪੁੱਤਰ ਸਾਹਿਬ ਦਿਆਲ ਫੌਜ 'ਚ ਸਿਪਾਹੀ ਭਰਤੀ ਹੋਣ ਦੀ ਬਿਜਾਏ ਹੱਟੀ ਸੰਭਾਲ਼ੇ ਅਤੇ ਇਸ ਨੂੰ ਵਧਾਵੇ। ਪਰ ਸਾਹਿਬ ਦਿਆਲ ਨਹੀਂ ਸੀ ਰੁਕਿਆ। ਦੋ ਸਾਲ ਦੀ ਨੌਕਰੀ ਤੋਂ ਬਾਅਦ ਦੀਨ ਦਿਆਲ ਨੇ ਸਾਹਿਬ ਦਿਆਲ ਦਾ ਵਿਆਹ ਕਰ ਦਿੱਤਾ। ਵਿਆਹ ਤੋਂ ਡੂਢ ਕੁ ਸਾਲ ਬਾਅਦ ਸ਼ਾਰਦਾ ਦਾ ਜਨਮ ਹੋਇਆ ਸੀ। ਸ਼ਾਰਦਾ ਮਸੀਂ ਦੋ ਕੁ ਮਹੀਨੇ ਦੀ ਸੀ ਕਿ ਸਾਹਿਬ ਦਿਆਲ ਕਸ਼ਮੀਰ ਵਿਚ ਇਕ ਬਰੂਦੀ ਸੁਰੰਗ ਦੇ ਫਟਣ ਕਾਰਨ ਆਪਣੇ ਛੇ ਸਾਥੀਆਂ ਸਮੇਤ ਸ਼ਹੀਦ ਹੋ ਗਿਆ। ਪਰਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਜਦੋਂ ਤਿਰੰਗੇ 'ਚ ਲਿਪਟੀ ਲਾਸ਼ ਭਾਨੇਖੇੜੇ ਪਹੁੰਚੀ ਤਾਂ ਪਿੰਡ ਦੀ ਹਵਾ ਨੂੰ ਵੀ ਗਸ਼ ਪੈ ਰਹੇ ਸਨ। ਪਿੰਡ ਦੇ ਪਸ਼ੂ ਪੰਛੀ ਵੀ ਰੋ ਰਹੇ ਜਾਪ ਰਹੇ ਸਨ।

ਸਸਕਾਰ ਸਮੇਂ ਪ੍ਰਸ਼ਾਸ਼ਨ ਦੇ ਉੱਚ ਅਧਿਕਾਰੀ, ਫੌਜ ਦੇ ਆਫ਼ੀਸਰ, ਲੋਕਲ

ਐਮ.ਐਲ.ਏ. ਅਤੇ ਵੱਡੀ ਗਿਣਤੀ 'ਚ ਲੋਕ ਪਹੁੰਚ ਹੋਏ ਸਨ। ਫੌਜੀ ਜੁਆਨਾਂ ਨੇ ਹਵਾਈ ਫਾਇਰ ਕਰਕੇ ਸਲਾਮੀ ਦਿੱਤੀ। ਚਿਖਾ 'ਚੋਂ ਉੱਠੇ ਧੂੰਏ ਨੇ ਅੰਬਰ ਨੂੰ ਵੀ ਰੁਆ ਦਿੱਤਾ ਸੀ।

ਰਸਮ ਪਗੜੀ ਵਾਲ਼ੇ ਦਿਨ ਰਾਜਨੀਤਕ ਲੀਡਰ ਪਹੁੰਚੇ। ਪ੍ਰਸ਼ਾਸ਼ਨ ਵੀ ਪਹੁੰਚਾ। ਪੰਜ ਜੁਆਨ ਫੌਜ ਵਲੋਂ ਵੀ ਆਏ। ਧਾਰਮਿਕ ਰਸਮਾਂ ਮਗਰੋਂ ਸ਼ਰਧਾਂ ਜਲੀ ਸਮਾਰੋਹ ਹੋਇਆ। ਰਾਜਸੀ ਲੀਡਰਾਂ ਭਾਸ਼ਨ ਕੀਤੇ। ਹਰ ਬੁਲਾਰੇ ਨੇ ਆਉਣ ਵਾਲੇ ਸਮੇਂ ਵਿੱਚ ਪਰਿਵਾਰ ਨਾਲ਼ ਮੋਢੇ ਨਾਲ਼ ਮੋਢਾ ਜੋੜ ਕੇ ਖੜਨ ਦਾ ਯਕੀਨ ਦਵਾਇਆ। ਵਿਰੋਧੀ ਧਿਰ ਦੇ ਲੀਡਰਾਂ ਪਾਕਿਸਤਾਨ ਜੋ ਅੱਤਵਾਦੀਆਂ ਨੂੰ ਸਿਖਲਾਈ, ਪੈਸਾ ਅਤੇ 'ਮਰ ਮਿਟਣ' ਦਾ ਜ਼ਜਬਾ ਦੇ ਕੇ ਭੇਜਦਾ ਹੈ ਦੀ ਰੱਜ ਕੇ ਨਿੰਦਿਆ ਕੀਤੀ। ਆਪਣੀ ਸਰਕਾਰ ਦੀ ਢਿੱਲ-ਮੱਠ ਦੀ ਨੀਤੀ ਨੂੰ ਵੀ ਕੋਸਿਆ।

ਕੋਸ ਤਾਂ ਆਪਣੀ ਕਿਸਮਤ ਨੂੰ ਦੀਨ ਦਿਆਲ ਵੀ ਰਿਹਾ ਸੀ। ਅਤਿ ਦੁਖੀ, ਨੀਵੀਂ ਪਾਈ ਬੈਠਾ। ਆਪਣੇ ਤੁਰ ਗਏ ਪੁੱਤਰ ਸਾਹਿਬ ਦਿਆਲ ਨਾਲ਼ ਮਨ 'ਚ ਝੇੜੇ ਕਰ ਰਿਹਾ ਸੀ।

ਸਾਬਿਆ ਤੂੰ ਇਕ ਨਾ ਮੰਨੀ। ਮੇਰੇ ਲੱਖ ਯਤਨਾਂ ਦੇ ਬਾਵਜੂਦ ਤੂੰ ਚੌਥੀ 'ਚੋਂ ਪੜ੍ਹਨੋਂ ਹਟ ਗਿਆ। ਤੂੰ ਸਾਰਾ ਦਿਨ ਅਵਾਰਾ ਮੁੰਡਿਆਂ ਨਾਲ਼ ਜੰਗਲ਼ 'ਚ ਜੰਗਲ਼ੀ ਬੇਰ ਖਾਣ ਜਾਂ ਫਿਰ ਮਖਿਆਲ ਟੋਲ਼ਦੇ ਰਹਿਣਾ। ਸੁਹਰਿਆਂ ਮੈਂ ਚਾਹਿਆ ਸੀ ਕਿ ਤੂੰ ਪੜ੍ਹ ਲਿਖਕੇ ਕਿਸੇ ਉੱਚੇ ਮੁਰਾਤਬੇ ਨੂੰ ਪਹੁੰਚਦਾ। ਊਨੇ ਵਾਲ਼ੇ ਪੰਡਿਤ ਰਵੀ ਸ਼ਰਮਾ ਦੁਆਰਾ ਬਣਾਈ ਤੇਰੀ ਜਨਮ ਪੱਤਰੀ 'ਚ ਵੀ ਤੇਰਾ ਮਾਨ ਸਨਮਾਨ ਵਾਲ਼ੇ ਅਹੁਦੇ ਤੇ ਪਹੁੰਚਣਾ ਲਿਖਿਆ ਹੋਇਆ ਸੀ। ਮੈਂ ਤੈਨੂੰ ਫੌਜ ਵਿਚ ਭਰਤੀ ਨਹੀਂ ਸੀ ਕਰਾਉਣਾ ਚਾਹੁੰਦਾ। ਫੇਰ ਸੋਚਿਆ ਕਿ ਸ਼ਾਇਦ ਤੇਰੇ ਮਾਨ ਸਨਮਾਨ ਵਾਲੇ ਅਹੁੱਦੇ ਤੇ ਪਹੁੰਚਣ ਲਈ ਫੌਜ ਹੀ ਇੱਕੋ ਇੱਕ ਥਾਂ ਬਚੀ ਹੈ। ਹਾਂ ਪੁੱਤ ਮਾਨ ਸਨਮਾਨ ਤਾਂ ਸਾਰੇ ਬੁਲਾਰੇ ਕਰੀ ਜਾਂਦੇ ਹਨ। ਮੁੱਖ ਮੰਤਰੀ ਦੇ ਦੂਤ ਨੇ ਪਿੰਡ ਦੇ ਸਕੂਲ ਦਾ ਨਾਂ ਤੇਰੇ ਨਾਂ 'ਤੇ ਰੱਖਣ ਦਾ ਐਲਾਨ ਕਰ ਦਿੱਤਾ ਹੈ। ਮਾਇਕ ਤੌਰ 'ਤੇ ਵੀ ਸਹਾਇਤਾ ਦੇ ਐਲਾਨ ਹੋ ਰਹੇ ਹਨ। ਪਰ ਤੇਰੇ ਬਿਨਾਂ ਇਹ ਸਭ ਕੁਝ ਮੈਂ ਕੀ ਕਰਨਾ। ਪੁੱਤ ਤੂੰ ਏਡੀ ਜਲਦੀ ਤੁਰ ਜਾਣਾ ਸੀ? ਸੁਹਰਿਆਂ ਜਨਮ ਪੱਤਰੀ ਤਾਂ ਤੇਰੀ ਲੰਮੀ ਆਯੂ ਦਾ ਇਸ਼ਾਰਾ ਕਰਦੀ ਆ। ਚੰਗੀ ਲੰਮੀ ਉਮਰ ਭੋਗੀ! ਪੁੱਤ ਤੂੰ ਆਪ ਲੰਮੀਆਂ ਤਾਣ ਸੌਂ ਗਿਆ ਪਰ ਸਾਨੂੰ ਸੂਲ਼ਾ ਦੀ ਸੇਜ ਤੇ ਪਾ ਗਿਆ। ਕੀ ਬਣੂ ਸਾਡਾ? ਕੀ ਕਰੂ ਤੇਰੀ ਫੁੱਲ ਵਰਗੀ ਬੱਚੀ ਸ਼ਾਰਦਾ? ਉਸ ਵਿਚਾਰੀ ਨੂੰ ਤਾਂ ਇਕ ਵਾਰ ਵੀ ਤੇਰੀ ਹਿੱਕ ਨਾਲ਼ ਲੱਗਣਾ ਨਸੀਬ ਨੀ ਹੋਇਆ। ਨਹੀਂ ਨਹੀਂ ਪੁੱਤ ਨਹੀਂ। ਸ਼ਾਰਦਾ ਤੇਰੀ ਹਿੱਕ ਨਾਲ਼ ਲੱਗੀ ਸੀ, ਇਕ ਵਾਰ। ਹਾਂ ਹਾਂ ਇਕ ਵਾਰ। ਜਦੋਂ ਤੇਰੀ ਲਾਸ਼ ਵਿਹੜੇ 'ਚ ਪਈ ਸੀ। ਰੋਂਦੀ ਪਿੱਟਦੀ ਤੇਰੀ ਬਹੂ ਨੀਲਮ ਨੇ ਤੇਰੀ ਹਿੱਕ ਤੇ ਪਾਇਆ ਸੀ ਸ਼ਾਰਦਾ ਨੂੰ। ਪੁੱਤ ਕੀ ਬਣੂ ਤੇਰੀ ਜੁਆਨ ਜਹਾਨ ਬਹੂ ਨੀਲਮ ਦਾ?

ਨੀਲਮ ਦਾ ਤਾਂ ਬਣ ਗਿਆ ਸੀ। ਦੋ ਢਾਈ ਮਹੀਨੇ ਬਾਅਦ ਹੀ।

ਸਾਹਿਬ ਦਿਆਲ ਦੀ ਮੌਤ ਨੇ ਦੀਨ ਦਿਆਲ ਅਤੇ ਦਵਾਰਕੀ ਦੀ ਜ਼ਿੰਦਗੀ ਹਨੇਰੀ ਕਰ ਦਿੱਤੀ ਸੀ। ਦੋ ਮਹੀਨੇ ਦੇ ਵਿਚ ਵਿਚ ਉਹਨਾਂ ਦੀ ਸਿਹਤ ਅੱਧੀ ਰਹਿ ਗਈ। ਦੀਨ ਦਿਆਲ ਤੋਂ ਦੁਕਾਨ ਵੱਲ ਵੀ ਪੂਰਾ ਧਿਆਨ ਨਹੀਂ ਸੀ ਦੇ ਹੋ ਰਿਹਾ। ਉਹ ਵੱਧ ਤੋਂ ਵੱਧ ਸਮਾਂ ਮੰਜੇ 'ਤੇ ਪਿਆ ਰਹਿੰਦਾ।

ਮੰਜੇ 'ਤੇ ਹੀ ਪਿਆ ਸੀ ਉਹ ਉਸ ਦਿਨ ਵੀ। ਲੌਢਾ ਵੇਲਾ ਸੀ ਦਿਨ ਦਾ। ਦਵਾਰਕੀ ਕਿਸੇ ਦੇ ਘਰੇ ਗਈ ਹੋਈ ਸੀ। ਉਸਦਾ ਕੁੜਮ ਅਮਰ ਨਾਥ ਵਿਹੜੇ ਆਣ ਵੜਿਆ ਸੀ। ਉਸ ਸ਼ਾਰਦਾ ਨੂੰ ਚੁੱਕਿਆ ਹੋਇਆ ਸੀ। ਸ਼ਾਰਦਾ ਸੁੱਤੀ ਹੋਈ ਸੀ। ਦੀਨ ਦਿਆਲ ਉੱਠ ਕੇ ਬੈਠ ਗਿਆ। ਉਹ ਦਰਵਾਜ਼ੇ ਵੱਲ ਹੀ ਦੇਖੀ ਜਾ ਰਿਹਾ ਸੀ।



ਅਮਰਨਾਥ ਨੇ ਸੁੱਤੀ ਸ਼ਾਰਦਾ ਦੀਨ ਦਿਆਲ ਦੇ ਪੱਟਾਂ 'ਚ ਪਾ ਦਿੱਤੀ ਸੀ।

"ਨੀਲਮ ਨੀ ਆਈ?" ਦੀਨ ਦਿਆਲ ਨੇ ਪੁੱਛਿਆ ਸੀ।

"ਨਹੀਂ ਨੀਲਮ ਨੀ ਆਈ। ਵੱਡੇ ਭਾਈ, ਨੀਲਮ ਹੁਣ ਆਵੇਗੀ ਵੀ ਨੀ। ਲੱਗੇਗਾ ਤਾਂ ਤੁਹਾਨੂੰ ਬੁਰਾ ਹੀ ਪਰ ਮੈਂ ਵੀ ਮਜ਼ਬੂਰ ਸੀ। ਕੀ ਕਰਦਾ? ਜੁਆਨ ਧੀ ਸਾਰੀ ਉਮਰ ਚਿੱਟੀ ਚੁੰਨੀ ਲਈ ਫਿਰਦੀ, ਇਹ ਵੀ ਅਸਹਿ ਸੀ। ਮੈਂ ਨੀਲਮ ਦਾ ਰਿਸ਼ਤਾ ਕਰ ਦਿੱਤਾ ਹੈ। ਮੁੰਡਾ ਇੰਗਲੈਂਡ ਤੋਂ ਆਇਆ ਹੈ। ਅਗਲੇ ਕਹਿੰਦੇ ਕਿ ਬੱਚਾ ਨੀ ਅਸੀਂ ਲਿਜਾ ਸਕਦੇ। ਮੂਹਰਲੇ ਹਫ਼ਤੇ ਵਿਆਹ ਹੈ।" ਅਮਰ ਨਾਥ ਬੜੀ ਸਹਿਜਤਾ ਨਾਲ਼ ਆਖ ਗਿਆ ਸੀ।

ਪਰ ਦੀਨ ਦਿਆਲ ਸਹਿਜ ਨਾ ਰਹਿ ਸਕਿਆ। ਉਸਨੂੰ ਲੱਗਾ ਕਿ ਕਿਸੇ ਨੇ ਸਾਹਿਬ ਦਿਆਲ ਦੀ ਮੌਤ ਦੀ ਖ਼ਬਰ ਅੱਜ ਦਿੱਤੀ ਹੈ। ਉਸਦੀਆਂ ਅੱਖਾਂ ਭਰ ਆਈਆਂ ਅਤੇ ਗਲ਼ਾ ਖ਼ੁਸ਼ਕ ਹੋ ਗਿਆ ਪਰ ਫਿਰ ਵੀ ਉਸ ਜ਼ਬਤ ਬਣਾਈ ਰੱਖਿਆ ਅਤੇ ਬੋਲਿਆ, 'ਅਮਰ ਨਾਥ ਜੀ ਸੋਚਦਾ ਤਾਂ ਮੈਂ ਵੀ ਤਾ ਕਿ ਨੀਲਮ ਸਾਰੀ ਉਮਰ ਕਿਵੇਂ ਕੱਟੂ। ਮਨ ਬਣਾਇਆ ਸੀ ਕਿ ਸਾਲ ਕੁ ਬੱਚੀ ਨੂੰ ਦੁੱਧ ਪਿਆ ਲਵੇ। ਫੇ ਤੁਹਾਡੇ ਨਾਲ਼ ਸਲਾਹ ਕਰੂ। ਪਰ ਤੁਸੀਂ ਤਾਂ...।"

"ਵੱਡੇ ਭਾਈ, ਸ਼ਾਰਦਾ ਨੂੰ ਹੁਣ ਨੀਲਮ ਦੇ ਦੁੱਧ ਦੀ ਲੋੜ ਨਹੀਂ। ਇਕ ਮਹੀਨਾ ਪਹਿਲਾ ਹੀ ਜਦੋਂ ਉਸ ਦੇ ਰਿਸ਼ਤੇ ਦੀ ਗੱਲ ਤੁਰੀ ਸੀ ਤਾਂ ਉਸਨੇ ਇਸਨੂੰ ਬੋਤਲ ਲਾ ਦਿੱਤੀ ਸੀ ਤੇ ਆਪਣਾ ਬੰਦ ਕਰ ਦਿੱਤਾ ਸੀ। ਇਸ ਬੈਗ 'ਚ ਦੋ ਬੋਤਲਾ ਵੀ ਹਨ। ਨਾਲ਼ੇ ਜੋ ਪੈਸਾ ਮਹਿਕਮੇ ਵਲੋਂ ਮਿਲ਼ਿਆ ਸੀ। ਉਸ ਦੀ ਐਫ਼.ਡੀ. ਸ਼ਾਰਦਾ ਦੇ ਨਾਂ ਬਣਾ ਦਿੱਤੀ, ਉਹ ਵੀ ਬੈਗ਼ ਵਿਚ ਹੀ ਹੈ। ਕੁਝ ਕੱਪੜੇ ਨੇ ਸ਼ਾਰਦਾ ਦੇ। ਹਾਂ ਨੀਲਮ ਨੇ ਇਕ ਐਫ਼ੀਡੈਵਿਟ ਵੀ ਸਾਇਨ ਕਰ ਦਿੱਤਾ ਹੈ ਕਿ ਭਵਿੱਖ ਵਿਚ ਵੀ ਜੋ ਵੀ ਲਾਭ ਭਾਰਤ ਸਰਕਾਰ ਵਲੋਂ ਜਾਂ ਪੰਜਾਬ ਸਰਕਾਰ ਵਲੋਂ ਮਿਲ਼ੇ ਉਹ ਸ਼ਾਰਦਾ ਨੂੰ ਮਿਲ਼ੇ ਕਿਉਂਕਿ ਉਹ ਦੂਸਰੀ ਸ਼ਾਦੀ ਕਰਨ ਜਾ ਰਹੀ ਹੈ। ਗਾਰਡੀਅਨਸ਼ਿਪ ਤੁਹਾਡੇ ਨਾਂ ਕਰਵਾ ਦਿੱਤੀ ਹੈ। ਪੈਨਸ਼ਨ ਬਾਰੇ ਵੀ ਮਿਲਟਰੀ ਹੈੱਡ ਕੁਆਟਰ ਨੂੰ ਲਿਖ ਦਿੱਤਾ ਸੀ।" ਅਮਰਨਾਥ ਨੇ ਸਾਰੀ ਗੱਲ ਅਹਿਸਾਨਮੰਦ ਲਹਿਜੇ ਵਿਚ ਆਖ ਸੁਣਾਈ ਅਤੇ ਵਾਪਿਸ ਤੁਰਨ ਲਈ ਉੱਠ ਖੜਾ ਹੋਇਆ। ਦੀਨ ਦਿਆਲ ਨੇ ਉਸਨੂੰ ਦਵਾਰਕੀ ਦੇ ਆਉਣ ਤੱਕ ਬੈਠਣ ਅਤੇ ਚਾਹ ਪੀ ਕੇ ਜਾਣ ਲਈ ਕਿਹਾ ਪਰ ਅਮਰ ਨਾਥ ਨਾ ਰੁਕਿਆ।

ਦਵਾਰਕੀ ਵੀ ਆ ਗਈ। ਉਸ ਆਪਣੇ ਪੁੱਤ ਦੀ ਨਿਸ਼ਾਨੀ ਨੂੰ ਸੀਨੇ ਨਾਲ਼ ਲਾਇਆ। ਨਾਲ਼ ਹੀ ਉਸਦੀਆਂ ਅੱਖਾਂ 'ਚੋਂ ਪਾਣੀ ਦੀਆਂ ਘਰਾਲ਼ਾ ਵਗ ਤੁਰੀਆਂ। ਉਸ ਦਾ ਦਿਲ ਕਰੇ ਕਿ ਉਹ ਉੱਚੀ ਉੱਚੀ ਕੂਕਾਂ ਮਾਰੇ ਅਤੇ ਆਖੇ, 'ਅਮਰਨਾਥਾ ਸਾਲ ਛੇ ਮਹੀਨੇ ਤਾਂ ਰੁਕ ਲੈਂਦਾ। ਅਸੀਂ ਕਿਹੜੇ ਨਾਬਰ ਤੀ।'

ਪਰ ਨਹੀਂ ਕੱਢੀ ਸੀ ਅਵਾਜ਼ ਦਵਾਰਕੀ ਨੇ। ਦਿਲ ਦਾ ਗ਼ਮ ਹੰਝੂਆਂ ਰਾਹੀ ਹੀ ਹਲਕਾ ਕਰ ਲਿਆ ਸੀ।

ਆਂਢ ਗੁਆਂਢ 'ਚ ਜਿਸ ਨੂੰ ਵੀ ਪਤਾ ਲਗਾ ਉਹ ਵਾਹੋ-ਦਾਹੀ ਦੀਨ ਦਿਆਲ ਦੇ ਘਰ ਆਉਂਦਾ, ਸ਼ਾਰਦਾ ਨੂੰ ਪਿਆਰ ਦਿੰਦਾ ਤੇ ਮੀਰਪੁਰੀਏ ਅਮਰਨਾਥ ਹੁਰਾਂ ਦੀ ਕੀਤੀ ਕਾਹਲ਼ ਨੂੰ ਕੋਸਦਾ। ਜਿੰਨੇ ਮੂੰਹ ਉਨ੍ਹੀਆਂ ਗੱਲਾਂ। ਕਈ ਔਰਤਾਂ ਇਕ ਦੂਜੇ ਨਾਲ਼ ਮੂੰਹ ਨਾਲ਼ ਮੂੰਹ ਜੋੜ ਆਖਦੀਆ, "ਭੈਣੋ ਕਲਯੁੱਗ ਹੈ ਕਲਯੁੱਗ ਉਹ ਭਲੇ ਸਮੇਂ ਸੀ ਜਦੋਂ ਸਾਰੀ ਉਮਰ ਰੰਡ ਕੱਟ ਲੈਂਦੀਆਂ ਸਨ ਹੁਣ ਨੀ ਉਹ ਗੱਲਾਂ। ਨਾਖਸਮੀਏ ਖ਼ਸਮ ਦਾ ਸਿਵਾ ਤਾਂ ਠੰਡਾ ਹੋਣ ਦੇਂਦੀ। ਕੀ ਤੇਰੇ ਅੱਗ ਲੱਗੀ ਸੀ। ਫੁੱਲ ਭਰ ਬੱਚੀ 'ਤੇ ਤਾਂ ਤਰਸ ਕਰਦੀਓ।"

ਫੁੱਲ ਭਰ ਬੱਚੀ ਨੇ ਦੀਨ ਦਿਆਲ ਅਤੇ ਦਵਾਰਕੀ ਨੂੰ ਸਾਰੀ ਰਾਤ ਸੂਲ਼ੀ ਟੰਗੀ ਰੱਖਿਆ। ਉਹ ਪੰਜ ਮਿੰਟ ਟਿਕਦੀ ਤਾਂ ਪੰਦਰਾਂ ਮਿੰਟ ਲੇਰਾਂ ਮਾਰਦੀ। ਦੁੱਖਾਂ ਦੇ ਝੰਬੇ ਤੀਵੀਂ ਆਦਮੀ ਸਾਰੀ ਰਾਤ ਉਸਨੂੰ ਵਾਰੋ ਵਾਰੀ ਚੁੱਕੀ ਲੋਰੀਆਂ ਦਿੰਦੇ ਫਿਰਦੇ ਰਹੇ। ਕਦੇ ਖਿਝਦੇ, ਕਦੇ ਕਲ਼ਪਦੇ ਤੇ ਕਦੇ ਆਪ ਵੀ ਰੋ ਪੈਂਦੇ।

ਸ਼ਾਰਦਾ ਨੂੰ ਸ਼ਾਇਦ ਜਾਣੇ ਪਹਿਚਾਣੇ ਹੱਥਾਂ ਦੀ ਛੂਹ ਅਤੇ ਜਾਣੇ ਪਛਾਣੇ ਬਦਨ ਦਾ ਨਿੱਘ ਅਤੇ ਮਹਿਕ ਨਹੀਂ ਸੀ ਮਿਲ਼ ਰਹੀ। ਉਹ ਰੋਂਦੀ ਰਹੀ, ਰੋਂਦੀ ਰਹੀ। ਆਖ਼ਿਰ ਨੂੰ ਉਹ ਰੋ-ਰੋ ਥੱਕ ਗਈ ਤੇ ਸਵੇਰ ਸਾਰ ਉਹ ਸੌਂ ਗਈ। ਸੁੱਤੀ ਪਈ ਸ਼ਾਰਦਾ ਦੇ ਮਾਸੂਮ ਤੇ ਭੋਲ਼ੇ ਚਿਹਰੇ ਨੂੰ ਦੇਖ ਅਚਾਨਕ ਦੀਨ ਦਿਆਲ ਦੇ ਜ਼ਿਹਨ 'ਚ ਕੁਝ ਜਾਗਿਆ। ਉਸਦੇ ਮਨ ਦੇ ਬੁੱਲ ਫਰਕੇ:

-ਹੈ ਇਹ ਐਨ ਸਾਬੋ ਤੇ ਗਈ ਹੈ। ਅੱਛਾ ਪੁੱਤ ਤੂੰ ਦੁਬਾਰਾ ਮੇਰੀ ਗੋਦੀ 'ਚ ਆਇਆ ਏ। ਲੈ ਰਾਮ ਭਲੀ ਕਰੇ ਹੁਣ ਮੈਂ ਤੇਰੇ ਵੱਲ ਪੂਰਾ ਧਿਆਨ ਦਿਆਂਗਾ। ਹੋਰ ਕੰਮਾਂ ਵੱਲ ਘੱਟ। ਅੱਗੇ ਉਲਟ ਹੋ ਗਿਆ ਸੀ। ਤੈਨੂੰ ਪੜ੍ਹਾਊਂਗਾ। ਲਿਖਾਊਂਗਾ। ਕਿਸੇ ਮਰਾਤਬੇ ਤੇ ਪਹੁੰਚਾਊਂਗਾ। ਹੁਣ ਤੈਨੂੰ ਅਵਾਰਾ ਬੱਚਿਆ ਨਾਲ਼ ਘੁੰਮਣ ਨਹੀਂ ਦਿਆਂਗਾ ਮਿੱਟੀ ਘੱਟੇ 'ਚ ਰੁਲਣ ਨਹੀਂ ਦਿਆਂਗਾ।

ਇਸ ਵਿਚਾਰ ਪਰਵਾਹ ਨਾਲ਼ ਹੀ ਦੀਨ ਦਿਆਲ ਦੇ ਤਨ-ਮਨ ਨੇ ਥੋੜ੍ਹੀ ਤਕੜਾਈ ਫੜ੍ਹੀ। ਉਹ ਉੱਠ ਕੇ ਬਾਹਰਲੇ ਵਿਹੜੇ ਨੂੰ ਤੁਰ ਪਿਆ। ਉਸਦੇ ਡੋਲਦੇ ਕਦਮਾਂ 'ਚ ਮਨ ਦਾ ਠਰੰਮਾ ਉਤਰ ਆਇਆ ਸੀ। ਜੋ ਗਊ ਐਤਕਾਂ ਉਹ ਵੇਚ ਦੇਣੀ ਚਾਹੁੰਦਾ ਸੀ, ਜਾ ਕੇ ਉਸਨੂੰ ਥਾਪੀਆਂ ਦੇਣ ਲੱਗਾ ਪਿਆ। ਫਾਹੁੜਾ ਲੈ ਕੇ ਉਸਨੇ ਗਊ ਦਾ ਗੋਹਾ ਇਕੱਠਾ ਕੀਤਾ। ਖੁਰਲੀ 'ਚ ਹੱਥ ਮਾਰਕੇ ਉਸ ਪੱਠਿਆਂ ਦੀ ਜੂਠ 'ਕੱਠੀ ਕਰਕੇ ਥੱਲੇ ਵਗਾਹ ਮਾਰੀ। ਗਊ ਨੂੰ ਦੁਬਾਰਾ ਥਾਪੀ ਦਿੱਤੀ ਅਤੇ ਆਖਿਆ, "ਲੈ ਮਾਤਾ ਆਪਾ ਤੇ ਨਵੀਂ ਜ਼ਿੰਮੇਵਾਰੀ ਆਣ ਪਈ ਏ ਮੇਰਾ ਸਾਥ ਦੇਈ। ਕਿਰਪਾ ਕਰੀ।"

ਗਊ ਮਾਤਾ ਨੇ ਦੀਨ ਦਿਆਲ ਦਾ ਹੱਥ ਚੱਟਣਾ ਸ਼ੁਰੂ ਕਰ ਦਿੱਤਾ। ਉਸਨੂੰ ਲੱਗਾ ਕਿ ਗਊ ਮਾਤਾ ਵੀ ਹਾਮੀ ਭਰ ਰਹੀ ਹੈ।

ਹਾਮੀ ਸ਼ਾਇਦ ਸ਼ਾਰਦਾ ਨੇ ਵੀ ਭਰ ਦਿੱਤੀ ਸੀ। ਦੀਨ ਦਿਆਲ ਦੀ ਮਨ ਬਚਨੀ ਪੂਰੀ ਕਰਨ ਲਈ। ਦੂਜੀ ਰਾਤ ਨੂੰ ਉਹ ਘੱਟ ਰੋਈ।

ਹਾਰੇ ਹੁੱਟੇ ਦਵਾਰਕੀ ਅਤੇ ਦੀਨ ਦਿਆਲ ਨੂੰ ਨਵਾਂ ਰੁਝੇਵਾਂ ਮਿਲ਼ ਗਿਆ ਸੀ। ਉਹ ਰਾਤ ਦਿਨ ਸ਼ਾਰਦਾ ਨਾਲ਼ ਪਰਚੇ ਰਹਿਣ ਲੱਗੇ। ਸ਼ਾਰਦਾ ਦੀਆਂ ਬੁੱਲੀਆਂ 'ਤੇ ਆਈ ਮੁਸਕਰਾਹਟ ਉਹਨਾਂ ਨੂੰ ਤਰੋ ਤਾਜ਼ਾ ਕਰ ਦਿੰਦੀ।

ਦੀਨ ਦਿਆਲ ਦੇ ਵਿਹੜੇ ਜ਼ਿੰਦਗੀ ਦੁਬਾਰਾ ਰੁਮਕ ਪਈ। ਉਸ ਹੱਟੀ ਵੱਲ ਵੀ ਧਿਆਨ ਦੇਣਾ ਸ਼ੁਰੂ ਕਰ ਦਿੱਤਾ।

ਸ਼ਾਰਦਾ ਦੇ ਪੈਰਾਂ ਨੂੰ ਉਹ ਮਿੱਟੀ ਤੱਕ ਨਾ ਲੱਗਣ ਦਿੰਦੇ। ਦਵਾਰਕੀ ਕੱਚੇ ਵਿਹੜੇ ਨੂੰ ਵੀ ਲਿੱਪ ਪੋਚ ਕੇ ਰੱਖਦੀ। ਉਹ ਸ਼ਾਰਦਾ ਨੂੰ ਕੱਚੀ ਜਗ੍ਹਾ ਜਦੋ ਵੀ ਬਿਠਾਉਂਦੇ ਤਾਂ ਚਾਦਰ ਵਿਛਾਕੇ ਬਿਠਾਉਂਦੇ। ਉਹ ਡਰਦੇ ਰਹਿੰਦੇ ਕਿ ਕਿਤੇ ਮਿੱਟੀ-ਘੱਟਾ ਲੱਗਣ ਨਾਲ਼ ਬੱਚੀ ਬਿਮਾਰ ਨਾ ਹੋ ਜਾਵੇ। ਉਹ ਗਲ਼ੀ ਦੇ ਨਿਆਣਿਆਂ ਤੋਂ ਵੀ ਸ਼ਾਰਦਾ ਨੂੰ ਦੂਰ ਰੱਖਦੇ।

ਜਦੋਂ ਸ਼ਾਰਦਾ ਨੇ ਬੋਲਣਾ ਸ਼ੁਰੂ ਕੀਤਾ ਤਾਂ ਪੰਡਤ ਦੀਨ ਦਿਆਲ ਨੇ ਉਸਨੂੰ ਊੜਾ ਊਠ, ਅ ਅੰਬ ਸਿਖਾਉਣੇ ਸ਼ੁਰੂ ਕਰ ਦਿੱਤੇ। ਜਿਸ ਵੇਲੇ ਸ਼ਾਰਦਾ ਨੂੰ ਪ੍ਰਾਇਮਰੀ ਸਕੂਲ ਦਾਖਲ ਕਰਾਇਆ ਤਾਂ ਉਹ ਪਹਿਲਾਂ ਹੀ ਕਾਫ਼ੀ ਕੁਝ ਨੂੰ 'ਰੱਟਾ' ਲਾ ਚੁੱਕੀ ਸੀ। ਮਿੱਟੀ ਘੱਟੇ ਤੋਂ ਦੂਰ



ਰੱਖਣ ਲਈ ਅਤੇ ਪਿੰਡ ਦੇ ਬੱਚਿਆਂ ਨਾਲ਼ ਬਹੁਤਾ ਘੁਲ਼ੇ ਮਿਲੇ ਨਾ, ਦੇ ਖ਼ਿਆਲ ਨਾਲ਼ ਦੀਨ ਦਿਆਲ ਜੀ ਉਸਦਾ ਫੱਟੀ ਬਸਤਾ ਘਰ ਹੀ ਲੈ ਆਏ। ਸਕੂਲ 'ਚ ਸਿਰਫ਼ ਸ਼ਾਰਦਾ ਦਾ ਨਾਂ ਹੀ ਚਲਦਾ ਰਿਹਾ।

ਦੁਕਾਨ ਤੇ ਪਿਛਲੇ ਪਾਸੇ ਘਰ ਦੇ ਛੋਟੇ ਵਿਹੜ੍ਹੇ ਵਿਚ ਦੀਨ ਦਿਆਲ ਨੇ ਸਾਰੀ ਜਗ੍ਹਾ ਸਫ਼ਾਂ ਵਿਛਾਅ ਰੱਖਣੀਆਂ। ਇਕ ਸਫ਼ ਤੇ ਸਾਫ਼ ਚਾਦਰ ਵਿਛਾਅ ਰੱਖਣੀ। ਇਸ ਤੇ ਹੀ ਸ਼ਾਰਦਾ ਦਾ ਫੱਟੀ ਬਸਤਾ ਹੋਣਾ। ਇਸਤੇ ਹੀ ਉਸਦੇ ਗੁੱਡੀਆਂ ਪਟੋਲੇ।

ਛੇ ਕੁ ਮਹੀਨੇ ਬਾਅਦ ਹੀ ਦੀਨ ਦਿਆਲ ਨੇ ਸ਼ਾਰਦਾ ਦਾ ਪਹਿਲੀ ਪੱਕੀ ਦਾ ਇਮਤਿਹਾਨ ਦਵਾ ਕੇ ਉਸਨੂੰ ਦੂਜੀ ਵਿਚ ਕਰਵਾ ਦਿੱਤਾ। ਉਹ ਹੋਰ ਵੀ ਮਿਹਨਤ ਕਰਨ ਕਰਵਾਉਣ ਲੱਗ ਪਿਆ। ਜਦੋਂ ਵੀ ਹੱਟੀ 'ਚ ਕੋਈ ਗ੍ਰਾਹਕ ਨਾ ਹੁੰਦਾ ਤਾਂ ਉਹ ਸ਼ਾਰਦਾ ਕੋਲ਼ ਜਾ ਬੈਠਦਾ। ਕਦੀ ਪਿਆਰ ਨਾਲ਼ ਕਦੀ ਡਰਾਅ ਕੇ ਉਹ ਖੇਡਦੀ ਸ਼ਾਰਦਾ ਨੂੰ ਪੜ੍ਹਨ ਲਾ ਦਿੰਦਾ। ਡਰਾਉਣ ਲਈ ਉਹ ਆਖਦਾ, "ਜੇ ਪੁੱਤ ਨੇ ਪੜ੍ਹਨਾ ਨਹੀਂ ਤਾਂ ਮੈਂ ਤੈਨੂੰ ਗਾਂ ਵਾਲ਼ੇ ਕਮਰੇ ਅੰਦਰ ਬੰਦ ਕਰ ਦਿਆਂਗਾ, ਉੱਥੇ ਬਾਘੜ ਬਿੱਲਾ ਰਹਿੰਦਾ।" ਸ਼ਾਰਦਾ ਡਰਦੀ ਪੜ੍ਹਨ ਲੱਗ ਪੈਂਦੀ। ਹੋਲ਼ੀ ਹੋਲ਼ੀ ਤਾਂ ਸ਼ਾਰਦਾ ਦਾ ਮਨ ਇਹੋ ਜਿਹਾ ਬਣ ਗਿਆ ਕਿ ਉਹ ਜਦੋਂ ਵੀ ਦੀਨ ਦਿਆਲ ਨੂੰ ਆਪਣੇ ਵੱਲ ਆਉਂਦੇ ਦੇਖਦੀ ਤਾਂ ਉਹ ਝੱਟ ਹੀ ਕੋਈ ਕਿਤਾਬ ਕਾਪੀ ਚੁੱਕ ਬੈਠ ਜਾਂਦੀ।

ਸ਼ਾਰਦਾ ਨੇ ਪੰਜਵੀਂ ਪਾਸ ਕਰ ਲਈ। ਉਹ ਸਕੂਲ 'ਚੋਂ ਫਸਟ ਆਈ।

ਛੇਵੀਂ ਵਿਚ ਉਸਨੂੰ ਗੁਆਂਢੀ ਪਿੰਡ ਮਾਲੇਖੇੜਾ ਦੇ ਮਿਡਲ ਸਕੂਲ ਵਿਚ ਦਾਖਲ ਕਰਵਾ ਦਿੱਤਾ।

ਮਿਡਲ ਸਕੂਲ 'ਚ ਵੀ ਸ਼ਾਰਦਾ ਦਾ ਨਾਂ ਚਲਦਾ ਰਿਹਾ। ਦੀਨ ਦਿਆਲ ਨੇ ਮਾਲੇਖੇੜਾ ਪੜ੍ਹਾਉਣ ਵਾਲੇ ਇਕ ਅਧਿਆਪਕ ਮੋਹਕਮ ਦੀਨ ਨਾਲ਼ ਗੱਲ ਤੈਅ ਕਰ ਲਈ। ਉਹ ਭਾਨੇਖੇੜਾ 'ਚੀ ਹੀ ਲੰਘ ਕੇ ਆਪਣੇ ਪਿੰਡ ਜਾਇਆ ਕਰਦਾ ਸੀ। ਉਹ ਸਕੂਲ ਟਾਇਮ ਦੇ ਅੱਗੜ ਪਿੱਛੜ ਸ਼ਾਰਦਾ ਨੂੰ ਪੜ੍ਹਾ ਜਾਂਦਾ। ਦੀਨ ਦਿਆਲ ਆਪ ਵੀ ਜ਼ੋਰ ਲਾਈ ਜਾਂਦਾ। ਉਹ ਸ਼ਾਮ ਨੂੰ ਪੱਠੇ ਲੈਣ ਖੇਤ ਜਾਂਦਾ ਤਾਂ ਸ਼ਾਰਦਾ ਨੂੰ ਸਾਈਕਲ ਤੇ ਬਿਠਾ ਕੇ ਨਾਲ਼ ਹੀ ਲੈ ਜਾਂਦਾ। ਰਸਤੇ 'ਚ ਮਿੱਟੀ ਚੜ੍ਹਨ ਤੋਂ ਬਚਾਉਣ ਲਈ ਇਕ ਪਤਲੀ ਚੁੰਨੀ ਨਾਲ਼ ਉਸਦਾ ਸਿਰ ਮੂੰਹ ਢੱਕ ਦਿੰਦਾ। ਖੇਤ ਜਾ ਕੇ ਚਾਦਰ ਵਿਛਾਉਂਦਾ, ਸ਼ਾਰਦਾ ਨੂੰ ਬਿਠਾਉਂਦਾ ਤੇ ਕੋਈ ਨਾ ਕੋਈ ਲੇਖ ਜਾਂ ਅਰਜ਼ੀ ਯਾਦ ਕਰਨ ਲਾ ਦਿੰਦਾ।

ਅੱਠਵੀਂ 'ਚ ਜਾ ਕੇ ਦੀਨ ਦਿਆਲ ਤੇ ਮੋਹਕਮ ਦੀਨ ਨੇ ਸ਼ਾਰਦਾ ਤੇ ਹੋਰ ਵੀ ਜ਼ੋਰ ਲਾਉਣਾ ਸ਼ੁਰੂ ਕਰ ਦਿੱਤਾ। ਪਰ ਕਈ ਵਾਰ ਦੀਨ ਦਿਆਲ ਨਿਰਾਸ਼ ਜਿਹਾ ਵੀ ਹੋ ਜਾਂਦਾ। ਕਿਉਂਕਿ ਉਸਨੂੰ ਲਗਦਾ ਸ਼ਾਰਦਾ ਦਾ ਦਿਮਾਗ ਉਂਨਾ ਰਿਸਪੌਂਸ ਨਹੀਂ ਦੇ ਰਿਹਾ ਜਿੰਨਾ ਉਹ ਚਾਹੁੰਦਾ ਸੀ। ਫਿਰ ਵੀ ਉਸਨੇ ਹਠ ਨਾ ਛੱਡਿਆ। ਉਸਨੇ ਹਰਿਦੁਆਰ ਤੋਂ ਸ਼ੁੱਧ ਬ੍ਰਹਮੀ ਬੂਟੀ ਮੰਗਵਾ ਕੇ ਸ਼ਾਰਦਾ ਨੂੰ ਪਿਲਾਉਣੀ ਸ਼ੁਰੂ ਕੀਤੀ। ਉਸ ਤਰ੍ਹਾਂ ਉਸਨੂੰ ਆਸ ਸੀ ਕਿ ਸ਼ਾਰਦਾ ਬੋਰਡ ਦੇ ਇਮਤਿਹਾਨ 'ਚ ਮੈਰਿਟ 'ਚ ਆਵੇਗੀ। ਪਰ ਪੇਪਰਾਂ ਤੋਂ ਥੋੜ੍ਹੇ ਦਿਨ ਪਹਿਲਾ ਸ਼ਾਰਦਾ ਬਿਮਾਰ ਹੋ ਗਈ। ਹੋਇਆ ਇਸ ਤਰ੍ਹਾਂ ਕਿ ਇਕ ਦਿਨ ਦੀਨ ਦਿਆਲ ਸ਼ਹਿਰ ਗਿਆ ਹੋਇਆ ਸੀ। ਦੀਨ ਦਿਆਲ ਦੇ ਪਿਛਵਾੜੇ ਸ਼ੀਰ ਕਿਸ਼ਨੇ ਦਾ ਘਰ ਸੀ। ਕਿਸ਼ਨੇ ਹੁਰੀਂ ਜੰਦਾ ਕੁੰਡਾ ਲਾ ਕੇ ਕਿਧਰੇ ਗਏ ਹੋਏ ਸੀ। ਅਚਾਨਕ ਉਹਨਾਂ ਦੇ ਅੰਦਰ ਅੱਗ ਲੱਗ ਗਈ। ਉੱਠਦਾ ਧੂੰਆ ਦੇਖਕੇ ਲੋਕਾਂ ਰੌਲ਼ੀ ਪਾ ਦਿੱਤੀ। ਲੋਕ 'ਕੱਠੇ ਹੋ ਗਏ। ਰੌਲ਼ਾ ਸੁਣ ਸ਼ਾਰਦਾ ਵੀ ਕੋਠੇ ਚੜ੍ਹ ਗਈ। ਕੁਝ

ਨੌਜੁਆਨ ਕਹੀਆਂ ਨਾਲ਼ ਛੱਤ ਪੱਟਣ ਲੱਗੇ ਹੋਏ ਸਨ ਤਾਂ ਕਿ ਉਪਰੋਂ ਪਾਣੀ ਸੁੱਟਕੇ ਅੱਗ ਬੁਝਾਈ ਜਾ ਸਕੇ। ਧੂੰਆਂ ਅਤੇ ਮਿੱਟੀ ਸ਼ਾਰਦਾ ਦੇ ਅੰਦਰ ਐਸੇ ਗਏ ਕਿ ਰਾਤ ਨੂੰ ਉਸਨੂੰ ਜ਼ਬਰਦਸਤ ਬੁਖ਼ਾਰ, ਖੰਘ ਅਤੇ ਜ਼ੁਕਾਮ ਹੋ ਗਏ। ਉਸਨੂੰ ਸਾਹ ਵੀ ਖਿਚਵੇਂ ਜਹੇ ਆਉਣ। ਦੀਨ ਦਿਆਲ ਸਵੇਰੇ ਉਸਨੂੰ ਸ਼ਹਿਰ ਡਾ. ਲਕਸ਼ਮੀ ਨਰਾਇਣ ਦੇ ਕਲੀਨਿਕ ਤੇ ਲੈ ਗਿਆ।

"ਡਾ. ਸਾਹਿਬ ਬੱਚੀ ਦੇ ਪੇਪਰਾਂ 'ਚ ਸਿਰਫ਼ ਇਕ ਹਫ਼ਤਾ ਬਾਕੀ ਹੈ। ਐਸੀ ਦੁਆਈ ਦਿਉ ਕਿ ਘੋੜੇ ਵਰਗੀ ਹੋ ਜਾਵੇ।" ਦੀਨ ਦਿਆਲ ਨੇ ਡਾ. ਸਾਹਿਬ ਨੂੰ ਬੇਨਤੀ ਕੀਤੀ।

ਮੁੱਢਲੀ ਚੈਕਅੱਪ ਤੋਂ ਬਾਅਦ ਡਾਕਟਰ ਨੇ ਸ਼ਾਰਦਾ ਨੂੰ ਦੋ ਟੀਕੇ ਲਾ ਦਿੱਤੇ। ਦੁਆਈਆਂ ਦੇ ਦਿੱਤੀਆਂ। ਰਾਤ ਨੂੰ ਸਟੀਮ ਲੈਣ ਲਈ ਆਖਿਆ। ਸਾਹ ਦੀ ਤਕਲੀਫ਼ ਲਈ ਇਨਹੇਲਰ ਦੇ ਦਿੱਤਾ।

ਸ਼ਾਰਦਾ ਘੋੜੇ ਵਰਗੀ ਹੋ ਗਈ ਸੀ। ਤਿੰਨ ਦਿਨਾਂ 'ਚ ਹੀ। ਪੇਪਰ ਦਿੱਤੇ ਉਸ ਨੇ ਪੂਰੇ ਠੋਕ ਵਜਾ ਕੇ। ਪਰ ਮੈਰਿਟ 'ਚ ਨੀ ਆਈ। ਨੇੜੇ ਜ਼ਰੂਰ ਪਹੁੰਚ ਗਈ ਸੀ।

ਸ਼ਾਰਦਾ ਦੇ ਸਰੀਰ ਦਾ ਵਿਕਾਸ ਉਮਰ ਮੁਤਾਬਕ ਭਾਵੇਂ ਘੱਟ ਸੀ ਪਰ ਦੀਨ ਦਿਆਲ ਦੇ ਵਿਚਾਰਾਂ ਦਾ ਵਿਕਾਸ ਲਗਾਤਾਰ ਹੋ ਰਿਹਾ ਸੀ। ਉਸ ਨੇ ਸ਼ਾਰਦਾ ਨੂੰ ਨੌਵੀਂ ਵਿਚ ਸ਼ਹਿਰ ਦੇ ਕੁੜੀਆਂ ਵਾਲ਼ੇ ਸਕੂਲ ਦਾਖ਼ਲ ਕਰਵਾ ਦਿੱਤਾ। ਸ਼ਹਿਰ ਵਿਚ ਵਿਦੇਸ਼ ਗਏ ਕਿਸੇ ਜਾਣੂ ਦਾ ਮਕਾਨ ਖਾਲੀ ਪਿਆ ਸੀ। ਦਾਦੀ ਪੋਤੀ ਨੂੰ ਉਥੇ ਹੀ ਛੱਡ ਦਿੱਤਾ। ਹਫ਼ਤੇ 'ਚ ਇਕ ਦੋ ਗੇੜੇ ਆਪ ਵੀ ਮਾਰ ਆਉਂਦਾ। ਰਾਸ਼ਨ ਪਾਣੀ ਦੇ ਨਾਲ਼ ਨਾਲ਼ ਹਦਾਇਤਾਂ ਵੀ ਦੇ ਆਉਂਦਾ। ਲਕਸ਼ਣੀ ਨਰਾਇਣ ਦੀਆਂ ਦਿੱਤੀਆਂ ਦੁਆਈਆਂ ਦੀ ਲੋੜ ਵੇਲੇ ਵਰਤੋਂ ਬਾਰੇ ਵੀ ਦੱਸ ਆਉਂਦਾ।

ਸ਼ਾਰਦਾ ਦੀ ਟਿਊਸ਼ਨ ਦਾ ਪ੍ਰਬੰਧ ਵੀ ਲੇਡੀਜ਼ ਟੀਚਰ ਕੋਲ਼ ਹੀ ਕੀਤਾ।

ਉਚੇਰੀ ਪੜ੍ਹਾਈ ਲਈ ਵੀ ਉਸ ਗਰਲਜ਼ ਕਾਲਜ ਹੀ ਚੁਣਿਆ।

ਸ਼ਾਰਦਾ ਘਰੋਂ ਰਿਕਸ਼ੇ ਤੇ ਬੈਠਦੀ ਤੇ ਸਿੱਧੀ ਕਾਲਜ। ਕਾਲਜੋ ਘਰ। ਉਹ ਦੂਜੀਆਂ ਕੁੜੀਆਂ ਨਾਲ਼ ਵੀ ਘੱਟ ਭਿੱਜਦੀ। ਉਸਨੂੰ ਤਿੰਨ ਗੱਲਾਂ ਹੀ ਯਾਦ ਸਨ। ਘਰ, ਕਾਲਜ ਅਤੇ ਕਿਤਾਬਾਂ। ਚੌਥੀ ਗੱਲ ਵੀ ਕਦੇ-ਕਦੇ ਜ਼ਿਹਨ 'ਚ ਉੱਗ ਪੈਂਦੀ ਅਤੇ ਕਈ ਵਾਰ ਮਿਲਣ ਆਇਆ ਦੀਨ ਦਿਆਲ ਵੀ ਇਹ ਕਹਿ ਕੇ ਚੇਤੇ ਕਰਵਾ ਦਿੰਦਾ 'ਪੁੱਤ ਪਰੋਮਿਸ।'

ਹੋਇਆ ਇਸ ਤਰ੍ਹਾਂ ਸੀ ਕਿ ਪੰਜਾਬ ਦੇ ਬਾਕੀ ਹਿੱਸਿਆਂ 'ਚੋਂ ਉੱਠ ਕੇ ਅਮੀਰ ਕਿਸਾਨਾਂ, ਰਾਜਨੀਤਕ ਲੀਡਰਾਂ ਤੇ ਅਫ਼ਸਰਾਂ ਨੇ ਕੰਢੀ ਖੇਤਰ ਦੀਆਂ ਪਹਾੜੀ, ਬੰਜਰ ਤੇ ਬਰਾਨੀ ਜ਼ਮੀਨਾਂ ਖਰੀਦ ਕੇ ਬੜੇ ਬੜੇ ਫ਼ਾਰਮ ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਉਦੋਂ ਸ਼ਾਰਦਾ ਤੀਜੀ ਜਮਾਤ 'ਚ ਪੜ੍ਹਦੀ ਸੀ। ਭਾਨੇਖੇੜਾ ਵਿਚ ਵੀ ਬਾਹਰਲੇ ਲੋਕਾਂ ਨੇ ਜ਼ਮੀਨ ਖਰੀਦੀ ਸੀ। ਸ਼ਾਰਦਾ ਦੀ ਪੜ੍ਹਾਈ 'ਤੇ ਆਉਣ ਵਾਲ਼ੇ ਸਮੇਂ ਵਿਚ ਹੋਣ ਵਾਲ਼ੇ ਖਰਚੇ ਨੂੰ ਮੁੱਖ ਰੱਖ ਕੇ ਦੀਨ ਦਿਆਲ ਨੇ ਵੀ ਆਪਣੇ ਪਹਾੜੀ ਪੰਦਰਾਂ ਕਿੱਲੇ ਉੱਪਲ ਸਰਦਾਰਾਂ ਨੂੰ ਵੇਚ ਦਿੱਤੇ। ਉੱਪਲ ਸਰਦਾਰਾਂ ਨੇ ਸੌ ਕੁ ਕਿੱਲਾ ਪਹਾੜੀ ਅਤੇ ਨਾਲ਼ ਲਗਦੇ ਪੰਜਾਹ ਕੁ ਕਿੱਲੇ ਬਰਾਨੀ ਖਰੀਦੇ ਸਨ। ਪਟਵਾਰੀ ਨਾਲ਼ ਮਿਲ ਕੇ ਉੱਪਲ ਸਰਦਾਰਾ ਨੇ ਗਿਰਦਾਵਰੀ ਬਦਲਾ ਕੇ ਦੀਨ ਦਿਆਲ ਦਾ ਇਕ ਕਿੱਲਾ ਜੋ ਬਰਾਨੀ ਸੀ, ਪਹਾੜੀ ਦੇ ਭਾਅ ਬੈਅ ਕਰਵਾ ਲਿਆ। ਜਦੋਂ ਇਸ ਗੱਲ ਦਾ ਪਤਾ ਦੀਨ ਦਿਆਲ ਨੂੰ ਲੱਗਾ ਤਾਂ ਉਹ ਤੜਪ ਉੱਠਿਆ। ਉਹ ਵਿਹੜੇ 'ਚ ਫਿਰਦਾ ਪਟਵਾਰੀ ਦਾ ਸਿਆਪਾ ਕਰੀ ਜਾਵੇ। ਸ਼ਾਰਦਾ ਦੇ ਪੁੱਛਣ ਤੇ ਉਸਨੇ ਕਿਹਾ, "ਪੁੱਤ ਪਟਵਾਰੀ ਨੇ ਹੇਰਾਫੇਰੀ ਕਰਕੇ ਆਪਣੀ ਜ਼ਮੀਨ ਦੀ ਕਿਸਮ ਬਦਲਕੇ ਆਪਣਾ ਨੁਕਸਾਨ ਕਰ ਦਿੱਤਾ। ਮੈਂ ਛੱਡਦਾ ਨੀ



ਪੁੱਤ ਨੂੰ। ਕੇਸ ਕਰੂ। ਕੱਲ ਜਾਂਦਾ ਵਕੀਲ ਕੋਲ਼।"

ਸ਼ਾਰਦਾ ਸੋਚੀ ਪੈ ਗਈ ਸੀ।

ਕੁਝ ਚਿਰ ਮਗਰੋਂ ਬੋਲੀ, "ਪਾਪਾ ਮੈਂ ਪੜ੍ਹਕੇ ਪਟਵਾਰੀ ਬਣੂ। ਫਿਰ ਆਪਣੀ ਜ਼ਮੀਨ ਦੀ ਕਿਸਮ ਠੀਕ ਕਰ ਦੂੰਗੀ।"

ਦੀਨ ਦਿਆਲ ਨੇ ਸ਼ਾਰਦਾ ਨੂੰ ਬੁੱਕਲ਼ 'ਚ ਲੈ ਕੇ ਪਿਆਰ ਕੀਤਾ ਸੀ ਤੇ ਆਖਿਆ ਸੀ, "ਪਟਵਾਰੀ ਨੀ ਮੇਰਾ ਪੁੱਤ ਬਹੁਤ ਪੜ੍ਹਕੇ ਤਹਿਸੀਲਦਾਰ ਲੱਗੇਗਾ। ਪਟਵਾਰੀਆਂ ਦਾ ਪੇ।"

"ਓ.ਕੇ. ਪਾਪਾ। ਪਰੋਮਿਸ।" ਬਾਲ ਸ਼ਾਰਦਾ ਨੇ ਦੀਨ ਦਿਆਲ ਨਾਲ਼ ਹੱਥ ਮਿਲ਼ਾਇਆ ਸੀ।

ਸ਼ਾਰਦਾ ਨੇ ਪਰੋਮਿਸ ਪੂਰਾ ਕਰ ਦਿੱਤਾ ਸੀ। ਨਾਇਬ ਤਹਿਸੀਲਦਾਰ ਬਣ ਗਈ ਸੀ।

ਅੱਜ ਸੱਥ ਵਿਚ ਸ਼ਾਰਦਾ ਤੇ ਦੀਨ ਦਿਆਲ ਦੀਆਂ ਗੱਲਾਂ ਚੱਲ ਪਈਆਂ ਸਨ। ਕਿਸੇ ਆਖਿਆ ਸੀ, "ਦੀਨ ਦਿਆਲ ਹੱਟੀ ਛੱਡ ਰਿਹਾ ਹੈ। ਦੁਕਾਨ ਵਿਚ ਸੌਦਾ ਪਾ ਨਹੀਂ ਰਿਹਾ।"

"ਮੈਨੂੰ ਪਤਾ ਲੱਗਾ ਕਿ ਸ਼ਾਰਦਾ ਮਹੀਨਾ ਕੁ ਪਹਿਲੇ ਨਵਾਂਸ਼ਹਿਰ ਆ ਗਈ ਹੈ। ਪਤੀ ਜੋ ਬਿਜਲੀ ਬੋਰਡ 'ਚ ਐਸ.ਡੀ.ਓ. ਹੈ, ਉਹ ਹੁਸ਼ਿਆਰਪੁਰ ਆ ਗਿਆ ਹੈ। ਕਹਿੰਦੇ ਉਥੇ ਹੀ ਕੋਠੀ ਬਣਾਈ ਹੈ। ਹੁਣ ਉਹ ਦੀਨ ਦਿਆਲ ਹੁਰਾਂ ਨੂੰ ਕੋਲ਼ ਰੱਖੇਗੀ ਅਤੇ ਸੇਵਾ ਕਰੇਗੀ।" ਕਿਸੇ ਹੋਰ ਨੇ ਆਪਣੀ ਜਾਣਕਾਰੀ ਸਾਂਝੀ ਕੀਤੀ ਹੈ।

"ਲਓ ਉਹ ਬੱਗਾ ਤੁਰਿਆ ਆਉਂਦਾ ਹੈ। ਉਸ ਨੂੰ ਪਤਾ ਹੋਣਾ ਸਾਰੇ ਮਾਜਰੇ ਦਾ। ਉਹਨੂੰ ਪੁੱਛਦੇ ਹਾਂ।" ਰਿਖੀ ਨੇ ਆਉਂਦੇ ਬੱਗੇ ਵੱਲ ਇਸ਼ਾਰਾ ਕੀਤਾ ਹੈ।

"ਉਹਨੂੰ ਤਾਂ ਪੁੱਛ ਲੈਂਦੇ ਹਾਂ। ਪਰ ਤੁਹਾਡੀ ਚਮਾਲ਼ੀ ਕੀ ਹੋਇਆ ਕੱਲ? ਕਹਿੰਦੇ ਬਿਸ਼ਨੇ ਨੇ ਅਤਰੀ ਵਾਹਵਾ ਫੈਂਟੀ। ਬਿਸ਼ਨਾ ਅਤਰੀ ਨੇ ਸ਼ੱਕ ਤਾਂ ਨੀ ਕਰਨ ਲੱਗ ਪਿਆ? ਪਰ ਓਹ ਹੈ ਤਾਂ ਨੀ ਇੱਦਾਂ ਦੀ।" ਨੰਬਰਦਾਰ ਸ਼ਿਵਨਾਥ ਨੇ ਰਿਖੀ ਨੂੰ ਪੁੱਛਿਆ ਹੈ।

"ਨਹੀਂ ਸ਼ੱਕ ਵਾਲ਼ੀ ਤਾਂ ਕੋਈ ਨਹੀਂ। ਅਸਲ ਗੱਲ ਹੋਰ ਹੈ। ਤੈਨੂੰ ਤਾਂ ਪਤਾ ਬਈ ਅਤਰੀ ਦੋ ਕੁ ਸਾਲ ਪਹਿਲੇ ਆਂਗਣਵਾੜੀ ਸੈਂਟਰ 'ਚ ਹੈਲਪਰ ਲੱਗ ਗਈ ਸੀ। ਆ ਪਿਛਲੇ ਸਾਲ ਸੈਂਟਰ ਵਾਲੀ ਬੀਬੀ ਨੇ ਲੋਹੜੀ ਦੇ ਮਹੀਨੇ ਚਾਰ ਕੁ ਡੱਕੇ ਦੇਸੀ ਗੁਲਾਬ ਦੇ ਸੈਂਟਰ ਦੀ ਇਕ ਕਿਆਰੀ 'ਚ ਲਾਏ। ਇੱਕ ਡੱਕਾ ਅਤਰੀ ਵੀ ਲੈ ਆਈ। ਇਕ ਛੋਟਾ ਜਿਹਾ ਗਮਲਾ ਵੀ ਕਿਧਰੋ ਲੈ ਆਈ। ਉਸ ਵਿਚ ਉਹਨੇ ਲਾ ਦਿੱਤਾ। ਬੂਟਾ ਹਰਾ ਹੋ ਗਿਆ। ਅਤਰੀ ਗਮਲਾ ਚੁੱਕ ਚੁੱਕ ਛਾਮੇ-ਧੁੱਪੇ ਕਰਦੀ ਰਹੇ। ਅਤਰੀ ਗਾਹੇ ਬਗਾਹੇ ਬਿਸ਼ਨੇ ਨੂੰ ਕਹੇ ਕਿ ਆਪਣਾ ਬੂਟਾ ਸੈਂਟਰ ਵਾਲੇ ਬੂਟਿਆਂ ਵਾਂਗ ਵੱਧਦਾ ਨਹੀਂ। ਬਿਸ਼ਨੇ ਨੇ ਸਮਝਾਇਆ ਕਿ ਧਰਤੀ ਅਤੇ ਗਮਲੇ ਦਾ ਫ਼ਰਕ ਹੁੰਦਾ। ਪਰ ਉਹ ਕਹੇ ਗਮਲੇ 'ਚ ਵੀ ਮਿੱਟੀ ਹੈ। ਸੈਂਟਰ ਦੀ ਕਿਆਰੀ 'ਚ ਵੀ ਮਿੱਟੀ ਹੈ। ਤੁਸੀਂ ਥੋੜੀ ਜਿਹੀ ਖਾਦ ਲਿਆ ਕੇ ਦਿਓ। ਬਿਸ਼ਨਾ ਇਕ ਦਿਨ ਉੱਪਲ ਫਾਰਮ ਤੇ ਕੰਮ ਗਿਆ ਯੂਰੀਏ ਦੀਆਂ ਦੋ ਮੁੱਠਾ ਲੈ ਆਇਆ। ਅਤਰੀ ਨੇ ਮੁੱਠ ਭਰਕੇ ਪਾ ਦਿੱਤੀ। ਪੰਜ-ਸੱਤ ਦਿਨਾਂ 'ਚ ਗੁਲਾਬ ਦੀ ਹੋ ਗਈ ਰਾਮ ਨਾਮ ਸੱਤ ਹੈ। ਅਤਰੀ ਕਹੇ ਤੂੰ ਖਾਦ ਮਾੜੀ ਲਿਆਇਆ ਏ। ਉਹ ਕਹੇ ਕਿ ਬਾਂਦਰੇ ਤੂੰ ਜ਼ਿਆਦਾ ਪਾ ਦਿੱਤੀ। ਬੱਸੇ ਇਥੋਂ ਮੈਂ-ਮੈਂ, ਤੂੰ-ਤੂੰ। ਅੱਕੇ ਹੋਏ ਬਿਸ਼ਨੇ ਨੇ ਪਹਿਲਾ ਗਮਲਾ ਚੁੱਕ ਕੇ ਵਿਹੜੇ 'ਚ ਮਾਰਿਆ। ਮਗਰੋਂ ਅਤਰੀ ਢਾਹ ਲਈ। ਮਸੀ ਛਡਾਈ ਗੁਆਂਢੀਆਂ ਨੇ।"

ਸੱਥ ਵਿਚ ਬੱਗਾ ਵੀ ਪਹੁੰਚ ਗਿਆ ਹੈ। ਇਹ ਪਿੱਛੋਂ ਦੁਆਬੇ ਦੇ ਮਸ਼ਹੂਰ ਪਿੰਡ ਮੰਗੂਵਾਲ ਤੋਂ ਹੈ। ਪਰ ਚਾਲ਼ੀ ਸਾਲ ਤੋਂ ਇਸੇ ਪਿੰਡ ਵਿਚ ਟਿਕਿਆ ਹੋਇਆ ਹੈ। ਪਿੱਛੇ

ਮੰਗੂਵਾਲ ਇਸਦਾ ਕੋਈ ਨਹੀਂ। ਪੰਦਰਾਂ ਸੋਲ਼ਾ ਸਾਲ ਦੀ ਉਮਰ ਸੀ ਬੱਗੇ ਦੀ ਜਦੋਂ ਇਸਦੀ ਮਾਤਾ ਦਾ ਦਿਹਾਂਤ ਹੋ ਗਿਆ। ਪਿਤਾ ਛੋਟੀ ਉਮਰੇ ਹੀ ਚਲ ਵਸਿਆ ਸੀ। ਭਾਨੇਖੇੜੇ ਮਾਸੀ ਕੋਲ਼ ਆ ਗਿਆ। ਇੱਥੋਂ ਦਾ ਹੋ ਕੇ, ਰਹਿ ਗਿਆ। ਪੰਜ-ਛੇ ਪੜ੍ਹਿਆ ਵੀ ਹੈ। ਇਸਦਾ ਵਿਆਹ ਨਹੀਂ ਹੋਇਆ। ਪੰਡਤਾਂ ਦਾ ਮੁੰਡਾ ਹੈ ਪਰ ਪੱਗ ਬੰਨਦਾ ਹੈ। ਲੜ ਛੱਡਕੇ। ਅਸਲ ਨਾਂ ਰਾਮ ਕੁਮਾਰ ਹੈ ਪਰ ਸੱਦਦੇ ਸਾਰੇ ਬੱਗਾ ਹੀ ਹਨ। ਜ਼ਿਆਦਾ ਚਿੱਟਾ ਰੰਗ ਹੋਣ ਕਾਰਨ ਬਚਪਨ ਵਿਚ ਸਾਰੇ ਬੱਗਾ-ਬੱਗਾ ਆਖਣ ਲੱਗ ਪਏ। ਹੁਣ ਵੀ ਦੋ-ਦੋ ਉਂਗਲਾਂ ਕਤਰੀ ਹੋਈ ਬੱਗੀ ਦਾੜ੍ਹੀ, ਹਲਕੇ ਜਿਹੇ ਉਠਾਅ ਵਿਚ ਉੱਪਰ ਉੱਠੀਆਂ ਛੋਟੀਆਂ-ਛੋਟੀਆਂ ਬੱਗੀਆਂ ਮੁੱਛਾਂ ਤੇ ਬੱਗੀ ਪੱਗ ਉਸਦੇ ਬੱਗੇ ਰੰਗ ਨੂੰ ਹੋਰ ਵੀ ਬੱਗਾ ਕਰ ਰਹੀਆਂ ਹਨ।

ਬੱਗਾ ਗੱਲ ਕਰਨ 'ਚ ਨਿਝੱਕ ਹੈ। ਮੂੰਹ ਫੱਟ ਹੈ। ਕਈ ਆਖਦੇ ਕਿ ਇਸਦਾ ਮੂੰਹ ਕੰਨਾਂ ਤੱਕ ਪਾਟਿਆ ਹੋਇਆ ਹੈ। ਪਰ ਉਸਦੀਆਂ ਗੱਲਾਂ 'ਚ ਰਸ ਹੁੰਦਾ ਹੈ। ਉਹ ਹਰ ਘਟਨਾ ਨੂੰ ਇਸ ਤਰਾਂ ਸੁਣਾਉਂਦਾ ਹੈ ਜਿਵੇਂ ਉਹ ਉਸ ਘਟਨਾ ਸਮੇਂ ਮੌਕੇ ਤੇ ਹੋਵੇ। ਬਹੁਤੀਆਂ ਗੱਲਾਂ ਉਸਦੀਆਂ ਸੱਚੀਆਂ ਹੁੰਦੀਆਂ ਹਨ। ਜਾਂ ਫਿਰ ਸੱਚ ਵਰਗੀਆਂ ਹੁੰਦੀਆਂ ਹਨ ਜਾਂ ਫਿਰ ਉਹ ਬਣਾ ਦਿੰਦਾ ਹੈ। ਪਿੰਡ ਦੇ ਹਰ ਘਰ ਨਾਲ਼ ਉਸਦੀ ਸਾਂਝ ਹੈ।

"ਸੁਣਾ ਬਈ ਬੱਗਿਆ ਕੋਈ ਰੱਬ ਘਰ ਦੀ" ਸੱਥ 'ਚ ਆਏ ਬੱਗੇ ਨੂੰ ਨੰਬਰਦਾਰ ਸ਼ਿਵਨਾਥ ਨੇ ਕਿਹਾ ਹੈ।

"ਰੱਬ ਘਰ ਦੀ ਕਿਉਂ? ਤੁਹਾਡੇ ਘਰ ਦੀ ਸੁਣਾ ਦਿੰਦਾ ਹਾਂ। ਤੁਹਾਡੀ ਸ਼ਾਰਦਾ ਬੀਬੀ ਬਿਮਾਰ ਹੈ। ਤੈਨੂੰ ਪਤਾ ਕੁਛ?"

"ਨਹੀਂ ਤਾਂ।"

"ਦੇਖੋ ਦੀਨ ਦਿਆਲ ਤੇਰਾ ਤਾਏ ਦਾ ਪੁੱਤ ਭਰਾ। ਸ਼ਾਰਦਾ ਉਸਦੀ ਪੋਤੀ। ਫਿਰ ਤਹਿਸੀਲਦਾਰ। ਤੈਨੂੰ ਪਤਾ ਹੀ ਨੀ।"

"ਯਾਰ ਕੋਈ ਦੱਸੇ ਤਾਂ ਪਤਾ ਲੱਗੇ। ਕੀ ਗੱਲ ਹੋਈ?"

"ਮੈਂ ਗਿਆ ਸੀ ਸਵੇਰੇ ਹੱਟੀ। ਸ਼ਾਹ ਜੀ ਆਪ ਹੈਨਾ। ਪੁੱਛਣ ਤੇ ਪਤਾ ਲੱਗਾ ਕਿ ਸ਼ਾਰਦਾ ਬਿਮਾਰ ਹੈ। ਦਾਖਲ ਹੈ ਰਾਜਾ ਹੌਸਪੀਟਲ ਨਵਾਂਸ਼ਹਿਰ। ਉਥੇ ਗਏ ਹਨ। ਜਦੇ ਬਾਹਰ ਆ ਕੇ ਮੈਂ ਫ਼ੂਨ ਕੀਤਾ ਪਤਾ ਲੱਗਾ ਕਿ ਕੱਲ ਰਾਹੋਂ ਕੋਈ ਨਜ਼ਾਇਜ਼ ਕਬਜ਼ਾ ਛਡਾਉਣ ਗਏ ਹੋਏ ਸੀ। ਸਰਕਾਰੀ ਜ਼ਮੀਨ ਸੀ ਦਸ ਕੁ ਕਿੱਲ੍ਹੇ ਵਿਚ ਪੁਰਾਣਾ ਮਕਾਨ ਸੀ। ਦੋ ਤਿੰਨ ਟਰੈਕਟਰ ਚੱਲ ਰਹੇ ਸਨ। ਇਕ ਜੇ.ਸੀ.ਬੀ.। ਬੱਸ ਉੱਡਦੀ ਮਿੱਟੀ ਚੜ ਗਈ ਬੀਬਾ ਜੀ ਨੂੰ। ਜਦੇ ਸਾਹ ਪਲਟ ਗਿਆ।"

"ਨਾ ਉਹ ਮਿੱਟੀ ਤੋਂ ਪਰੇ ਖੜ੍ਹਦੀ।" ਰਿਖੀ ਨੇ ਆਪਣੀ ਵਿਦਵਤਾ ਘੋਟੀ।

'ਪਰ੍ਹੇ ਕਿੱਦਾਂ ਖੜ੍ਹਦੀ? ਵੱਡੇ ਅਫ਼ਸਰ ਨੀ ਖੜ੍ਹੇ ਸੀ ਪਿੱਛੇ। ਐਸ.ਡੀ.ਐਮ., ਏ.ਡੀ.ਸੀ., ਐਸ.ਐਸ.ਪੀ.।" ਬੱਗਾ ਜਰ੍ਹਾਂ ਤਿੜ ਕੇ ਬੋਲਿਆ।

"ਲੈ ਮਿੱਟੀ ਦੀ ਗੱਲ ਯਾਦ ਆ ਗਈ। ਮਹੀਨਾ ਕੁ ਪਹਿਲਾ ਮੈਂ ਆਪਣੇ ਮਾਮੇ ਨਾਲ਼ ਚੰਡੀਗੜ੍ਹ ਗਿਆ। ਉਥੇ ਉਸਦਾ ਸਾਂਡੂ ਰਹਿੰਦਾ। ਮੀਆਂ ਬੀਬੀ ਦੋਏ ਅਫ਼ਸਰ ਲੱਗੇ ਹੋਏ ਆ। ਬੜੀ ਵੱਡੀ ਕੋਠੀ ਪਾਈ ਹੋਈ ਹੈ। ਸਾਂਢੂ ਦਾ ਪੇ ਹੈ ਰਟਾਇਰ ਫੌਜੀ। ਘੰਟਾ ਕੁ ਦਿਨ ਰਹਿੰਦੇ ਤੇ ਫੌਜੀ ਨੇ ਆਪਣੇ ਦੋਹਾਂ ਪੋਤਿਆਂ ਨੂੰ ਕਿਹਾ, 'ਜਵਾਨ ਤਿਆਰ ਹੋ।' ਆ ਚੌਥੀ-ਪੰਜਵੀਂ 'ਚ ਪੜ੍ਹਦੇ ਹੋਣਗੇ। ਆ ਗਏ ਜੀ ਦੋਏ ਬੱਚੇ ਕੱਪੜੇ ਖੋਲ੍ਹ ਕੇ। ਫੌਜੀ ਉਹਨਾਂ ਨੂੰ ਲੈ ਗਿਆ ਕੋਠੀ ਦੇ ਪਿਛਵਾੜੇ। ਅਸੀਂ ਵੀ ਚਲੇ ਗਏ ਮਗਰੇ। ਉਥੇ ਜੀ ਪੰਜ ਸੱਤ ਟੋਕਰੇ ਭੱਠੇ ਦੀ ਕੇਰੀ



ਦੇ ਸੁੱਟੇ ਹੋਏ। ਬੱਚੇ ਉੱਤੇ ਚੜ੍ਹਕੇ ਲੱਗ ਪਏ ਖੇਡਣ। ਪੁੱਠੇ ਸਿੱਧੇ ਲਿਟਣ। ਘੁਲਣ। ਇਕ ਦੂਜੇ ਤੇ ਕੇਰੀ ਪਾਉਣ। ਮੈਂ ਬੜਾ ਹੈਰਾਨ। ਮੇਰੇ ਪੁੱਛਣ ਤੇ ਉਸ ਦੱਸਿਆ ਕਿ ਜ਼ਰੂਰੀ ਨੀ ਬੱਚਿਆਂ ਨੂੰ ਨੌਕਰੀ ਏ.ਸੀ. ਕਮਰਿਆਂ ਵਾਲ਼ੀ ਮਿਲ਼ੇ। ਫੀਲਡ ਵਿਚ ਵੀ ਜਾਣਾ ਪੈ ਸਕਦਾ ਹੈ। ਇਸ ਤਰ੍ਹਾਂ ਇਹਨਾਂ ਦੀ 'ਹੁਮਡੀ' ਵੱਧਦੀ ਹੈ। ਆ ਹੁਮਡੀ-ਹਾਮਡੀ ਦੀ ਮੈਨੂੰ ਸਮਝ ਨੀ ਪਈ।" ਰੌਣਕੀ ਦੀ ਗੱਲ ਸਾਰਿਆਂ ਨੇ ਹੈਰਾਨੀ ਨਾਲ਼ ਸੁਣੀ ਹੈ।

"ਚੱਲ ਛੱਡ ਫੌਜੀਆਂ ਦੀਆਂ ਗੱਲਾਂ, ਫੌਜੀ ਬੱਸ ਫੌਜੀ ਹੀ ਹੁੰਦੇ ਆ। ਬੱਗਿਆ ਤੂੰ ਦੱਸ ਸ਼ਾਰਦਾ ਹੁਣ ਕਿੱਦਾਂ?" ਸ਼ਿਵਨਾਥ ਨੇ ਪੁੱਛਿਆ।

"ਠੀਕ ਹੈ। ਅੱਜ ਛੁੱਟੀ ਮਿਲ਼ ਜਾਣੀ ਹੈ।"

"ਵਿਚਾਰੀ ਮਾੜੀਓ ਬਹੁਤ ਹੈ। ਮਸਾਂ ਪੈਂਤੀ ਕਿਲੋ ਭਾਰ ਹੋਣਾ।" ਰਿਖੀ ਰਾਮ ਵੀ ਟੋਣਾ ਲਾ ਗਿਆ।

"ਹੋਰ ਜਨਾਨੀਆਂ ਭਲਵਾਨ ਹੁੰਨੀਆਂ?" ਰੌਣਕੀ ਰਿਖੀ ਨੂੰ ਪੈ ਗਿਆ।

"ਨਾ ਓਏ ਨਾ। ਚੱਕਿਆ ਭਲਵਾਨੀ ਦਾ। ਸਾਡੇ ਗੁਆਂਢੀ ਬਾਲਮੀਕੀਆਂ ਦੇ ਪਿਆਰੇ ਦੀ ਨੂੰਹ ਦੇਖੀ। ਜਿਹੜੀ ਮਾਸਟਰਨੀ ਲੱਗੀ ਏ। ਬੜੀ ਜੁਆਨ ਹੈ, ਪਿਛਲੇ ਐਤਵਾਰ ਮੈਂ ਦੇਖਿਆ ਓਹਦਾ ਕੌਤਕ। ਉਹ ਗਾਂ ਨੂੰ ਪਾਣੀ ਪਿਲਾਉਣ ਲਿਜਾ ਰਹੀ ਸੀ। ਗਾਂ ਭੱਜ ਪਈ। ਅੱਧਾ ਖੇਤ ਮਾਸਟਰਨੀ ਵੀ ਨਾਲ਼ ਭੱਜੀ। ਅਖ਼ੀਰ ਉਸ ਸੰਗਲ਼ ਨੂੰ ਥੋੜੀ ਜਿਹੀ ਢਿੱਲ ਪਾ ਕੇ ਐਸਾ ਹੁਝਕਾ ਮਾਰਿਆ ਕਿ ਗਾਂ ਦਾ ਮੂੰਹ ਦੂਜੇ ਪਾਸੇ ਨੂੰ ਘੁੰਮਾ ਦਿੱਤਾ। ਗਾਂ ਦੂਜੇ ਪਾਸੇ ਨੂੰ ਭੱਜਣ ਲੱਗੀ ਫਿਰ ਹੁਝਕਾ। ਬਹੂ ਪੈਰ ਅੜਾ ਕੇ ਖੜ ਗਈ। ਗਾਂ ਉਸਦੇ ਦੁਆਲੇ ਘੁੰਮਣ ਲੱਗੀ। ਪਰ ਉਸ ਐਸੇ ਪੰਜ-ਸੱਤ ਹੁਝਕੇ ਮਾਰੇ ਕਿ ਗਾਂ ਸੀਲ ਹੋ ਕੇ ਉਹਦੇ ਮਗਰ ਤੁਰ ਪਈ।" ਬੱਗੇ ਨੇ ਬੜੀ ਰੌਚਕਤਾ ਨਾਲ਼ ਗੱਲ ਸੁਣਾਈ।

"ਆ ਤਾਂ ਕਮਾਲ ਕਰਤੀ। ਉੱਦਾਂ ਕਹਿੰਦੇ ਕਾਲਜ 'ਚ ਹਾਕੀ ਖੇਡਦੀ ਰਹੀ ਹੈ।" ਰਿਖੀ ਨੇ ਹੈਰਾਨੀ ਨਾਲ਼ ਆਖਿਆ।

"ਅਜੇ ਹੋਰ ਕਮਾਲ ਦੇਖਿਓ। ਮਾਸਟਰਨੀ ਨੇ ਅੱਗੇ ਕੋਈ ਪੇਪਰ ਦਿੱਤੇ ਹੋਏ ਹਨ। ਕਹਿੰਦੀ ਡੀ.ਐਸ.ਪੀ. ਲੱਗਣਾ।' ਬੱਗੇ ਨੇ ਸੱਥ ਅਚੰਭੇ ਵਿਚ ਪਾ ਦਿੱਤੀ।

"ਲੈ ਬਈ ਸ਼ਿਵਨਾਥ, ਤੇਰੀ ਖ਼ੈਰ ਨੀ। ਜੇ ਮਾਸਟਰਨੀ ਡੀ.ਐਸ.ਪੀ. ਬਣਗੀ। ਤੇਰੇ ਪੁੜੇ ਜ਼ਰੂਰ ਸੇਕੂ। ਤੂੰ ਦੋ ਸਾਲ ਪਹਿਲਾ ਪੰਚੈਤ 'ਚ ਪਿਆਰੇ ਦੀ ਬੇਜ਼ਤੀ ਕੀਤੀ ਤੀ।" ਰਿਖੀ ਨੇ ਸ਼ਿਵ ਨਾਥ 'ਤੇ ਸੂਈ ਰੱਖ ਦਿੱਤੀ।

ਸੱਥ ਵਿਚ ਹਾਸੜ ਮੱਚ ਗਈ। ਫਿਰ ਸ਼ਿਵ ਨਾਥ ਦਾ ਗੰਭੀਰ ਚਿਹਰਾ ਦੇਖਕੇ ਚੁੱਪ ਛਾ ਗਈ।

ਚੁੱਪ ਤੋੜੀ ਵੀ ਸ਼ਿਵ ਨਾਥ ਨੇ। ਇਹ ਆਖਦਿਆ, "ਬੱਗਿਆ ਕਹਿੰਦੇ ਮਾਣੇਕਿਆ ਦਾ ਚਿੰਕੂ ਪੀ.ਜੀ.ਆਈ. ਦਾਖਲ ਹੈ। ਪਤਾ ਕਿਸੇ ਗੱਲਬਾਤ ਦਾ?"

"ਪਤਾ, ਪਤਾ ਕਿਉਂ ਨੀ? ਬੱਗਾ ਤਾਂ ਪਿੰਡ 'ਚ ਚੂਹੀ ਸੂਈ ਦਾ ਵੀ ਪਤਾ ਰੱਖਦਾ। ਸ਼ਾਮੀ ਫ਼ੂਨ ਕੀਤਾ ਸੀ। ਚਿੰਕੂ ਦੇ ਬੁੜੇ ਨਾਲ਼ ਗੱਲ ਹੋਈ ਸੀ। ਉਹ ਦੱਸਦਾ ਸੀ ਕਿ ਟੈਸਟਾਂ ਦੀਆਂ ਰਿਪੋਰਟਾਂ ਦੇ ਮੁਤਾਬਕ ਮੁੰਡੇ ਦੀ ਰੀੜ੍ਹ ਦੀ ਹੱਡੀ 'ਚ ਵਿੰਗ ਪੈ ਗਿਆ। ਡਿਸਕ ਡੁਸਕ ਵੀ ਕੋਈ ਹਿੱਲੀ ਹੋਈ ਹੈ। ਉਸਨੇ ਇਹ ਵੀ ਦੱਸਿਆ ਕਿ ਡਾਕਟਰ ਕਹਿੰਦੇ ਕਿ ਸਾਡੇ ਕੋਲ਼ ਲਗਾਤਾਰ ਇਹੋ ਜਿਹੇ ਬੱਚੇ ਆ ਰਹੇ ਹਨ। ਕਿਸੇ ਦੇ ਕਮਰ ਦਰਦ। ਕਿਸੇ ਦੇ ਧੌਣ ਦਰਦ। ਇਹ ਸਭ ਬੱਚਿਆਂ ਦੇ ਭਾਰੇ ਝੋਲ਼ਿਆਂ ਕਾਰਨ ਹੈ।" ਬੱਗਾ ਇਕੋ ਸਾਹੇ ਆਖ ਗਿਆ।

"ਤੌਬਾ! ਤੌਬਾ!! ਕਿੱਥੇ ਪੜ੍ਹਦਾ ਚਿੰਕੂ ? ਆ ਹੀ ਨਾ ਮੇਨ ਸੜਕ ਤੇ ਖੁੱਲ੍ਹੇ ਮਾਡਲ ਸਕੂਲ 'ਚ। ਮਸੀਂ ਦੋ ਸੌ ਗਜ਼ ਵਾਟ ਹੋਣੀ ਪਿੰਡੋਂ। ਉਹ ਹੋਣਾ ਵੀ ਸੱਤਵੀਂ 'ਚ। ਗਿਆਰਾਂ-ਬਾਰਾਂ ਸਾਲ ਦਾ ਤਾਂ ਹੋਣਾ। ਸਾਡੇ ਸ਼ਮੀ ਨਾਲ਼ ਹੀ ਪੜ੍ਹਦਾ। ਅਖੇ ਝੋਲ਼ੇ ਦੇ ਭਾਰ ਨਾਲ਼ ਰੀੜ੍ਹ ਦੀ ਹੱਡੀ ਨੂੰ ਵਿੰਗ ਪੈ ਗਿਆ। ਹੈ ਨੀ ਅੱਜ ਕੱਲ ਦੇ ਨਿਆਣਿਆਂ 'ਚ ਕਣ। ਮੈਂ ਚੌਥੀ 'ਚ ਪੜ੍ਹਦਾ ਹੁੰਦਾ ਸੀ ਜਦੋਂ ਮਾਂ ਨਾਲ਼ ਲੱਕੜਾਂ ਲੈਣ ਜੰਗਲ਼ ਜਾਣਾ। ਮਾਂ ਨੇ ਜਿੱਡੀ ਭਰੀ ਲੱਕੜਾਂ ਦੀ ਆਪ ਚੱਕਣੀ ਓਡੀ ਮੇਰੇ ਸਿਰ ਧਰ ਦੇਣੀ। ਮੈਂ ਟਪੂਸੀਆਂ ਮਾਰਦਿਆਂ ਪਹਾੜੀਆਂ ਚੜ੍ਹ ਆਉਣੀਆਂ। ਹੁਣ ਪੰਜ-ਸੱਤ ਕਿੱਲੋ ਦਾ ਬਸਤਾ ਹੀ ਹੱਡੀਆਂ ਨੂੰ ਵਿੰਗ ਪਾਈ ਜਾਂਦਾ।" ਰਿਖੀ ਨੇ ਅੱਜ ਦੇ ਬੱਚਿਆਂ 'ਤੇ ਟਕੋਰ ਕਰ ਦਿੱਤੀ।

"ਨਾ ਅੱਜ ਕੱਲ ਦੇ ਜੁਆਕ ਖਾਂਦੇ ਸੁਆਹ ਆ। ਪਹਿਲਾ ਤਾਂ ਮਾਵਾਂ ਦੁੱਧ ਹੀ ਨੀ ਚੁੰਘਾਉਂਦੀਆ। ਅਖੇ ਉਹਨਾਂ ਦੀ ਆਪਣੀ ਬੌਡੀ ਖਰਾਬ ਹੁੰਦੀ ਏ। ਦੂਜਾ ਨਿਆਣਿਆਂ ਸਾਲ਼ਿਆਂ ਦੇ ਰੋਟੀ ਤਾਂ ਨੰਘਦੀ ਹੀ ਨਹੀਂ। ਬੱਸ ਚਿਪਸਾਂ ਹੋਣ, ਭੁਜੀਆਂ ਹੋਵੇ ਜਾਂ ਟਾਫ਼ੀਆਂ ਚਾਕਲੇਟ। ਅਸੀਂ ਛੋਟੇ ਹੁੰਦਿਆ ਹੀ ਮੱਕੀ ਦੀਆਂ ਦੋ-ਦੋ ਰੋਟੀਆਂ ਦਾ ਘੁੱਦੂ ਖਾ ਜਾਣਾ ਅਤੇ ਬਾਟੀ ਬਾਟੀ ਲੱਸੀ ਦੀ ਪੀ ਜਾਣੀ।" ਹੁਣ ਤਾਈਂ ਚੁੱਪ ਬੈਠਾ ਸੀਤਾ ਰਾਮ ਵੀ ਬੋਲਿਆ ਹੈ।

"ਘੁੱਦੂ ਖਾ ਕੇ ਕਿਹੜਾ ਤੂੰ ਬਸਤਾ ਚੁੱਕ ਕੇ ਸਕੂਲ ਜਾਣਾ ਹੁੰਦਾ ਸੀ। ਡੰਗਰ ਹੀ ਚਾਰਨੇ ਹੁੰਦੇ ਸੀ।" ਰੌਣਕੀ ਸੀਤਾ ਰਾਮ ਵੱਲ ਨੂੰ ਸਿੱਧਾ ਹੋ ਗਿਆ।

"ਜੇ ਘਰਦੇ ਬਸਤਾ ਚੁੱਕਾਉਂਦੇ ਤਾਂ ਵੀ ਹੱਡੀਆਂ ਨੂੰ ਵਿੰਗ ਨਾ ਪੈਂਦੇ।" ਸੀਤਾ ਰਾਮ ਨੇ ਰੌਣਕੀ ਵੱਲ ਨੂੰ ਕੌੜ ਕੇ ਵੇਖਦਿਆ ਕਿਹਾ।

"ਛੱਡੋ ਓ ਛੱਡੋ ਬਸਤਿਆਂ ਦੀ ਗੱਲ। ਲਗਦੈ ਬਸਤਿਆਂ ਤੋਂ ਹੁਣ ਨਿਆਣਿਆਂ ਦਾ ਖਹਿੜਾ ਛੁੱਟ ਜਾਣਾ। ਹੋਰ ਦੋ ਚਾਰ ਸਾਲਾਂ ਨੂੰ।" ਬੱਗੇ ਨੇ ਰੌਣਕੀ ਅਤੇ ਸੀਤੇ ਨੂੰ ਸ਼ਾਂਤ ਕਰਦਿਆਂ ਆਖਿਆ।

"ਨਾ ਫਿਰ ਸਕੂਲ ਢਾਹ ਦੇਣੇ ਨੇ ?" ਰਿਖੀ ਨੇ ਬੱਗੇ ਨੂੰ ਟਿੱਚਰ ਕੀਤੀ।

"ਜਾਹ ਓਹ ਜੱਬਲ਼ਾ! ਸਾਲ਼ਿਆ ਕਿਤੇ ਗਿਆ ਹੋਵੇ, ਤਾਂ ਪਤਾ ਲੱਗੇ ਕਿ ਦੁਨੀਆਂ ਕਿੱਥੇ ਰਹਿੰਦੀ ਹੈ। ਦੇਖ ਦਿੱਲੀ ਇਕ ਸਕੂਲ ਹੈ। ਭਲਾ ਜਿਹਾ ਨਾਂ ਹੈ ਉਸ ਗਰੁੱਪ ਦਾ। ਮੇਰੇ ਮੂੰਹ 'ਚ ਫਿਰਦਾ। ਉਂ....। ਚੱਲ ਛੱਡ ਪਰ੍ਹਾਂ ਨਾਂ ਨੂੰ। ਕਈ ਸਕੂਲ ਕਾਲਜ ਹਨ ਉਸ ਗਰੁੱਪ ਦੇ। ਬੰਬੇ, ਕਲਕੱਤੇ ਤੇ ਮਦਰਾਸ ਆਦਿ ਵੱਡੇ ਵੱਡੇ ਸ਼ਹਿਰੀ। ਉਹਨਾਂ ਸਕੂਲਾਂ 'ਚ ਬੱਚਾ ਜੰਮਣ ਤੋਂ ਪਹਿਲਾ ਰਜਿਸਟਰੇਸ਼ਨ ਕਰਾਉਣੀ ਪੈਂਦੀ ਹੈ ਤਾਂ ਜਾ ਕੇ ਦਾਖਲਾ ਮਿਲ਼ਦਾ।" ਸਾਰੇ ਬੱਗੇ ਦੇ ਮੂੰਹੋਂ ਨਵੀਂ ਗੱਲ ਸੁਣਕੇ ਹੈਰਾਨ ਹੋ ਗਏ।

ਬੱਗੇ ਨੇ ਅੱਗੇ ਬੋਲਣਾ ਜਾਰੀ ਰੱਖਦੇ ਹੋਏ ਨੇ ਕਿਹਾ, "ਸਾਡਾ ਧੀਰਾ ਦੱਸਦਾ ਸੀ ਕਿ ਹੁਣ ਉਹਨੀਂ ਅਮਰੀਕਾ ਦੇ ਸਾਇੰਸਦਾਨਾਂ ਨਾਲ਼ ਸਮਝੌਤਾ ਕੀਤਾ, ਕਰੋੜਾਂ ਰੁਪਿਆਂ 'ਚ। ਮਹਾਂ ਭਾਰਤ ਦੀਆਂ ਸੀ.ਡੀਆਂ ਅਤੇ ਕੁਝ ਪੁਰਾਣੇ ਗ੍ਰੰਥ ਦਿੱਤੇ ਨੇ ਉਹਨਾਂ ਨੂੰ ਤਾਂ ਕਿ ਉਹ ਖੋਜ ਕਰਕੇ ਦੱਸਣ ਕਿ ਕਿਵੇਂ ਮਾਂ ਦੇ ਗਰਭ 'ਚ ਪਲ਼ ਰਹੇ ਅਭਿਮੰਨੂੰ ਨੇ ਚੱਕਰਵਿਊ ਵਾਲ਼ੀ ਉਹ ਕਹਾਣੀ ਕੰਠ ਕਰ ਲਈ ਜੋ ਅਰਜਨ ਆਪਣੀ ਗਰਭਵਤੀ ਪਤਨੀ ਨੂੰ ਸੁਣਾ ਰਿਹਾ ਸੀ।"



**ਕਵਿਤਾਵਾਂ**

## ਹਿੰਦੀ ਕਵਿਤਾਵਾਂ

## ਲਾਲਿਤਯ ਲਲਿਤ ਦੀਆਂ ਕਵਿਤਾਵਾਂ/ਅਨੁਵਾਦ : ਸੁਭਾਸ਼ ਨੀਰਵ

(1)

### ਚਹਿਚਹਾਉਣਾ

ਕਦੇ ਕਿਸੇ ਦਿਨ
ਕਿਸੇ ਪਾਰਕ 'ਚ ਜਾ ਕੇ ਬੈਠੋ
ਵੇਖੋ ਕਿੰਨੀ ਚਹਿਚਹਾਟ ਏ
ਕਿੰਨੀ ਤਾਜ਼ਗੀ ਹੈ, ਕਿੰਨੀਆਂ ਚਿੜੀਆਂ ਨੇ
ਜੋ ਪਾਰਕ 'ਚ ਸਵੇਰੇ-ਸਵੇਰੇ
ਆਪਣੀ ਮਸਤੀ 'ਚ
ਇਹ ਦੱਸਣਾ ਚਾਹੁੰਦੀਆਂ ਹੋਣ ਜਿਵੇਂ
ਕਿ ਸਾਡੇ ਵਾਂਗ ਤੁਸੀਂ ਵੀ ਖਿੜਖਿੜਾ ਲਿਆ ਕਰੋ
ਕੀ ਰੱਖਿਆ ਹੈ ਬੀਪੀ-ਸ਼ੁਗਰ ਵਧਾਉਣ ਵਿਚ
ਖੁਸ਼ ਰਹਿਣਾ ਵੀ ਤਾਂ ਸਿਖੋ
ਸਾਡੇ ਵਾਂਗ
ਕੀ ਦਿਲ ਨੀ ਕਰਦਾ
ਜੱਗ ਵਿਚ ਆਪਣੇ ਤਰੀਕੇ ਨਾਲ ਚਲਣ ਨੂੰ
ਜੀਓ ਇੰਜ ਕਿ ਜਿਉਣਾ ਆ ਜਾਵੇ ਜਿਵੇਂ
ਵੇਖੋ ਨਾ, ਲੋਕ ਵੀ ਕਿੱਦਾਂ-ਕਿੱਦਾਂ
ਕੋਈ ਹੱਸਦਾ ਏ, ਕੋਈ ਤਾੜੀ ਵਜਾਉਂਦਾ ਹੈ
ਤੇ ਕੋਈ ਦੌੜ ਲਾਉਂਦਾ ਹੈ
ਕੋਈ ਯੋਗਾ ਕਰਦਾ ਹੈ
ਸਾਹ ਬਾਹਰ, ਦਮ ਅੰਦਰ
ਇਵੇਂ ਹੀ ਚਲਦੀ ਹੈ ਦੁਨੀਆਂ ਦੀ ਗੱਡੀ ਬਾਬੂ
ਖੁਸ਼ ਰਹਿਣਾ ਸਿਖੋ
ਕਦੇ ਅੰਦਰੋਂ ਬਾਹਰ ਨਿਕਲ ਕੇ ਵੇਖੋ
ਵੇਖੋ ਕਿ ਇਹ ਕੁਦਰਤ ਕਿੰਨੀ ਸੋਹਣੀ ਏ
ਅਨੁਪਮ ਹੈ, ਅਨਮੋਲ ਹੈ
ਵੇਖੋ ਤਾਂ -
ਬੇਸ਼ੱਕ ਆਪਣੀ ਨਜ਼ਰ ਨਾਲ ਵੇਖੋ
ਪਰ ਵੇਖੋ !

(2)

## ਕੁਝ ਬੇਵਕੂਫੀਆਂ ਕਰ ਲਈਏ

ਕਦੇ ਕਿਸੇ
ਵੱਡੀ ਬੇਬੇ ਦਾ ਕਹਿਣਾ ਮੰਨ ਲਈਏ
ਕਦੇ ਕਿਸੇ ਅੰਨ੍ਹੇ ਨੂੰ
ਸੜਕ ਪਾਰ ਕਰਾ ਦੇਈਏ
ਕਦੇ ਕਿਸੇ ਅਪਾਹਜ ਦੀ ਮੱਦਦ ਕਰ ਦੇਈਏ
ਕਦੇ ਕਿਸੇ ਲੋੜਵੰਦ ਦੀ ਮੱਦਦ ਕਰ ਦੇਈਏ
ਕਦੇ ਕਿਸੇ ਦੇ ਕੰਮ ਆ ਜਾਈਏ
ਕਿਸੇ ਦਾ ਹੱਕ ਬਣ ਜਾਈਏ
ਕਿਸੇ ਦੀ ਤਿਜੌਰੀ ਹੋ ਜਾਈਏ
ਕਿਸੇ ਦਾ ਜਿੰਨ ਬਣ ਜਾਈਏ
ਕਿਸੇ ਦੀ ਤਿਰਪਾਲ ਬਣ ਜਾਈਏ
ਕਿਸੇ ਦੀ ਨੀਂਹ ਬਣ ਜਾਈਏ
ਕਿਸੇ ਦੀ ਛਤ ਬਣ ਜਾਈਏ
ਕਿਸੇ ਦਾ ਸੰਗੀਤ ਬਣ ਜਾਈਏ
ਕਿਸੇ ਦੇ ਦਿਲ 'ਚ ਉਤਰ ਜਾਈਏ
ਆਓ ਕੁਝ ਬੇਵਕੂਫੀਆਂ ਕਰ ਜਾਈਏ
ਕਿਸੇ ਅਜਨਬੀ ਦੇ ਦਿਲ ਵਿਚ
ਬਿਨਾ ਪੌੜੀਆਂ ਉਤਰ ਜਾਈਏ

-ਸੰਪਾਦਕ (ਹਿੰਦੀ), ਨੇਸ਼ਨਲ ਬੁਕ ਟ੍ਰਸਟ, ਇੰਡੀਆ
5-ਇਨਸ਼ਟੀਟਿਊਸ਼ਨਲ ਏਰੀਆ, ਵਸੰਤਕੁੰਜ, ਫੇਜ਼ -
ਨਵੀਂ ਦਿੱਲੀ-110070
ਮੋਬਾਇਲ : 0 9868235397

---

**ਸੁਰਿੰਦਰ ਸੀਹਰਾ ਦਾ ਨਵਾਂ ਗ਼ਜ਼ਲ ਸੰਗ੍ਰਹਿ**
**ਸਭ ਤੋਂ ਵੱਡੀ ਥੇਹ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



# ਗੁਰਦੇਵ ਚੌਹਾਨ ਦੀਆਂ ਕੁਝ ਨਵੀਆਂ ਕਵਿਤਾਵਾਂ

## ਮੈਂ ਜਾਦੂਗਰ ਹਾਂ

ਤੇਰੇ ਲਈ
ਮੈਂ ਦਿਨਾਂ ਨੂੰ ਅੱਗੇ ਪਿਛੇ ਘੁਮਾ ਸਕਦਾਂ ਹਾਂ
ਪ੍ਰਛਾਵੇਂ ਵਿਚੋਂ ਲੱਭ ਸਕਦਾਂ ਹਾਂ ਤੈਨੂੰ
ਸਾਬਤ ਸਬੂਤ
ਛਿਣ ਨੂੰ ਬਣਾ ਸਕਦਾ ਹਾਂ, ਅਨੰਤ
ਪੜ੍ਹ ਸਕਦਾ ਹਾਂ ਤੈਨੂੰ
ਭਵਿੱਖ ਦੀਆਂ ਅਖਾਂ ਵਿਚੋਂ
ਖੜਾ ਖਲੋਤਾ ਸਕਦਾ ਹਾਂ ਗਾਹ
ਹਜਾਰਾਂ ਮੀਲਾਂ ਅਤੇ ਪੱਥਰਾਂ ਦਾ ਸਫਰ
ਪਹੁੰਚ ਸਕਦਾਂ ਹਾਂ, ਤੇਰੇ ਕੋਲ
ਹੋ ਸਾਹੋ ਸਾਹ
ਹੱਥ ਵਧਾ ਕੇ
ਤਰਕਾਲਾਂ ਤੋਂ ਫੜ ਸਕਦਾ ਹਾਂ, ਸਵੇਰ
ਮੇਰੀਆਂ ਉਗਲੀਆਂ
ਪੂੰਝ ਸਕਦੀਆਂ ਹਨ ਸੈਂ ਕੋਹਾਂ ਤੋਂ
ਤੇਰੀਆਂ ਗਿਲੀਆਂ ਅੱਖਾਂ
ਭਰ ਸਕਦਾ ਹਾਂ
ਕਵਿਤਾਵਾਂ ਨਾਲ
ਤੇਰੀਆਂ ਦੁਪਹਿਰਾਂ ਅਤੇ ਸ਼ਾਮਾਂ ਦੇ ਖੋਲ
ਗੂੜ੍ਹੀ ਰੰਗ ਸਕਦਾ ਹਾਂ
ਤੇਰੀ ਕੱਲ੍ਹ ਦੀ ਸਵੇਰ
ਤੇਰੇ ਬਦਨ ਚੋਂ ਚੁਰਾ ਸਕਦਾ ਹਾਂ
ਤੇਰਾ ਅੱਥਰਾ ਮੰਨ
ਹਜਾਰਾਂ ਮੀਲਾਂ ਤੋਂ
ਵੇਖ ਸਕਦਾ ਹਾਂ
ਤੇਰੇ ਚਿਹਰੇ ਦੀ ਭੱਖ
ਤੇਰੇ ਲੰਮੇ ਕਾਲੇ ਵਾਲਾਂ ਦਾ ਖਿਲ੍ਹਾਰ
ਲੰਘ ਸਕਦਾ ਹਾਂ, ਕਰ ਸਕਦਾ ਹਾਂ ਪਾਰ
ਹਾਦਸਿਆਂ ਦੇ ਹੜ੍ਹ ਅਤੇ ਝੁਖੜ
ਇਕ ਦੂਜੇ ਤੋਂ ਪੜ੍ਹ ਸਕਦਾ ਹਾਂ
ਤੇਰੀ ਨਫਰਤ, ਤੇਰਾ ਪਿਆਰ
ਇਕ ਬਾਰ ਫਿਰ ਜਾ ਸਕਦਾ ਹਾਂ
ਉਲਝੇ ਦਿਨਾਂ ਦੇ ਆਰ ਪਾਰ
ਮੈਂ ਜਾਦੂਗਰ ਹਾਂ
*

## ਰਾਹ

ਤੂੰ ਜੋ ਕੁਝ ਆਖਦੀ ਏਂ
ਮਨ ਲੈਂਦਾ ਹਾਂ
ਉਸੇ ਰਾਹ 'ਤੇ ਤੁਰ ਪੈਂਦਾ ਹਾਂ
ਤੇਰੇ ਕਹਿਣ 'ਤੇ
ਚੁਭਾ ਲੈਂਦਾ ਹਾਂ, ਕੰਡੇ
ਕੰਡਿਆਂ ਨੂੰ ਮੰਨ ਲੈਂਦਾ ਹਾਂ, ਫੁੱਲ
ਹਰ ਵਾਰ ਛਲਦਾ ਹੈ, ਤੇਰਾ ਰਹੱਸ
ਮੇਰੀ ਬਰਦਾਸਤ ਨੂੰ ਅਜ਼ਮਾਉਂਦਾ ਹੈ
ਕਿਸੇ ਸਿਰ ਫਿਰੇ ਸਵਾਲ ਨੂੰ
ਸਿਰ ਫੇਰ ਕੇ ਅੰਦਰੋਂ ਬਾਹਰ ਘੱਲਦਾ ਹੈ
ਮੈਂ ਸਿਰ 'ਤੇ ਚੁੱਕ ਲੈਂਦਾ ਹਾਂ
ਫਿਰ ਆਪਣਾ ਅਦਨਾ ਜਿਹਾ ਅਹਿਸਾਸ
ਤੇਰੀ ਦੱਸੀ ਪੱਗਡੰਡੀ 'ਤੇ
ਹੋ ਜਾਂਦਾ ਹਾਂ ਸਵਾਰ
ਰਾਹੋ ਰਾਹ ਤੁਰਦਾ ਤੁਰਦਾ
ਪਹੁੰਚ ਜਾਂਦਾ ਹਾਂ ਤੇਰੀ ਦੱਸ ਦੇ ਕੋਲ
ਇੰਝ ਮੇਰਾ ਸਫਰ ਫਿਰ
ਹੋ ਜਾਂਦਾ ਹੈ ਸਿਫਰ, ਅਤੇ ਗੋਲ

## ਅਧੂਰਾ

ਲਗਦਾ ਹੈ ਕੁਝ ਅਧੂਰਾ ਰਹਿ ਗਿਆ ਹੈ
ਇਵੇਂ ਹੀ ਲਗਦਾ ਹੈ ਹਰ ਬਾਰ
ਹਰ ਦਿਨ, ਹਰ ਸਾਮ
ਅਧੂਰੇ ਵਿਚ ਹੀ ਰਹਿ ਜਾਂਦਾ ਹੈ
ਬਹੁਤ ਕੁਝ

ਪੂਰੇ ਦਾ ਪੂਰਾ
ਤੇਰਾ ਪਿਆਰ, ਬੇਰੁੱਖੀ
ਤੇਰਾ ਚਿਹਰਾ, ਤੇਰੀ ਅਵਾਜ
ਤੇਰੀਆਂ ਅੱਖਾਂ ਦੀ ਲਿਸ਼ਕ
ਅਧੂਰੇ ਵਿਚ ਪਿਆ ਹੈ ਮੇਰਾ ਬਹੁਤ ਕੁਝ
ਅਣਲਿਖੇ ਸਫੇ,ਅਣਕਹੇ ਸ਼ਬਦ
ਅਣਸੁਣੇ ਸੁਨੇਹੇ, ਅਣਬੀਜੇ ਫੁੱਲ
ਅਧੂਰੇ ਵਿਚ ਪਿਆ ਹੈ
ਮੇਰਾ ਪੂਰਾ ਕਾਬੂ, ਮੇਰਾ ਵਲਵਲਾ
ਤੈਨੂੰ ਲੈ ਕੇ ਵਬਾਲ
ਅਧੂਰੇ ਵਿਚ ਪਈ ਹੈ
ਮੇਰੀ ਪੂਰੀ ਜਿੰਦਗੀ ਦੀ ਕਾਹਲ
ਪੂਰੀ ਚਾਹਤ
ਪੂਰਾ ਪਿਆਰ
ਅਧੂਰੇ ਵਿਚ ਪਿਆ ਹੈ
ਅਧੂਰੇ ਰਹਿ ਜਾਣ ਦਾ ਸਫਰ ,ਅਧੂਰੀ ਮੰਜਲ
ਅਧੂਰਾ ਸੱਚ, ਅਧੂਰਾ ਝੂਠ

ਲਗਦਾ ਹੈ ਮੈਂ ਅਧੂਰੇ ਦੀਆਂ ਬੇੜੀਆਂ ਨਾਲ
ਜਕੜਿਆ ਹੋਇਆ ਹਾਂ, ਕੈਦ ਵਿਚ ਹਾਂ
ਅਧੂਰੇ ਦੀ ਪੂਰੀ ਸਜਾ ਮਿਲੀ ਹੈ, ਮੈਨੂੰ
ਤਾ-ਉਮਰ
*

## ਆਸ

ਆਸ ਔਰਤ ਦਾ
ਮਹਿਬੂਬਾ ਵਿਚ ਤਬਦੀਲ ਹੋਣ ਦਾ ਅਮਲ ਹੈ

ਇਸ ਦੇ ਵਾਲ ਸਾਹਕਾਲੇ ਹੁੰਦੇ ਹਨ
ਅਤੇ ਲੰਮੇ
ਮੋਢਿਆਂ 'ਤੇ ਲਾਹਪ੍ਰਵਾਹੀ ਨਾਲ ਡਿੱਗੇ
ਜਿਵੇਂ ਪਹਾੜ 'ਤੇ ਬੱਦਲੀ ਡਿੱਗੀ ਹੋਵੇ, ਚੌਫਾਲ
ਆਸ ਦੀਆਂ ਅਖਾਂ ਸ਼ਾਹ ਕਾਲੀਆਂ ਹੁੰਦੀਆਂ ਹਨ
ਜਿਹਨਾਂ ਦਾ ਵੱਡਾ ਚਿੱਟਾ ਭਾਗ
ਤੁਹਾਨੂੰ ਬਹੁਤ ਭਰਮਾਉਂਦਾ ਹੈ
ਜਿਹਨਾਂ ਦੀ ਚਮਕ, ਦਮਕ, ਗੂੜ੍ਹਾਪਣ
ਕੁਝ ਕੁ ਗਿੱਲਾਪਣ ਵੀ ਤੁਹਾਨੂੰ
ਬਹੁਤ ਯਾਦ ਆਉਂਦਾ ਹੈ, ਸਤਾਉਂਦਾ ਹੈ
ਆਸ ਦੀ ਤੋਰ
ਕਿਸੇ ਲੜਕੀ ਦੀ ਗੁਆਚੀ
ਤੋਰ ਜਿਹੀ ਹੁੰਦੀ ਹੈ
ਜਿਵੇਂ ਕੋਈ ਅਦਿੱਖ ਪ੍ਰੇਮੀ
ਉਸ ਦੇ ਨਾਲ ਹੋਵੇ
ਹੱਥ ਵਿਚ ਚਾਬੀਆਂ ਦਾ ਛੱਲਾ ਹੋਵੇ
ਮੋਢੇ ਨਾਲ ਲਟਕਿਆ ਪਰਸ
ਜਿਵੇਂ ਹੀ ਉਹ ਛੱਲੇ ਨੂੰ ਇਕ ਉਂਗਲੀ 'ਤੇ
ਘੁਮਾਂਉਂਦੀ ਹੈ
ਅਤੇ ਅਕਾਰਣ ਮੁਸਕਰਾਉਂਦੀ ਹੈ
ਤਾਂ ਨਿਰੀ ਤੁਹਾਡੀ ਸੋਚ ਬਣ ਜਾਂਦੀ ਹੈ

ਕਈ ਵਾਰ ਉਸ ਦੀ ਕੇਵਲ ਪਿੱਠ ਹੀ ਦਿੱਸਦੀ ਹੈ
ਕਈ ਵਾਰ ਉਹ ਕੇਵਲ ਨੱਕ ਬੁੱਲ੍ਹ ਚੜ੍ਹਾਉਂਦੀ
ਹੀ ਨਜਰ ਆਉਂਦੀ ਹੈ
ਕਦੇ ਕਿਸੇ ਬਹੁਤ ਦੂਰ ਦੀ ਚੀਜ ਵਾਂਗ
ਦੂਰ ਚਲੇ ਜਾਂਦੀ ਹੈ
ਅਤੇ ਨਜਰ ਆਣੋਂ ਬੰਦ ਹੋ ਜਾਂਦੀ ਹੈ.
*

## ਸਹਿਜ

ਕਿਥੇ ਛੁੱਪ ਗਿਆ ਮੇਰਾ ਸਹਿਜ
ਕਿਹੜੀ ਨੌਕਰੀ ਵਿਚ
ਕਿਹੜੀ ਚਾਕਰੀ ਵਿਚ
ਕਿਹੜੇ ਮੰਦਰ ਵਿਚ
ਕਿਹੜੇ ਚਿਹਰੇ ਵਿਚ
ਕਿਹੜੇ ਖਿਆਲ ਵਿਚ
ਡੁੱਬ ਗਿਆ ਹੈ ਇਹ ?



ਕਦੇ ਮਿਲ ਹੀ ਜਾਂਦਾ ਸੀ
ਗਲੀ ਮਹੱਲੇ
ਹੱਟੀ ਜਾਂ ਭੱਠੀ
ਕਿਸੇ ਬਾਲ ਦੇ ਚਿਹਰੇ ਵਿਚ ਛੁਪਿਆ
ਕਿਸੀ ਕੁੜੀ ਦੀ ਅਲ੍ਹੜਤਾ ਵਿਚ ਰੁਕਿਆ
ਕਿਤਾਬ ਦੇ ਕਿਸੇ ਪੰਨੇ ਤੋਂ
ਕਿਸੇ ਕਵਿਤਾ ਦੇ ਸਾਊ ਵਹਾਅ ਵਿਚ
ਕਿਸੇ ਖੇਤ ਵਿਚ ਉੱਗੀ ਫਸਲ ਵਿਚ
ਕਿਸੇ ਅਣਜਾਣੇ ਮੋੜ 'ਤੇ
ਕਿਸੇ ਜਲਸੇ ਜਲੂਸ ਵਿਚ

ਅੱਜ ਇਹ ਬੰਦ ਹੋ ਗਿਆ ਹੈ
ਗੁੰਮ ਗਿਆ ਹੈ
ਬਜਾਰ ਦੀ ਤੇਜ ਰਫਤਾਰ ਵਿਚ
ਤਰੱਕੀ ਦੇ ਛੁਣਛੁਣੇ ਵਿਚ
ਇੱਕਤਰਫਾ ਇਸ਼ਕ ਵਿਚ
ਇਸ਼ਕ ਦੇ ਜਨੂੰਨ ਵਿਚ
ਖਾਲੀ ਸਕੂਨ ਵਿਚ
ਸਹਿਜ ਨੂੰ ਭਾਲਦਾ ਹਾਂ
ਹਰ ਖੱਲ ਖੂੰਜੇ
ਇਹ ਨਿੱਕੇ ਬੱਚੇ ਦੀ ਗੇਂਦ ਵਾਂਗ
ਹਥਾਂ ਵਿਚੋਂ ਡਿੱਗ ਗਿਆ ਹੈ,
ਰੁੜ ਗਿਆ ਹੈ
ਵਹਿ ਗਿਆ ਹੈ
ਬਰਸਾਤ ਦੇ ਪਾਣੀ ਵਿਚ
ਰੁੜ੍ਹ ਗਿਆ ਹੈ
ਖਿਸਕ ਗਿਆ ਹੈ
ਅੱਖਾਂ ਅਤੇ ਹੱਥਾਂ ਪੈਰਾਂ ਤੋਂ
ਹੋ ਗਿਆ ਹੈ, ਦੂਰ
ਬੈਠ ਗਿਆ ਹੈ, ਸਬਰ
ਥੱਕ ਹਾਰ, ਹੋ ਕੇ ਚੂਰੋ ਚੂਰ
*

## ਇੱਛਾ

ਇਛਾ, ਆਈਸ ਕਰੀਮ ਵਾਂਗ ਹੁੰਦੀ ਹੈ
ਇਸ ਦੀ ਐਕਸਪਾਇਰੀ ਡੇਟ ਹੁੰਦੀ ਹੈ
ਆਸ ਦੀ ਫਰਿਜ ਵਿਚ
ਇਸ ਦੀ ਉਮਰ ਵੱਧ ਜਾਂਦੀ ਹੈ
ਫਰੀਜਰ 'ਤੋਂ ਬਾਹਰ
ਇਹ ਛੇਤੀਂ ਪੰਘਰ ਜਾਂਦੀ ਹੈ
ਵਹਿ ਜਾਂਦੀ ਹੈ
ਹੱਥਾਂ ਨੂੰ ਗੰਦਾ ਕਰ ਦਿੰਦੀ ਹੈ
ਇਸ ਨੂੰ ਛੇਤੀ ਵਰਤ ਲੈਣਾ ਚਾਹੀਦਾ ਹੈ

ਸ਼ਾਇਦ ਜਿੰਦਗੀ ਵੀ ਆਈਸ ਕਰੀਮ ਵਾਂਗ ਹੈ
ਅਤੇ ਜਿੰਦਗੀ ਦੀ ਹਰ ਵਸਤ ਵੀ
*

## ਅਜ

ਅਜ ਤੇਰੇ ਬੋਲ ਵਿਚ
ਉਹ ਪਹਿਲਾਂ ਵਾਲੀ ਮੜਕ ਸੀ
ਮਹਿਕ, ਟਹਿਕ, ਤਰਲਤਾ
ਅਜ ਤੂੰ ਆਪਣੇ ਹੁਸਨ ਨੂੰ
ਮੁੜ ਜੀ ਆਇਆਂ ਕਹਿ ਰਹੀ ਸੀ
ਤੂੰ ਮੁੜ ਕੇ ਤੂੰ ਹੋ ਗਈ ਸੀ
ਚੀਜਾਂ ਸਰਕ ਆਈਆਂ ਸਨ, ਤੇਰੇ ਕੋਲ
ਜਿਹੜੀਆਂ ਦੂਰ ਚਲੇ ਗਈਆਂ ਸਨ
ਤੂੰ ਮੁੜ ਰਹੀ ਸੀ
ਇਹ ਅਗੇ ਜਾਣ ਵਾਲਾ ਮੋੜ ਸੀ
ਜਿਹੜਾ ਪਿੱਛੇ ਵੱਲ ਸਫਰ ਕਰਦਾ ਹੈ
ਸਾਇਦ ਇਹ ਸਭ ਕੁਝ
ਮੈਨੂੰ ਇੰਝ ਜਾਪਦਾ ਹੋਵੇ
ਮੇਰਾ ਭਰਮ ਹੋਵੇ
ਪਰ ਇਸ ਵਿਚੋਂ ਹੀ
ਮੈਂ ਤੈਨੂੰ
ਲਭਦਾ ਹਾਂ, ਵੇਖਦਾਂ ਹਾਂ.

# ਮਨਮੋਹਨ ਦੀਆਂ ਕੁਝ ਨਵੀਆਂ ਕਵਿਤਾਵਾਂ

## ਵਿਹਲ

ਅੱਜ ਦਿਨ ਕਿਹੜਾ...?

ਸੋਚ ਰੇਤਲੀ ਮਿੱਟੀ ਭੁਰ ਭੁਰ ਜਾਵੇ
ਕਪਾਹ ਦਾ ਫੰਬਾ ਉਡ ਪੁਡ ਜਾਵੇ

ਚਿੱਟੀ ਗੋਰੀ ਇਕਰਸ ਖ਼ਾਮੋਸ਼ੀ
ਖਿੜਕੀਓਂ ਬਾਹਰ ਕੰਧ 'ਤੇ
ਆਇਤਾਕਾਰ ਟੁਕੜੇ 'ਚ ਬੈਠੀ
ਬਾਰ ਬਾਰ ਪੁੱਛੇ
'ਕੱਲਾ ਬੈਠਾਂ ਅੰਦਰ
ਬਾਹਰ ਘਾਹ 'ਤੇ ਕਬੂਤਰੀਆਂ ਉਤਰੀਆਂ
ਪੰਜਾਹ ਸਲੇਟੀ ਭਾਹ ਦੀਆਂ

ਜਾਹ ਕਿਸੇ ਪੀਰ ਔਲੀਏ ਦੇ ਤੱਕੀਏ
ਕਿਸੇ ਗਣਿਕਾ ਦੇ ਚੁਬਾਰੇ ਚੜ੍ਹ
ਢਾਬ 'ਚੋਂ ਨਾਅ੍ਹ ਕੇ ਨਿਕਲੀ ਰੰਨ ਦਾ ਦ੍ਰਿਸ਼ ਘੜ੍ਹ
ਸੁਨਹਿਰੇ ਪਾਣੀਆਂ 'ਚੋਂ ਸੂਰਜ ਦੀ ਰਿਸ਼ਮ ਫੜ੍ਹ
ਦੇਗ਼ ਚੜ੍ਹਾਅ.. .ਫ਼ਿਕਰ ਕਰ.. .ਜ਼ਿਕਰ ਪੜ੍ਹ.. .

ਰੰਗਾਂ ਦੀ ਰਮਜ਼ ਸਮਝ
ਰੰਗਾਂ ਦੀ ਭਾਹ ਛੱਡ...ਰੂਹ ਫੜ੍ਹ

ਦਿਨ ਆਪੇ ਯਾਦ ਆ ਜਾਵੇਗਾ...!

## ਗਤਿ

ਕਿੰਨੇ ਰੂਪ ਧਿਆਏ
ਕਈ ਵਿਧਾਵਾਂ ਪਰਖੀਆਂ
ਕਿੰਨੀਆਂ ਲਿਪੀਆਂ ਸਿੱਖੀਆਂ
ਤਾਂ ਕਿ ਜਾਣ ਸਕਾਂ
ਆਪਣੀ ਭਾਸ਼ਾ

ਕਿੰਨੇ ਦਰਸ਼ਨ ਦੇਖੇ
ਉਪਨਿਸ਼ਦ ਪੁਰਾਣ
ਵਿਚਾਰ ਗੋਸ਼ਟਿ ਸੁਣੇ
ਤਾਂ ਕਿ ਜਾਣ ਸਕਾਂ
ਕੌਣ ਹਾਂ ਮੈਂ

ਕਿੰਨੇ ਇਤਿਹਾਸ ਪੜ੍ਹੇ
ਭੂਗੋਲ ਛਾਣੇ
ਖਗੋਲ ਗਾਹੇ
ਰਸਾਇਣ ਪੁਣੇ
ਭੌਤਿਕ ਪਰਖੇ
ਤਾਂ ਕਿ ਵੇਖ ਸਕਾਂ
ਕਿੱਥੇ ਹਾਂ ਮੈਂ

ਸਾਰੇ ਸ਼ਾਸਤਰਾਥ ਬਾਅਦ
ਜਦ ਆਇਆ ਤੇਰੇ ਕੋਲ
ਲਗਿਆ ਪਤਾ
ਆਪਣੇ ਕੋਲ ਹੀ ਸਾਂ ਮੈਂ ਕਿਤੇ...

## ਪਲਾਇਣ

ਕਈ ਭੇਖ ਧਾਰੇ
ਆਡੰਬਰ ਰਚੇ ਭਾਖਿਆ ਅਭਾਖਿਆ
ਟੀਕੇ ਸ਼ਬਦਾਰਥ ਵਾਚੇ
ਮੰਤਰ ਨਕਸ਼ੱਤਰ ਪੜ੍ਹੇ

ਜੰਮਣਸਾਰ ਕੈਦ ਹੋ ਗਿਆ ਕਈ ਵਿਆਕਰਣਾਂ 'ਚ

ਹੋਣਾ ਆਪਣੇ 'ਚ ਨਾਹੋਣ ਜਿਹਾ
ਅੰਦਰ ਆਪਣੇ ਕੈਦ
ਆਪਣਾ ਹੀ ਬੰਦੀਵਾਨ

ਆਲੇ ਦੁਆਲੇ ਇਕੋ ਜਿਹੇ ਕੈਦੀ
ਇਕੋ ਜਿਹੇ ਹੋਣਾ ਕਿੰਨੀ ਵੱਡੀ ਕਾਰਾਗਾਹ...!



ਭੱਜ ਉਠਿਆ
ਲੋਕ ਮੇਰੇ ਪਿੱਛੇ
ਜੜ੍ਹਤਾ ਮਾਰੇ ਥਿਰਤਾ ਫਾਥੇ...
ਰੂਹਾਂ ਤੱਕ ਅੱਕੇ...ਥੱਕੇ ਥੱਕੇ

ਨੱਸਿਆ ਨਿਸ ਦਿਨ...ਨਿਰੰਤਰ
ਮਨ ਚਾਹੇ ਅਰਥ ਲੱਭਦਾ ਹਰ ਥਾਂ

ਭਗੌੜਾ ਹੋ ਸਕਦਾਂ ਦੂਜਿਆਂ ਤੋਂ
ਆਪਣੇ ਸੰਗ ਤਾਂ ਰਹਿਣਾ ਪੈਣਾ...!

ਕਿੰਨਾ ਭੱਜ ਸਕਾਂ ਗਾ
ਭੱਜ ਕੇ ਵੀ ਤਾਂ ਆਉਣਾ ਤੇਰੇ ਕੋਲ
ਤੂੰ ਵੀ ਤਾਂ ਮੇਰੇ ਵਰਗੀ...!

## ਕਲਪਨਾ

ਸਿਆਲੀ ਸ਼ਾਮ ਧੁੰਦਲੀ ਬਰਫ਼ੀਲੀ
ਪਰਤ ਰਿਹਾਂ ਦਫ਼ਤਰੋਂ ਘਰ
ਸੜਕ ਦੇ ਨਾਲ ਨਾਲ ਤੁਰਦੇ
ਨਿਪੱਤਰੇ ਰੁੱਖ ਅੱਖਾਂ 'ਚ ਚੁੱਬਦੇ
ਘਾਹ ਦੀਆਂ ਤਿੜਾਂ ਤਰੇਲੀਆਂ
ਰ਼ਗਾਂ ਦੇ ਹਰੇਪਨ 'ਚ ਘੁਲ਼ ਮਿਲ ਜਾਣ
ਉੱਚੀਆਂ ਇਮਾਰਤਾਂ 'ਚੋਂ
ਰੌਸ਼ਨੀਆਂ...ਅਕਸ ਮੂੰਹ ਚਿੜਾਉਣ
ਪਾਣੀ ਅੱਧਮਰਿਆ ਸਹਿਕਦਾ
ਫਰਵਾਹਿਆਂ ਸੰਗ ਲਹਿਰਦਾ
ਕਾਲੀ ਸਿਆਹ ਸੜਕ ਜ਼ਹਿਰੀਲੀ
ਆਪਣੀ ਵਿੱਸ 'ਚ ਸੱਪਣੀ ਵੱਲ਼ ਖਾਂਦੀ
ਦੂਰ ਚੜ੍ਹਦੇ...ਪਹਾੜ...ਫਿੱਕਾ ਮੱਧਮ ਚੰਨ
ਸਟੇਸ਼ਨ...ਗੱਡੀ ਦੀ ਆਖ਼ਰੀ ਚੀਕ ਹਵਾ ਚੀਰਦੀ

ਅਜੀਬ ਖ਼ੌਫ਼ਨਾਕ ਦ੍ਰਿਸ਼ ਹੋਰ 'ਕੱਲਿਆਂ ਕਰ ਕਰ ਜਾਵੇ!
ਪਾਟੀਆਂ ਜੇਬਾਂ 'ਚ ਹੱਥ ਪਾਈ
ਸਜੀਲੇ ਸੁਪਨੇ ਸਿਰਜਦਾ
ਘਰ ਪਹੁੰਚਿਆ ਹਾਂ
ਜ਼ੱਖ ਬਿਸਤਰਾ 'ਸੰਗ' ਤਰਸਦਾ
ਤੇਰੀ ਹਾਜ਼ਰੀ ਦਾ ਯਥਾਰਥ ਸਿਰਜਦਾ
ਥੱਕਿਆ ਕੋਟ ਲਾਹ ਖੂੰਝੇ 'ਚ ਸੁੱਟਦਾ ਹਾਂ

ਤੂੰ ਹੁੰਦੀ ਕੋਲ ਤਾਂ ਕਿੰਨੀ ਨਿੱਘੀ ਹੁੰਦੀ ਰਾਤ...!

## ਝਾਉਲ਼ਾ

ਤੂੰ ਦਿੱਸ ਪੈਨੀ ਏਂ ਹਰ ਦ੍ਰਿਸ਼ 'ਚੋਂ
ਏਨੇ ਜਿਸਮਾਂ 'ਚ ਤੇਰਾ ਮੁਹਾਂਦਰਾ
ਤੇਰੀ ਮੁਦਰਾ...ਤੇਰੀ ਰੂਪਹਿਲੀ ਭਾਹ
ਖਿੜ ਜਾਂਦਾ ਕੈਨਵਸ ਨੂੰ ਕਈ ਰੰਗਾਂ ਨਾਲ

ਤੇਰਾ ਹੋਣਾ ਭਰਮ ਹੈ...ਪਤਾ ਮੈਨੂੰ
ਫਿਰ ਵੀ ਪਾਲ਼ੀ ਰੱਖਦਾ
ਲਾਈ ਰੱਖਦਾਂ ਹਿੱਕ ਨਾਲ

ਤੂੰ ਹਰ ਦਿਸ਼ਾ ਤੋਂ ਮੇਰੇ ਵੱਲ ਆਉਂਦੀ
ਉਂਗਲੀ ਫੜ੍ਹ ਲੈ ਤੁਰਦੀ
ਸਮੁੰਦਰਾਂ...ਬੱਦਲਾਂ...ਜੰਗਲਾਂ...ਮੈਦਾਨਾਂ
ਦੀਆਂ
ਲੰਮੀਆਂ ਉਦਾਸੀਆਂ 'ਤੇ

ਤੂੰ ਇਕ ਤੋਂ ਹੋ ਜਾਵੇਂ ਕਈ
ਕਿਸੇ ਨਾਲ ਤੇਰਾ ਇਕ ਨਕਸ਼ ਮਿਲਦਾ
ਕਿਸੇ ਨਾਲ ਪੋਟਾ ਕੁ...ਕਿਸੇ ਨਾਲ ਸਾਰੇ ਦੀ ਸਾਰੀ

ਅਕਾਰਣ ਹਿਸਾਬ ਕਿਤਾਬ 'ਚ ਉਲ਼ਝਿਆ ਰਹਿਣਾ
ਰੱਖ ਲੈਣਾ ਹਿੱਸੇ ਆਇਆ ਲਘੁੱਤਮ
ਬਣਾਉਂਦਾ ਰਹਿਣਾ ਤਸਵੀਰ
ਤੇਰੇ ਥਾਂ ਪੁਰ ਥਾਂ ਬਿਖਰੇ ਨਕਸ਼ਾਂ 'ਚੋਂ

ਤੂੰ ਗ਼ੈਰਹਾਜ਼ਿਰ ਹੋ ਕੇ ਵੀ
ਕਿੰਨੀ ਕੋਲ...ਕਿੰਨੀ ਪੂਰਨ

## ਹਰਕੀਰਤ 'ਹੀਰ' ਦੀਆਂ ਕੁਝ ਨਵੀਆਂ ਕਵਿਤਾਵਾਂ

### ਜ਼ਿੰਦਗੀ ਦਾ ਵੇਦ .....

ਰਾਤ ਦਾ ਪਿਛਲਾ ਪਹਿਰ
ਅਜੇ ਸਵੇਰ ਨਹੀਂ ਸੀ ਬਣਿਆ
ਜਦੋਂ ਖਵਾਬਾਂ ਨੇ ਉਦਾਸੀਆਂ ਦੇ ਹਰਫ਼ ਪੜ੍ਹੇ
ਹੰਝੂਆਂ ਦੇ ਚਿਰਾਗ ਬਾਲੇ
ਤੇ ਮੁਹੱਬਤ ਦੀਆਂ ਕਬਰਾਂ ਨੂੰ ਛਾਤੀ ਨਾਲ ਲਾ ਕੇ
ਖੂਬ ਰੋਏ .....
ਖਿਆਲਾਂ ਨੇ ਕੰਜਕਾਂ ਬੁਲਾਈਆਂ
ਪੈਰ ਧੋਤੇ ,ਸੰਧੂਰ ਲਾਇਆ , ਮੋਲੀ ਬੰਨੀ
ਤੇ ਟਕਾ ਟਕਾ ਰੱਖ ਕੇ
ਕੰਜਕਾਂ ਕੁੰਆਰੀਆਂ ਨੂੰ
ਮੱਥਾ ਟੇਕਿਆ .....
ਹੁਣ ਜ਼ਿੰਦਗੀ ਨੂੰ
ਵੇਦ ਪੜ੍ਹਨਾ ਆ ਗਿਆ ਸੀ .....

### ਔਰਤ

ਉਸ ਕਦੇ ਦਾਇਰਿਆਂ ਤੋਂ
ਪਾਰ ਜਾਣ ਦੀ ਜੁਸਤਜੂ
ਨਹੀਂ ਸੀ ਕੀਤੀ
ਨਾ ਉਸਨੇ ਕਦੇ ਦੀਵਾਰਾਂ ਦੇ ਪਾਰ
ਝਾਕਣ ਦੀ ਕੋਸ਼ਿਸ਼ ਕੀਤੀ ਸੀ
ਪਰ ਟੁੱਟੀ ਹੋਈ ਤੀਵੀਂ ਦੇ
ਪੈਰਾਂ ਹੇਠਾਂ ਜ਼ਖਮਾਂ ਦਾ ਘਰ ਹੁੰਦਾ ਹੈ
ਜੋ ਚੀਰਦੇ ਰਹਿੰਦੇ ਨੇ ਉਸਦੇ ਸਰੀਰ ਦੀ ਮਿੱਟੀ
ਇਸ ਨਿਪੁੰਸਕ ਸਮਾਜ ਵਿੱਚ
ਔਰਤ ਦਰਿਆ ਦੀ ਛਲ ਉੱਤੇ
ਅੱਡਿਆਂ ਭਾਰ ਖਲੋਤੀ ਚੀਕ ਹੈ
ਜੋ ਉਸਦੇ ਦਰਦ ਦਾ ਮੁੱਲ ਪਾ ਲੈਂਦੇ ਨੇ
ਆਪਣੇ ਖੇਰੂੰ ਖੇਰੂੰ ਹੋਏ ਰਿਸ਼ਤੀਆਂ ਨੂੰ
ਬਚਾ ਲੈਂਦੇ ਨੇ ..........
ਹੀਰ .....

### ਮੁਹੱਬਤ ....

ਉਹ ਰੋਜ਼ ਉੱਥੇ
ਧੂਫ ਬਾਲ ਆਂਦੀ ਹੈ
ਇੱਟ ਤੇ ਇੱਟ ਚਿਣ ਕੇ
ਸਬਦਾਂ ਦੀ ਕਚਹਿਰੀ ਵਿਚ ਖੜੀ ਹੋ
ਪੁਛਦੀ ਹੈ ਉਸਨੂੰ
ਮਜਬੂਰ ਹੋਈ ਮਿੱਟੀ ਦੀ ਜਾਤ
ਰਿਸ਼ਤਿਆਂ ਦੀ ਧਾਰ ਤੋਂ ਲੁਕਦੀ
ਉਹ ਉਸ ਨੂੰ ਗੱਲਵਕੜੀ ਪਾਈ
ਗੁੰਗੇ ਸਾਜਾਂ ਨਾਲ ਕਰਦੀ ਹੈ ਗੱਲਾਂ
ਪਿੰਜਰੇ ਤੋ ਪਰਵਾਜ਼ ਤੀਕ
ਉਹ ਕਈ ਵਾਰ ਸੂਲੀ ਚੜੀ ਸੀ
ਇਕ ਦੂਜੇ ਦੀਆਂ ਅੱਖਾ ਵਿਚ ਅੱਖਾਂ ਪਾ
ਸਾਹਾਂ ਦੀ ਉਡੀਕ ਵਿਚ
ਜ਼ਿੰਦਗੀ ਦੇ ਅਣਲਿਖੇ ਰਿਸ਼ਤਿਆਂ ਦੀ
ਪਾਰ ਦੀ ਕਹਾਣੀ ਲਿਖਦੇ
ਉਹ ਭੁੱਲ ਗਏ ਸੀ
ਮੁਹੱਬਤਾਂ ਅਮੀਰ ਨਹੀਂ ਹੁੰਦੀਆਂ
ਜੇਕਰ ਧਰਤੀ ਫੁੱਲਾਂ ਨਾਲ ਭਰੀ ਹੁੰਦੀ
ਤੇ ਦਰਿਆ ਲਹਿਰਾਂ ਨਾ ਚੁੰਮ ਲੈਂਦੇ ... ?
ਉਹ ਕੁਦਰਤ ਦੀਆਂ ਬਾਹਾਂ ਵਿਚ ਝੂਲ ਗਿਆ ਸੀ
ਤੇ ਅੱਖਰ ਬਣ ਗਿਆ ਸੀ
ਮੁਹੱਬਤ ਦਾ ਅੱਖਰ
ਲੰਘਦਾ ਸੂਰਜ ਝੀਤਾਂ ਥਾਣੀ
ਹਉਕੇ ਭਰਦਾ ਰਿਹਾ ..
ਕੋਈ ਰੇਤ ਦਾ ਕਿਣਕਾ
ਅੱਖਾਂ ਵਿਚ ਲਹੁ ਬਣ ਬਲਦਾ ਰਿਹਾ
ਘੁਪ ਹਨੇਰੇ ਦੀ ਕੁਖ ਵਿਚ
ਦੀਵਾ ਬਾਲ
ਮੁੜ ਚੁਪਚਾਪ
ਉਹ ਪਰਤ ਆਂਦੀ ਹੈ
ਸੁਖ ਮੰਗਦੀ ਹੋਈ .....!!



## ਕੋਈ ਹੋਰ ਥਾਣੇਦਾਰ ਹੁੰਦਾ........?

**—ਗੁਰਮੀਤ ਕੜਿਆਲਵੀ**

ਵੇਖਦਿਆਂ-ਵੇਖਦਿਆਂ ਪੁਲਿਸ ਦੀ ਧਾੜ ਨੇ ਆਲੇ ਦੁਆਲੇ ਦੇ ਘਰਾਂ ਦੀਆਂ ਛੱਤਾਂ ਉਪਰ ਮੋਰਚੇ ਮੱਲ ਲਏ ਸਨ। ਏ.ਕੇ. ਸੰਤਾਲੀਆਂ ਅਤੇ ਏ.ਕੇ. ਚੁਰਾਨਵਿਆਂ ਨਾਲ ਲੈੱਸ ਪੁਲਿਸ ਦੇ ਚੀਤਿਆਂ ਵਰਗੇ ਸ਼ਿਕਾਰੀਆਂ ਨੇ ਘਰ ਨੂੰ ਘੇਰਾ ਪਾ ਲਿਆ ਸੀ। ਹੋਮਗਾਰਡ ਜਵਾਨਾਂ ਦੇ ਹੱਥਾਂ ਵਿੱਚ ਫੜੀਆਂ 1962 ਦੀ ਭਾਰਤ-ਚੀਨ ਜੰਗ ਵੇਲੇ ਦੀਆਂ ਬਣੀਆਂ ਥਰੀ-ਨਟ-ਥਰੀ ਦੀਆਂ ਜਾਮ ਹੋਈਆਂ ਬੰਦੂਕਾਂ ਵੀ ਇੱਧਰ ਨੂੰ ਸੇਧੀਆਂ ਹੋਈਆਂ ਹੜਬੂੰ ਹੜਬੂੰ ਕਰਦੀਆਂ ਲੱਗਦੀਆਂ ਸਨ। ਇੰਜ ਜਾਪਦਾ ਸੀ ਜਿਵੇਂ ਬੱਬਰ ਖਾਲਸਾ ਦੇ ਕਿਸੇ ਬਹੁਤ ਵੱਡੇ ਮੁਖੀ ਨੂੰ ਫੜਨ ਦੀ ਕਵਾਇਦ ਹੋ ਰਹੀ ਹੋਵੇ। ਭਾਰੀ-ਭਾਰੀ ਪੁਲਸੀਏ ਬੂਟਾਂ ਦੀ ਦਗੜ-ਦਗੜ ਗਲੀਆਂ ਵਿਚੋਂ ਵੀ ਸੁਣਾਈ ਦੇ ਰਹੀ ਸੀ। ਚਾਰ ਚੁਫੇਰੇ ਸੰਘਣਾ ਹਨੇਰਾ ਪੱਸਰਿਆ ਪਿਆ ਸੀ ਅਤੇ ਨੇੜੇ-ਤੇੜੇ ਵਿਹਲੇ-ਵਿਹਲੇ ਘਰ ਵਿੱਚੋਂ ਹੀ ਕਿਸੇ ਬੱਤੀ ਦਾ ਚਾਨਣ ਦਿਖਾਈ ਦਿੰਦਾ ਸੀ। ਇਹਨਾਂ ਦਿਨਾਂ ਦੇ ਵਿੱਚ ਘੁਸਮਸਾ ਹੁੰਦਿਆਂ ਹੀ ਲੋਕ ਰੋਟੀ-ਪਾਣੀ ਖਾ ਕੇ ਘਰਾਂ ਅੰਦਰ ਤੜ ਜਾਂਦੇ ਹਨ, ਇਸ ਕਰਕੇ ਕਿਧਰੋਂ ਆਵਾਜ਼ ਸੁਣਾਈ ਨਹੀਂ ਸੀ ਦਿੰਦੀ। ਗੁਰਦੁਆਰੇ ਆਲਾ ਭਾਈ ਵੀ ਕਾਫੀ ਚਿਰ ਪਹਿਲਾਂ ਹੀ ਰਹਿਰਾਸ ਦਾ ਪਾਠ ਕਰਕੇ ਵਾਹਿਗੁਰੂ-ਵਾਹਿਗੁਰੂ ਕਰਦਾ ਰਜਾਈ ਨੱਪ ਗਿਆ ਸੀ।

ਇਹਨਾਂ ਦਿਨਾਂ ਵਿੱਚ ਮੇਰੇ ਪਿੰਡ ਦਾ ਭਗੌੜਾ ਹੋਇਆ ਮੁੰਡਾ ਇੱਕ ਜਥੇਬੰਦੀ ਦਾ ਏਰੀਆ ਕਮਾਂਡਰ ਬਣਕੇ ਇਲਾਕੇ ਵਿੱਚ ਦਹਿਸ਼ਤ ਪਾਈ ਫਿਰਦਾ ਸੀ। ਕਬੱਡੀ ਦਾ ਵਧੀਆ ਖਿਡਾਰੀ ਰਿਹਾ ਇਹ ਕਮਾਂਡਰ ਦਸਵੀਂ ਤੱਕ ਮੇਰੇ ਨਾਲ ਪੜ੍ਹਦਾ ਰਿਹਾ ਸੀ। ਸਕੂਲੀ ਦਿਨਾਂ ਵਿੱਚ ਅਕਸਰ ਚੁੱਪ-ਗੜੁੱਪ ਰਹਿਣ ਵਾਲਾ ਅਤੇ ਪੜ੍ਹਾਈ ਵਿੱਚ ਔਸਤ ਜਿਹਾ 'ਦੀਪਾ' ਮੇਰੇ ਕਾਫੀ ਨੇੜੇ ਹੁੰਦਾ ਸੀ। ਸਾਡੀ ਵਾਹਵਾ ਬਣਦੀ ਹੁੰਦੀ ਸੀ। ਦਸਵੀਂ ਕਰਨ ਬਾਅਦ ਉਹ ਤਾਂ ਅਲੱਗ ਮੁਲਕ ਬਣਾਉਣ ਦੇ ਸੁਪਨੇ ਲੈਂਦਾ ਏਰੀਆ ਕਮਾਂਡਰੀ ਕਰਨ ਲੱਗ ਪਿਆ ਤੇ ਮੈਂ ਇੰਜੀਨੀਅਰ ਬਨਣ ਲਈ ਰੋਡਿਆਂ ਵਾਲੇ ਪਾਲੀਟੈਕਨਿਕ ਵਿੱਚ ਜਾ ਦਾਖਲ ਹੋਇਆ। ਫੇਰ ਕਦੇ ਵੀ ਉਸ ਨਾਲ ਮੇਲ ਨਹੀਂ ਸੀ ਹੋਇਆ। ਉਸਦੀ ਸ਼ਕਲ ਦੇ ਕਦੇ ਵੀ ਦਰਸ਼ਨ ਨਹੀਂ ਸੀ ਕੀਤੇ ਅਤੇ ਅਖ਼ਬਾਰ ਵਿੱਚ ਕਿਸੇ ਘਟਨਾ ਦੀ ਲਈ ਜਿੰਮੇਵਾਰੀ ਤੋਂ ਛੁੱਟ ਉਸ ਬਾਰੇ ਕਦੇ ਸੁਣਿਆ ਵੀ ਨਹੀਂ ਸੀ। ਮਾਰਾ-ਮਾਰੀ ਦੇ ਅਜਿਹੇ ਦੌਰ ਵਿੱਚ 'ਦੀਪੇ' ਨੂੰ ਕਾਬੂ ਕਰਨ ਲਈ ਪਿੰਡ ਵਿੱਚ ਅਕਸਰ ਪੁਲਿਸ, ਸੀ.ਆਰ.ਪੀ. ਅਤੇ ਕਮਾਂਡੋਂ ਦੇ ਜਵਾਨਾਂ ਦੀ ਦਗੜ-ਦਗੜ ਚੱਲਦੀ ਹੀ ਰਹਿੰਦੀ ਸੀ। ਆਏ ਦਿਨ ਪੁਲਿਸ ਦੀ ਹੁੰਦੀ ਛਾਪੇਮਾਰੀ ਸਾਡੇ ਪਿੰਡ ਵਾਲਿਆਂ ਲਈ ਕੋਈ ਖਾਸ ਗੱਲ ਨਹੀਂ ਸੀ ਰਹੀ। ਇਸੇ ਕਰਕੇ ਜਦੋਂ ਹੁਣ ਪੁਲਿਸ ਵਾਲਿਆਂ ਨੇ ਘਰਾਂ 'ਤੇ ਚੜ੍ਹ ਕੇ ਚਾਰ-ਚੁਫੇਰੇ ਬੰਦੂਕਾਂ ਤਾਣ ਲਈਆਂ ਸਨ, ਸਾਨੂੰ ਕੋਈ ਅਚੰਭਾ ਨਹੀਂ ਸੀ ਲੱਗਿਆ ਪਰ ਅਸੀਂ ਇੰਨਾ ਕੁ ਜ਼ਰੂਰ ਸੋਚ ਰਹੇ ਸਾਂ ਕਿ ਦੀਪੇ ਦਾ ਘਰ ਤਾਂ ਪਿੰਡ ਦੇ ਬਿਲਕੁਲ ਦੂਜੇ ਪਾਸੇ ਹੈ, ਇੱਧਰ ਇੰਨੀ 'ਫੋਰਸ' ਕਿਉਂ ਲਗਾ ਦਿੱਤੀ ਹੈ ? ਫੇਰ ਇਹ ਸੋਚ ਕਿ ਹੋ ਸਕਦਾ ਦੀਪਾ ਇੱਧਰ ਕਿਸੇ ਘਰ ਲੁਕਿਆ ਹੋਵੇ ਤੇ ਪੁਲਿਸ ਨੂੰ ਇਸਦੀ ਸੂਹ ਮਿਲ ਗਈ ਹੋਵੇ। ਅਸੀਂ ਬਹੁਤੀ ਗੌਰ ਨਹੀਂ ਸੀ ਕੀਤੀ।

"ਆਪਣੇ-ਆਪ ਨੂੰ ਪੁਲਿਸ ਹਵਾਲੇ ਕਰ ਦਿਉ ਚੁੱਪ ਕਰਕੇ ਨਹੀਂ ਸਾਨੂੰ ਮਜਬੂਰ ਹੋ ਕੇ ਫਾਇਰਿੰਗ ਕਰਨੀ ਪਊ।"

ਇੱਕ ਪੁਲਸੀਏ ਨੇ ਕੋਠੇ ਦੇ ਬਨੇਰੇ 'ਤੇ ਖੜ੍ਹ ਕੇ ਸਾਡੇ ਵੱਲ ਮੂੰਹ ਕਰਕੇ ਕਿਹਾ ਸੀ। ਹਨੇਰੇ ਵਿੱਚ ਵੀ ਪੁਲਸੀਏ ਦੇ ਮੋਢੇ ਤੇ ਲੱਗੇ ਸਟਾਰ ਚਮਕੇ ਸਨ। ਸ਼ਾਇਦ ਇਹ ਕੋਈ ਸਹਾਇਕ

ਪੁਲਿਸ ਇੰਸਪੈਕਟਰ ਸੀ।

ਉਦੋਂ ਹੀ ਘਰ ਦਾ ਦਰਵਾਜ਼ਾ ਵੀ ਜ਼ੋਰ-ਜ਼ੋਰ ਦੀ ਖੜਕਣ ਲੱਗਾ ਸੀ।

"ਤੁਸੀਂ ਬਚ ਕੇ ਕਿਧਰੇ ਨਹੀਂ ਨਿਕਲ ਸਕਦੇ। ਚਾਰ-ਚੁਫੇਰੇ ਘੇਰਾ ਪੈ ਚੁੱਕਾ। ਭਲੀ ਏਸੇ ਵਿੱਚ ਐ...... ਘਰੋਂ ਬਾਹਰ ਆਜੋ ਹੱਥ ਖੜੇ ਕਰਕੇ।" ਦਰਵਾਜ਼ੇ ਦੀਆਂ ਵਿਰਲਾਂ ਵਿਚੋਂ ਆਵਾਜ਼ ਅੰਦਰ ਆਈ ਸੀ।

ਹੁਣ ਇਸ ਵਿੱਚ ਕੋਈ ਸ਼ੱਕ ਨਹੀਂ ਸੀ ਰਹਿ ਗਿਆ। ਪੁਲਿਸ ਦੀ ਇਹ ਧਾੜ ਸਾਡੇ ਘਰ ਵਿੱਚਲੇ ਖਤਰਨਾਕ ਅੱਤਵਾਦੀਆਂ ਨੂੰ ਫੜਨ ਲਈ ਧਾਵਾ ਬੋਲ ਕੇ ਆਈ ਸੀ। ਗੱਲ ਛੇਤੀ ਸਾਡੀ ਸਮਝ ਵਿੱਚ ਆ ਗਈ ਸੀ। ਦਿਨ ਖੜੇ ਖੜੇ ਹੀ ਤਾਂ ਅੱਜ ਫੇਰ ਪੰਜਾਬ ਦੀ ਕਾਨੂੰਨ ਘੜਨੀ ਸਭਾ ਦੇ ਮਾਨਯੋਗ ਮੈਂਬਰ ਨਾਲ ਤੂੰ-ਤੂੰ ਮੈਂ-ਮੈਂ ਹੋ ਕੇ ਹਟੀ ਸੀ। ਉਦੋਂ ਉਸ ਵਿਧਾਇਕ ਪਾਤਸ਼ਾਹ ਨੇ "ਵੇਖ ਲੂੰ ਥੋਨੂੰ ਵੱਡੇ ਕਾਸ਼ੀ ਰਾਮ ਦੇ ਚੇਲਿਆਂ ਨੂੰ" ਆਖਦਿਆਂ ਧਮਕੀਆਂ ਦਿੱਤੀਆਂ ਸਨ। ਗੱਲ ਸਾਨੂੰ ਸਾਫ ਹੋ ਗਈ ਸੀ ਕਿ ਦਿੱਲੀ ਤੱਕ ਪਹੁੰਚ ਦੇ ਮਾਲਕ ਉਸ ਨੇਤਾ ਜੀ ਨੇ ਆਪਣੀ ਤਾਕਤ ਦਿਖਾ ਦਿੱਤੀ ਸੀ। ਅਸੀਂ ਸਮਝ ਗਏ ਕਿ ਨੇਤਾ ਜੀ ਨੇ ਹੀ ਪੁਲਿਸ ਪਾਸ ਚੁਗਲੀ ਕੀਤੀ ਹੋਊ ਕਿ ਇਹਨਾਂ ਕੋਲ ਫਲਾਂ-ਫਲਾਂ ਖਾੜਕੂ ਸ਼ਰਨ ਲੈਂਦੇ ਹਨ। ਹੋਰ ਪਤਾ ਨਹੀਂ ਕੀ-ਕੀ ਵਾਧੂ-ਘਾਟੂ ਗੱਲਾਂ ਸਾਡੇ ਬਾਰੇ ਕੀਤੀਆਂ ਹੋਣਗੀਆਂ।

"ਦਰਵਾਜ਼ਾ ਖੋਹਲਦੇ ਓ ਕੇ......?" ਭਾਰੀ ਗੜ੍ਹਕਦੀ ਆਵਾਜ਼ ਨੇ ਦਰਵਾਜ਼ੇ ਖਿੜਕੀਆਂ ਕੰਬਣ ਲਾ ਦਿੱਤੀਆਂ ਸਨ।

"ਤੂੰ ਨਾ ਸਾਹਮਣੇ ਆਵੀਂ। ਅਸੀਂ ਪੇਸ਼ ਹੁੰਦੇ ਆਂ। ਤੇਰਾ ਨੁਕਸਾਨ ਕਰਨਗੇ।" ਬਾਪੂ ਨੇ ਹੁਕਮ ਕੀਤਾ ਸੀ। ਉਸਨੂੰ ਪਤਾ ਸੀ ਕਿ ਮੈਂ ਹੀ ਵਿਧਾਇਕ ਪਾਤਸ਼ਾਹ ਦੀਆਂ ਅੱਖਾਂ ਵਿੱਚ ਸਭ ਤੋਂ ਵੱਧ ਰੜਕਦਾ ਸਾਂ। ਇਸਦਾ ਕਾਰਨ ਇਹ ਸੀ ਕਿ ਮੈਂ ਪਾਤਸ਼ਾਹ ਦੀ ਸਰਦਾਰੀ ਨੂੰ ਲੱਤ ਮਾਰਦਿਆਂ ਉਸ ਤੋਂ ਵੱਖਰੀ ਰਾਜਨੀਤਿਕ ਸੁਰ ਅਲਾਪ ਦਿੱਤੀ ਸੀ। ਮੁਕਤਸਰ ਵਾਲੇ ਪ੍ਰੋ. ਗੁਰਨਾਮ ਸਿੰਘ ਦੀਆਂ ਕਲਾਸਾਂ ਨੇ ਮੈਨੂੰ ਕਾਸ਼ੀ ਰਾਮ ਸਾਹਬ ਦਾ ਪੱਕਾ ਭਗਤ ਬਣਾ ਦਿੱਤਾ ਸੀ। ਥੋੜ੍ਹੇ ਜਿਹੇ ਸਮੇਂ ਵਿੱਚ ਹੀ ਮੈਂ ਖੁਦ ਸਕੂਲਿੰਗ ਕਰਨੀ ਸ਼ੁਰੂ ਕਰ ਦਿੱਤੀ ਸੀ। ਸਕੂਟਰ ਜਾਂ ਸਾਈਕਲ ਉੱਤੇ ਪਿੰਡਾਂ ਵਿੱਚ ਤੁਰਿਆ ਰਹਿੰਦਾ ਸਾਂ। ਇੱਕ ਦਿਨ ਵਿੱਚ ਤਿੰਨ-ਤਿੰਨ ਕਲਾਸਾਂ ਵੀ ਲਾ ਆਉਂਦਾ। ਅੱਤਵਾਦ ਨਾਲ ਭੰਨੇ ਪਏ ਮੰਡ ਦੇ ਪਿੰਡਾਂ ਵਿੱਚ ਵੀ ਤੁਰੇ ਰਹਿੰਦੇ ਸਾਂ। ਸਕੂਟਰ ਅਤੇ ਸਾਈਕਲ ਰੈਲੀਆਂ ਨਾਲ ਅਸੀਂ ਇਲਾਕੇ ਵਿੱਚ ਹਨੇਰੀ ਲਿਆ ਦਿੱਤੀ ਸੀ। ਪਿੰਡਾਂ-ਸ਼ਹਿਰਾਂ ਦੀਆਂ ਕੰਧਾਂ ਉੱਤੇ ਸਾਡੇ ਹੱਥੀਂ ਵਾਹੇ ਨੀਲੇ ਰੰਗ ਦੇ ਹਾਥੀ ਸੁੰਢ ਚੱਕੀ ਖਿਲੋਤੇ ਸਨ। ਇੰਜ ਜਾਪਾਦਾ ਸੀ ਜਿਵੇਂ ਇਹ ਹਾਥੀ ਦਿੱਲੀ ਦੇ ਲਾਲ ਕਿਲੇ ਦੇ ਭਾਰੇ-ਭਾਰੇ ਕਿਲਾਂ ਵਾਲੇ ਦਰਵਾਜ਼ੇ ਤੋੜ ਕੇ ਅੰਦਰ ਘੁਸਣ ਲਈ ਕਾਹਲੇ ਹੋਣ। ਅਸੀਂ ਦਿਨ ਰਾਤ ਪਾਰਲੀਮੈਂਟ ਵਿੱਚ 'ਹਾਥੀ' ਵਾੜਨ ਅਤੇ ਲਾਲ ਕਿਲੇ ਦੀ ਫਸੀਲ ਉੱਤੇ ਨੀਲਾ ਝੰਡਾ ਝੁਲਾਉਣ ਦੀਆਂ ਗੱਲਾਂ ਕਰਦੇ ਸਾਂ। ਉਦੋਂ ਇਹ ਨਹੀਂ ਸੀ ਸੋਚਦੇ ਕਿ ਪਾਰਲੀਮੈਂਟ ਵਿੱਚ ਹਾਥੀ ਨਹੀਂ ਸੰਸਦ ਮੈਂਬਰ ਜਾਂਦੇ ਹਨ ਅਤੇ ਰਾਜ ਕਿਸੇ ਪਾਰਟੀ ਦਾ ਹੋਵੇ, ਲਾਲ ਕਿਲੇ ਤੇ ਕਿਸੇ ਪਾਰਟੀ ਦਾ ਨਹੀਂ, ਦੇਸ਼ ਦਾ ਕੌਮੀ ਝੰਡਾ ਤਿਰੰਗਾ ਹੀ ਲਹਿਰਾਇਆ ਜਾਂਦਾ ਹੈ। ਫੇਰ ਵੀ ਸਾਡੇ ਵਰਗਿਆਂ ਦੀ ਦਿਨਾਂ ਰਾਤਾਂ ਦੀ ਮੇਹਨਤ ਰੰਗ ਲਿਆ ਰਹੀ ਸੀ। ਦਿਨੋ-ਦਿਨ ਮਾਹੌਲ ਬਦਲ ਰਿਹਾ ਸੀ। ਪੰਜਾਬ ਦੀ ਦਲਿਤ ਵੋਟ ਰਿਵਾਇਤੀ ਪਾਰਟੀਆਂ ਤੋਂ ਟੁੱਟ ਕੇ ਤੇਜ਼ੀ ਨਾਲ ਨੀਲੇ ਝੰਡੇ ਥੱਲੇ ਇੱਕਤਰ ਹੋ ਰਹੀ ਸੀ। ਇਹੀ ਕਾਰਨ ਸੀ ਕਿ ਪਿੰਡ ਵਾਲੇ ਵਿਧਾਇਕ ਪਾਤਸ਼ਾਹ ਨੂੰ ਵੀ ਆਪਣਾ ਸਿੰਘਾਸਣ ਡੋਲਦਾ ਨਜ਼ਰ ਆਇਆ ਸੀ। ਉਹ ਕਿਸੇ ਨਾ ਕਿਸੇ ਬਹਾਨੇ ਸਾਡੇ ਘਰਦਿਆਂ ਨਾਲ ਪਹਿਲਾਂ ਹੀ ਲੜਦਾ ਹੁੰਦਾ ਸੀ, ਹੁਣ ਤਾਂ ਜਿਵੇਂ ਅਸੀਂ



ਉਸਦੀਆਂ ਅੱਖਾਂ ਵਿੱਚ ਮਿਰਚਾਂ ਬਣ ਕੇ ਲੜਨ ਲੱਗੇ ਸਾਂ।

ਪੰਜਾਬ ਵਿੱਚ ਹਕੂਮਤੀ ਅਤੇ ਗੈਰ ਹਕੂਮਤੀ ਦਹਿਸ਼ਤਗਰਦੀ ਸਿਖਰਾਂ ਤੇ ਸੀ। ਪੰਜਾਬ ਵਿੱਚ ਦਿਨੇ ਪੁਲੀਸ ਅਤੇ ਰਾਤ ਨੂੰ ਦੂਜੀ ਧਿਰ ਦਾ ਰਾਜ ਹੁੰਦਾ ਸੀ। ਉਹਨੀਂ ਦਿਨੀਂ ਮੈਂ ਰੋਡੇ ਪਿੰਡ ਦੇ ਕਾਲਜ ਵਿੱਚ ਸਿਵਲ ਇੰਜੀਨੀਅਰ ਦਾ ਡਿਪਲੋਮਾ ਕਰਦਾ ਸਾਂ। ਇਹ ਪਿੰਡ ਅਤੇ ਇਲਾਕਾ ਉਦੋਂ ਅਤਿ ਸੰਵੇਦਨਸ਼ੀਲ ਸੀ। ਉੱਤੋਂ ਕਾਲਜ ਦਾ ਨਾਂ ਵੈਸੇ ਹੀ ਸੁਰਖੀਆਂ ਵਿੱਚ ਰਹਿੰਦਾ ਸੀ। 1961 ਵਿਚ ਪ੍ਰਤਾਪ ਸਿੰਘ ਕੈਰੋਂ, ਮੁੱਖ ਮੰਤਰੀ, ਪੰਜਾਬ ਵੱਲੋਂ ਸਥਾਪਿਤ ਕੀਤਾ ਇਹ ਕਾਲਜ ਨਕਸਲਵਾੜੀ ਲਹਿਰ ਵੇਲੇ ਤੋਂ ਹੀ ਤੱਤੀ ਸੁਰ ਵਾਲਿਆਂ ਦੀ ਪਨਾਹਗਾਹ ਬਣਿਆ ਰਿਹਾ ਹੈ। ਅੱਜ ਦਾ ਪ੍ਰਸਿੱਧ ਸ਼ਾਇਰ ਜਸਵਿੰਦਰ ਅਤੇ ਜਮਹੂਰੀ ਅਧਿਕਾਰਾਂ ਲਈ ਲਗਾਤਾਰ ਲੜਨ ਵਾਲਾ ਸੁਖਦਰਸ਼ਨ ਨੱਤ ਵੀ ਕਿਸੇ ਵਕਤ ਇਸੇ ਕਾਲਜ ਦੇ ਵਿਦਿਆਰਥੀ ਰਹੇ ਸਨ।

ਸਾਡੇ ਵੇਲੇ ਵੀ ਇਸ ਕਾਲਜ ਵਿੱਚ ਵਿਦਿਆਰਥੀਆਂ ਦੀਆਂ ਦੋ ਵੱਡੀਆਂ ਧਿਰਾਂ ਹੁੰਦੀਆਂ ਸਨ। ਏ.ਕੇ. ਸੰਤਾਲੀਆਂ ਵਾਲਿਆਂ ਦੀ ਥਾਵੇਂ ਅਸੀਂ ਖੱਬੇ ਪੱਖੀਆਂ ਦੇ ਹਮਦਰਦ ਸਾਂ। ਅਸੀਂ ਤਾਂ ਸੰਤ ਰਾਮ ਉਦਾਸੀ ਦੇ ਗੀਤ ਸੁਨਣ ਵਾਲਿਆਂ 'ਚੋਂ ਸਾਂ। ਕੇਸਰੀ ਪੱਗਾਂ ਬੰਨਕੇ ਤੱਤੇ ਨਾਅਰੇ ਲਾਉਣ ਵਾਲਿਆਂ ਨਾਲ ਤਾਂ ਦੂਰ-ਦੂਰ ਦਾ ਵੀ ਵਾਸਤਾ ਨਹੀਂ ਸੀ। ਉਹਨ੍ਹਾਂ ਨਾਲ ਤਾਂ ਸਾਡੀ ਸੁਰ ਹੀ ਨਹੀਂ ਸੀ ਮਿਲਦੀ। ਉਦੋਂ ਮੈਂ ਕਵਿਤਾਵਾਂ ਅਤੇ ਕਹਾਣੀਆਂ ਵੀ ਲਿਖਣ ਲੱਗ ਪਿਆ ਸੀ। ਕਿਧਰੇ ਨਾ ਕਿਧਰੇ ਛਪ ਵੀ ਜਾਂਦੀਆਂ ਸਨ। ਆਪਣੀਆਂ ਕਵਿਤਾਵਾਂ ਵਿੱਚ ਵੀ ਏ.ਕੇ. ਸੰਤਾਲੀਆਂ ਵੱਲੋਂ ਮਾਰੇ ਜਾ ਰਹੇ ਬੇਦੋਸ਼ਿਆਂ ਪ੍ਰਤੀ ਹਾਅ ਦਾ ਨਾਅਰਾ ਹੀ ਹੁੰਦਾ ਸੀ। ਇਸ ਤਰ੍ਹਾਂ ਮੈਂ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਜੀਅ ਦਾ ਪੰਜਾਬ 'ਚ ਉਹਨੀਂ ਦਿਨੀਂ ਚੱਲ ਰਹੀ ਲਹਿਰ ਨਾਲ ਕੋਈ ਰਿਸ਼ਤਾ ਨਹੀਂ ਸੀ ਪਰ ਇੱਧਰ ਪਿੰਡ ਆਲੀ ਵਿਰੋਧੀ ਰਾਜਸੀ ਧਿਰ ਸਾਨੂੰ ਖਾੜਕੂਆਂ ਦਾ ਵੱਡਾ ਸਮਰਥਕ ਸਿੱਧ ਕਰਨ ਤੇ ਲੱਗੀ ਹੋਈ ਸੀ।

ਬਾਪੂ ਨੇ ਦਰਵਾਜ਼ਾ ਖੋਹਲ ਦਿੱਤਾ ਸੀ। ਫੌਜ 'ਚੋਂ ਛੁੱਟੀ ਆਇਆ ਵੱਡਾ ਭਰਾ, ਜਿਸਦੇ ਵਿਆਹ ਨੂੰ ਅਜੇ ਮਸੀਂ ਦੋ ਹੀ ਦਿਨ ਹੋਏ ਸਨ ਅਤੇ ਮੇਰੇ ਤੋਂ ਛੋਟਾ ਕੁਲਦੀਪ ਬਾਹਰ ਨਿਕਲ ਆਏ ਸਨ। ਪੁਲਿਸ ਵਾਲੇ ਉਹਨਾਂ ਵੱਲ ਹੋ ਤੁਰੇ ਸਨ, ਹੌਲੀ ਜਿਹੇ ਅੱਖ ਬਚਾ ਕੇ ਮੈਂ ਅਤੇ ਸਾਡੇ ਸਾਰਿਆਂ ਤੋਂ ਛੋਟਾ, ਕੰਧ ਟੱਪ ਕੇ ਹਰਨ ਹੋ ਗਏ। ਜਦੋਂ ਤੱਕ ਫੜੋ-ਫੜੋ ਦਾ ਰੌਲਾ ਪੈਂਦਾ ਅਸੀਂ ਅੱਖਾਂ ਤੋਂ ਉਝਲ ਹੋ ਗਏ ਸਾਂ। ਪੁਲਿਸ ਨੇ ਵੀ ਸਾਡਾ ਪਿੱਛਾ ਨਹੀਂ ਸੀ ਕੀਤਾ। ਅਸੀਂ ਕਿਸੇ ਜਾਣੂ ਪੁਲਿਸ ਵਾਲੇ ਦੇ ਘਰ ਸੁਰੱਖਿਅਤ ਜਾ ਛੁਪੇ ਸਾਂ ਜਿਥੇ ਫੜੇ ਜਾਣ ਦਾ ਕੋਈ ਡਰ ਨਹੀਂ ਸੀ। ਪੁਲਿਸ ਪਿੰਡ 'ਚੋਂ ਸਾਡੇ ਪੱਖੀ ਇੱਕ ਦੋ ਹੋਰ ਮੁੰਡਿਆਂ ਨੂੰ ਵੀ ਫੜ ਕੇ ਲੈ ਗਈ ਸੀ।

ਅਗਲੇ ਦਿਨ ਵਿਧਾਇਕ ਪਾਤਸ਼ਾਹ ਥਾਣੇ ਵਿੱਚ ਆਪ ਮੌਜੂਦ ਰਿਹਾ। ਉਹ ਆਪਣੀਆਂ ਅੱਖਾਂ ਸਾਹਮਣੇ ਫੜੇ ਗਏ ਮੁੰਡਿਆਂ ਨੂੰ ਟਾਰਚਰ ਕਰਾਉਣ ਲਈ ਜ਼ੋਰ ਪਾਉਂਦਾ ਰਿਹਾ।

"ਇਹ ਮੈਨੂੰ ਮਰਵਾਉਣਾ ਚਾਹੁੰਦੇ। ਇਹਨਾਂ ਕੋਲ ਖਤਰਨਾਕ ਅੱਤਵਾਦੀ ਆਉਂਦੇ ਆ। ਇਹਨਾਂ ਨੂੰ ਇੰਨਟੈਰੋਗੇਟ ਕਰੋ ਮੇਰੇ ਸਾਹਮਣੇ; ਇਹ ਸਾਰਾ ਕੁੱਝ ਮੰਨ ਜਾਣਗੇ।" ਵਿਧਾਇਕ ਦੰਦ ਕਰੀਚਦਾ ਪੁਲੀਸ ਦੇ ਇੰਸਪੈਕਟਰ ਨੂੰ ਆਖ ਰਿਹਾ ਸੀ।

"ਪੁਆੜੇ ਦੀ ਅਸਲ ਜੜ ਤਾਂ ਭੱਜ ਗਿਆ ਉਹਨੂੰ ਕਾਬੂ ਕਰੋ। ਇਨ੍ਹਾਂ ਨੂੰ ਸਾਰਾ ਪਤਾ ਕਿਥੇ ਆ ਉਹ।"

"ਐਮ.ਐਲ.ਏ. ਸਾਹਿਬ! ਤੁਹਾਡੇ ਫੋਨ ਤੋਂ ਬਾਅਦ ਅਸੀਂ ਤੁਰੰਤ ਕਾਰਵਾਈ ਕਰਕੇ ਮੁੰਡੇ ਚੁੱਕ ਲਿਆਂਦੇ ਆ। ਅੱਗੇ ਕੀ ਕਰਨਾ, ਸਾਨੂੰ ਸਭ ਪਤਾ। ਪਲੀਜ਼ ਤੁਸੀਂ ਪਰੈਸ਼ਰ ਨਾ ਪਾਓ ਸਾਡੇ 'ਤੇ। ਅਸੀਂ ਸੱਚ ਝੂਠ ਸਭ ਨਿਤਾਰ ਲਵਾਂਗੇ।" ਪੁਲਿਸ ਇੰਸਪੈਕਟਰ ਵੱਲੋਂ ਸਖਤੀ ਅਤੇ

ਬੇਰੁਖੀ ਜਿਹੀ ਨਾਲ ਆਖੇ ਸ਼ਬਦਾਂ ਨਾਲ ਵਿਧਾਇਕ ਢਿਲਾ ਜਿਹਾ ਪੈ ਗਿਆ।

"ਵਿਧਾਇਕ ਸਾਹਬ ਮਾਮਲਾ ਸਿਆਸੀ ਬਣਦਾ ਜਾ ਰਿਹਾ। ਰਾਤ ਦੇ ਈ ਮੈਨੂੰ ਇੱਧਰੋਂ-ਉੱਧਰੋਂ ਫੋਨ ਆਈ ਜਾਂਦੇ। ਪੁਲਿਸ ਕੋਈ ਪੁੱਠਾ-ਸਿਧਾ ਕੰਮ ਕਰ ਬੈਠੀ ਸਿਆਸੀ ਪਾਰਟੀਆਂ ਨੇ ਥਾਣਾ ਘੇਰ ਬਹਿਣਾ। ਐਵੇਂ ਖਾਹ-ਮਖਾਹ ਦਾ ਸਿਆਪਾ ਗੱਲ ਪੈਜੂ। ਸਾਨੂੰ ਤਾਂ ਅੱਗੇ ਸੌਣਾ ਨਹੀਂ ਮਿਲਦਾ। ਦਿਨ-ਰਾਤ ਚਰੀਆਂ-ਕਮਾਦਾਂ ਦੇ ਖੇਤ ਗਾਹੁੰਦੇ ਫਿਰਦੇ ਆਂ।" ਇੰਸਪੈਕਟਰ ਨੇ ਮੌਕਾ ਵੇਖ ਤੇਵਰ ਥੋੜ੍ਹੇ ਹੋਰ ਸਖਤ ਕੀਤੇ ਸਨ।

"ਜਿਹੜਾ ਭਗੌੜਾ ਹੋ ਗਿਆ.....ਉਹਨੂੰ ਤਾਂ ਫੜੋ। ਉਹੀ ਤਾਂ ਮਾਹੌਲ ਖਰਾਬ ਕਰ ਰਿਹਾ ਪਿੰਡ ਅਤੇ ਸਾਰੇ ਇਲਾਕੇ ਦਾ।" ਵਿਧਾਇਕ ਮੇਰੇ ਬਾਰੇ ਆਖਦਿਆਂ ਉੱਠ ਖੜਾ ਹੋਇਆ ਸੀ, "ਉਹਦੇ ਲਿੰਕਸ ਆ ਕਮਾਂਡੋ ਫੋਰਸ ਆਲਿਆਂ ਨਾਲ। ਮੈਨੂੰ ਸ਼ਰ੍ਹੇਆਮ ਧਮਕੀਆਂ ਆਉਂਦੀਆਂ।"

"ਤੁਸੀਂ ਫਿਕਰ ਨਾ ਕਰੋ..... ਸਾਰੀ ਅਸਲੀਅਤ ਤੁਹਾਡੇ ਸਾਹਮਣੇ ਰੱਖ ਦਿਆਂਗੇ ਇੱਕ ਦੋ ਦਿਨਾਂ 'ਚ। ਐਂ ਪੁਲਿਸ ਤੋਂ ਕੋਈ ਕਿਥੇ ਭੱਜਜੂ। ਪਤਾਲ 'ਚ ਜਾ ਵੜੂ ਕਿ ਚੰਦ ਤੇ ਚੜਜੂ? ਪੰਜਾਬ ਪੁਲਿਸ ਆਪਣੀ ਆਈ ਤੇ ਆਜੇ ਤਾਂ ਧਰਮਰਾਜ ਕੋਲੋਂ ਵੀ ਧੂਹ ਲਿਆਵੇ ਬੰਦਾ।" ਇੰਸਪੈਕਟਰ ਨੇ ਐਮ.ਐਲ.ਏ. ਨਾਲ ਹੱਥ ਮਿਲਾਉਂਦਿਆਂ ਉਸਨੂੰ ਤੋਰਨਾ ਬੇਹਤਰ ਸਮਝਿਆ ਸੀ।

ਤੀਜੇ ਦਿਨ ਮੈਨੂੰ ਏਟਕ ਨਾਲ ਸੰਬੰਧਤ ਰੋਡਵੇਜ਼ ਦੇ ਉਸ ਸਮੇਂ ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਚਾਹਲ ਨੇ ਪੁਲਿਸ ਦੇ ਪੇਸ਼ ਕਰ ਦਿੱਤਾ ਸੀ। ਨਵਾਂ ਜ਼ਮਾਨਾ ਵਿੱਚ ਛਪਦੇ ਰਹਿਣ ਕਾਰਨ ਬਲਵੀਰ ਸਿੰਘ ਚਾਹਲ ਮੇਰੀ ਚੰਗੀ ਦੀਦ ਕਰਦਾ ਸੀ। ਉਂਜ ਵੀ ਉਹਨਾਂ ਦਿਨਾਂ ਵਿਚ ਉਸਦੀ ਥਾਣੇ-ਦਰਬਾਰੇ ਚੰਗੀ ਸੁਣਾਈ ਹੁੰਦੀ ਸੀ। ਅੱਤਵਾਦੀਆਂ ਵਿਰੁੱਧ ਬੋਲਦੇ ਰਹਿਣ ਕਰਕੇ ਲਗਭਗ ਸਾਰੇ ਤਰ੍ਹਾਂ ਦੇ ਕਾਮਰੇਡ ਵੀ ਉਦੋਂ ਹਿੱਟ ਲਿਸਟ 'ਤੇ ਹੀ ਹੁੰਦੇ ਸਨ।

ਸਾਰਾ ਦਿਨ ਸਾਨੂੰ ਕਿਸੇ ਨੇ ਨਹੀਂ ਸੀ ਬੁਲਾਇਆ। ਕੁੱਝ ਜਾਣਕਾਰ ਤੇ ਘਰ ਵਾਲੇ ਰੋਟੀ ਚਾਹ ਹਵਾਲਾਤ ਵਿੱਚ ਈ ਫੜਾ ਗਏ ਸਨ। ਪੁਲਿਸ ਦੀ ਕੁੱਟ ਨਾਲ ਭੰਨੇ ਅਤੇ ਚੀਰਫਾੜ ਕੀਤੇ ਬੰਦਿਆਂ ਦੀ ਮਰਨਾਊ ਹਾਲਤ ਵੇਖਦਿਆਂ ਤਾਂ ਸਾਡੇ ਬੁਰਕੀ ਵੀ ਅੰਦਰ ਨਹੀਂ ਸੀ ਲੰਘਦੀ। ਵਾਰ-ਵਾਰ ਸਾਨੂੰ ਆਪਣੀ ਵੀ ਅਜਿਹੀ ਹੋਣੀ ਹੋ ਜਾਣ ਦਾ ਸੁਪਨਾ ਆਉਂਦਾ ਰਹਿੰਦਾ। ਮੈਨੂੰ ਲੱਗਦਾ ਜਿਵੇਂ ਸਾਨੂੰ ਪੁੱਠਾ ਲਟਕਾ ਕੇ ਕਰੰਟ ਲਾਇਆ ਜਾ ਰਿਹਾ ਹੋਵੇ। ਸਾਡੀਆਂ ਚੀਕਾਂ ਥਾਣੇ ਦੀਆਂ ਕੰਧਾਂ ਨਾਲ ਟਕਰਾ ਕੇ ਦਮ ਤੋੜ ਗਈਆਂ ਹੋਣ। ਇਕ ਦਿਨ 'ਚ ਹੀ ਸਾਡੇ ਚਿਹਰੇ ਪੀਲੇ ਭੂਕ ਹੋ ਗਏ ਸਨ। ਰਾਤ ਪੈਂਦਿਆਂ ਈ ਸਾਡੇ ਨਾਲ ਹਵਾਲਾਤ ਵਿੱਚ ਬੰਦ ਉਹਨਾਂ ਮੁੰਡਿਆਂ ਨੂੰ ਕੱਢ ਕੇ ਥਾਣੇ ਦੇ ਪਿਛਵਾੜੇ ਬਣੇ ਇੰਨਟੈਰੋਗੇਸ਼ਨ ਰੂਮ ਵਿੱਚ ਲੈ ਗਏ ਸੀ। ਥੋੜ੍ਹੀ ਦੇਰ ਬਾਅਦ ਹੀ ਭਿਆਨਕ ਚੀਕਾਂ ਅਤੇ ਰੋਣ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਇੰਜ ਜਾਪਦਾ ਸੀ ਕਿ ਕੋਈ ਕਸਾਈ ਬੱਕਰੇ ਨੂੰ ਬੁਰੀ ਤਰ੍ਹਾਂ ਕੋਹ ਰਿਹਾ ਹੋਵੇ। ਸਾਡੀਆਂ ਧੜਕਨਾਂ ਤੇਜ਼ ਹੋਈਆਂ ਸਨ। ਸਾਰੀ ਰਾਤ ਅਸੀਂ ਜਾਗਦਿਆਂ ਹੀ ਕੱਟੀ ਸੀ।

ਅਗਲੇ ਦਿਨ ਇੰਸਪੈਕਟਰ ਅਵਤਾਰ ਸਿੰਘ ਨੇ ਆਪਣੀ ਕੁਰਸੀ ਥਾਣੇ ਦੇ ਵਿਹੜੇ ਦੇ ਐਨ ਵਿਚਕਾਰ ਡਹਾ ਲਈ ਸੀ। ਸਾਨੂੰ ਪੰਜਾਂ ਨੂੰ ਹਵਾਲਾਤ ਵਿਚੋਂ ਕੱਢਕੇ ਆਪਣੇ ਕੋਲ ਬੁਲਾ ਲਿਆ ਸੀ। ਅਸੀਂ ਉਸਦੇ ਸਾਹਮਣੇ ਭੁੰਜੇ ਈ ਫਰਸ਼ 'ਤੇ ਬੈਠ ਗਏ ਸਾਂ। ਫਿਰ ਪਤਾ ਨਹੀਂ ਉਸਦੇ ਮਨ ਵਿੱਚ ਕੀ ਆਈ ਉਸਨੇ ਹੋਮਗਾਰਡੀਏ ਨੂੰ ਇਸ਼ਾਰਾ ਕਰਕੇ ਲੰਮਾ ਬੈਂਚ ਮੰਗਾ ਕੇ ਸਾਨੂੰ ਉਸ ਉਪਰ ਬੈਠਣ ਦਾ ਆਦੇਸ਼ ਦਿੱਤਾ ਸੀ। ਅਸੀਂ ਝਕਦਿਆਂ-ਝਕਦਿਆਂ ਬੈਂਚ 'ਤੇ ਬੈਠ ਗਏ ਸਾਂ।

"ਕਾਕਾ! ਥੋਨੂੰ ਮੇਰੇ ਬਾਰੇ ਸ਼ਾਇਦ ਪਤਾ ਈ ਹੋਊ। ਮੈਂ ਛੇਤੀ ਕਿਸੇ ਨਾਲ ਨਜਾਇਜ਼ ਨੀ



ਕਰਦਾ। ਊਂ ਥੋਨੂੰ ਪਤਾ ਐ ਨਾ ਮੇਰੇ ਬਾਰੇ?" ਇੰਸਪੈਕਟਰ ਨੇ ਮੁੱਛਾਂ ਨੂੰ ਵੱਟ ਚਾੜਦਿਆਂ ਆਪਣੀਆਂ ਬਾਜ ਵਰਗੀਆਂ ਤੇਜ਼ ਤੇ ਚਮਕਦੀਆਂ ਅੱਖਾਂ ਸਾਡੇ ਚਿਹਰਿਆਂ 'ਤੇ ਗੱਡ ਦਿੱਤੀਆਂ ਸਨ।

"ਜੀਅ....ਅ!" ਸਾਥੋਂ ਮਸਾਂ ਹੀ ਬੋਲ ਹੋਇਆ ਸੀ। ਸੱਚਮੁੱਚ ਇੰਸਪੈਕਟਰ ਅਵਤਾਰ ਸਿੰਘ ਦੇ ਅੱਗ ਵਾਂਗ ਦਗਦੇ ਚਿਹਰੇ ਦਾ ਸਾਹਮਣਾ ਕਰਨ ਦੀ ਹਿੰਮਤ ਕਿਸੇ ਵੀ ਅਪਰਾਧੀ ਵਿੱਚ ਨਹੀਂ ਸੀ ਹੁੰਦੀ। ਛੇ ਫੁੱਟ ਲੰਮਾ ਕੱਦ। ਭਰਿਆ ਹੋਇਆ ਸਰੀਰ। ਮੁੱਛਾਂ ਕੁੰਢੀਆਂ ਤੇ ਫੱਬਵੀਂ ਭਰਵੀਂ ਦਾਹੜੀ। ਮਸ਼ਾਲ ਵਾਂਗ ਬਲਦੀਆਂ ਅੱਖਾਂ। ਆਵਾਜ਼ ਅਮਰੀਸ਼ ਪੁਰੀ ਵਰਗੀ ਦਮਦਾਰ। ਬੜਾ ਸਖਤ ਜਾਨ ਤੇ ਦਲੇਰ ਪੁਲਿਸ ਅਫਸਰ ਸੀ। ਉਦੋਂ ਇਲਾਕੇ ਵਿਚ ਦਿਨੇ ਇੰਸਪੈਕਟਰ ਅਵਤਾਰ ਸਿੰਘ ਦਾ ਅਤੇ ਰਾਤੀਂ ਖਾੜਕੂਆਂ ਦਾ ਰਾਜ ਹੁੰਦਾ ਸੀ। ਅਵਤਾਰ ਸਿੰਘ ਥਾਣੇਦਾਰ ਦੀ ਦਲੇਰੀ ਦੀ ਚਰਚਾ ਲੋਕਾਂ ਵਿੱਚ ਅਕਸਰ ਹੁੰਦੀ ਰਹਿੰਦੀ। ਲੋਕ ਕਹਿੰਦੇ ਸਨ ਕਿ ਅਵਤਾਰ ਸਿੰਘ ਤੋਂ ਡਰਦਿਆਂ ਕਈਂ ਕਹਿੰਦੀਆਂ-ਕਹਾਉਂਦੀਆਂ ਫੋਰਸਾਂ ਦੇ ਬਣੇ ਜਾਂ ਬਣਾਏ ਮੁੱਖੀ ਇਲਾਕਾ ਛੱਡ ਕੇ ਹੋਰ ਇਲਾਕੇ ਵਿੱਚ ਜਾ ਕੇ ਵਾਰਦਾਤਾਂ ਕਰਨ ਲਗ ਪਏ ਸਨ। ਸ਼ਹਿਰੀ ਵਰਗ ਅਵਤਾਰ ਸਿੰਘ ਦੀ ਫੋਰਸ ਦੇ ਹੁੰਦਿਆਂ ਰਾਤ ਨੂੰ ਆਰਾਮ ਨਾਲ ਸੌਂ ਸਕਦਾ ਸੀ।

"ਪਤਾ ਐ ਨਾ?" ਉਸਨੇ ਜ਼ੋਰ ਦੇ ਕੇ ਆਖਿਆ।

"ਹਾਂ ਜੀ ਪਤਾ ਐ ?" ਅਸੀਂ ਸਾਰੇ ਹੀ ਇੱਕਠੇ ਬੋਲ ਪਏ ਸਾਂ।

"ਜੇ ਨਹੀਂ ਵੀਂ ਪਤਾ ਤਾਂ ਫੇਰ ਸੁਣਲੋ। ਮੈਨੂੰ ਝੂਠ ਨਾਲ ਬੜੀ ਨਫਰਤ ਐ। ਝੂਠ ਨੀ ਮੈਂ ਬਰਦਾਸ਼ਤ ਕਰਦਾ ਉੱਕਾ ਈ। ਹਾਂ ਸੱਚਾ ਹੋਵੇ ਸਹੀ, ਉਹਦਾ ਮੈਂ ਵਾਲ ਨੀ ਵਿੰਗਾ ਹੋਣ ਦਿੰਦਾ। ਹੁਣ ਥੋਡੀ ਮਰਜੀ ਐ ਵੀ ਸੱਚ ਬੋਲਣਾ ਜਾਂ ਝੂਠ। ਊਂ ਇੱਕ ਗੱਲ ਥੋਨੂੰ ਹੋਰ ਦੱਸ ਦਿਆਂ, ਸੱਚੋ-ਸੱਚ ਦੱਸ ਦਿਓਗੇ ਚੰਗੇ ਰਹੋਗੇ, ਨਈਂ ਥੋਨੂੰ ਪਤਾ ਈ ਆ; ਪੰਜਾਬ ਆਲੀ ਪੁਲਿਸ ਸੱਚ ਬੁਲਾਉਣਾ ਵੀ ਜਾਣਦੀ ਐ। ਇਹਦੇ ਅੱਗੇ ਤਾਂ ਕੰਧਾਂ ਵੀ ਬੋਲ ਪੈਂਦੀਆਂ ਭੁੱਟ-ਭੁੱਟ ਕਰਕੇ।" ਇੰਸਪੈਕਟਰ ਸਾਨੂੰ ਜੋਹ ਰਿਹਾ ਸੀ।

"ਜਨਾਬ ਅਸੀਂ ਝੂਠ ਕਿਉਂ ਬੋਲਾਂਗੇ? ਜੇ ਸਾਡੇ 'ਚ ਕੋਈ ਖੁਨਾਮੀ ਹੋਊਂ ਤਾਂ ਈ ਲਕੋਵਾਂਗੇ?" ਵੱਡੇ ਫੌਜੀ ਨੇ ਹੌਸਲਾ ਕਰਕੇ ਕਿਹਾ ਸੀ। ਸ਼ਾਇਦ ਫੌਜੀ ਹੋਣ ਕਰਕੇ ਉਸ ਵਿਚ ਆਤਮ ਵਿਸ਼ਵਾਸ ਸੀ।

"ਚਲੋ ਫੇਰ ਸੱਚ-ਸੱਚ ਦੱਸੋ...ਤੁਹਾਡੇ ਕੋਲ ਸ਼ੱਕੀ ਮੁੰਡੇ-ਖੁੰਡੇ ਆਉਂਦੇ ਆ? ਕਿਹੜੇ-ਕਿਹੜੇ ਆਉਂਦੇ ? "

"ਸਰ ਯਕੀਨ ਮੰਨਿਓ ਸਾਡੇ ਕੋਲ ਕੋਈ ਨਹੀਂ ਆਉਂਦਾ, ਨਾਂਹੀ ਅਸੀਂ ਕਿਸੇ ਨੂੰ ਜਾਣਦੇ। ਪਰ..?"

"ਪਰ ਕੀ?"

"ਪਰ ਸਰ ਆਉਣ ਭਾਵੇਂ ਲੱਗ ਜਾਣ?"

"ਕੀ ਮਤਲਬ?" ਕਰੜੇ ਹੱਥ ਤੇਜ਼ੀ ਨਾਲ ਮੁੱਛਾਂ ਮਰੋੜਨ ਲੱਗੇ।

"ਸਰ, ਐਮ.ਐਲ.ਏ ਸਾਹਿਬ ਤੀਜੇ ਕੁ ਦਿਨ ਸਾਡੇ ਘਰ ਮੂਹਰੇ ਆ ਕੇ ਖਰੂਦ ਪਾਉਂਦੇ ਆ। ਗਾਹਲਾਂ-ਦੁਪੜ ਕੱਢਦੇ ਨੇ। ਸਾਨੂੰ ਮਾਰਨ-ਮਰਾਉਣ ਦੀਆਂ ਧਮਕੀਆਂ ਦਿੰਦੇ। ਸਾਡਾ ਤਾਂ ਜੀ ਜਿਓਣਾ ਦੁਭਰ ਕੀਤਾ ਹੋਇਆ। ਹੁਣ ਸਰ ਪੁਲੀਸ ਤੋਂ ਤਸ਼ੱਦਦ ਕਰਾਉਣ ਨੂੰ ਫਿਰਦਾ.....ਤੁਸੀਂ ਆਪ ਈ ਦੱਸੋ ਸਰ ਇਹਦਾ ਅੰਤ ਕੀ ਹੋਊ?" ਮੈਂ ਦਲੇਰੀ ਕਰਕੇ ਆਖਿਆ ਸੀ। ਉਹ ਬੜੀ ਧਹੱਮਲ ਨਾਲ ਸੁਣਦਾ ਰਿਹਾ ਸੀ।

"ਤੂੰ ਦੀਪੇ ਨੂੰ ਨਹੀਂ ਜਾਣਦਾ?"

"ਸਰ ਮੇਰੇ ਨਾਲ ਦਸਵੀਂ ਤੱਕ ਪੜ੍ਹਦਾ ਰਿਹਾ; ਪਰ ਇਹਦੇ 'ਚ ਮੇਰਾ ਕੀ ਕਸੂਰ? ਨਾਲ ਤਾਂ ਕਿੰਨੇ ਹੀ ਮੁੰਡੇ ਪੜ੍ਹਦੇ ਸੀ, ਕਿਸੇ ਦਾ ਕੀ ਪਤਾ ਕਿਸੇ ਨੇ ਕੀ ਬਣ ਜਾਣਾ ? ਆਏਂ ਤਾਂ ਸਰ ਸਾਡੇ ਨਾਲ ਦੇ ਕਈ ਪੁਲੀਸ ਵਿੱਚ ਵੀ ਭਰਤੀ ਹੋਏ ਆ...।" ਮੈਂ ਹੌਂਸਲਾ ਫੜ ਗਿਆ ਸਾਂ।

"ਤੈਨੂੰ ਪਤਾ ਜਿਥੇ ਤੂੰ ਪੜ੍ਹਦਾਂ ਕਿੰਨਾ ਸੈਨਸਟਿਵ ਇੰਸਟੀਚਿਊਟ ਐ.... ?"

"ਸਰ; ਜਿਥੇ ਮਾਂ-ਪਿਓ ਨੇ ਪੜ੍ਹਨ ਲਾ ਦਿੱਤਾ ਲੱਗ ਗਿਐ। ਨਾਲੇ ਸਰ ਹੋਰ ਨੇੜੇ-ਤੇੜੇ ਹੋਰ ਕੋਈ ਪਾਲੀਟੈਕਨਿਕ ਹੈ ਈ ਨਹੀਂ। ਸਰ ਮੇਰੇ ਕੀ ਵੱਸ...?" ਥਾਣੇਦਾਰ ਨੇ ਇੱਕ ਵਾਰ ਫੇਰ ਮੇਰੀਆਂ ਅੱਖਾਂ ਵਿਚ ਗਹੁ ਨਾਲ ਵੇਖਿਆ। ਸਾਡੀ ਬੇਗੁਨਾਹੀਂ ਉਥੇ ਤੈਰਦੀ ਫਿਰਦੀ ਸੀ।

"ਥੋਨੂੰ ਐਮ.ਐਲ.ਏ. ਦੀ ਤਾਕਤ ਦਾ ਪਤੈ?" ਉਸਨੇ ਸੁਆਲ ਕੀਤਾ ਸੀ।

"ਜੀਅ....ਅ।"

"ਐਮ.ਐਲ.ਏ. ਸਾਹਿਬ ਦੀ ਦਿੱਲੀ ਤੱਕ ਪਹੁੰਚ ਐ। ਥੋਨੂੰ ਪਤਾ ਪੰਜਾਬ ਵਿੱਚ ਐਸ ਵੇਲੇ ਪੁਲਿਸ ਦਾ ਰਾਜ ਐ ਤੇ ਆਪਣੇ ਐਮ.ਐਲ.ਏ. ਸਾਹਿਬ ਸੈਂਟਰ ਤੋਂ ਦਬਾਅ ਪੁਆਕੇ ਪੁਲਿਸ ਤੋਂ ਕੁਝ ਵੀ ਕਰਾ ਸਕਦੇ।"

"ਹਾਂ ਜੀ...!" ਅਸੀਂ ਹਾਂ ਵਿੱਚ ਸਿਰ ਹਿਲਾਇਆ ਸੀ।

"ਮੈਨੂੰ ਪਤਾ ਤੁਸੀਂ ਬੇਗੁਨਾਹ ਓ, ਥੋਨੂੰ ਮੈਂ ਪਹਿਲਾਂ ਈ ਦੱਸਿਆ ਇੰਸਪੈਕਟਰ ਅਵਤਾਰ ਸਿੰਘ ਸੰਧੂ ਕਿਸੇ ਨਾਲ ਨਜਾਇਜ਼ ਨੀ ਕਰਦਾ।" ਉਹ ਕੁੱਝ ਚਿਰ ਅਟਕਿਆ ਰਿਹਾ।

" ਥੋਨੂੰ ਪਤਾ ਮੈਂ ਤੁਹਾਨੂੰ ਪਰਸੋਂ ਰਾਤ ਨੂੰ ਈ ਕਿਉਂ ਚੱਕ ਲਿਆਂਦਾ ਸੀ?"

".......?" ਸਾਡੀਆਂ ਅੱਖਾਂ ਸੁਆਲ ਬਣ ਕੇ ਫੈਲ ਗਈਆਂ ਸਨ।

"ਜੇ ਮੈਂ ਉਸ ਦਿਨ ਤੁਹਾਨੂੰ ਚੱਕ ਕੇ ਨਾ ਲਿਆਉਂਦਾ; ਕਿਸੇ ਹੋਰ ਜ਼ਿਲ੍ਹੇ ਦੀ ਪੁਲੀਸ ਤੋਂ ਥੋਨੂੰ ਚੁਕਵਾ ਦੇਣਾ ਸੀ ਤੇ.......ਹੁਣ ਨੂੰ ਕਿਸੇ ਡਰੇਨ ਦੇ ਪੁੱਲ ਤੇ ਲੱਦੇ ਪਏ ਹੁੰਦੇ। ਖ਼ਬਰ ਬਣ ਜਾਣੀ ਸੀ ਅਖ਼ਬਾਰ ਦੀ। ਨਾਲੇ ਕਾਕਾ ਇਹ ਨਾ ਸਮਝੀ ਤੂੰ ਉਦਣ ਬੱਚ ਕੇ ਨਿਕਲ ਗਿਆ ਸੀ.....ਗੋਲੀ ਨੇ ਤਾਂ ਦਸ ਕਦਮ ਨੀ ਸੀ ਜਾਣ ਦੇਣਾ?"

ਸੁਣਕੇ ਮੇਰਾ ਤਰਾਹ ਨਿਕਲ ਗਿਆ। ਠੰਡੀ ਸ਼ੀਤ ਲਹਿਰ ਮੇਰੀਆਂ ਨਾੜਾਂ ਵਿੱਚ ਫਿਰ ਗਈ।

"ਥੋਡਾ ਕਸੂਰ ਤਾਂ ਕੋਈ ਨੀ.....ਪਰ ਥੋਨੂੰ ਅੱਜ ਦੀ ਰਾਤ ਥਾਣੇ ਰੱਖਣਾ। ਥੋਡੇ ਈ ਭਲੇ ਵਾਸਤੇ.....ਕੋਈ ਤਰਾਜ਼?"

"ਸਰ.... ਭਾਵੇਂ ਹਫਤਾ ਰੱਖਲੋ ਜੀ... ਅਸੀਂ ਘਰ ਜਾਕੇ ਕੀ ਕਰਨੈ? ਜਾਨ ਬਚਦੀ ਐ...ਹੋਰ ਕੀ ਚਾਹੀਦਾ?" ਹੁਣ ਅਸੀਂ ਹੌਸਲਾ ਫੜ ਕੇ ਬੋਲਣ ਲੱਗੇ ਸਾਂ।

"ਇਹ ਨੇਤਾ ਲੋਕ ਵੀ ਨਾ...... ਅਸਲ 'ਚ ਸਾਰਾ ਗੰਦ ਈ ਇਹਨਾਂ ਦਾ ਪਾਇਆ।" ਆਖਦਿਆਂ ਇੰਸਪੈਕਟਰ ਅਵਤਾਰ ਸਿੰਘ ਕਵਾਟਰਾਂ ਵੱਲ ਤੁਰ ਗਿਆ ਸੀ।

ਅਸੀਂ ਹੁਣ ਹਵਾਲਾਤ ਵਿੱਚ ਬੈਠੇ ਸੋਚ ਰਹੇ ਸਾਂ, ਜੇ ਭਲਾ ਅਵਤਾਰ ਸਿੰਘ ਦੀ ਥਾਵੇਂ ਕੋਈ ਹੋਰ ਥਾਣੇਦਾਰ ਹੁੰਦਾ, ਕੀ ਬਨਦਾ ਸਾਡਾ?



# ਕੰਜਰ ਮੁਹੱਲਾ/ਨੈਣ ਸੁਖ

ਜ਼ੈਹਦੀ ਦੀਆਂ ਕੋਸ਼ਿਸ਼ਾਂ ਸਦਕਾ ਸਪਨਾ ਦੇ ਅਗ਼ਵਾ ਵਿਚ ਬਾਬਰ ਪ੍ਰਿੰਸ ਦੇ ਰੋਲ ਬਾਰੇ ਖ਼ਬਰਾਂ ਆਮ ਹੋ ਗਈਆਂ। ਪਰ ਕੁੱਝ ਈ ਦਿਨਾਂ ਵਿੱਚ ਭੱਟੀ ਨੂੰ ਸ਼ੱਕ ਹੋਣ ਲੱਗ ਪਿਆ ਕਿ ਅੰਦਰੇ-ਅੰਦਰ ਕੁੱਝ ਹੋ ਰਿਹਾ ਹੈ, ਜਿਹੜਾ ਮੀਆਂ ਮਕਸੂਦ ਉਹਦੇ ਕੋਲੋਂ ਲੁਕਾਵੇ ਤੇ ਸਹਿਜੇ-ਸਹਿਜੇ ਉਹ ਪੁੱਜ ਭਾਪਾ ਭੱਟੀ ਤੋਂ ਕੰਨ ਖਾਣ ਲੱਗ ਪਿਆ। ਜ਼ੈਹਦੀ ਖ਼ਬਰ ਲਿਆਂਦੀ ਕਿ ਅਗ਼ਵਾ ਦੇ ਵਾਕਿਆ ਤੋਂ ਪਹਿਲਾਂ, ਬਾਬਰ ਪ੍ਰਿੰਸ ਤੇ ਸੁਪਨਾ ਵਿਚ ਝਗੜਾ ਚੱਲ ਰਿਹਾ ਸੀ, ਤਲਾਕ ਦੀ ਨੌਬਤ ਆ ਗਈ। ਬਾਬਰ ਪ੍ਰਿੰਸ ਸਪਨਾ ਨੂੰ ਆਖੇ ਕਿ ਉਹ ਅਬੋਰਸ਼ਨ ਕਰਵਾਏ ਪਰ ਉਹ ਨਾ ਮੰਨੀ। ਜ਼ੈਹਦੀ ਇਹ ਵੀ ਸੂਹ ਕੱਢੀ ਕਿ ਬਾਬਰ ਪ੍ਰਿੰਸ ਸਪਨਾ ਨੂੰ ਕਤਲ ਕਰਵਾ ਕੇ ਲਾਸ਼ ਕਿੱਧਰੇ ਬਿਲੇ ਲਾ ਦਿ'ਤੀ। ਹੁਣ ਉਹਦੇ ਖ਼ਿਲਾਫ਼ ਰੌਲਾ ਪਿਆ ਤੇ ਉਹਨੇ ਸੁਪਨਾ ਦੇ ਮਾਪਿਆਂ ਨੂੰ ਪੈਸਿਆਂ ਦਾ ਲਾਲਚ ਦਿ'ਤਾ।

ਅਖ਼ਬਾਰ ਦੀ ਸੁਰਖ਼ੀ, ''ਸਪਨਾ ਅਗ਼ਵਾ ਕਿਸ, ਮੁਲਜ਼ਮ ਤੇ ਮੁਦਾਈ ਪਾਰਟੀ ਦਾ ਸਮਝੌਤਾ ਹੋ ਰਿਹੈ!"

ਪੇਂਟਰ ਹੁਸੈਨ ਦੇ ਫ਼ਲੈਟ 'ਚੋਂ ਜਾਣ ਲਈ ਤਿਆਰ ਬੈਠੇ ਭੱਟੀ ਤੇ ਸ਼ਹਿਜ਼ਾਦ ਮੁਗ਼ਲ ਗ਼ੁੱਸੇ ਵਿਚ, ਸ਼ਹਿਜ਼ਾਦ ਮੁਗ਼ਲ ਦੇ ਮੂੰਹੋਂ ਨਿਕਲ ਗਿਆ, ''ਕੰਜਰ, ਕੰਜਰ ਈ ਹੁੰਦੇ ਨੇਂ!" ''ਸੌਰੀ ! ਸੌਰੀ!" ਸ਼ਹਿਜ਼ਾਦ ਮੁਗ਼ਲ ਕਹਿੰਦਾ ਰਿਹਾ, ਭਾਵੇਂ ਪੇਂਟਰ ਹੁਸੈਨ ਕੋਈ ਮਾਈਨਡ ਨਾ ਕੀਤਾ। ਭੱਟੀ ਮੂੰਹ ਵਿਚ ਸ਼ਹਿਜ਼ਾਦ ਮੁਗ਼ਲ ਨੂੰ ਕੋਈ ਗਾਲ੍ਹ ਕੱਢ ਕੇ ਟੁਰ ਗਿਆ। ਸ਼ਹਿਜ਼ਾਦ ਮੁਗ਼ਲ ਭੱਟੀ ਨੂੰ ਰੋਕਣ ਲਈ ਬੁਲਾਂਦਾ ਹੋਇਆ ਆਪ ਵੀ ਨਾ ਪਰਤਿਆ। ਮੁਬਾਇਲ ਦਾ ਅਲਾਰਮ ਵੱਜਿਆ, ਪੇਂਟਰ ਹੁਸੈਨ ਖ਼ੁਸ਼ ਹੋ ਗਿਆ, ਮਹਿਬੂਬ ਦੇ ਆਉਣ ਦਾ ਵੇਲਾ ਹੋਇਆ।

ਪਰ ਮਹਿਬੂਬ ਅਲ ਹ'ਕ ਆਇਆ ਤੇ ਉਹਦੇ ਨਾਲ ਕੈਥਰਾਇਨ ਵੀ। ਮਹਿਬੂਬ ਅਲ ਹ'ਕ ਡਿਊਟੀ ਤੇ, ਉਹ ਰੋਜ਼ ਕੈਥਰਾਇਨ ਨੂੰ ਹੀਰਾ-ਮੰਡੀ ਫਿਰਾਨ ਲੈ ਜਾਂਦਾ, ਅੱਜ ਵੀ ਉਹ ਕਈ ਕੰਜਰਾਂ ਦੇ ਇੰਟਰਵਿਊ ਕਰ ਕੇ ਆਏ। ਪੈਸਿਆਂ ਦਾ ਲਾਲਚ ਦੇ ਕੇ ਕੰਜਰਾਂ ਕੋਲੋਂ ਜੋ ਮਰਜ਼ੀ ਅਖਵਾ ਲਵੋ, ਕੈਥਰਾਇਨ ਨੂੰ ਇੰਜ ਲੱਗਾ। ਹੀਰਾ-ਮੰਡੀ ਦੀ ਹਿਸਟਰੀ ਬਾਰੇ ਕੋਈ ਬਾਹਲੀ ਜਾਣਕਾਰੀ ਨਾ ਮਿਲੀ। ਪੇਂਟਰ ਹੁਸੈਨ ਕੰਜਰ ਮੁਹੱਲੇ ਬਾਰੇ ਜੋ ਸੁਣਿਆ, ਖੋਜਿਆ, ਕੈਥਰਾਇਨ ਅੱਗੇ ਬਿਆਨ ਕਰ ਦਿ'ਤਾ ਪਰ ਉਹਦੀ ਗੱਲ ਅਗਾਂਹ ਉਦੋਂ ਟੁਰੀ, ਜਦੋਂ ਚਰਸ ਦਾ ਸਰੂਰ, ਚੁਗ਼ੱਤਾ ਸ਼ਾਹੀ, ਅਕਬਰ ਦਾ ਵੇਲਾ, ਸ਼ਾਹੀ ਕਿਲ੍ਹੇ ਵਿਚ ਦਰਬਾਰ। ਲਾਗੇ ਈ ਸ਼ਹਿਰ ਵਾਲੇ ਪਾਸੇ ਹਜ਼ਾਰੀ ਦਰਬਾਰੀ ਅਸ਼ਰਾਫ਼ਾਂ ਦਾ ਇਲਾਕਾ। ਜਿੱਥੇ ਤੂਰਾਨੀ ਬੇਗ਼ ਤੇ ਖ਼ਾਨ ਰਹਿੰਦੇ। ਖ਼ਾਸਾਂ ਦੀ ਇਸ ਅਬਾਦੀ ਵਿਚ, ਆਮ ਲਾਹੌਰੀਆਂ ਦਾ ਦਾਖ਼ਲਾ ਬੰਦ, ਇਸ ਲਈ ਇਹਦਾ ਅਵਾਮੀ ਨਾਂ ਸ਼ਾਹੀ ਮੁਹੱਲਾ ਪੈ ਗਿਆ। ਨੇੜੇ ਈ ਟਕਸਾਲ, ਕੋਤਵਾਲੀ ਦੀ ਦੂਜੀ ਬਾਹੀ। ਇਧਰ ਰਾਜਪੂਤ ਰਾਜੇ ਤੇ ਦੀਵਾਨ (ਮੀਰ ਮੁਨਸ਼ੀ ਤੇ ਮੀਰ ਬਖ਼ਸ਼ੀ) ਵ'ਸਦੇ। ਇਹਦੇ ਨਾਲ ਈ ਬਾਜ਼ਾਰ ਜਿੱਥੇ ਜ਼ਰਵਾਲ ਖੱਤਰੀਆਂ ਦੇ ਚੋਹਟੇ, ਹਰ ਚੋਹਟੇ ਉੱਤੇ ਬਾਲਾਖ਼ਾਨਾ, ਜਿਧਰ ਬਾਜ਼ਾਰ 'ਚੋਂ ਪੌੜੀਆਂ ਚੜ੍ਹਦੀਆਂ। ਸ਼ਹਿਰ ਵਲੋਂ ਸ਼ਾਹੀ ਕਿਲ੍ਹੇ ਨੂੰ ਜਾਂਦੀਆਂ। ਸਾਹਮਣੇ ਕੋਤਵਾਲੀ, ਜਿੱਥੇ ਦਰੋਗ਼ੇ ਖਲੋਤੇ ਹੁੰਦੇ। ਸੱਜੇ ਪਾਸੇ ਸ਼ਾਹੀ ਮੁਹੱਲਾ, ਪੁੱਠੇ ਹੱਥ ਟਕਸਾਲ ਤੇ ਬਾਜ਼ਾਰ, ਜਿੱਥੇ ਹੱਟੀਆਂ ਵਿਚ ਮਾਲ ਵਿਕਦਾ ਤੇ ਬਾਲਾਖ਼ਾਨੇ ਵਿਚ ਹੁਸਨ ਦਾ ਮੁੱਲ ਪਵੇ। ਤੂਰਾਨੀ ਅਸ਼ਰਾਫ਼ਾਂ ਦੀ ਰੀਤ ਕਿ ਸ਼ਾਹੀ ਮੁਹੱਲੇ ਵਿਚ ਘਰ ਵਾਲੀ (ਬੇਗਮ, ਖ਼ਾਨਮ) ਰੱਖਦੇ ਤੇ ਬਾਲਾਖ਼ਾਨੇ ਵਿਚ ਇਰਾਨੀ ਬਾਈ, ਬਾਈ ਅਸਲ ਵਿਚ ਬਾਲਾਈ, ਬਾਲਾਖ਼ਾਨੇ ਤੋਂ। ਤੂਰਾਨੀ ਸਰਦਾਰਾਂ ਵਿਚ ਮੁਕਾਬਲੇ ਬਾਜ਼ੀ ਰਹਿੰਦੀ ਕਿ ਕਿਹੜਾ ਬਾਲਾਖ਼ਾਨਾ "ਮੁਹੱਲਾ". ਉਹ ਬਾਲਾਖ਼ਾਨਾ ਮੁਹੱਲਾ ਜਿਹਦੇ ਵਿੱਚ "ਆਅਲਾ" ਬਾਈ (ਖ਼ਾਨਦਾਨੀ) ਜਿਹੜੀ ਚਾਰ ਸਿਫ਼ਤਾਂ ਵਿਚ

ਸਰਸ। ਇਹ ਚਾਰ ਸਿਫ਼ਤਾਂ ਹੁਸਨ, ਨਾਜ਼, ਆਵਾਜ਼, ਤੇ ਰਕਸ। ਮਾਲੀ ਤੇ ਆਅਲਾ ਦੀ ਪਛਾਣ ਤੇ ਮੁਕਾਬਲਾ ਬਾਜ਼ਾਰ ਵਿੱਚ ਈ ਹੋ ਸਕਦਾ। ਇਸ ਲਈ ਬਾਜ਼ਾਰ-ਏ-ਹੁਸਨ ਵ'ਸਿਆ। ਇਹ ਬਾਈ ਕਦੀ ਕਿਧਰੇ ਬੀਵੀ ਬਣ ਕੇ "ਖ਼ਾਤੂਨ-ਏ-ਖ਼ਾਨਾ" ਵੀ ਹੋ ਜਾਂਦੀ।

ਜਿਥੇ ਸ਼ੇਖ਼ੂਪੁਰਾ ਵ'ਸਿਆ, ਇਹ ਥਾਂ ਮੁਗ਼ਲ ਹਾਕਮਾਂ ਦੀ ਲਸ਼ਕਰਗਾਹ ਵੀ ਰਹੀ ਤੇ ਸ਼ਿਕਾਰਗਾਹ ਵੀ। ਲਸ਼ਕਰੀ ਮਿਰਜ਼ਾ ਨਿਜ਼ਾਮ-ਉਦ-ਦੀਨ ਇਹਦਾ ਮੁਖ਼ਤਾਰੇ ਖ਼ਾਸ, ਉਹਨੇ ਆਪਣੀ ਅਯਾਸ਼ੀ ਲਈ ਖ਼ਵਾਸ ਪੂਰੇ 'ਚੋਂ ਕੁੱਝ ਖ਼ਾਨਦਾਨੀ ਬਾਈਆਂ, ਉੱਥੇ ਮੰਗਵਾਈਆਂ। ਇਨ੍ਹਾਂ ਬਾਈਆਂ ਉੱਥੇ ਲਸ਼ਕਰੀਆਂ ਦੀਆਂ, ਜਿਹੜੀਆਂ ਧੀਆਂ ਜੰਮੀਆਂ ਉਹ ਸ਼ਿਕਾਰਗਾਹ ਉੱਜੜਣ ਮਗਰੋਂ ਰੁਲਦੀਆਂ ਹੋਈਆਂ ਲਾਹੌਰ ਪਰਤ ਆਈਆਂ। ਜਿੱਥੇ ਦਾਰਾ ਸ਼ਿਕੋਹ ਦੀ ਸੂਬੇਦਾਰੀ ਸਮੇਂ ਉਨ੍ਹਾਂ ਨੂੰ ਕੋਠੇ ਛੱਤਣ ਲਈ ਥਾਂ ਮਿਲੀ, ਇੱਥੇ ਮਗਰੋਂ ਬਾਜ਼ਾਰ-ਏ-ਸ਼ੇਖ਼ੂਪੁਰੀਆ ਅਬਾਦ ਹੋਇਆ।

ਜਦੋਂ ਮੁਗ਼ਲ ਪੁਰਾ ਵ'ਲ ਨਵਾਬ ਜ਼'ਕਰੀਆ ਖ਼ਾਨ ਆਪਣਾ ਅਫ਼ਸਰ ਖ਼ਾਨਾ (ਬੇਗਮਪੁਰਾ) ਬਣਾਇਆ ਤਾਂ ਉਹਨੇ ਆਪਣੀ ਰਖੇਲ ਕ'ਲੋ ਬਾਈ ਨੂੰ ਯਕੀ ਦਰਵਾਜ਼ੇ ਅੰਦਰ ਹਵੇਲੀ ਪਾ ਕੇ ਦਿ'ਤੀ। ਇਸ ਤੋਂ ਮਗਰੋਂ ਲਾਹੌਰ ਦੇ ਨਵਾਬਾਂ ਵਿਚ, ਰਖੇਲ ਨੂੰ ਲਾਂਭੇ ਹਵੇਲੀ ਵਿਚ ਰੱਖਣ ਦਾ ਰਿਵਾਜ ਪੈ ਗਿਆ। ਜਦੋਂ ਨਾਦਰਸ਼ਾਹ ਨੇ ਲਾਹੌਰ ਉੱਤੇ ਹਮਲਾ ਕੀਤਾ ਤੇ ਲਾਹੌਰ ਦੇ ਹਾਕਮ ਹਵੇਲੀਆਂ ਵਿਚ ਬਾਈਆਂ ਕੋਲ ਸੁੱਤੇ ਰਹੇ ਤੇ ਲਾਹੌਰ ਉੱਜੜਦਾ ਰਿਹਾ। ਫਿਰ ਮਗਰੋਂ ਅਹਿਮਦਸ਼ਾਹ ਅਬਦਾਲੀ ਦੇ ਪਠਾਨ ਮੁਗ਼ਲਪੁਰਾ ਨੂੰ ਲ'ਟ ਕੇ ਜਦੋਂ ਖ਼ਵਾਸਪੁਰਾ ਉੱਤੇ ਚੜ੍ਹੇ, ਜਿੱਤੀ ਫ਼ੌਜ ਦੀ ਦਰਿੰਦਗੀ ਤੋਂ ਬਚਣ ਲਈ, ਖ਼ਾਨਦਾਨੀ ਬਾਈਆਂ ਲਾਲ ਕੁੜਤੀਆਂ ਲਾਹੀਆਂ ਤੇ ਉਹ ਮਰਦਾਨੇ ਕੱਪੜੇ ਪਾ ਕੇ ਦੌੜੀਆਂ। ਇਕ ਬਾਈ ਫੜੀ ਗਈ, ਫੜੇ ਪਠਾਨ ਨੂੰ ਏਨਾ ਸਵਾਦ ਆਇਆ ਕਿ ਅੱਗੋਂ ਤੋਂ ਪਰਦੇਦਾਰ ਬਾਈ ਵੀ ਹੱਥ ਲ'ਗਦੀ ਤੇ ਉਹਨੂੰ ਮਰਦਾਨਾ ਵੇਸ ਵਟਾਨਾ ਪਵੇ। ਪਠਾਨ, ਬਾਈਆਂ ਨੂੰ ਇਸ ਰੂਪ ਵਿਚ "ਬੱਚੂ" ਕਹਿੰਦੇ। (ਜਦੋਂ ਅੰਗਰੇਜ਼ਾਂ ਵੇਲ਼ੇ ਮੀਆਂ ਮੀਰ ਛਾਉਣੀ ਬਣੀ ਉਦੋਂ ਵੀ ਇੱਥੇ ਬੱਚੂ ਬਣਾਏ ਜਾਂਦੇ, ਇਸ ਕੰਮ ਲਈ ਯੂਰਪੀਅਨ ਆਰਟਿਸਟ ਆਏ।) ਖ਼ਵਾਸਪੁਰਾ ਤੋਂ ਭੱਜੀ ਹੋਈ ਇਕ ਬਾਈ ਮਸਕੀਨ ਸ਼ਾਹ ਦੀ ਕੁੱਲੀ ਵਿਚ ਜਾ ਲੁਕੀ। ਭੰਗੀ ਸਰਦਾਰਾਂ ਜਦੋਂ ਲੁ'ਟਦਿਆਂ-ਮਾਰਦਿਆਂ ਲਾਹੌਰ ਫ਼ਤਹਿ ਕੀਤਾ ਤਾਂ ਇਕ ਭੰਗੀ ਸਰਦਾਰ ਇਧਰ ਆ ਨਿਕਲਿਆ। ਉਹਨੇ ਮਸਕੀਨ ਸ਼ਾਹ ਦੀ ਕੁੱਲੀ ਵਿਚ ਲਾਲ ਕੁੜਤੀ ਵਾਲੀ ਖ਼ਾਨਦਾਨੀ ਵੇਖ ਲਈ। ਡਰੀ ਹੋਈ ਬਾਈ ਆਫਰੇ ਭੰਗੀ ਸਰਦਾਰ ਦੀ ਖ਼ੁਸ਼ਾਮਦ ਕਰਦਿਆਂ "ਤਸ'ਲੀ ਮਾਤ! ਤਸ'ਲੀ ਮਾਤ!" ਕਰਦੀ ਰਹੀ। ਭੰਗੀ ਸਰਦਾਰ ਉਹਦਾ ਮੁਜਰਾ ਵੇਖ ਕੇ ਪਿ'ਛੇ "ਤਸਲੀਮਪੁਰਾ" ਛੱਡ ਗਿਆ। ਉਸ ਉੱਥਲ-ਪੁੱਥਲ ਦੇ ਜ਼ਮਾਨੇ ਖ਼ਵਾਸਪੁਰਾ ਦੀਆਂ ਬਾਈਆਂ ਪੂਰੇ ਲਾਹੌਰ ਵਿਚ ਰੁਲ਼ੀਆਂ, ਕੁੱਝ ਬਾਈਆਂ ਅਨਾਰਕਲੀ ਦੇ ਮਜ਼ਾਰ ਵਿਚ ਜਾ ਲੁਕੀਆਂ ਤੇ ਕੁਝਨਾਂ ਨੂੰ ਲਹੌਰੋਂ ਬਾਹਰ ਜਾਣਾ ਪਿਆ।

ਜਦੋਂ ਰਣਜੀਤ ਸਿੰਘ ਤਖ਼ਤ ਲਾਹੌਰ ਦਾ ਮਹਾਰਾਜਾ ਹੋਇਆ, ਬੇਗਮ ਨਾਂ ਦੀ ਬਾਈ ਦੁਵਾਬੇ ਤੋਂ ਲਾਹੌਰ ਪ'ਜੀ, ਜਿਹੜੀ ਕਦੀ ਖ਼ਵਾਸਪੁਰਾ ਉੱਜੜਣ ਵੇਲੇ ਇਥੋਂ ਈ ਦੌੜੀ। ਉਹਦੀ ਧੀ ਮੋਰਾਂ "ਮੋਰਾਂ ਸਰਕਾਰ" ਬਣੀ। ਬੇਗ਼ਮ ਨੂੰ ਮਾਣ ਕਿ ਉਹ ਖ਼ਵਾਸਪੁਰਾ ਦੀਆਂ ਉਨ੍ਹਾਂ ਬਾਈਆਂ ਦੀ ਔਲਾਦ ਜਿਹੜੀਆਂ ਮਾਧੋ ਲਾਲ ਹੁਸੈਨ ਨਾਲ ਰਲ ਕੇ ਨੱਚੀਆਂ। ਬੇਗ਼ਮ, ਮਾਧੋ ਲਾਲ ਹੁਸੈਨ ਦਾ ਮਜ਼ਾਰ ਨਵਾਂ ਕਰਾਇਆ ਤੇ ਨਾਲ ਉਹਦੇ ਚਿੱਟੀ ਮਸੀਤ ਪਵਾਈ। ਮੋਰਾਂ ਸਰਕਾਰ, ਮਾਧੋ ਲਾਲ ਹੁਸੈਨ ਦੀ ਯਾਦ ਵਿਚ, ਬਸੰਤ ਦਿਹਾੜੇ ਮਨਾਉਣ ਦਾ ਆਹਰ ਕੀਤਾ, ਸ਼ਾਲਾਮਾਰ ਬਾਗ਼ ਵਿਚ ਮੇਲਾ ਚਿਰਾਗ਼ਾਂ ਲੱਗਾ। ਅਨਾਰਕਲੀ ਦੇ ਮਜ਼ਾਰ ਵਿਚ ਲੁਕੀਆਂ ਬਾਈਆਂ ਚੋਂ ਯੂਰਪੀ ਜਰਨੈਲਾਂ ਜਿਹੜੀਆਂ ਪਸੰਦ ਕੀਤੀਆਂ,



ਉਨ੍ਹਾਂ ਚਿੱਟੀਆਂ ਦ'ਧ ਕੁੜੀਆਂ ਜੰਮੀਆਂ, ਜਿਹੜੀਆਂ "ਕੁੜੀ ਬਾਗ਼" ਵਿਚ ਖੇਡੀਆਂ। ਇਨ੍ਹਾਂ ਚੋਂ ਬਿੱਲੀਆਂ ਅੱਖਾਂ ਵਾਲੀਆਂ ਨੂੰ ਲਾਹੌਰੀ ਤਮਾਸ਼ਬੀਨ 'ਬਿੱਲੋ' ਆਖਦੇ, ਇਹ ਬਿੱਲੋ ਰਾਣੀਆਂ।

ਦੋ ਬਾਈਆਂ ਹਜ਼ਰੋ ਤੇ ਢੀਰੋ, ਬੇਗਮ ਦੀ ਸਿਫ਼ਾਰਸ਼ ਲੈ ਕੇ ਮੋਰਾਂ ਸਰਕਾਰ ਅੱਗੇ ਹਾਜ਼ਰ ਹੋਈਆਂ। (ਮੋਰਾਂ ਦਾ ਬਾਗ਼ ਤੇ ਹਵੇਲੀ ਉਸ ਥਾਂ ਜਿੱਥੇ ਲਾਹੌਰ ਦਾ ਪਹਿਲਾ ਡਾਕ ਬੰਗਲਾ ਵ'ਸਿਆ ਮਗਰੋਂ ਉਥੇ ਗੌਰਮਿੰਟ ਕਾਲਜ ਬਣਿਆ।) ਬਾਈਆਂ ਬਾਲਾਖ਼ਾਨੇ ਲਈ ਥਾਂ ਮੰਗਿਆ। ਅਨਾਰਕਲੀ ਛਾਉਣੀ ਵਿਚ ਕੰਜਰਾਂ ਦੇ ਜਿਹੜੇ ਪਹਿਲੇ ਦੋ ਕੋਠੇ ਬਣੇ ਉਨ੍ਹਾਂ ਦੇ ਦੋ ਬਾਲ ਮੀਆਂ ਢੀਰੋ ਤੇ ਮੀਆਂ ਹਜ਼ਰੋ ਹੋਏ। ਇਹ ਕੋਠੇ ਸੁੰਦੇ ਗਏ ਤੇ ਪੂਰਾ ਕੰਜਰ ਮੁਹ'ਲਾ ਬਣ ਗਿਆ। ਕੰਜਰ ਪੰਜਾਬੀ ਜ਼ਬਾਨ ਦਾ ਲਫ਼ਜ਼ ਕੰਜਰ, ਜਿਹਦੇ ਕੰਨ ਖ਼ੁਸ਼ੀ ਨਾਲ ਬਦਨਾਮੀ ਜਰਦੇ। ਮੌਢੇ ਉੱਤੇ ਰੁਮਾਲ ਪਾਈ ਫਿਰਦਾ ਰੁਮਾਲ ਸ਼ਾਹ ਲਾਹੌਰ ਵਿਚ ਪਹਿਲਾ ਦ'ਲਾ, ਜਿਹਨੂੰ ਕ'ਲੋ ਬਾਈ ਦੀ ਹਵੇਲੀ ਦੇ ਵਸਨੀਕ ਨਵਾਬ ਗ਼ਾਜ਼ੀ ਖ਼ਾਨਦਾਨੀ ਬਾਈਆਂ ਦੀ ਦਲਾਲੀ ਲਈ ਰੱਖਿਆ, ਜਿਹੜਾ ਬੇਗਮਪੁਰਾ ਦਾ ਦਾਅਵੇਦਾਰ ਰਿਹਾ। ਉਹ ਤਮਾਸ਼ਬੀਨ ਜਿਹੜੇ ਉੱਜੜ ਕੇ ਵੀ ਹੀਰਾਮੰਡੀ ਫੇਰਾ ਮਾਰਦੇ ਰਹੇ, ਉਨ੍ਹਾਂ ਨੂੰ ਭੂੰਡ ਆਖਿਆ ਜਾਂਦਾ। ਇਸ ਕੰਮ ਵਿਚ ਕੰਮਾ ਭੂੰਡ ਮਸ਼ਹੂਰ ਰਿਹਾ।

ਅੰਗਰੇਜ਼ਾਂ ਦਾ ਲਾਹੌਰ ਉੱਤੇ ਕਬਜ਼ਾ ਹੋਇਆ ਤੇ ਉਨ੍ਹਾਂ ਦੀ ਵੀ ਪਹਿਲੀ ਛਾਉਣੀ ਅਨਾਰਕਲੀ (ਪੁਰਾਣੀ ਅਨਾਰਕਲੀ) ਜਿਹਦੇ ਨਾਲ ਮਜ਼ੰਗ ਤਾਈਂ ਸ਼ੁਤਰਖ਼ਾਨਾ, ਹਰ ਪਾਸੇ ਲੂਸਨ ਤੇ ਲਿੱਦ ਦੀ ਬਦਬੂ ਨੇ ਪੂਰੇ ਇਲਾਕੇ ਨੂੰ ਬਿਮਾਰ ਕੀਤਾ। ਛਾਉਣੀ ਨੂੰ ਸ਼ਹਿਰੋਂ ਬਾਹਰ ਕੱਢਣ ਦੀ ਸਲਾਹ ਹੋਈ। ਊਠਾਂ ਪਿ'ਛੇ ਜ'ਪੀ ਬੱਘੀ ਵਿਚ ਬੈਠਾ ਲਾਟ ਸਾਹਿਬ ਫਿਰਦਾ ਫਰਾਂਦਾ ਮੀਆਂ ਮੀਰ ਦੇ ਮੈਦਾਨ ਵਿਚ ਆਇਆ। ਕੁੱਝ ਦੂਰ ਲਾਲ ਕੁੜਤੀ ਸੁ'ਕਣੇ ਪਈ ਦਿ'ਸੀ, ਉਧਰ ਹੋਇਆਂ ਗਾਵਣ ਦੀ ਅਵਾਜ਼:

ਦੋ ਯਾਰ ਜ਼ੀਰਕ ਵੇ ਇਜ਼ ਬਾਦਾ ਕਹਿਣ ਦੋ ਮਨੇ
ਫ਼ਰਾਗ਼ਤੀ ਵ ਕਿਤਾਬੀ ਵ ਗੋਸ਼ਾ ਚਮਨੇ.......

ਲਾਟ ਸਾਹਿਬ ਮੁਜਰੇ ਦਾ ਸ਼ੌਕੀਨ, ਤਸਲੀਮਪੁਰੇ ਝੱਟ ਲੰਘਾ ਕੇ ਉਹਨੇ ਇੱਥੇ ਈ ਛਾਉਣੀ ਪਾ ਲਈ। ਮੀਆਂ ਸੁਲਤਾਨ ਤੇ ਮੇਲਾ ਰਾਮ ਲਾਟ ਸਾਹਿਬ ਨੂੰ ਖ਼ੁਸ਼ ਰੱਖਣ ਦਾ ਪੱਜ ਲੱਭਦੇ ਰਹਿੰਦੇ, ਉਨ੍ਹਾਂ ਸ਼ਮਸਾ ਬਾਈ ਦਾ ਮੁਜਰਾ ਕਰਾਇਆ, ਲਾਟ ਸਾਹਿਬ ਖ਼ਾਨਦਾਨੀ ਬਾਈ 'ਤੇ ਮਿਹਰਬਾਨ ਹੋਏ। ਇਸ ਸ਼ਮਸਾ ਬਾਈ ਲੁਹਾਰੀ ਦਰਵਾਜ਼ੇ ਅੰਦਰ ਜਿੱਥੇ ਕੋਠਾ ਪਾਇਆ, ਉਹ ਥਾਂ ਚੌਂਕ ਚੱਕਲਾ ਮਸ਼ਹੂਰ ਹੋਈ।

ਅੰਗਰੇਜ਼ ਅਫ਼ਸਰਾਂ ਲਈ ਨਾਚ ਘਰ ਬਣੇ ਜਿਹਨਾਂ ਵਿੱਚ ਬਿੱਲੂ ਰਾਣੀਆਂ ਨੱਚਦੀਆਂ। ਨਾਚ ਗਰਲਜ਼ ਬਾਹਰੋਂ ਆਈਆਂ, ਇਨ੍ਹਾਂ ਦੇ ਪਿਓ ਯੂਰਪੀ ਤੇ ਮਾਵਾਂ ਹਿੰਦੁਸਤਾਨੀ, ਇਰਾਨੀ ਯਾ ਮਿਸਰੀ ਹੁੰਦੀਆਂ। ਹੁਕਮ ਹੋਇਆ, ਪੁਰਾਣੀ ਅਨਾਰਕਲੀ ਦਾ ਕੰਜਰ ਮੁਹ'ਲਾ ਬੰਦ ਕਰਾ ਕੇ ਉਥੇ ਧੋਬੀ ਮੰਡੀ ਬਣਾ ਦਿਤੀ ਗਈ, ਕੰਜਰੀਆਂ ਪੂਰੇ ਲਾਹੌਰ ਵਿਚ ਖਿੰਡ ਗਈਆਂ। ਨੋਨਾ ਕੰਬੋਹ ਧਨੋ ਕੰਜਰੀ ਨੂੰ ਗੰਜ ਮੁਹੱਲੇ ਲੈ ਗਿਆ। ਝੰਡੀ ਕੰਜਰੀ ਮੌਜ ਚਾਹ ਮੀਰਾਂ ਦੇ ਬਾਗ਼ ਵਿਚ ਜਾ ਡੇਰਾ ਲਾਇਆ। ਮੋਚੀ ਦਰਵਾਜ਼ੇ ਅੰਦਰ ਤਕੀਆ ਮਿਹਤਰਾਂ ਵਿਚ ਜਿਹੜੀ ਕੰਜਰੀ ਨੂੰ ਥਾਂ ਲੱਭਾ ਉਹਦਾ ਨਾਂ ਚੂੜੀ ਕੰਜਰੀ ਪਿਆ। ਬਾਂਦੀ ਕੰਜਰੀ ਨਵਾਂ ਕੋਟ ਜਾ ਵੱਸੀ। ਅੰਦਰੋਂ ਟਕਸਾਲੀ ਦਰਵਾਜ਼ੇ ਮੁਹੱਲਾ ਤਿਲ ਬ'ਗਾ, ਜਿਹਦੇ ਵਿਚ ਮਾਦੋ ਲਾਲ ਹੁਸੈਨ, ਉੱਥੇ ਮਮੋਲਾਂ, ਬੁੱਢਾ, ਦਾਰਾ ਤੇ ਫ਼ੌਜਾਂ ਜਾ ਘੁਸਰੇ।

## ਹੀਰਾ ਮੰਡੀ

ਮੀਆਂ ਬੁੱਢਾ ਕੰਜਰਾਂ ਦਾ ਆਗੂ ਬਣਿਆ, ਸ਼ਾਹੂਕਾਰ ਹੀਰਾ ਚੰਦ ਸਰਾਫ਼ ਜਿੱਥੇ ਕੰਜਰੀਆਂ ਦੀ ਮੰਡੀ ਲਾਈ, ਹਰ ਕੰਜਰ ਉਥੇ ਕਰਜ਼ੇ ਤੇ ਮਿਲੇ ਕੋਠੇ ਦਾ ਬਿਆਜ ਤਾਰਦਾ ਹਿੰਡ ਗਿਆ। ਇਹ

ਇਲਾਕਾ ਹੀਰਾਮੰਡੀ ਬਣਿਆ ਜਿਹੜਾ ਬਾਜ਼ਾਰ-ਏ-ਸ਼ੇਖ਼ੂਪੂਰੀਆਂ ਤੋਂ ਹੀਰਾਮੰਡੀ ਚੌਂਕ ਤੀਕ, ਹੀਰਾਮੰਡੀ ਚੌਂਕ ਤੋਂ ਨੌਗਜ਼ੇ ਪੀਰ ਤਾਈਂ ਤੇ ਨੌਗਜ਼ੇ ਪੀਰ ਤੋਂ ਖਾਈ ਤੀਕ। ਇਹਦੇ ਵਿਚ ਕਈ ਸੜਕਾਂ, ਬਾਜ਼ਾਰ ਤੇ ਗਲੀਆਂ, ਜਿਵੇਂ ਹੈਦਰੀ ਸਟਰੀਟ, ਕੂਚਾ ਸ਼ਹਿਬਾਜ਼, ਕੂਚਾ ਸਬਜ਼ਪੀਰ, ਫ਼ੋਰਟ ਰੋਡ, ਉੱਚਾ ਚੇਤ ਰਾਮ, ਨੀਵਾਂ ਚੇਤ ਰਾਮ ਤੇ ਮੇਨ ਬਾਜ਼ਾਰ ਜਿਹਨੂੰ ਸ਼ਾਹੀ ਮੁਹੱਲਾ ਆਖਿਆ ਜਾਂਦਾ।

ਪੈਸੇ ਵਾਲੇ ਤਮਾਸ਼ਬੀਨ ਸਰਕਾਰੀ ਰਿਸ਼ਵਤ ਖ਼ੋਰ ਜਿਵੇਂ ਪੀ. ਡਬਲਯੂ. ਡੀ. ਦਾ ਓਵਰਸੀਅਰ ਮੀਆਂ ਉਮਰਦੀਨ, ਮਹਿਕਮਾ ਨਹਿਰ ਦਾ ਸੁਪਰਵਾਈਜ਼ਰ ਸੱਈਅਦ ਹੈਦਰਸ਼ਾਹ ਤੇ ਮੱਖਣ ਸਿੰਘ ਪਿਨਸ਼ਨੀ। ਠੇਕੇਦਾਰ ਵੀ ਹੀਰਾਮੰਡੀ ਵਿੱਚ ਪੈਸੇ ਉਜਾੜਦੇ, ਜਿਵੇਂ ਠੇਕੇਦਾਰ ਲਾਲਾ ਨਿਹਾਲ ਚੰਦ, ਡਬਲ ਰੋਟੀ ਦਾ ਠੇਕੇਦਾਰ ਮੁਣਸ਼ੀ ਨਜਮ-ਉਦ-ਦੀਨ ਤੇ ਗੋਸ਼ਤ ਦਾ ਠੇਕੇਦਾਰ ਇਮਾਮ ਬਖ਼ਸ਼ ਕਸਾਈ। ਜੈਦਾਤਾਂ ਦੇ ਨਾਜਾਇਜ਼ ਕਾਬਜ਼ ਵੀ ਹੀਰਾਮੰਡੀ ਦੇ ਤਮਾਸ਼ਬੀਨ, ਜਿਵੇਂ ਸ਼ਾਹ ਆਲਮੀ ਦਾ ਕਨ' ਈਆ ਲਾਲ, ਗੁੰਬਦ ਕਾਸਿਮ ਦਾ ਕਾਬਜ਼ ਕਿਸ਼ਨ ਸਿੰਘ ਤੇ ਸ਼ਮਸੀ ਜਿਹਨੇ ਮਸੀਤ ਨੂੰ ਕੋਠੀ ਬਣਾ ਕੇ ਅੰਗਰੇਜ਼ਾਂ ਅੱਗੇ ਕਰਾਏ ਤੇ ਚਾੜ੍ਹੀ। ਇੰਝ ਹੀ ਹਵੇਲੀ ਦਾ ਕਾਬਜ਼ ਸੂਬਾ ਖੰਡ ਵਾਲਾ ਅਰਾਈਂ ਤੇ ਮੀਆਂ ਖ਼ਾਨ ਦੀ ਹਵੇਲੀ ਦੇ ਇਕ ਹਿੱਸੇ ਦਾ ਕਾਬਜ਼ ਮਿਰਜ਼ਾ ਮੋਟਾ ਵੀ, ਗਾਣੇ ਦੇ ਸ਼ੌਕੀਨ।

ਹੀਰਾਮੰਡੀ ਵਿਚ ਗਾਵਣ ਵਜਾਵਣ ਲਈ ਕਮਰਾ, ਕੋਠਾ ਜਿਹਨੂੰ ਚਲਾਉਣ ਵਾਲੀ ਡੇਰੇਦਾਰਨੀ, ਨਾਇਕਾ ਯਾ-ਮਾਲਕਨ ਅਖਵਾਵੇ। ਉਹਦੇ ਪੱਕੇ ਮਿਰਾਸੀ ਤੇ ਪੱਕਾ ਮੁਨਸ਼ੀ ਹੁੰਦਾ। ਤਮਾਸ਼ਬੀਨ ਗਾਹਕ ਨੂੰ ਕਦੀ ਜਜਮਾਨ ਕਹਿੰਦੇ, ਜਜਮਾਨ ਦੇ ਦੋ ਰੂਪ, ਸ਼ਾਹ ਖ਼ਰਚ ''ਲਾੜੇ'' ਤੇ ਕਿਰਸੀ ''ਲੇਂਝ''. ਲਾੜੇ ਨੂੰ ਨਾਇਕਾ ਉੱਠ ਕੇ ਸੱਤ ਵਾਰੀ ਸਲਾਮ ਕਰਦੀ ਤੇ ਲੇਂਝ ਦੇ ਆਇਆਂ ਬੈਠੀ-ਬੈਠੀ ਸਲਾਮ ਦਾ ਜਵਾਬ ਦੇਵੇ। ਨਸ਼ਾ, ਜੂਆ, ਬਦਮਾਸ਼ੀ ਜਿਹੜੇ ਦੁੱਲੇ ਵਿਚ ਇਹ ਤਿੰਨ ਐਬ ਨਾ ਹੁੰਦੇ, ਉਹਦੇ ਬਾਰੇ ਮੰਨਿਆ ਜਾਂਦਾ ਕਿ ਉਹ ਤਮਾਸ਼ਬੀਨ ਪਿੱਛੇ ਨਾ ਜਾਵੇ, ਤਮਾਸ਼ਬੀਨ ਆਪ ਉਹਦੇ ਪਿੱਛੇ ਆਵੇ। ਇਸ ਕੰਜਰ ਨੂੰ ''ਇੱਜ਼ਤਦਾਰ'' ਆਖਦੇ। ਹੀਰਾਮੰਡੀ ਵਿਚ ਕੰਜਰਾਂ ਦੀ ਕੁੜੀ ਤੇ ਮਿਰਾਸੀਆਂ ਦੇ ਮੁੰਡੇ ਦੀ ਕਦਰ ਹੁੰਦੀ ਕਿਉਂਜੇ ਇਹ ਈ ਕਮਾਊ। ਮਿਰਾਸੀ ਸਾਜ਼ ਵਜਾਂਦੇ ਤੇ ਕੰਜਰੀਆਂ ਨੱਚਦੀਆਂ ਗਾਂਦੀਆਂ। ਕੋਠੇ ਦੀ ਪਛਾਣ ਪੁੱਤਰ ਨਹੀਂ, ਧੀ ਹੁੰਦੀ। ਕਸਬੀ ਗਵੀਏ ਖ਼ਾਨ ਸਾਹਿਬ ਤੇ ਅਤਾਈ ਮਾਸਟਰ ਅਖਵਾਂਦੇ। ਜਿਹੜੇ ਕੰਜਰਾਂ ਦੇ ਘਰ ਹੇਠ ਉੱਤੇ ਮੁੰਡੇ ਜੰਮਦੇ ਉਹ ''ਸਾਹਣ'' ਲੈ ਕੇ ਆਉਂਦੇ। ਇਨ੍ਹਾਂ ਸਾਹਨਾਂ ਚੋਂ ਇਕ ''ਪੋਸਤੀ ਪਹਿਲਵਾਨ'' ਹਕੀਮ ਅੱਲਾਹ ਦਿਤਾ ਕਸੂਰੀ ਦੀ ਦੁਕਾਨ ਉੱਤੇ ਬੈਠਾ ਰਹਿੰਦਾ। ਵੇਖਣ ਵਿਚ ਇਹ ਸਾਹਣ ਮਾੜਕੂ ਜਿਹਾ ਪਰ ਜਿੱਥੇ ਰਾਤ ਗੁਜ਼ਾਰਦਾ, ਸ਼ਫ਼ਾ ਹੁੰਦੀ। ਪੋਸਤੀ ਪਹਿਲਵਾਨ ਇਹਨੂੰ ਹਕੀਮ 'ਅੱਲਾਹ ਦਿੱਤਾ ਕਸੂਰੀ' ਦੀ ਦਵਾ ਦਾ ਕਮਾਲ ਧੁਮਾਂਦਾ। ਇਹਨੂੰ ਕੰਜਰਾਂ ਦੇ ਘਰਾਂ ਵਿੱਚ ਵੜ੍ਹਦਿਆਂ ਕਿਸੇ ਘੱਟ ਈ ਵੇਖਿਆ, ਲਾਹੌਰ ਦੇ ਰਈਸਾਂ ਦੀਆਂ ਜੈਦਾਤਾਂ ਬਚਾਣ ਲਈ ਫ਼ਿਕਰਵੰਦ ਹਵੇਲੀਆਂ 'ਚੋਂ ਇਹਨੂੰ ਨਿਕਲਦੀਆਂ ਵੇਖਣ ਦੇ ਕਈ ਗਵਾਹ।

ਹੀਰਾਮੰਡੀ ਵਿਚ ਦੋਹਾਂ ਨਾਵਾਂ ਦਾ ਬਹੁਤ ਜ਼ਿਕਰ ਰਿਹਾ। ਬੁਲਾਕੀ ਸ਼ਾਹ ਤੇ ਮੋਤੀ ਲਾਲ ਚਮਰਾ। ਜਿਹੜਾ ਰੀਸ ਹੀਰਾ ਮੰਡੀ ਆਉਂਦਾ, ਉਹ ਬੁਲਾਕੀ ਸ਼ਾਹ ਦਾ ਕਰਜ਼ਈ। ਇੱਥੇ ਮੋਤੀ ਲਾਲ ਚਮਰਾ ਦੀ ਉਡੀਕ ਰਹਿੰਦੀ ਕਿਉਂਜੇ ਨੱਥ ਲੁਹਾਈ ਵਿਚ ਪੂਰੇ ਹਿੰਦੁਸਤਾਨ ਦੇ ਚਕਲਿਆਂ ਵਿਚ ਉਹ ਮਸ਼ਹੂਰ। ਰੁਪਈਆਂ ਦਾ ਬਿਸਤਰਾ ਵਿਛਾਂਦਾ, ਰਾਤ ਗੁਜ਼ਾਰਦਾ, ਨੱਥ ਬੋਝੇ ਪਾਂਦਾ ਤੇ ਟੁਰ ਜਾਂਦਾ। ਕਹਿੰਦੇ ਕਿ ਉਹਦੇ ਕੋਲ ਨੱਥਾਂ ਦਾ ਸੰਦੂਕ ਭਰਿਆ ਹੋਇਆ। ਉਸ ਤੋਂ ਪਹਿਲਾਂ ਨਵਾਬ ਬਣੇ ਮੀਆਂ ਕੰਜਰਾਂ ਦਾ ਚੰਗਾ ਮਿਹਰਬਾਨ ਤੇ ਕਦਰਦਾਨ ਰਿਹਾ।

ਜਦੋਂ ਥੇਟਰ ਆਇਆ, ਅਲਫ਼ਰੈਡ ਥੀਏਟਰੀਕਲ ਕੰਪਨੀ, ਬੰਬਈ ਪਾਰਸੀ ਥੀਏਟਰੀਕਲ ਕੰਪਨੀ ਤੇ ਅਲਬਰਟ ਥੀਏਟਰੀਕਲ ਕੰਪਨੀ ਦੇ ਨਾਂ ਮਸ਼ਹੂਰ ਹੋਏ। ਲਾਹੌਰੋਂ ਥੀਏਟਰ



ਵਿਚ ਜਿਹੜੀਆਂ ਪਹਿਲੀਆਂ ਕੁੜੀਆਂ ਕੰਮ ਕੀਤਾ, ਉਹ ਸਾਰੀਆਂ ਹੀਰਾਮੰਡੀ ਦੀਆਂ। ਜਦੋਂ ਚੁਪ ਫ਼ਿਲਮਾਂ ਬਣੀਆਂ, ਥੀਏਟਰ ਵਿਚ ਕੰਮ ਕਰਦੀਆਂ ਕੁੜੀਆਂ ਈ ਇੱਥੇ ਵੀ ਕੰਮ ਆਈਆਂ। ਇਨ੍ਹਾਂ ਦੇ ਗਾਣੇ ਰਿਕਾਰਡ ਵੀ ਹੋਣ ਲੱਗ ਪਏ, ਉਦੋਂ ਗਰਾਮੋ-ਫ਼ੋਨ ਨੂੰ ਮਸ਼ੀਨ ਤੇ ਰਿਕਾਰਡ ਨੂੰ ਤਵਾ ਆਖਦੇ। ਜੱਗ ਧੁੰਮੀਆਂ ਕੰਪਨੀਆਂ ਕੋਲੰਬੀਆ, ਈਗ਼ਲ, ਰੀਗ਼ਲ, ਟੋਅਨ ਤੇ ਏਂਜਲ। ਵੱਡੀਆਂ ਹਵੇਲੀਆਂ ਵਿਚ, ਉੱਚੀਆਂ ਕੰਧਾਂ ਅੰਦਰ ਨਵਾਬਾਂ ਤੇ ਜਾਗੀਰਦਾਰਾਂ ਦੇ ਸਾਹਮਣੇ ਰਾਗਦਾਰੀ ਹੁੰਦੀ, ਅਵਾਮ ਲਈ ਇਹ ਕੰਮ ਆਲ ਇੰਡੀਆ ਰੇਡੀਓ ਤੂੰ ਹੁੰਦਾ। ਕਈ ਠੁਮਰੀਆਂ, ਦਾਦਰੇ, ਟੱਪੇ ਤੇ ਗ਼ਜ਼ਲਾਂ ਮਸ਼ਹੂਰ ਹੋਈਆਂ।

ਉਨ੍ਹਾਂ ਦਿਨਾਂ ਵਿਚ ਲਾਹੌਰੋਂ ਕਲਕੱਤੇ ਤੇ ਰੰਗੂਨ ਲਾਹੌਰੀ ਮਾਲ ਜਾਂਦਾ। ਲਾਹੌਰੀ ਮਾਲ ਕੀ, ਪੰਦਰ੍ਹਾਂ ਵੀਹ ਨੱਚਣ ਗਾਣ ਵਾਲੀਆਂ ਰਲ਼ ਕੇ ਫ਼ਿਲਮਾਂ ਵਿਚ ਕੰਮ ਲੱਭਣ ਲਈ ਕਲਕੱਤੇ ਤੇ ਕਦੀ-ਕਦੀ ਰੰਗੂਨ ਜਾਂਦੀਆਂ। ਪ੍ਰੋਮੋਟਰ ਟਿੱਬੀ ਥਾਣੇ ਲਾਗੇ ਗੀਤੀ ਥੀਏਟਰ (ਬਾਦ ਵਿਚ ਤਰੱਨਮ ਸਿਨਮਾ ਹੋਇਆ) ਵਿਚ ਹੀਰਾਮੰਡੀ ਦੀਆਂ ਇਨ੍ਹਾਂ ਕੁੜੀਆਂ ਨੂੰ ਇਕੱਠਿਆਂ ਕਰਦਾ। ਰੇਲ ਗੱਡੀ ਦਾ ਭਾੜਾ ਤੇ ਰਾਹ ਦਾ ਖ਼ਰਚਾ ਆਪਣਾ ਆਪਣਾ। ਰੇਲ ਗੱਡੀ ''ਪੰਜਾਬ ਮੇਲ'' ਰਾਹੀਂ ਇਹ ਮੰਡਲੀ, ''ਇੰਡੀਅਨ ਪਿਕਚਰਜ਼'' ਕਲਕੱਤੇ ਅੱਪੜਦੀ। ਇਸ ਲਾਹੌਰੀ ਮਾਲ ਵਿਚ ਇਦਨ, ਅੱਲਾਹ ਵਸਾਈ (ਨੂਰਜਹਾਂ), ਹੈਦਰ ਬਾਂਦੀ, ਸ਼ੀੱਦਾਂ (ਰਸ਼ੀਦਾ), ਮੁਮਤਾਜ਼ ਤੇ ਦੋ ਭੈਣਾਂ ਸਰਦਾਰ ਅਖ਼ਤਰ ਤੇ ਬਹਾਰ ਅਖ਼ਤਰ ਵੀ ਕਲਕੱਤੇ ਗਈਆਂ। ਰਸ਼ੀਦਾ ਫ਼ਿਲਮ ਪ੍ਰੋਡਿਊਸਰ ਸੇਠ ਕਰਨਾਨੀ ਨੂੰ ਚੰਗੀ ਲੱਗ ਗਈ। ਉਹ ਉਹਦੀ ਰਖੇਲ ਬਣ ਕੇ ਪੁਸ਼ਪਾ ਰਾਣੀ ਹੋ ਗਈ। ਦੋਵੇਂ ਭੈਣਾਂ ਇਦਨ ਤੇ ਅੱਲਾਹ ਵਸਾਈ, ਉਹਦੀਆਂ ਮਾਮੇ ਦੀਆਂ ਧੀਆਂ ਤੇ ਹੈਦਰ ਬਾਂਦੀ (ਇਲਾਹੀ ਕਸੋਰਨ ਦੀ ਧੀ) ਉਹਦੀ ਮਸੇਰ, ਸਾਰੀਆਂ ਸੇਠ ਕਰਨਾਨੀ ਨੂੰ ਚਿੰਬੜ ਗਈਆਂ।

ਲਾਹੌਰ ਵਿਚ ਕਲਕੱਤੇ ਚੋਂ ਆਈਆਂ ਪੰਜਾਬੀ ਫ਼ਿਲਮਾਂ ਮਕਬੂਲ ਹੋਈਆਂ ਤੇ ਪਾਰਸੀ ਪ੍ਰੋਡਿਊਸਰ ਆਪਣੇ ਫ਼ਿਲਮੀ ਯੂਨਿਟ ਲੈ ਕੇ ਲਾਹੌਰ ਆ ਗਏ। ਲਾਹੌਰ ਵਿਚ ਧੜਾਧੜ ਪੰਜਾਬੀ ਫ਼ਿਲਮਾਂ ਬਣੀਆਂ। 'ਬੰਬੇ ਟਾਕੀਜ਼' ਦੀ ਬੋਲਦੀ ਫ਼ਿਲਮ ''ਆਲਮ ਆਰਾ'' ਆਈ ਤੇ ਲਾਹੌਰ ਹੀਰਾਮੰਡੀ ਚੋਂ ਬਹੁਤ ਸਾਰੀਆਂ ਫ਼ਿਲਮਾਂ ਵਿਚ ਕੰਮ ਕਰਨ ਦੀਆਂ ਸ਼ੌਕੀਨ ਬੰਬੇ ਗਈਆਂ। ਇਨ੍ਹਾਂ ਵਿੱਚੋਂ ਈ ਖ਼ੁਰਸ਼ੀਦ ਤਾਨਸੈਨ ਵਾਲੀ, ਸੁਰੱਈਆ ਤੇ ਨੂਰਜਹਾਂ ਹੋਈਆਂ। ਸੁਰੱਈਆ ਦੀ ਨਾਨੀ ਗੁਜਰਾਂ ਵਾਲੇ ਦੀ, ਤੇ ਪਰੀ ਚਿਹਰਾ ਨਸੀਮ ਦੀ ਮਾਂ ਸ਼ਮਸ਼ਾਦ (ਛਮੀਆਂ) ਅੰਬਰਸਰ ਦੀ, ਪਿੱਛੋਂ ਇਹ ਦੋਵੇਂ ਲਾਹੌਰਨਾਂ, ਪੁਰਾਣੀ ਅਨਾਰਕਲੀ ਦੇ ਕੰਜਰ ਮੁਹੱਲੇ ਦੀਆਂ, ਬੰਬਈ ਵਿਚ ਇਹ ਜਦੋਂ ਪੰਜਾਬੀ ਵਿੱਚ ਲੜਦੀਆਂ, ਸੁਣਨ ਵਾਲੇ ਇਨ੍ਹਾਂ ਦੀ ਲੜਾਈ ਮੁੱਦਤਾਂ ਯਾਦ ਰੱਖਦੇ।

ਜਦੋਂ ਹੀਰਾਮੰਡੀ ਚੰਗੀ ਅਬਾਦ, ਸ਼ਾਮੋ-ਸ਼ਾਮ ਲੋਹਾਰੀ ਦਰਵਾਜ਼ੇ ਬਾਹਰ ਪਸ਼ੋਰੀ ਟਾਂਗਿਆਂ ਦੀ ਕਤਾਰ ਲੱਗ ਜਾਂਦੀ, ਨਵੇਂ ਨਰੋਏ ਰੱਜੇ ਘੋੜੇ ਅੱਗੇ ਜੁਪੇ ਹੁੰਦੇ, ਤਮਾਸ਼ਬੀਨਾਂ ਨੂੰ ਲੈ ਕੇ ਇਹ ਟਾਂਗੇ ਟਕਸਾਲੀ ਦਰਵਾਜ਼ੇ ਤੇ ਰਾਵੀ ਰੋਡ ਰਾਹੀਂ ਹੀਰਾਮੰਡੀ ਜਾਣ ਲਈ ਭਾਟੀ ਦਰਵਾਜ਼ੇ ਵੱਲ ਭੱਜ ਰਹੇ ਹੁੰਦੇ। ਹਮਾਤੜ ਟੁਰਦੇ ਚੌਂਕ ਚੱਕਲਾ ਚੋਂ ਲੰਘਦੇ ਸ' ਈਅਦ ਮਿੱਠਾ ਬਾਜ਼ਾਰ ਰਾਹੀਂ ਹੀਰਾਮੰਡੀ ਅੱਪੜ ਜਾਂਦੇ। ਪਾਕਿਸਤਾਨ ਬਣਨ ਤੋਂ ਪਹਿਲਾਂ ਪੰਜਾਬ ਲੈਜਿਸਲੇਟਿਵ ਅਸੰਬਲੀ ਦੇ ਸੈਸ਼ਨ ਦੇ ਦਿਨਾਂ ਵਿੱਚ ਹੀਰਾਮੰਡੀ ਦੀ ਰੌਣਕ ਤੇ ਸ਼ਰਾਫ਼ਤ ਵੱਧ ਜਾਂਦੀ। ਇਨ੍ਹਾਂ ਦਿਨਾਂ ਵਿੱਚ ਕੋਠਿਆਂ ਦੇ ਕਾਲੀਨ ਤੇ ਪੜ੍ਹਦੇ ਧੁਪਦੇ ਤੇ ਨਵਾਬੀ ਸਿਰਹਾਣਿਆਂ ਉੱਤੇ ਨਵੇਂ ਓਛਾੜ ਚੜ੍ਹਦੇ। ਪਾਣ ਰੱਖਣ ਲਈ ਚਾਂਦੀ ਦੀਆਂ ਥਾਲੀਆਂ ਨੂੰ ਮਾਂਜਿਆ ਜਾਂਦਾ। ਨੱਚਣ ਗਾਵਣ ਵਾਲੀਆਂ ਦੀਆਂ ਰੇਸ਼ਮੀ ਸਲਵਾਰਾਂ, ਪਜਾਮੇ, ਗ਼ਰਾਰੇ ਤੇ ਕੁੜਤੀਆਂ ਲਿਸ਼-ਲਿਸ਼ ਕਰਦੀਆਂ, ਉਨ੍ਹਾਂ ਦੇ ਜਾਲੀਦਾਰ ਦੁਪੱਟਿਆਂ ਦੇ ਘੁੰਡ ਚੋਂ ਲੰਮੀਆਂ ਗਰਦਨਾਂ ਦੁਆਲੇ ਨਗਾਂ ਵਾਲੇ ਗੁਲੂਬੰਦ ਡਲਕਾਂ ਮਾਰਦੇ। ਉਨ੍ਹਾਂ ਦੇ ਕੰਵਾਰੇ ਕੰਗਣ ਤੇ ਜਵਾਨ ਪੰਜੇਬਾਂ ਵੇਲਾਂ ਖਿੱਚਣ। ਫੁੱਲਾਂ ਦੇ

ਗਜਰੇ ਦਾ ਕੋਈ ਮੁੱਲ ਨਾ ਹੁੰਦਾ, ਫੁਲੀਰੇ ਨੂੰ ਇਨਾਮ ਲੱਭਦਾ। ਲੰਮੀਆਂ ਲੰਮੀਆਂ ਮੋਟਰਕਾਰਾਂ, ਕੰਜਰ ਬੜੇ ਮਾਣ ਨਾਲ ਆਪਣੇ ਕੋਠੇ ਅੱਗੇ ਉੱਚੀ-ਉੱਚੀ ਬੋਲ ਕੇ ਪਾਰਕ ਕਰਵਾਂਦੇ।

ਵੱਡੇ-ਵੱਡੇ ਰੀਸਾਂ ਦੇ ਘਰ ਹੀਰਾਮੰਡੀ ਚੋਂ ਵਹੁਟੀਆਂ ਗਈਆਂ। ਮੁਲਕ ਖ਼ਿਜ਼ਰ ਹਯਾਤ ਟਿਵਾਣਾ, ਪੰਜਾਬ ਦਾ ਵਜ਼ੀਰ-ਏ-ਆਜ਼ਮ ਹੀਰਾਮੰਡੀ ਦਾ ਜਵਾਈ ਬਣਿਆ। ਮੁਮਤਾਜ਼ ਦੋਲਤਾਨਾ, ਜਿਹੜਾ ਪਾਕਿਸਤਾਨ ਬਣਨ ਮਗਰੋਂ ਪੰਜਾਬ ਦਾ ਚੀਫ਼ ਮਨਿਸਟਰ ਬਣਿਆ, ਉਹਨੇ ਹੀਰਾਮੰਡੀ ਦੀ ਅਲਮਾਸ ਬਾਈ ਨਾਲ ਵਿਆਹ ਕੀਤਾ। ਉਹਦੇ ਪਿਓ ਖ਼ਾਨ ਬਹਾਦਰ ਅਹਿਮਦ ਯਾਰ ਖ਼ਾਂ ਦੋਲਤਾਨੇ ਨੂੰ ਹੀਰਾਮੰਡੀ ਚੋਂ ਈ ਨੂੰਹਾ ਏਨੀ ਚੰਗੀ ਲੱਗੀ ਕਿ ਉਹਨੇ ਆਪ ਅਲਮਾਸ ਬਾਈ ਦੀ ਨਿੱਕੀ ਭੈਣ ਦਾਰੀ ਨੂੰ ਆਪਣੇ ਲਈ ਰੱਖ ਲਿਆ। ਬੜੇ-ਬੜੇ ਇ'ਜ਼ਤਦਾਰਾਂ ਦੀਆਂ ਛੱਡੀਆਂ ਕੰਜਰੀਆਂ ਫਿਰ ਲਾਹੌਰ ਆ ਗਈਆਂ ਤੇ ਉਨ੍ਹਾਂ ਲਾਹੌਰ ਵਿਚ "ਬੇਨਕਾਹੀਆਂ ਦੀ ਗਲੀ" ਵਸਾਈ।

ਜਦੋਂ ਪਾਕਿਸਤਾਨ ਬਣ ਗਿਆ, ਹੀਰਾਮੰਡੀ ਦੀ ਕੰਜਰੀ ਤੇ ਲਾਹੌਰ ਦੇ ਬਦਮਾਸ਼ ਦਾ ਜੋੜ ਬਣਿਆ। ਹੀਰਾਮੰਡੀ ਵਿਚ ਹਰ ਕਿਸੇ ਨੂੰ ਪਤਾ ਹੁੰਦਾ ਕਿ ਕਿਹੜਾ ਬਦਮਾਸ਼ ਕਿਹੜੇ ਕੋਠੇ ਦਾ ਤਮਾਸ਼ਬੀਨ। ਬਦਮਾਸ਼ ਦਾ ਯੱਕਾ ਕੋਠੇ ਦੇ ਸਾਹਮਣੇ ਖਲੋਤਾ ਹੁੰਦਾ।

ਵਣ ਯੂਨਿਟ ਦੇ ਜ਼ਮਾਨੇ ਲਾਹੌਰ ਪੂਰਬੀ ਪਾਕਿਸਤਾਨ ਦਾ ਦਾਰੁਲ ਹਕੂਮਤ ਬਣਿਆ, ਹੀਰਾਮੰਡੀ ਦੀ ਰੌਣਕ ਹੋਰ ਵੱਧ ਗਈ। ਆਯੂਬ ਖ਼ਾਂ ਦਾ ਮਾਰਸ਼ਲ ਲਾਅ ਲੱਗਾ, ਹੀਰਾਮੰਡੀ ਵਿਚ ਆਜ਼ਾਦੀ ਰਹੀ। ਲਾਹੌਰ ਦੇ ਕਾਲਜਾਂ ਤੇ ਪੰਜਾਬ ਯੂਨੀਵਰਸਿਟੀ ਵਿਚ ਵੀ ਮੁਜਰੇ ਹੁੰਦੇ। ਪਰ 1961 ਵਿਚ ਇਨ੍ਹਾਂ ਤੇ ਪਾਬੰਦੀ ਲੱਗ ਗਈ ਕਿਉਂਜੇ ਇਨ੍ਹਾਂ ਵਿਚ ਸੁਲਤਾਨਾ ਪਸ਼ੋਰੀ ਤੇ ਹਮੀਰਾ ਚੌਧਰੀ ਜਾਲੀਦਾਰ ਕਪੜੇ ਪਾ ਕੇ ਨੱਚਦੀਆਂ, ਮੌਲਵੀਆਂ ਰੌਲਾ ਪਾ ਦਿਤਾ। 1962 ਵਿਚ ਗਵਰਨਰ ਮਗ਼ਰਿਬੀ(ਪ'ਛਮੀ) ਪਾਕਿਸਤਾਨ ਨਵਾਬ ਕਾਲਾ ਬਾਗ਼ ਹੀਰਾਮੰਡੀ ਵਿਚ ਵੀ ਸਖ਼ਤੀ ਕਰ ਦਿ'ਤੀ। ਰਾਤੀਂ ਦਸ ਤੋਂ ਇਕ ਵਜੇ ਤਾਈਂ ਬੱਸ ਗਾਣਾ, ਧੰਦੇ ਉੱਤੇ ਉੱਕਾ ਪਾਬੰਦੀ। ਹੀਰਾਮੰਡੀ ਨੂੰ ਆਉਂਦੇ ਸਾਰੇ ਰਸਤਿਆਂ ਵਿਚ ਪੁਲਸ ਚੌਂਕੀਆਂ ਬਣ ਗਈਆਂ। ਸੱਭ ਕੁੱਝ ਹੁੰਦਾ ਰਿਹਾ ਪਰ ਪੁਲਸ ਦੀ ਕਮਾਈ ਵੱਧ ਗਈ। ਟਿੱਬੀ ਥਾਣੇ ਦੀ ਥਾਣੇਦਾਰੀ ਵਿ'ਕਦੀ। ਪੁਲਸ ਦੀ ਬਦਮਾਸ਼ੀ ਕਾਰਨ ਸ਼ਰੀਫ਼ ਤਮਾਸ਼ਬੀਨ ਹੀਰਾਮੰਡੀ ਆਉਣੇ ਘੱਟ ਗਏ। ਆਪਣੀ ਆਪਣੀ ਹਸਤੀ ਹਿਸਾਬ, ਕਈ ਕੰਜਰ ਦੂਜੇ ਇਲਾਕਿਆਂ ਵਿਚ ਜਾ ਵ'ਸੇ ਜਿਹਨਾਂ ਵਿਚ ਨਵਾਂ ਮਜ਼ੰਗ, ਸੁਮਨ ਆਬਾਦ, ਗੁਲ-ਬਰਗ਼ ਤੇ ਮਾਡਲ ਟਾਊਨ। "ਕਾਲ ਗਰਲ" ਦਾ ਰਿਵਾਜ ਪਿਆ, ਮੁਜਰਾ "ਪ੍ਰੋਗਰਾਮ" ਹੋ ਗਿਆ। ਪ੍ਰੋਗਰਾਮ "ਫ਼ਿਕਸਡ ਪ੍ਰਾਈਸ" ਤੇ "ਓਪਨ ਪ੍ਰਾਈਸ" ਹੁੰਦੇ।

1969-71, ਯਾਹੀਆ ਖ਼ਾਂ ਦਾ ਜ਼ਮਾਨਾ, ਕੰਜਰ ਅੱਜ ਵੀ ਯਾਦ ਕਰਦੇ, ਬਹੁਤ ਖੁੱਲ੍ਹ ਹੋ ਗਈ। ਭੁੱਟੋ ਦਾ ਵੇਲਾ ਵੀ ਚੰਗਾ, ਬੱਸ ਨਵੇਂ ਲੀਡਰ ਜਿਹੜੇ ''ਖ਼ਾਨਦਾਨੀ'' ਨਾ ਉਹ ਅਯਾਸ਼ੀ ਕਰ ਕੇ ਪੈਸੇ ਨਾ ਦਿੰਦੇ। ਇਕ ਰਾਤੀਂ ਲਾਇਲਪੁਰ ਦੇ ਮਜ਼ਦੂਰ ਲੀਡਰ ਸ਼ਰਾਬਾਂ ਪੀ ਕੇ ਆਊਟ ਹੋ ਗਏ ਤੇ ਉਨ੍ਹਾਂ ਹੀਰਾਮੰਡੀ ਵਿਚ ਥਰਥੱਲੀ ਪਾ ਦਿੱਤੀ, ਪੁਲਸ ਉਹਨਾਂ ਨੂੰ ਥਾਣੇ ਜਾ ਬੰਦ ਕੀਤਾ, ਉਹ ਨਸ਼ੇ ਵਿੱਚ ਧੂਤ ਆਖਦੇ ਰਹੇ, ''ਲਾਇਲ ਪੂਰੋਂ ਟੁਰਿਆ ਇਨਕਲਾਬ ਟਿੱਬੀ ਥਾਣੇ ਰੋਕ ਦਿਤਾ ਗਿਆ!" ਪਰ ਹੀਰਾਮੰਡੀ ਵਿਚ ਸੱਚੀ-ਮੁੱਚੀ ਇਨਕਲਾਬ ਆ ਗਿਆ। ਸਾਜ਼ਾਂ ਦੀ ਥਾਂ ਟੇਪ-ਰਿਕਾਰਡਰ ਉੱਤੇ ਗਾਣਾ ਲੱਗਦਾ, ਕੰਜਰੀਆਂ ਨੱਚਦੀਆਂ। 35mm ਦੇ, ਸਿਨਮੇ ਵਿੱਚ ਚੱਲਣ ਲਈ, ਬਲੀਊ ਪ੍ਰਿੰਟ ਬਣਨ ਲੱਗ ਪਏ। ਦੱਲਾ ਪ੍ਰੋਮੋਟਰ, ਦਫ਼ਤਰ ਖੋਲ੍ਹ ਕੇ ਬਹਿ ਗਿਆ। ਚੇਤ ਰਾਮ ਰੋਡ ਉੱਤੇ ''ਦੀ ਬੈਸਟ ਮਿਊਜ਼ੀਕਲ ਗਰੁੱਪ" ਤੇ ''ਵੀ ਆਈ ਪੀ ਮਿਊਜ਼ੀਕਲ ਗਰੁੱਪ" ਵਰਗੇ ਬੋਰਡ ਲੱਗੇ। ਰਜਿਸਟਰ ਵਿਚ ਨਾਂ ਤੇ ਅਲਬਮ ਵਿਚ ਤਸਵੀਰਾਂ। ਜਿਹੜੀ ਫ਼ਿਲਮੀ ਐਕਸਟਰਾ ਦੀ 4 ਕਲਰ ਟਰਾਂਸਪੈਂਸੀ ਛੁਪ ਜਾਂਦੀ, ਉਹਦਾ ਧੰਦੇ ਲਈ ਰੇਟ ਵੱਧ ਜਾਂਦਾ। ਮਿਊਜ਼ੀਕਲ ਗਰੁੱਪ ਮਿਡਲ ਈਸਟ ਤੇ ਲੰਦਨ ਜਾਣ ਲੱਗ ਪਏ।



ਜਨਰਲ ਜ਼ਿਆ ਦੇ ਮਾਰਸ਼ਲ ਲਾਅ ਵਿਚ ਹਦੂਦ ਆਰਡੀਨੈਂਸ ਆਇਆ ਤੇ ਕੰਜਰਾਂ ਨੂੰ ਲਾਹੌਰ ਵਿਚ ਥਾਉਂ ਥਾਈਂ ਵ'ਸਣਾ ਪਿਆ। ਹੀਰਾਮੰਡੀ ਵਿਚ ਖੁਸਰਿਆਂ ਦੀ ਮੌਜ ਹੋਈ। ਕਦੀ ਕੰਜਰਾਂ ਘਰ ਕੁੜੀ ਜੰਮਦੀ ਤੇ ਖੁਸਰੇ ਨਚਾਏ ਜਾਂਦੇ, ਢੇਰ ਵੇਲਾਂ ਲੈ ਕੇ ਦੁਆਵਾਂ ਦਿੰਦੇ ਜਾਂਦੇ। ਤੇ ਜੇ ਮੁੰਡਾ ਜੰਮਦਾ, ਖੁਸਰੇ ਆ ਅਫ਼ਸੋਸੀ ਹੁੰਦੇ। ਡੇਰੇਦਾਰਨੀ ਉਨ੍ਹਾਂ ਨੂੰ ਖ਼ੈਰ ਪਾਂਦੀ, ਉਹ ਅਗਲੀ ਵਾਰ ਕੁੜੀ ਜੰਮਣ ਦੀ ਦੁਆ ਦਿੰਦੇ। ਇਨ੍ਹਾਂ ਮਾਂਗਤ ਖੁਸਰਿਆਂ ਚੋਂ ਕਈ ਹੁਣ ਹੀਰਾਮੰਡੀ ਵਿਚ ਗੁਰੂ ਬਣ ਕੇ ਬਹਿ ਗਏ। ਗੁਰੂ ਪੰਦਰ੍ਹਾਂ ਵੀਹ ਮੂਰਤ (ਜਮਾਂਦਰੂ ਖੁਸਰੇ), ਨਿਰਬਾਣ (ਜਿਹੜੇ ਆਪ੍ਰੇਸ਼ਨ ਕਰਵਾ ਕੇ ਖੁਸਰੇ ਬਣਦੇ) ਤੇ ਜਨਾਨੇ ਰੱਖੇ ਹੁੰਦੇ। ਇਨ੍ਹਾਂ ਚੋਂ ਕਈ ਪੰਜ ਹਜ਼ਾਰੀ ਤੇ ਦੱਸ ਹਜ਼ਾਰੀ, ਇਹ ਮਹੀਨੇ ਦੇ ਬੱਧੇ ਪੈਸੇ ਸ਼ੌਕੀਨ ਉਨ੍ਹਾਂ ਨੂੰ ਤੋੜ ਆ ਦਿੰਦੇ।

******

**ਲਿਪੀਅੰਤਰ: ਡਾ. ਹਰਬੰਸ ਸਿੰਘ ਧੀਮਾਨ**

## ਹਰਮਹਿੰਦਰ ਚਹਿਲ ਦਾ ਨਾਵਲ-ਭੰਵਰਜਾਲ

ਭੰਵਰਜਾਲ, ਹਰਮਹਿੰਦਰ ਚਹਿਲ ਦਾ ਛਪਾਈ ਅਧੀਨ ਅਗਲਾ ਨਾਵਲ ਹੈ। ਇਸ ਤੋਂ ਪਹਿਲਾਂ ਉਹ ਤਿੰਨ ਨਾਵਲ ਲਿਖ ਚੁੱਕਿਆ ਹੈ। ਉਸਦਾ ਪਹਿਲਾ ਨਾਵਲ 'ਬਲੀ' ਅੱਸੀਵੇਂ ਦਹਾਕੇ ਦੇ ਪੰਜਾਬ ਦੁਖਾਂਤ ਬਾਰੇ ਹੈ। ਉਸਦਾ ਦੂਸਰਾ ਨਾਵਲ 'ਹੋਣੀ' ਗੈਰ ਕਨੂੰਨੀ ਢੰਗ ਨਾਲ ਅਮਰੀਕਾ ਪਰਵਾਸ ਕਰ ਚੁੱਕੇ ਨੌਜਵਾਨਾਂ ਦੀ ਪੱਕੇ ਹੋਣ ਅਤੇ ਮਿਹਨਤ ਮੁਸ਼ੱਕਤ ਦੀ ਕਹਾਣੀ ਹੈ। ਚਹਿਲ ਦਾ ਤੀਸਰਾ ਨਾਵਲ 'ਆਫੀਆ ਸਦੀਕੀ ਦਾ ਜੇਹਾਦ' ਅੰਤਰਰਾਸ਼ਟਰੀ ਅੱਤਵਾਦ ਦੇ ਵਿਸ਼ੇ ਉੱਪਰ ਹੈ। ਉਸਦਾ ਇਹ ਚੌਥਾ ਨਾਵਲ 'ਭੰਵਰਜਾਲ' ਇਕ ਸਮਾਜਿਕ ਨਾਵਲ ਹੈ। ਅਮਰੀਕਾ ਰਹਿ ਰਹੇ ਲੋਕਾਂ ਦੀ ਜੀਵਨ-ਜਾਚ ਅਤੇ ਨਿਤ ਪ੍ਰਤਾ ਜ਼ਿੰਦਗੀ ਉੱਪਰ ਆਧਾਰਤ ਹੈ।

ਜ਼ਿੰਦਗੀ ਸੁੱਖਾਂ ਦੁੱਖਾਂ ਦੀ ਇਕ ਲੜੀ ਹੈ। ਕਦੇ ਦੁੱਖ ਬੰਦੇ ਨੂੰ ਤੰਗ ਕਰਦਾ ਹੈ ਤੇ ਕਦੇ ਸੁੱਖ ਉਸਨੂੰ ਅਸੀਮ ਖੁਸ਼ੀ ਦਿੰਦਾ ਹੈ। ਪਰ ਇਸ ਨਾਵਲ ਦੇ ਮੁੱਖ ਪਾਤਰ ਕਰਮੇ ਦੀ ਜ਼ਿੰਦਗੀ, ਇਕ ਭੰਵਰਜਾਲ ਦੀ ਤਰ੍ਹਾਂ ਹੈ। ਉਹ ਦੁੱਖਾਂ ਤਕਲੀਫਾਂ 'ਚੋਂ ਉੱਭਰ ਹੀ ਨਹੀਂ ਪਾਉਂਦਾ। ਮੁਸੀਬਤਾਂ ਉਸਦਾ ਖਹਿੜਾ ਹੀ ਨਹੀਂ ਛੱਡਦੀਆਂ। ਇਕ ਮੁਸ਼ਕਲ 'ਚੋਂ ਨਿਕਲਦਾ ਹੈ ਤਾਂ ਕੋਈ ਹੋਰ ਮੂੰਹ ਅੱਡੀ ਖੜੋਤੀ ਹੁੰਦੀ ਹੈ। ਪਰ ਉਹ ਹਾਰਦਾ ਨਹੀਂ ਤੇ ਲਗਾਤਾਰ ਸੰਘਰਸ਼ ਜਾਰੀ ਰੱਖਦਾ ਹੈ। ਨਾਵਲ ਕਈ ਵਿਸ਼ਿਆਂ ਨੂੰ ਛੋਹਦਾ ਹੈ। ਵੱਡਾ ਵਿਸ਼ਾ ਇਹੀ ਹੈ ਕਿ ਅੱਜ ਸਾਡਾ ਸਮਾਜ ਇਸ ਕਦਰ ਬਦਲ ਗਿਆ ਕਿ ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀਂ ਰਹਿ ਗਈ ਹੈ। ਆਪਣਿਆਂ ਦੀਆਂ ਹੀ, ਖਾਸ ਕਰਕੇ ਪਰਵਾਸੀਆਂ ਦੀਆਂ, ਜਾਇਦਾਤਾਂ ਹਥਿਆਉਣ ਲਈ ਉਨ੍ਹਾਂ ਦੇ ਪੰਜਾਬ ਰਹਿੰਦੇ ਸਕੇ ਸਬੰਧੀ ਕਿਸ ਕਦਰ ਕੋਝੀਆਂ ਸਾਜ਼ਿਸ਼ਾਂ ਰਚਦੇ ਹਨ, ਇਹ ਇਸ ਨਾਵਲ ਵਿਚ ਬਾਖੂਬੀ ਬਿਆਨ ਕੀਤਾ ਗਿਆ ਹੈ। ਮੁੱਖ ਪਾਤਰ ਕਰਮਾ ਅਤੇ ਰੂਪ ਹਨ। ਵਕਤ ਅਤੇ ਆਪਣਿਆਂ ਹੱਥੋਂ ਸਤਾਏ ਹੋਏ ਉਹ ਆਪੋ ਆਪਣਾ ਦਰਦ ਹੰਢਾਉਂਦੇ ਹਨ। ਪਰ ਇਕ ਹੋਰ ਪਾਤਰ, ਬਸੰਤ ਕੁਰ ਨਾਮੀ ਲਾਲਚੀ ਔਰਤ ਦੀਆਂ ਸਾਜ਼ਿਸ਼ਾਂ ਬੰਦੇ ਨੂੰ ਸੋਚਣ 'ਤੇ ਮਜ਼ਬੂਰ ਕਰ ਦਿੰਦੀਆਂ ਹਨ ਕਿ ਕਿਉਂ ਆਪਣੇ ਹੀ ਸਕੇ ਸਬੰਧੀ, ਬਦਲਦੇ ਵਕਤ ਨਾਲ ਇੰਨੇ ਨਿਰਮੋਹੇ ਅਤੇ ਜ਼ਾਲਮ ਬਣ ਜਾਂਦੇ ਹਨ, ਕਿ ਪੈਸੇ ਤੋਂ ਬਿਨਾਂ ਉਨ੍ਹਾਂ ਨੂੰ ਕੁਝ ਨਹੀਂ ਦਿਸਦਾ। ਉਮੀਦ ਹੈ ਕਿ ਹਰਮਹਿੰਦਰ ਚਹਿਲ ਦਾ ਇਹ ਨਾਵਲ ਜਲਦੀ ਹੀ ਸਾਡੇ ਹੱਥਾਂ ਵਿਚ ਹੋਵੇਗਾ।

# ਪਾਣੀ ਦੇ ਵਰਕਿਆਂ 'ਤੇ ਲਿਖੀ ਕਵਿਤਾ: ਸੜਕਛਾਪ ਸ਼ਾਇਰੀ

**—ਗੁਰਪ੍ਰੀਤ**

'ਸੜਕਛਾਪ ਸ਼ਾਇਰੀ'ਸ਼ਸ਼ੀ ਸਮੁੰਦਰਾ ਦਾ ਤੀਜਾ ਕਾਵਿ-ਸੰਗ੍ਰਹਿ ਹੈ। ਕੋਈ ਵੀ ਕਿਤਾਬ ਆਪਣੇ ਨਾਂ ਤੋਂ ਸ਼ੁਰੂ ਹੋ ਜਾਂਦੀ ਹੈ। ਜਦੋਂ ਕਿਤਾਬ ਦਾ ਨਾਂ ਸੜਕਛਾਪ ਪੜ੍ਹਦੇ ਹਾਂ ਤਾਂ ਇੱਕ ਵਾਰ ਮਨ ਆਖਦਾ ਹੈ- ਇਹ ਕੀ ਗੱਲ ਹੋਈ, ਕਵੀ ਆਪ ਹੀ ਸ਼ਾਇਰੀ ਨੂੰ ਸੜਕਛਾਪ ਆਖੀ ਜਾਵੇ। ਦੂਜਾ ਕੀ ਸੋਚੂ ਭਾਈ ਇਹਦੇ ਬਾਰੇ? ਪਰ ਜਦੋਂ ਹੀ ਪਾਠਕ ਕਿਤਾਬ ਦੇ ਬੈਕ ਕਵਰ 'ਤੇ ਛਪੀ ਕਵਿਤਾ "ਗ੍ਰੰਥ ਜਲ ਅੰਦਰ ਦੇ ਸ਼ਰਧਾਲੂ" ਪੜ੍ਹਦਾ ਹੈ ਤਾਂ ਉਹਦਾ ਨਜ਼ਰੀਆ ਬਦਲ ਜਾਂਦਾ ਹੈ। ਉਹਨੂੰ ਕਿਤਾਬ ਦਾ ਇਹੋ ਨਾਂ ਸੁਹਣਾ ਲੱਗਣ ਲੱਗਦਾ ਹੈ ਤੇ ਉਹ ਆਖਦਾ ਹੈ- ਇਹ ਹੁੰਦੀ ਹੈ ਕਵਿਤਾ। ਤੁਸੀਂ ਵੀ ਪੜ੍ਹੋ:

*ਓ ਭਾਈ, ਹੈਗੇ ਡੱਡੂ ਤੇ ਮੱਛੀਆਂ ਦੇ ਵੀ ਗੁਰਦੁਵਾਰੇ ਤੇ ਮੰਦਿਰ*
*ਛੱਪੜ, ਖੂਹ, ਦਰਿਆ, ਝੀਲਾਂ ਤੇ ਸਮੁੰਦਰ*
*ਜਿੱਥੇ ਪਾਣੀ ਦੇ ਵਰਕਿਆਂ 'ਤੇ*
*ਵਾ-ਸਿਆਹੀ ਲਿਖਦੀ ਹੈ ਗ੍ਰੰਥ ਜਲ ਅੰਦਰ*
*ਤੁਸੀਂ ਆਪਣੀ ਸਿਆਣਪ ਵਿੱਚ ਫੁੱਲੇ ਫਿਰਦੇ ਹੋਂ*
*ਕਿ ਰੱਬ ਬੈਠਾ ਹੈ ਤੁਹਾਡੀ ਜੇਬ ਅੰਦਰ*
*ਪਰ ਭਾਈ, ਕਦੇ ਸੋਚਿਆ ਕਿ ਸ਼ਾਇਦ*
*ਹੋਣ ਇਹ ਜੀ-ਜੰਤ ਤੁਹਾਡੇ ਵੀ ਸਿਕੰਦਰ?*
*ਤੇ ਰੱਬ ਇਨ੍ਹਾਂ ਦੀ ਘਨ੍ਹੇੜੀ ਬੈਠਾ*
*ਪਾਣੀ 'ਚ ਛਲਾਂਗਾ ਲਾਉਂਦਾ ਹੋਵੇ?*
*ਜੇਬ ਦੀ ਕੈਦ, ਭਲਾ ਕੌਣ ਹੈ ਚਾਹੁੰਦਾ*

ਤੇ ਫਿਰ ਜਦੋਂ ਪਾਠਕ ਇਸ ਪੁਸਤਕ ਦੀ ਭੂਮਿਕਾ ਜਾਣਕਾਰੀ ਪੜ੍ਹਦਾ ਹੈ ਤਾਂ ਉਹਦੇ ਦਰ ਖੁੱਲ੍ਹ ਜਾਂਦੇ ਹਨ। ਸਮੁੰਦਰਾ ਲਿਖਦੀ ਹੈ- "ਠੀਕ, ਸੜਕਛਾਪ ਸਾਡੀ ਭਾਸ਼ਾ ਵਿੱਚ ਇੱਕ ਨਿੰਦਣਯੋਗ ਜਾਂ ਨਕਾਰਿਆ ਹੋਇਆ ਸ਼ਬਦ ਹੈ। ਪਰ, ਜਦੋਂ ਮੈਂ ਸੜਕਛਾਪ ਲੋਕਾਂ ਬਾਰੇ ਸੋਚਦੀ ਹਾਂ ਤਾਂ ਮੇਰੇ ਦਿਮਾਗ 'ਚ ਇਨ੍ਹਾਂ ਦੀ ਕੀ ਇਮੇਜ ਬਣਦੀ ਹੈ? ਠੁਕਰਾਏ ਹੋਏ ਲੋਕ, ਗਰੀਬ ਜਿਹੇ ਲੋਕ ਉਹ ਜਿਨ੍ਹਾਂ ਦੀ ਸਮਾਜ ਵਿੱਚ ਕੋਈ ਵੁੱਕਤ ਨਹੀਂ। ਇਨ੍ਹਾਂ ਲਈ ਕੋਈ ਥਾਂ ਨਹੀਂ, ਸਨਮਾਨ ਨਹੀਂ ਤੇ ਇਨ੍ਹਾਂ ਵਿੱਚ ਮੈਂ ਆਪਣੇ ਆਪ ਨੂੰ ਦੇਖਦੀ ਹਾਂ।" ਸ਼ਾਇਰਾ ਦਾ ਇਨ੍ਹਾਂ ਵਿੱਚ ਹੀ ਆਪਣੇ ਆਪ ਨੂੰ ਦੇਖਣਾ ਇਸ ਕਿਤਾਬ ਵਿਚਲੀ ਸ਼ਾਇਰੀ ਦਾ ਹਾਸਲ ਹੈ। ਇਹ ਸ਼ਾਇਰੀ ਵਾਕਈ ਧਰਤੀ ਤੇ ਰਹਿੰਦੇ ਇਨਸਾਨਾਂ ਤੇ ਜੀਵ-ਜੰਤੂਆਂ ਨੂੰ ਆਪਣੇ ਮਨਾਂ ਵਿੱਚ ਥਾਂ ਦੇਣ ਦੀ ਕਥਾ ਹੈ:

*ਐਵੇਂ ਨਾ ਬਣਿਆ ਕਰ ਤੂੰ*
*ਸਭ ਨਸਲਾਂ ਦਾ ਸੁਪਰ ਸਟਾਰ*
*ਇੱਕ ਸੁੰਡੀ ਵੀ ਤੇਰੇ ਤੋਂ ਘੱਟ ਨਹੀਂ*
*ਓਹ ਵੀ ਜਾਣਦੀ ਏ, ਜੀਣ ਦੇ ਨੇ ਜੋ ਕਾਰ-ਵਿਹਾਰ*
*ਓਹ ਵੀ ਸੋਚਦੀ ਏ ਕਿ ਕੀ ਕਰਨਾ ਏ*
*ਕੀ ਖਾਣਾ, ਪੀਣਾ ਤੇ ਕਿੰਜ ਖਤਰਿਆਂ ਤੋਂ ਬਚਣਾ ਏ (ਪੰਨਾ 25)*



ਸਹਿਜਤਾ ਤੇ ਆਮ ਬੋਲ-ਚਾਲ ਦੀ ਭਾਸ਼ਾ ਇਸ ਕਿਤਾਬ ਦੀ ਦੂਜੀ ਖੂੱਬੀ ਹੈ। ਬਹੁਤੇ ਲੇਖਕ ਭਾਰੇ ਤੇ ਗੁੰਝਲਦਾਰ ਸ਼ਬਦਾਂ ਨਾਲ਼ ਸ਼ਾਇਰੀ ਨੂੰ ਔਖੀ ਤੇ ਸਮਝ ਤੋਂ ਦੂਰ ਲੈ ਜਾਂਦੇ ਹਨ। ਪਰ ਅਸਲ ਵਿੱਚ ਸ਼ਾਇਰੀ ਸਰਲ ਭਾਸ਼ਾ 'ਚ ਗਹਿਰੇ ਤੇ ਔਖੇ ਦਰਸ਼ਨ ਨੂੰ ਸੌਖੇ ਤੇ ਕਾਵਿਮਈ ਢੰਗ ਨਾਲ਼ ਪੇਸ਼ ਕਰਨ ਦਾ ਨਾਂ ਹੈ। ਸ਼ਸ਼ੀ ਦਾ ਇਹੋ ਕਮਾਲ ਹੈ। ਇਹ ਓਹ ਭਾਈ ਦੇ ਸੰਬੋਧਨ ਨਾਲ਼ ਸਹਿਜ ਸੁਭਾਅ ਹੀ ਡੂੰਘੀਆਂ ਗੱਲਾਂ ਨੂੰ ਕਹਿ ਜਾਂਦੀ ਹੈ। ਇਹ ਸ਼ਾਇਰੀ ਆਪਣੇ ਆਪ ਨੂੰ ਜਾਨਣ ਦਾ ਰਾਹ ਦਿੰਦੀ ਹੈ। ਇਹ ਸ਼ਾਇਰੀ ਮਨੁੱਖ ਨੂੰ ਮਨੁੱਖ ਹੋਣ ਦੀ ਅਰਜੋਈ ਕਰਦੀ ਹੈ ਤੇ ਸਗਲ ਕੁਦਰਤ ਨੂੰ ਇਕਮਿਕ ਦੇਖਦੀ ਹੈ। ਛੋਟੀਆਂ ਵਿਅੰਗਾਤਮਿਕ ਟਿੱਪਣੀਆਂ ਬੰਦੇ ਨੂੰ ਸੋਚਣ ਲਾਉਂਦੀਆਂ ਹਨ:

*ਤੂੰ ਕੀ ਕਰੇਂਗਾ ਅਰਦਾਸ*
*ਜੋ ਕਰਦੀ ਹੈ ਪਹਾੜੀ ਤੋਂ ਹੇਠਾਂ ਵਹਿੰਦੀ*
*ਨਿੱਕੀ ਜਈ ਨਦੀ ਕਲ ਕਲ ਦੇ ਸੰਗੀਤ ਵਿੱਚ*
*ਮੰਗਦੀ ਹੈ ਓਹ*
*ਧਰਤੀ ਦਾ ਹਰ ਰੁੱਖ, ਬੂਟਾ ਸਿੰਜਣਾ*
*ਇਨਸਾਨ, ਪੰਛੀ ਤੇ ਜੀਅ-ਜੰਤੂਆਂ ਨੂੰ ਜਿੰਦਾ ਰੱਖਣਾ*
*ਤੇ ਵਹਿੰਦੀ ਜਾਣਾ*
*ਤੂੰ ਮੰਗਦਾ ਹੈਂ ਰੁਕ ਜਾਣਾ*
*ਧਨ ਦੌਲਤ ਨਾਲ਼ ਝੋਲੀਆਂ ਭਰਨਾ ਤੇ ਆਰਾਮ ਨਾਲ਼ ਬਹਿ ਜਾਣਾ*
*ਕਦੇ ਆਪਣੀ ਅਰਦਾਸ 'ਚ ਨਦੀ ਦੀ ਰੀਸ ਵੀ ਕਰ ਲਿਆ ਕਰ*
*ਤੇ ਦੂਜਿਆਂ ਬਾਰੇ ਵੀ ਸੋਚ ਲਿਆ ਕਰ (ਪੰਨਾ 29)*

ਸੜਕਛਾਪ ਸ਼ਾਇਰੀ ਦੀਆਂ ਬਹੁਤੀਆਂ ਕਵਿਤਾਵਾਂ ਸ਼ਾਇਰਾ ਦੇ ਉਸ ਪੇਂਡੂ ਅਨੁਭਵ ਦੀਆਂ ਹਨ ਜਿਹੜਾ ਉਹਨੇ ਬਚਪਨ ਤੇ ਜੁਆਨੀ ਵਿੱਚ ਹੰਢਾਇਆ ਹੈ। ਇਹਨਾਂ ਕਵਿਤਾਵਾਂ ਰਾਹੀਂ ਤੁਸੀਂ ਉਹਨਾਂ ਵੇਲ਼ਿਆਂ ਦੀਆਂ ਕੁੜੀਆਂ-ਚਿੜੀਆਂ ਦੇ ਸੁਭਾਅ ਨੂੰ ਜਾਨਣ ਦੇ ਨਾਲ਼-ਨਾਲ਼ ਕਾਟੋਆਂ ਡੱਡੂਆਂ ਨੂੰ ਵੀ ਮਿਲ ਸਕਦੇ ਹੋਂ ਤੇ ਨਿੰਮ ਨੂੰ ਪਿਆਰੀ ਨਿੰਮੋ ਦੇ ਰੂਪ ਵਿੱਚ ਵੀ ਦੇਖ ਸਕਦੇ ਹੋਂ। ਭਾਵੇਂ ਹਰ ਕਵਿਤਾ ਕਵੀ ਦੀ ਜੀਵਨੀ ਨਹੀਂ ਹੁੰਦੀ ਪਰ ਉਹ ਉਹਦੇ ਜੀਵਨ ਤੋਂ ਬਾਹਰੀ ਵੀ ਨਹੀਂ ਹੁੰਦੀ। ਕਵਿਤਾ ਦਾ ਸੰਬੰਧ ਜਾਣਕਾਰੀ ਨਾਲੋਂ ਕਿਤੇ ਵੱਧ ਅਨੁਭਵਾਂ ਤੇ ਅਹਿਸਾਸਾਂ ਨਾਲ਼ ਹੁੰਦਾ ਹੈ। ਇਹ ਸ਼ਾਇਰੀ ਇਸੇ ਕਰਕੇ ਵੱਧ ਮੁੱਲਵਾਨ ਹੈ ਤੇ ਸਾਡੇ ਆਪਣੇ ਨੇੜੇ-ਤੇੜੇ ਦੀ ਲੱਗਦੀ ਹੈ। ਸੁਪਨਿਆਂ ਵਿੱਚ ਦੇਖਿਆ ਘਰ, ਪੇਂਡੂ ਕੁੜੀ, ਹੁਣ ਜਦੋਂ ਉਹ ਮਿਲਦਾ ਹੈ, ਓਹ ਬਾਤਾਂ ਤੇ ਖਰਾਬ ਕੁੜੀ ਇਸ ਸੰਗ੍ਰਹਿ ਦੀਆਂ ਜ਼ੋਰਦਾਰ ਕਵਿਤਾਵਾਂ ਹਨ ਜਿਨ੍ਹਾਂ ਦਾ ਜ਼ਿਕਰ ਕਰਦਿਆਂ ਕਿਸੇ ਨੂੰ ਵੀ ਪੰਜਾਬੀ ਹੋਣ 'ਤੇ ਮਾਣ ਮਹਿਸੂਸ ਹੋ ਸਕਦਾ ਹੈ:

*ਡੱਬੂ ਕਿਤੋਂ ਕੁਟਾਪਾ ਖਾ ਕੇ, ਹੁਣ ਚੱਟੇ ਪੌਂਚਿਆਂ ਤੋਂ ਗਾਰਾ,*
*ਚਾਨੋ ਨਾਲ਼ ਮੈਂ ਗੁੱਡੀਆਂ ਖੇਡਾਂ, ਕਾਨੇ ਨੂੰ ਬਣਾ ਕੇ ਲਾੜ੍ਹਾ,*
*ਫੇਰ, ਕੁੱਝ ਗਾਉਂਦੀ ਗਾਉਂਦੀ ਸੌਂ ਜਾਵਾਂ*

*ਤੇ ਸੁਪਨੇ ਵਿੱਚ ਦੇਖਾਂ ਇੱਕ ਘਰ*
*ਤੇ ਵਿਹੜਾ ਪਿੱਪਲ ਵਾਲ਼ਾ (ਪੰਨਾ 38)*

*ਗੁੱਝਾ ਸੁਨੇਹਾ* ਦੇਣਾ ਕਵਿਤਾ ਦਾ ਧਰਮ ਹੈ ਤੇ ਪਾਠਕ ਨੂੰ ਇਹ ਸੰਦੇਸ਼ ਜਿੱਥੇ ਕਈ ਕੁੱਝ ਮੁੜ ਤੋਂ ਸੋਚਣ ਸਮਝਣ ਲਈ ਪ੍ਰੇਰਿਤ ਕਰਦਾ ਹੈ ਉੱਥੇ ਉਹਨੂੰ ਇੱਕ ਲੈਅਮਈ ਹੁਲਾਰਾ ਵੀ ਦਿੰਦਾ ਹੈ। ਕਈ ਕਵਿਤਾਵਾਂ ਭਾਵੇਂ ਪਹਿਲੀ ਨਜ਼ਰ ਇੰਝ ਲੱਗਦੀਆਂ ਹਨ ਜਿਵੇਂ ਇਹ ਕੋਈ ਸਿੱਧੀ ਸਿੱਖਿਆ ਹੀ ਦਿੰਦੀਆਂ ਹੋਣ, ਪਰ ਉਹਨਾਂ ਦਾ ਦੂਜਾ ਤੀਜਾ ਪਾਠ ਕਵਿਤਾ ਅੰਦਰਲੀ ਉਸ ਕਵਿਕਤਾ ਤਕ ਲੈ ਜਾਂਦਾ ਹੈ ਕਿ ਪਾਠਕ ਖੁਦ ਨੂੰ ਹੀ ਇੱਕ ਹੋਰ ਕੋਣ ਤੋਂ ਦੇਖਣ ਲੱਗਦਾ ਹੈ। ਆਮ ਜਹੇ ਇਨਸਾਨ ਦੀ ਜੇ ਉਦਾਹਰਣ ਲੈਣੀ ਹੋਵੇ ਤਾਂ ਇਹ ਕਵਿਤਾ ਉਹਨਾਂ ਆਮ ਆਦਮੀਆਂ ਨੂੰ ਸਮਰਪਿਤ ਹੈ ਜਿਹੜੇ ਭਾਵੇਂ ਉੱਚ ਅਹੁਦਿਆਂ ਤੇ ਨਹੀਂ ਪਹੁੰਚ ਸਕੇ ਤੇ ਨਾ ਹੀ ਉੱਚ ਵਿਦਿਆ ਹਾਸਲ ਕਰ ਸਕੇ ਪਰ ਉਹ ਕਿਸੇ ਗਲਤ ਰਾਹ ਨਹੀਂ ਪਏ:

*ਆਮ ਜਹੇ ਇਨਸਾਨ ਵੀ ਵਧੀਆ ਹੁੰਦੇ ਹਨ*
*ਤਾਰੀਫ ਯਾਫਤਾ ਹੁੰਦੇ ਹਨ*
*ਤੂੰ ਵੀ, ਆਮ ਜਹੇ ਇਨਸਾਨਾਂ ਲਈ*
*ਕੁੱਝ ਚੰਗਾ ਸੋਚਣ ਦੀ ਆਦਤ ਪਾ*
*ਕੁੱਝ ਚੰਗਾ ਆਖਣ ਦੀ ਆਦਤ ਪਾ (ਪੰਨਾ 66)*

ਸੜਕਛਾਪ ਸ਼ਾਇਰੀ ਦੀਆਂ ਕਵਿਤਾਵਾਂ ਜਿੱਥੇ ਕੁਦਰਤ, ਪੇਂਡੂ ਵਾਤਾਵਰਨ ਤੇ ਨਿਰੋਲ ਪੇਂਡੂ ਸੁਭਾਅ ਦੇ ਭੋਲ਼ੇਪਣ ਨੂੰ ਪ੍ਰਸਤੁਤ ਕਰਦੀਆਂ ਹਨ ਉੱਥੇ ਕੁੱਝ ਕਵਿਤਾਵਾਂ ਰੱਬ ਨਾਲ ਵੀ ਸੰਬੰਧਤ ਹਨ। ਇਹ ਬਹੁਤ ਵਸੀਹ ਅਰਥਾਂ ਵਿੱਚ ਰੂਪਮਾਨ ਹੁੰਦਾ ਹੈ। 'ਸੱਚ ਦੱਸਾਂ ?' ਨਾਂ ਦੀ ਕਵਿਤਾ ਵਿੱਚ ਸ਼ਾਇਰਾ ਨੇ ਬੁੱਲ੍ਹਾ ਸ਼ਾਹ ਦੇ ਰੱਬ ਨੂੰ ਪਾਉਣ ਦੇ ਸਹਿਜ ਨੂੰ ਆਪਣੇ ਹੀ ਅੰਦਾਜ਼ ਵਿੱਚ ਹੋਰ ਸ਼ਹਿਜ ਕਰ ਦਿੱਤਾ ਹੈ। ਮਨੁੱਖ ਰਾਮ ਰਾਮ ਜਪਦਾ ਰਾਮ ਨੂੰ ਪਾਉਂਦਾ ਹੈ ਪਰ ਕਵਿਤਾ ਦਾ ਨਾਇਕ ਕਾਟੋ ਕਾਟੋ ਰਟਦਾ ਹੀ ਰੱਬ ਨੂੰ ਪਾ ਲੈਂਦਾ ਹੈ। ਓਮ ਤੇ ਸੋਮ 'ਚ ਕੀ ਫਰਕ ਹੈ:

*ਕੌਣ ਕਹਿੰਦੈ, ਤੇਰੀ ਸਾਰ ਨਾ ਜਾਣੇ ਕੋਈ ?*
*ਮੇਰੇ ਅੱਗੇ ਤਾਂ ਸ਼ਾਖਸ਼ਾਤ ਤੂੰ ਕਾਟੋ ਦੇ ਰੂਪ 'ਚ ਬੈਠਾ ਹੈਂ*
*ਤੇ ਨਿੱਕੇ ਨਿੱਕੇ ਹੱਥਾਂ ਨਾਲ਼, ਕੱਢ ਕੋਈ ਗਿਰੀਆਂ ਖਾਂਦਾ ਹੈਂ*

*ਅਸੀਂ ਕਾਟੋ ਦਾ ਨਾਂਅ ਧਿਆਉਣਾ*
*ਸਿੱਧੇ ਸਵਰਗਾਂ ਵਿੱਚ ਜਾ ਬਹਿਣਾ-*
*ਕਾਟੋ ਕਾਟੋ ਕਾਟੋ ਕਾਟੋ ਕਾਟੋ ਕਾਟੋ*

'ਨਸ਼ਾ' ਨਾਂ ਦੀ ਕਵਿਤਾ ਵੀ ਇਸੇ ਦਾ ਵਿਸਥਾਰ ਹੈ। ਸ਼ਾਇਰਾ ਰੱਬ ਦੇ ਨਸ਼ੇ 'ਚ ਗੜੁੱਚ ਹਰ ਸ਼ੈਅ ਨੂੰ ਰੱਬ ਸਮਝਦੀ ਵਾਰ-ਵਾਰ ਕਾਟੋ ਦਾ ਜ਼ਿਕਰ ਕਰਦੀ ਹੈ ਤੇ ਰੱਬ ਨੂੰ ਆਖਦੀ ਹੈ ਕਿ ਤੂੰ ਤਾਂ ਸਾਨੂੰ ਪਾਗਲ ਹੀ ਬਣਾ ਦਿੰਦਾ ਹੈਂ ਤੇ ਆਪ ਰੁੱਖ 'ਤੇ ਚੜ੍ਹ ਕੇ ਜਾ ਬਹਿੰਦਾ ਹੈਂ। ਤੇ ਹੇਠਾਂ ਅਸੀਂ ਹੱਥ ਜੋੜੀ ਕਾਟੋ ਕਾਟੋ ਕਹਿੰਦੇ ਰਹਿੰਦੇ ਹਾਂ। ਇਹ ਕਵਿਤਾ ਜਿੱਥੇ ਸੂਖਮ ਵਿਅੰਗ ਕਸਦੀ ਹੈ ਉੱਥੇ ਇਹ ਵੀ ਦਰਸਾਉਂਦੀ ਹੈ ਕਿ ਦੁਨੀਆਂ ਦੀ ਹਰ ਸ਼ੈਅ ਅੰਦਰ ਉਸੇ ਦਾ ਵਾਸਾ ਹੈ ਜਿਸਨੂੰ ਧਰਮ ਦੇ ਠੇਕੇਦਾਰ ਬਾਹਰ ਇਮਾਰਤਾਂ ਵਿੱਚ ਲੱਭਣ ਲਈ ਆਖਦੇ ਹਨ। ਕਵਿਤਰੀ ਲਈ ਮਨੁੱਖਤਾ ਹੀ ਸਭ ਤੋਂ ਵੱਡਾ ਧਰਮ ਹੈ ਤੇ ਇਹਦੇ 'ਤੇ ਵਿਸ਼ਵਾਸ ਹੀ ਦੁੱਖਾਂ ਸੁੱਖਾਂ ਤੋਂ ਪਾਰ ਦਾ ਰਾਹ ਹੈ। ਕਵਿਤਾ 'ਕਾਰਬਨ ਮੌਲੀਕੀਊਲਜ਼ ਦੀ ਜ਼ੁਬਾਨੀ' ਵਿੱਚ ਉਹ ਆਖਦੀ ਹੈ:

*ਇਹ ਤਾਂ ਕੁੱਝ ਰਸਤੇ ਹਨ*
*ਮਦਰੱਸੇ ਹਨ*
*ਏਸ ਜੰਗਲ 'ਚੋਂ ਸਾਨੂੰ ਲੰਘਾਣ ਲਈ*
*ਮੂਧੇ ਮੂੰਹ ਡਿੱਗਣੋਂ ਬਚਾਣ ਲਈ (ਪੰਨਾ 108)*

ਸ਼ਸ਼ੀ ਸਮੁੰਦਰਾ ਦੀ ਕਵਿਤਾ ਦੀ ਇੱਕ ਖ਼ੂਬੀ ਇਹ ਵੀ ਹੈ ਕਿ ਆਮ ਪੰਜਾਬੀ ਸ਼ਾਇਰਾਵਾਂ ਵਾਂਙ ਰੋਣ-ਧੋਣ ਦੀ ਸ਼ਾਇਰੀ ਨਹੀਂ ਹੈ, ਸਗੋਂ ਇਹ ਕਵਿਤਾ ਜ਼ਿੰਦਗੀ ਨੂੰ ਵੱਖ-ਵੱਖ ਕੋਣਾਂ ਤੋਂ ਦੇਖਦੀ ਹੋਈ ਨਵੇਂ ਰਾਹ ਬਣਾਉਂਦੀ ਹੈ। 'ਜੇ ਮੈਂ ਕਲਪਨਾ ਨਾਲ ਹੀ ਜੀਣਾ ਹੈ' ਨਾਂ ਦੀ ਕਵਿਤਾ ਨੂੰ ਉਦਾਹਰਣ ਵਜੋਂ ਪੜ੍ਹਿਆ ਜਾ ਸਕਦਾ ਹੈ:

*ਜੇ ਮੈਂ ਕਲਪਨਾ ਨਾਲ ਹੀ ਜੀਣਾ ਹੈ*
*ਤਾਂ ਕਿਓਂ ਬਣਾ ਤੇਰੀ ਪ੍ਰੇਮਿਕਾ*
*ਜਿੱਥੇ ਬਸ ਗਮ ਤੇ ਰੋਣਾ ਹੈ*
*ਫਿਰ ਕਿਓਂ ਨਾ ਬਣਾ ਮੈਂ ਡ੍ਰੈਗਨਫਲਾਈ*
*ਤੇ ਦਰਿਆ ਦੀ ਸੈਰ ਕਰਾਂ*
*ਕਦੇ ਬਣਾਂ ਆਜੜੀ ਮੁੰਡਾ*
*ਬਣ ਕੇ ਦੇਖਾਂ ਕਦੇ ਕਾਲਾ ਕੀੜਾ*
*ਤੇ ਤੇਜ਼ ਪਾਣੀ 'ਤੇ ਮੌਜ 'ਚ ਨੱਸਾਂ (ਪੰਨਾ 124)*

*ਸੜਕਛਾਪ* ਸ਼ਾਇਰੀ ਅਸਲ ਪੰਜਾਬੀ ਸ਼ਾਇਰੀ ਹੈ ਜੋ ਪੰਜਾਬੀ ਅੱਖਰਾਂ ਵਿੱਚ ਹੀ ਨਹੀਂ ਸਗੋਂ ਪੰਜਾਬੀ ਸੁਭਾਅ ਨੂੰ ਸਿਰਜਦੀ ਹੈ। ਇਹਦੇ ਵਿਚਲੀਆਂ ਕਵਿਤਾਵਾਂ 'ਚ ਕਮਾਲ ਦੀ ਰਵਾਨੀ ਹੈ ਤੇ ਪ੍ਰਗੀਤਕ ਕਵਿਤਾਵਾਂ ਸੁਹਜ ਭਰੀਆਂ ਹਨ। ਸਮੁੰਦਰਾ ਦੀ ਸ਼ਾਇਰੀ ਨਾਲ਼ ਇੱਕ ਪਾਠਕ ਵਜੋਂ ਮੇਰੀ ਸਿਆਣ ਉਹਦੀ ਪਹਿਲੀ ਕਾਵਿ-ਕਿਤਾਬ 'ਬੋਗਨਵਿਲਾ ਦੇ ਵਸਤਰ' ਵੇਲ਼ੇ ਦੀ ਹੈ। ਆਲੋਚਨਾ ਦੀ ਨਜ਼ਰ ਮੇਰੇ ਕੋਲ਼ ਨਹੀਂ ਹੈ। ਮੈਂ ਇਹਦੀ ਹਰ ਕਾਵਿ-ਕਿਤਾਬ ਇੱਕ ਪਾਠਕ ਵਜੋਂ ਹੀ ਦੇਖੀ ਹੈ। ਦੇਖਣਾ ਹਰ ਇੱਕ ਦਾ ਆਪਣਾ ਹੁੰਦਾ ਹੈ। ਤੁਸੀਂ ਇਸ ਕਿਤਾਬ ਨੂੰ ਆਪਣੇ ਹੀ ਅੰਦਾਜ਼ ਨਾਲ਼ ਦੇਖ ਪੜ੍ਹ ਸਕਦੇ ਹੋਂ। ਸ਼ਸ਼ੀ ਦੀ ਸ਼ਾਇਰੀ ਉਹਦੇ ਨਾਂਅ ਵਾਂਙ ਹੀ ਸਮੁੰਦਰ ਜਿੰਨੀ ਗਹਿਰੀ ਹੈ। ਇਹਦੀ ਸ਼ਾਇਰੀ ਪੜ੍ਹਦਿਆਂ ਪਾਠਕ ਕਈ ਦਿਨ ਇਹਦੀਆਂ ਕਵਿਤਾਵਾਂ ਦੇ ਨਾਲ਼-ਨਾਲ਼ ਤੁਰਿਆ ਰਹਿੰਦਾ ਹੈ। ਇਹੋ ਕਿਸੇ ਲਿਖਤ ਦੀ ਪ੍ਰਾਪਤੀ ਹੁੰਦੀ ਹੈ। ਇਸ ਪੁਸਤਕ ਨੂੰ ਵਾਰ-ਵਾਰ ਪੜ੍ਹਿਆ ਜਾ ਸਕਦਾ ਹੈ।

## ਪਰਵਾਸੀ ਸਮਾਜ ਦੀਆਂ ਵਿਸੰਗਤੀਆਂ ਦੇ ਪ੍ਰਵਚਨ —ਮਨ ਮੌਸਮ ਦੀ ਰੰਗਤ

-ਪ੍ਰੋ.ਜੇ.ਬੀ.ਸੇਖੋਂ

ਪਰਵਾਸੀ ਪੰਜਾਬੀ ਕਹਾਣੀ ਵਿਚ ਮੇਜਰ ਮਾਂਗਟ ਦਾ ਨਾਮ ਵਿਸ਼ੇਸ਼ ਹੈ। ਉਹ ਕੈਨੇਡਾ ਵਿਖੇ ਵਸਦਾ ਗਲਪਕਾਰ ਹੈ ਜਿਸਨੇ ਕੈਨੇਡੀਅਨ ਸਮਾਜ-ਸਭਿਆਚਾਰ ਦੀਆਂ ਪੇਚੀਦੀਗੀਆਂ ਵਿਚ ਪੰਜਾਬੀ ਮਨੁੱਖ ਦੀ ਹੋਂਦ ਨੂੰ ਦਰਪੇਸ਼ ਸੰਕਟਾਂ ਦੀ ਕਲਾਤਮਿਕ ਪੇਸ਼ਕਾਰੀ ਕੀਤੀ ਹੈ। ਮਾਂਗਟ ਵਰਗੇ ਲੇਖਕਾਂ ਨਾਲ ਪਰਵਾਸੀ ਸਾਹਿਤ ਆਪਣੇ ਰਵਾਇਤੀ ਮਸਲਿਆਂ ਦੀ ਜਕੜ ਵਿਚੋਂ ਬਾਹਰ ਨਿਕਲਦਾ ਹੈ ਤੇ ਮੂਲਵਾਸੀ ਸਭਿਆਚਾਰ ਨਾਲ ਵਿਰੋਧ ਦੀ ਥਾਂ ਸੰਵਾਦ ਦੀ ਸਥਿਤੀ ਸਿਰਜਦਾ ਹੈ। ਇਸ ਪੜਾਅ 'ਤੇ ਪਰਵਾਸੀ ਪਾਤਰਾਂ ਦੀ ਨਵੀਂ ਪੀੜ੍ਹੀ ਦਾ ਉਚਾਰ ਵੀ ਬਿਰਤਾਂਤ ਦੇ ਕੇਂਦਰ ਵਿਚ ਆਉਂਦਾ ਹੈ ਤੇ ਵਿਸ਼ਵ ਵਿਆਪੀ ਮਸਲਿਆਂ ਨੂੰ ਵੀ ਕਥਾ-ਸਾਹਿਤ ਵਿਚ ਭਰਵੀਂ ਸਪੇਸ ਮਿਲਦੀ ਹੈ।

ਮੇਜਰ ਮਾਂਗਟ ਦਾ ਸਿਰਜਣਾਤਮਿਕ ਸਫ਼ਰ ਮਾਣਮੱਤਾ ਹੈ। ਉਸਨੇ ਕਹਾਣੀ ਨਾਟਕ, ਮੁਲਾਕਾਤਾਂ, ਕਵਿਤਾ, ਨਾਵਲ ਅਤੇ ਵਾਰਤਕ ਲੇਖਾਂ ਵਿਚ ਮਹੱਤਵਪੂਰਨ ਰਚਨਾਵਾਂ ਲਿਖੀਆਂ ਹਨ। ਉਸਦੀ ਮੂਲ ਪਛਾਣ ਬੇਸ਼ੱਕ ਇਕ ਕਹਾਣੀਕਾਰ ਵਜੋਂ ਬਣੀ ਹੈ ਪਰ ਸਾਲ 2013 ਵਿਚ ਛਪੇ ਉਸਦੇ ਨਾਵਲ 'ਸਮੁੰਦਰ ਮੰਥਨ'ਨੇ ਪਾਠਕਾਂ ਤੇ ਆਲੋਚਕਾਂ ਦਾ ਕਾਫੀ ਧਿਆਨ ਖਿੱਚਿਆ ਹੈ। ਮੇਜਰ ਮਾਂਗਟ ਦੀ ਵਿਚਾਰਅਧੀਨ ਕਿਤਾਬ 'ਮਨ ਮੌਸਮ ਦੀ ਰੰਗਤ'(ਪੰਨੇ-142 ਮੁੱਲ-195 ਲੋਕਗੀਤ ਪ੍ਰਕਾਸ਼ਨ,ਚੰਡੀਗੜ੍ਹ) ਉਸਦੀ ਕਹਾਣੀਆਂ ਦੀ ਛਪੀ ਨਵੀਂ ਕਿਤਾਬ ਹੈ ਜਿਸ ਵਿਚ 10 ਕਹਾਣੀਆਂ ਦਰਜ ਹਨ। ਇਸ ਕਹਾਣੀ ਸੰਗ੍ਰਿਹ ਦੀਆਂ ਕਹਾਣੀਆਂ ਦਾ ਬਿਰਤਾਂਤਕ ਧਰਾਤਲ ਕੈਨੇਡਾ ਦਾ ਪੂੰਜੀਵਾਦੀ ਸਮਾਜ ਵੀ ਹੈ ਤੇ ਪੰਜਾਬ ਦਾ 'ਆਧੁਨਿਕ' ਸਮਾਜ ਵੀ। ਇਨ੍ਹਾਂ ਸਮਾਜ-ਸਭਿਆਚਾਰਾਂ ਵਿਚ ਵਿਚਰਦਾ ਪੰਜਾਬੀ ਮਨੁੱਖ ਜਿਹੜੇ ਸੰਕਟਾਂ ਤੇ ਚੁਣੌਤੀਆਂ ਦੇ ਸਨਮੁੱਖ ਹੈ ਇਸਦਾ ਪ੍ਰਗਟਾਵਾ ਕਰਨ ਲਈ ਲੇਖਕ ਨੇ ਬਿਰਤਾਂਤ ਦੀਆਂ ਕਈ ਵਿਧੀਆਂ ਦਾ ਸਫ਼ਲ ਪ੍ਰਯੋਗ ਕੀਤਾ ਹੈ। ਮੇਜਰ ਮਾਂਗਟ ਇਸ ਸੰਗ੍ਰਿਹ ਦੀਆਂ ਕਹਾਣੀਆਂ ਵਿਚ ਮੂਲਵਾਸ ਤੇ ਪਰਵਾਸ ਦੇ ਮੁੱਦਿਆਂ ਨੂੰ ਬਰਾਬਰ ਦਾ ਸਪੇਸ ਦਿੰਦਾ ਹੈ ਇਸ ਦੇ ਨਾਲ-ਨਾਲ ਉਸਦੀਆਂ ਕਹਾਣੀਆਂ ਕਈ ਥਾਵਾਂ 'ਤੇ ਪਰਵਾਸੀ ਕਹਾਣੀਆਂ ਵਾਲੀ ਰਵਾਇਤੀ ਵਰਗਵੰਡ ਵਿਚੋਂ ਵੀ ਨਿਕਲ ਜਾਂਦੀਆਂ ਹਨ। ਇੱਥੇ ਲੇਖਕ ਕਈ ਵਿਸ਼ਪਵਿਆਪੀ ਮਸਲਿਆਂ ਜਿਵੇਂ ਅਮਰੀਕਾ ਦੀ ਸਾਮਰਾਜੀ ਧੌਂਸ,ਤਾਲਿਬਾਨਾਂ ਵਲੋਂ ਫੈਲਾਇਆ ਅੱਤਵਾਦ,ਹਥਿਆਰਾਂ ਦਾ ਅੰਨ੍ਹੀ ਦੌੜ ,ਪੂੰਜੀਵਾਦੀ ਰਹਿਤਲ ਦੇ ਦੁਨੀਆਵੀ ਸੰਕਟ,ਕੁਦਰਤੀ ਸਰੋਤਾਂ ਦੀ ਅੰਨ੍ਹੀ ਲੁੱਟ, ਵਾਤਾਵਰਣ ਦਾ ਵਿਗਾੜ ਆਦਿ ਨੂੰ ਬਿਰਤਾਂਤ ਦੀ ਹੋਂਦ ਵਿਧੀ ਦੇ ਅੰਗ-ਸੰਗ ਰੱਖ ਕੇ ਪੇਸ਼ ਕਰਦਾ ਹੈ। ਇਸ ਪੁਸਤਕ ਦੀ ਇਕ ਕਹਾਣੀ 'ਖਿੜਕੀ 'ਚ ਲਟਕਦਾ ਚੰਦ' ਅਮਰੀਕੀ ਨੀਤੀਆਂ ਦੇ ਉਸ ਕੱਚ-ਸੱਚ ਦਾ ਪਰਦਾਫਾਸ਼ ਕਰਦੀ ਹੈ ਜਿਸ ਅਧੀਨ ਅਮਰੀਕਾ ਵਰਗਾ ਦੇਸ਼ ਖੁਦ ਕਈ ਅੱਤਵਾਦੀ ਲਹਿਰਾਂ ਦੀ ਪੈਦਾਇਸ਼ ਦਾ ਕਾਰਨ ਬਣਦਾ ਹੈ ਤੇ ਮੁੜ ਉਨ੍ਹਾਂ ਲਹਿਰਾਂ ਨੂੰ ਅੱਤਵਾਦ ਦੱਸਦਾ ਉਨ੍ਹਾਂ ਦੇ ਖਾਤਮੇ ਲਈ ਜੰਗ ਛੇੜਦਾ ਹੈ। ਇਸ ਕਹਾਣੀ ਦੇ ਪਾਤਰਾਂ ਦੀ ਵੰਡ ਵੀ ਅਮਰੀਕਾ ਪੱਖੀ ਅਤੇ ਅਮਰੀਕਾ ਵਿਰੋਧੀ ਕਰਕੇ ਲੇਖਕ ਨੇ ਵਿਸ਼ਵ ਪੱਧਰ 'ਤੇ ਅਮਰੀਕਾ ਦਾ ਹੱਕੀ ਤੇ ਵਿਰੋਧੀ ਨੀਤੀਆਂ ਦਾ ਗਲਪੀ ਪ੍ਰਗਟਾਵਾ ਕੀਤਾ ਹੈ। ਵਿਲੀਅਮ ਵਰਗੇ ਪਾਤਰ ਅਮਰੀਕਾ ਪੱਖੀ ਹਨ ਜਦ ਕਿ ਪਰਵਾਸੀ ਦੇਸ਼ਾਂ ਵਿਚ ਆਪਣਾ ਰੁਜ਼ਗਾਰ ਤਲਾਸ਼ਦੇ ਅਦਨਾਨ,ਮੁਹੰਮਦ ਤੇ ਮਨਿੰਦਰ ਵਰਗੇ 'ਏਸ਼ੀਅਨ' ਲੋਕਾਂ ਨੂੰ 'ਇਸਲਾਮਿਕ



ਅੱਤਵਾਦੀਆਂ' ਦੇ ਹਮਾਇਤੀ ਸਮਝਿਆ ਜਾਂਦਾ ਹੈ ਤੇ ਇਹ ਪਾਤਰ ਕਈ ਮਾਨਸਿਕ ਭੇਦਭਾਵ ਦੇ ਸ਼ਿਕਾਰ ਰਹਿੰਦੇ ਹਨ। ਕਹਾਣੀ ਦਾ ਬਿਰਤਾਂਤਕਾਰ(ਮਨਿੰਦਰ) ਅਮਰੀਕਾ ਵਿਖੇ ਕਿਸੇ ਹਵਾਈ ਅੱਡੇ ਦੀ ਸੁਰੱਖਿਆ ਵਿਚ ਲੱਗਾ ਕਾਮਾ ਹੈ ,ਉਸਦੀ ਮਨੋਸਥਿਤੀ ਦੇ ਕਈ ਪਾਸਾਰ ਇਸ ਕਹਾਣੀ ਵਿਚ ਪੇਸ਼ ਹਨ ਜਿੱਥੇ ਉਹ ਖੁਦ ਦਵੰਦ ਦਾ ਸ਼ਿਕਾਰ ਹੈ। ਕਹਾਣੀਕਾਰ ਇਸ ਦਵੰਦ ਨੂੰ ਚੰਦ ਦੇ ਮੈਟਾਫਰ ਨਾਲ ਪੇਸ਼ ਕਰਦਾ ਹੈ। ਜਿਸ ਤਹਿਤ ਅਮਰੀਕਾ ਦੇ' ਹੈਂਗਿੰਗ ਮੂਨ' ਦੇ ਆਪ੍ਰੇਸ਼ਨ( ਅੱਤਵਾਦ ਖਿਲਾਫ ਯੁੱਧ) ਦੀ ਮੀਡੀਆਂ ਵਲੋਂ ਚਰਚਾ ਕੀਤੀ ਜਾਂਦੀ ਹੈ

ਮਨਿੰਦਰ ਦੇ ਮਨ ਵਿਚ ਅੱਤਵਾਦ ਦੇ ਅਰਥ ਅਤੇ ਚਿਹਰਾ ਮੋਹਰਾ ਬਦਲਾਂ ਲੱਗਿਆ। ਜਿਵੇਂ ਉਹ ਵੀ ਕਿਸੇ ਵੱਡੇ ਅੱਤਵਾਦੀ ਦੇਸ਼ ਦੀ ਸੁਰੱਖਿਆ ਕਰ ਰਿਹਾ ਹੋਵੇ। ਉਸਨੇ ਕੁਦਰਤ ਦੇ ਵਿਸ਼ਾਲ ਪਸਾਰੇ ਤੇ ਇਕ ਵਾਰ ਫੇਰ ਨਜ਼ਰ ਮਾਰੀ। ਕੰਟਰੋਲ ਟਾਵਰ ਦੇ ਨਾਲ ਬਹੁਤ ਵੱਡਾ ਚੰਦ ਮਰੀਅਲ ਜਿਹਾ ਭਾਅ ਮਾਰ ਰਿਹਾ ਸੀ..ਪਰ ਲੋਕਾਂ ਦੇ ਮਨ ਹਨੇਰੇ ਨਾਲ ਭਰੇ ਪਏ ਸਨ। 1.

ਸੰਗ੍ਰਿਹ ਦੀਆਂ ਕਈ ਕਹਾਣੀਆਂ ਵਿਚ ਪਰਵਾਸੀ ਪੰਜਾਬੀ ਸਮਾਜ ਅੰਦਰ ਰਿਸ਼ਤਿਆਂ ਦੇ ਹੋ ਰਹੇ ਘਾਣ ਦੀ ਤਸਵੀਰ ਪੇਸ਼ ਹੋਈ ਹੈ। ਜਿਵੇਂ 'ਸੁਰਖਰੂ' ਕਹਾਣੀ ਵਿਚ ਪੀੜ੍ਹੀਆਂ ਦੇ ਟਕਰਾਅ ਨੂੰ ਵੱਖਰੀ-ਵੱਖਰੀ ਸਭਿਆਚਾਰਕ ਸਥਿਤੀ ਦੇ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ। ਕਹਾਣੀ ਵਿਚ ਡੈਵੀ,ਸਲਮਾ,ਨੈਮੀ ਵਰਗੀਆਂ ਪੁਰਾਣੀ ਪੀੜ੍ਹੀ ਦੀਆਂ ਔਰਤ ਪਾਤਰਾਂ ਨੂੰ ਆਪਣੀਆਂ ਧੀਆਂ ਦੇ ਮੁਲਵਾਸੀ ਸਮਾਜ ਵਿਚ ਹੋਏ ਪੂਰਨ ਰਲੇਂਵੇ ਦਾ ਫਿਕਰ ਲੱਗਿਆ ਹੋਇਆ ਹੈ ਤੇ ਉਨ੍ਹਾਂ ਦੀ ਬੇਵਸੀ ਕਹਾਣੀ ਦਾ ਕੇਂਦਰ ਬਣ ਕੇ ਉਭਰੀ ਹੈ । ਇਸੇ ਤਰ੍ਹਾਂ 'ਸੰਦ' ਕਹਾਣੀ ਵਿਚ ਪਰਵਾਸ ਧਾਰਨ ਕਰਕੇ ਆਰਥਿਕ ਪੱਖੋਂ ਮਜ਼ਬੂਤ ਹੋਣ ਆਇਆ ਬਲਵੀਰ ਰਿਸ਼ਤਿਆਂ ਤੋਂ ਵੀ ਟੁੱਟ ਜਾਂਦਾ ਹੈ ਅਤੇ ਪੰਜਾਬ ਦੀ ਸਰਦਾਰੀ ਨੂੰ ਝੂਰਦਾ ਗੁੰਮਨਾਮੀ ਦੀ ਮੌਤ ਮਰ ਜਾਂਦਾ ਹੈ।ਇਸ ਕਹਾਣੀ ਵਿਚ ਬਲਵੀਰ ਪਾਤਰ ਦੀ ਮਨੋਸਥਿਤੀ ਦੀ ਇਕ ਤੰਦ ਪੰਜਾਬ ਦੇ ਜਗੀਰੂ ਸਮਾਜ ਦੀ ਰਹਿਤਲ ਨਾਲ ਜੁੜਿਆ ਹੈ ਜਿੱਥੇ ਉਸਦੇ ਪਰਿਵਾਰ ਦੀ ਸਮਾਜਿਕ ਸਰਦਾਰੀ ਤੇ ਚੌਧਰ ਹੈ ਪਰ ਦੂਜੇ ਪਾਸੇ ਪਰਵਾਸੀ ਜੀਵਨ ਧਾਰਨ ਕਰਨ ਪਿਛੋਂ ਉਸਦੀ ਪਤਨੀ ਤੇ ਬੱਚੇ ਵੀ ਉਸਦੀ ਹੋਂਦ ਤੋਂ ਇਨਕਾਰੀ ਹੋ ਜਾਂਦੇ ਹਨ। ਕਥਾਕਾਰ ਦੀ ਪ੍ਰਾਪਤੀ ਇਨ੍ਹਾਂ ਦੋਹਾਂ ਸਥਿਤੀਆਂ ਨੂੰ ਦੁਖਾਂਤਕ ਪੈਟਰਨ ਉਸਾਰਨ ਦੀ ਹੈ ਇਸਦੇ ਲਈ ਲੇਖਕ ਪਿਛਲਝਾਤ ਵਿਧੀ ਦਾ ਸਫਲ ਪ੍ਰਯੋਗ ਕਰਦਾ ਹੈ। ਪੰਜਾਬੀ ਹੋਂਦ ਦਾ ਇਕ ਟੁੱਟਦਾ ਪਸਾਰ ਸੰਗ੍ਰਿਹ ਦੀ ਕਹਾਣੀ 'ਕੀਚਰ ਕੀਚਰ ਸੱਚ' ਵਿਚ ਪੇਸ਼ ਹੈ ਇਥੇ ਹਰਵਿੰਦਰ ਵਰਗਾ ਪਾਤਰ ਪਰਵਾਸ ਵਿਖੇ ਆ ਕੇ ਪੈਸਾ ਕਮਾ ਲੈਂਦਾ ਹੈ ਪਰ ਰਿਸ਼ਤੇ,ਮਾਣ -ਮਰਿਆਦਾ ਅਤੇ ਆਪਣੀਆਂ ਕਲਾ ਰੁਚੀਆਂ ਗੁਆ ਲੈਂਦਾ ਹੈ। ਕੈਨੇਡਾ ਦਾ ਕਾਨੂੰਨ-ਪ੍ਰਬੰਧ ਉਸਦੀ ਪਤਨੀ ਨੂੰ ਅਜਿਹੇ ' ਹੱਕ' ਵੀ ਦੇ ਦਿੰਦਾ ਹੈ ਕਿ ਉਹ ਇਸ ਕਾਨੂੰਨ ਦੇ ਸਹਾਰੇ ਆਪਣੇ ਪਤੀ ਦੀ ਹੋਂਦ ਨੂੰ ਹੀ ਖਤਮ ਕਰ ਦਿੰਦੀ ਹੈ। ਲੇਖਕ ਇਸ ਸਥਿਤੀ ਨੂੰ ਟੈਕਸਟ ਵਿਚੋਂ ਉਦੋਂ ਪੈਦਾ ਕਰਦਾ ਹੈ ਜਦੋਂ ਹਰਵਿੰਦਰ ਆਪਣੀਆਂ ਹਰ ਗੱਲ 'ਤੇ ਉਸਨੂੰ ਆਖਦੀ ਹੈ

' ਤੂੰ ਮੈਨੂੰ ਦਬਾ ਕੇ ਰੱਖਣਾ ਰੱਖਣਾ ਚਾਹੁੰਦਾ ਏ ? ਇਹ ਇੰਡਿਆ ਨਹੀਂ ਕੈਨੇਡਾ ਹੈ। ਮੈਂ ਵੀ ਆਪਣੀ ਮਰਜ਼ੀ ਕਰ ਸਕਦੀ ਹਾਂ....'2. ਪਰਵਾਸ ਦੇ ਅਜਿਹੇ ਜੀਵਨ ਯਥਾਰਥ ਦਾ ਰੌਚਿਕ ਗਲਪੀ ਵੇਰਵਾ ਇਸ ਕਿਤਾਬ ਦੀ ਕਹਾਣੀ 'ਮੈਂ ਏ ਟੀ ਐਮ ਨਹੀਂ ' ਵਿਚ ਵੀ ਹੈ ।ਮਾਪਿਆਂ ਦੇ ਲਾਲਚ ਦੀ ਸ਼ਿਕਾਰ ਐਮ.ਏ.ਪਾਸ ਸਿਮਰ ਜਦੋਂ ਕੈਨੇਡਾ ਆ ਕੇ ਮਨੁੱਖ ਨਾਲੋਂ ਇਕ ਮਸ਼ੀਨ ਬਣਾ ਦਿੱਤੀ ਜਾਂਦੀ ਹੈ ਤਾਂ ਉਸਦੇ ਸਬਰ ਦਾ ਬੰਨ੍ਹ ਟੁੱਟ ਜਾਂਦਾ ਹੈ। ਉਹ ਪੇਕਿਆਂ ਅਤੇ ਸਹੁਰਿਆਂ ਵਲੋਂ ਪੈਸੇ ਕਮਾਉਣ ਦੇ ਏ.ਟੀ.ਐਮ ਵਾਂਗ ਵਰਤੀ ਜਾਂਦੀ ਹੈ ਆਖਿਰ ਉਸਦੀ ਆਪਣੀ ਹੋਂਦ ਉਸਨੂੰ ਝੰਜੋੜਦੀ ਹੈ ਤੇ ਕਹਾਣੀ ਦੇ ਅੰਤ ਵਿਚ ਉਸਦੀ ਤੁਲਨਾ ਪ੍ਰਦਰਸ਼ਨਕਾਰੀਆਂ ਦੇ ਸਰਕਾਰ ਖਿਲਾਫ

ਨਾਅਰੇਬਾਜ਼ੀ ਨਾਲ ਕਰਵਾ ਕੇ ਉਸਦੇ ਬਗਾਵਤੀ ਵਜੂਦ ਨੂੰ ਉਭਾਰਿਆ ਜਾਂਦਾ ਹੈ। ਲੇਖਕ ਦੀਆਂ ਹੋਰ ਕਹਾਣੀਆਂ ਵੀ ਅੰਤ ਵਿਚ ਕੁਝ ਗਲਪੀ ਮੈਟਾਫਰ ਪੈਦਾ ਕਰਦੀਆਂ ਹਨ ਜਿਨ੍ਹਾਂ ਨਾਲ ਕਹਾਣੀਆਂ ਦੇ ਅਰਥ ਬਹੁਅਰਥੀ ਹੋ ਜਾਂਦੇ ਹਨ। ਜਿਵੇਂ 'ਹੱਡਾਰੋੜੀ' ਕਹਾਣੀ ਵਿਚ ਲੇਖਕ ਪੰਜਾਬ ਦੀਆਂ ਸਮਕਾਲੀ ਸਮੱਸਿਆਵਾਂ ਨੂੰ ਪੇਸ਼ ਕਰਦਾ ਪੰਜਾਬ ਦੀ ਸਥਿਤੀ ਨੂੰ 'ਹੱਡਾਰੋੜੀ' ਦੇ ਰੂਪਕ ਨਾਲ ਤੁਲਨਾ ਦਿੰਦਾ ਹੈ ਜਿੱਥੇ ਪਰਵਾਸੀ ਲੋਕਾਂ ਨੂੰ ਆਪਣੇਪਣ ਨਾਲੋਂ ਅਜਿਹੀ ਲੁੱਟ ਖਸੁੱਟ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਉਹ ਇਥੋਂ ਉਪਰਾਮ ਹੋ ਜਾਂਦਾ ਹੈ। ਇਸ ਕਹਾਣੀ ਵਿਚ ਪੰਜਾਬੀ ਲੇਖਕਾਂ ਵਲੋਂ ਗੋਸ਼ਟੀਆਂ ਦੇ ਮਾਧਿਅਮ ਨਾਲ ਪਰਵਾਸੀ ਲੇਖਕਾਂ ਦੀ ਹੁੰਦੀ ਆਰਥਿਕ ਲੁੱਟ ਦਾ ਖੂਬਸੂਰਤ ਬਿਰਤਾਂਤ ਸਿਰਜਿਆ ਗਿਆ ਹੈ ਕਹਾਣੀ ਦੇ ਲੇਖਕ ਪਾਤਰ ਨੂੰ ਯੂਨੀਵਰਸਿਟੀ ਦਾ ਇਕ ਵਿਦਵਾਨ ਇਸੇ ਸਥਿਤੀ ਵੱਸ ਪ੍ਰਗਟਾਵਾ ਕਰਦਾ ਕਹਿੰਦਾ ਹੈ—

' ਪੂਰਾ ਜ਼ੋਰ ਲਾਉਂ ਭਾਸ਼ਾ ਵਿਭਾਗ ਦੇ ਇਨਾਮ ਵਾਲਾ ਕੰਮ ਤਾਂ ਪੱਕਾ ਸਮਝੋ।ਬਾਕੀ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੀ ਮੀਟਿੰਗ ਕੱਲ੍ਹ ਹੈ। ਪੂਰੀ ਲੌਬੀ ਕਰਾਂਗੇ।'3.

ਕਈ ਵਾਰ ਲੇਖਕ ਦੀਆਂ ਕਹਾਣੀਆਂ ਦਾ ਯਥਾਰਥ ਦਿਸਦੇ ਵਸਤੂ-ਜਗਤ ਨਾਲ ਇੰਨਾ ਮੇਲ ਖਾ ਜਾਂਦਾ ਹੈ ਕਿ ਕਹਾਣੀ ਦਾ ਕਲਾਤਮਿਕ ਪੱਖ ਦੱਬ ਜਾਂਦਾ ਹੈ ਜਿਵੇਂ ਇਸ ਕਿਤਾਬ ਦੀ ਕਹਾਣੀ 'ਗਰਮ ਹਵਾ ਦਾ ਬੁੱਲਾ' ਕਹਾਣੀ ਵਿਚ ਕਿਸੇ ਹਿੱਲ ਸਟੇਸ਼ਨ ਉੱਤੇ ਕਹਾਣੀ ਸਬੰਧੀ ਗੋਸ਼ਟੀ ਕਰਵਾਉਣ ਵਾਲੇ ਇਕ ਗਰੁੱਪ ਦੇ ਆਲੋਚਕਾਂ ਨੂੰ ਗਲਪੀ ਦ੍ਰਿਸ਼ਟੀ ਦਾ ਨਿਸ਼ਾਨਾ ਬਣਾ ਲਿਆ ਜਾਂਦਾ ਹੈ।

ਫਿਰ ਵੀ ਲੇਖਕ ਕੋਲ ਬਿਰਤਾਂਤ ਸਿਰਜਣ ਦਾ ਹੁਨਰ ਹੈ. ਉਸ ਕੋਲ ਕਥਾ-ਭਾਸ਼ਾ ਨੂੰ ਵਰਤਣ ਦਾ ਕਸਬ ਵੀ ਹੈ । ਇਸਦੇ ਨਾਲ ਹਰ ਪਰਵਾਸੀ ਮਨੋਸਥਿਤੀ ਦੇ ਪਾਤਰਾਂ ਨੂੰ ਕਥਾ ਦਾ ਹਿੱਸਾ ਬਣਾਉਣ ਦਾ ਇਲਮ ਵੀ ਹੈ। ਉਹ ਬਿਰਤਾਂਤ ਦੀ ਭਾਸ਼ਾ ਦੁਆਰਾ ਅਰਥਾਂ ਨੂੰ ਵਿਸਫੋਟਕ ਬਣਾਉਣ ਦੀ ਵੀ ਮਾਹਿਰ ਹੈ ਇਸਦਾ ਵੇਰਵਾ ਉਸਦੀ ਕਹਾਣੀ 'ਚੱਕਰਵਾਤ' ਵਿਚ ਹੇ ਜਿੱਥੇ ਅਮਰੀਕਾ ਦੇ ਤੱਟੀ ਇਲਾਕਿਆਂ ਵਿਚ ਆਉਂਦੇ ਚੱਕਰਵਾਤਾਂ ਦੇ ਮਾਧਿਅਮ ਨਾਲ ਰਿਸ਼ਤਿਆਂ ਵਿਚ ਆਉਂਦੇ ਤੂਫਾਨਾਂ ਦਾ ਜਿਕਰ ਵੀ ਨਾਲੋ-ਨਾਲ ਕੀਤਾ ਮਿਲਦਾ ਹੈ। ਸੀਨੀਅਰ ਸਿਟੀਜ਼ਨ ਹੋਮਾਂ ਵਿਚ ਪਰਵਾਸੀ ਬਜੁਰਗਾਂ ਦਾ ਤ੍ਰਾਸਦਿਕ ਬਿਰਤਾਂਤ ਸਿਰਜਣ ਵਾਲੀ ਇਹ ਕਹਾਣੀ ਇਸ ਸੰਗ੍ਰਹਿ ਦੀ ਵਿਸ਼ੇਸ਼ ਕਹਾਣੀ ਹੈ। ਇਸ ਤੋਂ ਇਲਾਵਾ ਗਰਮ ਹਵਾ ਦਾ ਬੁੱਲਾ ਕਹਾਣੀ ਦੁਆਰਾ ਲੇਖਕ ਨੇ ਪਰਵਾਸੀ ਪੰਜਾਬੀਆਂ ਦੀ ਪੀੜ੍ਹੀ ਦੀ ਇਕ ਪਾਤਰ ਦਾ ਪੰਜਾਬ ਫੇਰਾ ਪੁਆ ਕੇ ਪੰਜਾਬੀਆਂ ਦੇ ਸਿਧਾਂਤ ਤੇ ਵਿਹਾਰ ਵਿਚਲੇ ਫਰਕ ਨੂੰ ਯਥਾਰਥਕ ਢੰਗ ਨਾਲ ਰੂਪਣਾਨ ਕੀਤਾ ਹੈ।

ਕੁਲ ਮਿਲਾ ਕੇ ਮੇਜਰ ਮਾਂਗਟ ਦੀ ਇਸ ਕਿਤਾਬ ਦਾ ਸਵਾਗਤ ਹੈ । ਇਸ ਨਾਲ ਪਰਵਾਸੀ ਪੰਜਾਬੀ ਕਹਾਣੀ ਨਵੀਆਂ ਸੇਧਾਂ ਤੇ ਸੰਭਾਵਨਾਵਾਂ ਵੀ ਜਗਾਉਂਦੀ ਹੈ ।

**ਹਵਾਲੇ ਤੇ ਟਿੱਪਣੀਆਂ**

1.ਮੇਜਰ ਮਾਂਗਟ, ਮਨ ਮੌਸਮ ਦੀ ਰੰਗਤ, ਲੋਕਗੀਤ ਪ੍ਰਕਾਸ਼ਨ,ਚੰਡੀਗੜ੍ਹ ਪੰਨਾ 53

2.ਉਹੀ, ਪੰਨਾ 84.

3.ਉਹੀ ,ਪੰਨਾ 107.



**ਮਾਂ ਬੋਲੀ ਪੰਜਾਬੀ ਅਤੇ ਲੋਕ ਵਿਰਸੇ ਦਾ ਦਰਪਣ ਪੁਸਤਕ— '' ਨਿੱਕੀਆਂ ਪੰਜਾਬੀ ਮੁਹੱਬਤੀ ਬੋਲੀਆਂ ''**

## ਸੰਗ੍ਰਹਿ ਕਰਤਾ- ਜਨਮੇਜਾ ਸਿੰਘ ਜੌਹਲ

**-ਡਾ. ਜਗੀਰ ਸਿੰਘ ਨੂਰ**

ਲੋਕ-ਸਾਹਿਤ ਲੋਕਾਂ ਦੀ ਸਿਰਜਣਾ ਹੈ ਜੋ ਮੌਖਿਕ ਪੱਧਰ 'ਤੇ ਪ੍ਰਵਾਹਮਾਨ ਹੁੰਦੀ ਹੋਈ ਪ੍ਰਵਾਨ ਚੜ੍ਹਦੀ ਹੈ ਅਤੇ ਸਿਰਜ਼ੀ ਲੋਕਾਂ ਦੀ ਖੇਤਰੀ ਤੇ ਦਸਤਾਵੇਜੀ ਖੋਜ-ਪੱਧਤੀ ਸਦਕਾ ਜਦੋਂ ਕਿਤਾਬੀ ਰੂਪ ਧਾਰਨ ਕਰ ਲੈਂਦੀ ਹੈ ਤਾਂ ਸਦੀਵੀਂ ਬਣ ਜਾਂਦੀ ਹੈ। ਇਸੇ ਪ੍ਰਸੰਗਿਕਤਾ 'ਚ ਜਨਮੇਜਾ ਸਿੰਘ ਜੌਹਲ ਨੇ ਹਥਲੀ ਪੁਸਤਕ ਵਿਚ ਲੋਕ-ਕਾਵਿ ਰੂਪਾਂ ਵਿਚੋਂ ਕੇਵਲ ਨਿੱਕੀਆਂ ਬੋਲੀਆਂ ਨੂੰ ਅੰਕਿਤ ਕਰਕੇ ਵਿਲੱਖਣ ਕਾਰਜ ਕਰ ਵਿਖਾਇਆ ਹੈ। ਨਿੱਕੀਆਂ ਬੋਲੀਆਂ ਬੁਨਿਆਦੀ ਤੌਰ 'ਤੇ ਇਕ ਸਤਰੀ ਹੀ ਹੁੰਦੀਆਂ ਹਨ ਪਰੰਤੂ ਇਨ੍ਹਾਂ ਨੂੰ ਹੋਰ ਵਧਾਉਣ ਖਾਤਰ ਇਸ ਇਕ ਮੂਲ ਸਤਰ ਤੋਂ ਪਹਿਲਾਂ ਜਾਂ ਮਗਰਲੇ ਪਾਸੇ ਦੁਹਰਾਓ ਜਾਂ ਹੋਰ ਸ਼ਬਦਾਂ ਦੀ ਜੜ੍ਹਤ ਨਾਲ ਵਧਾਅ ਲਿਆ ਜਾਂਦਾ ਹੈ। ਪਰ ਮੂਲ ਵਿਚਾਰਧਾਰਕ ਪੱਖ ਮੂਲ ਇਕ ਸਤਰ 'ਚ ਨਿਹਿਤ ਹੁੰਦਾ ਹੈ। ਵਿਗਿਆਨਕ ਦ੍ਰਿਸ਼ਟੀਕੋਣ ਨੂੰ ਧਾਰਨ ਕਰਦਿਆਂ ਜਨਮੇਜਾ ਸਿੰਘ ਜੌਹਲ ਨੇ ਤਕਰੀਬਨ ਡੇਢ ਹਜ਼ਾਰ ਨਿੱਕੀਆਂ ਬੋਲੀਆਂ ਨੂੰ ਗੁਰਮੁਖੀ ਲਿਪੀ ਦੇ ਅੱਖਰਾਂ ਦੀ ਤਰਤੀਬ ਦੇ ਕੇ ਪਾਠਕਾਂ ਦੇ ਸਨਮੁੱਖ ਕੀਤਾ ਹੈ। ਇਹ ਸਭ ਬੋਲੀਆਂ ਪੰਜਾਬੀ ਲੋਕ ਜੀਵਨ ਦੇ ਹਰ ਪੱਖ ਦਾ ਦਰਪਣ ਹਨ। ਇਕਾਂਗੀ ਜੀਵਨ ਸ਼ੈਲੀ ਦੇ ਤੌਰ ਤਰੀਕਿਆਂ ਤੋਂ ਲੈ ਕੇ ਘਰ, ਪਰਿਵਾਰ, ਪਰਿਵਾਰਕ ਰਿਸ਼ਤਿਆਂ, ਗਲੀ-ਮੁਹੱਲੇ, ਪਿੰਡ, ਗਲ ਕੀ ਹਰ ਪ੍ਰਕਾਰ ਦੇ ਸਮਾਜਕ , ਸਭਿਆਚਾਰਕ, ਨੈਤਿਕ, ਰਾਜਸੀ, ਆਰਥਿਕ, ਧਾਰਮਿਕ ਵਰਤਾਰੇ, ਚੱਜ ਆਚਾਰ, ਵਰਤੋਂ-ਵਿਹਾਰ, ਖਾਣ-ਪੀਣ, ਪਹਿਨਣ ਹੰਢਾਉਣ, ਪਾਉਣ-ਲਾਉਣ ਆਦਿ ਸਭਨਾਂ ਵਰਤ-ਵਰਤਾਰਿਆਂ ਦਾ ਜ਼ਿਕਰ ਮਾਣਮੱਤੇ ਅੰਦਾਜ਼ 'ਚ ( ਇਨ੍ਹਾਂ ਵਿਚ ) ਸਮਾਇਆ ਅਤੇ ਪ੍ਰਗਟਾਇਆ ਗਿਆ ਹੁੰਦਾ ਹੈ। ਕੁਝ ਕੁ ਬੋਲੀਆਂ ਦਾ ਰਸ ਮਾਣਦੇ ਹੋਏ ਵਾਚੋ ਕਿ ਇਨ੍ਹਾਂ ਦਾ ਘੇਰਾ ਕਿਤਨਾ ਵਿਸ਼ਾਲ ਹੈ—

— ਉੱਠ ਗਿਆ ਬਸਰੇ ਨੂੰ, ਸੁੱਕਾ ਪਲੰਘ ਚੁਬਾਰੇ ਵਿਚ ਗੂੰਜੇ।
— ਉੱਤੇ ਡੋਰੀਆ ਗੰਢੇ ਦੀ ਛਿੱਲ ਵਰਗਾ, ਰੋਟੀ ਲੈ ਕੇ ਦਿਉਰ ਦੀ ਚੱਲੀ ।
— — ਅਸਾਂ ਬਾਜਰੇ ਤੋਂ ਘੱਗਰਾ ਸੁਆਣਾ, ਬਾਜਰਾ ਨਾ ਉਜਾੜੋ ਤੋਤਿਉ ।
— — ਸੌਣ ਮਹੀਨੇ ਦਿਨ ਗਿੱਧੇ ਦੇ, ਕੁੜੀਆਂ ਰਲ ਕੇ ਆਈਆਂ ।
— — ਹੌਲੀ ਬੋਤਾ ਤੋਰ ਸੱਜਣਾ, ਮੇਰੇ ਸੱਜਰੇ ਵਿਨ੍ਹਾਏ ਕੰਨ ਦੁੱਖਦੇ ।

— ਪਤੀ-ਪਤਨੀ, ਦਿਓਰ-ਭਰਜਾਈ, ਨਣਦ-ਭਾਬੀ, ਸੱਸ-ਨੂੰਹ, ਜੇਠ-ਜਿਠਾਣੀ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਰਿਸ਼ਤਿਆਂ ਦਾ ਵਰਨਣ ਇਨ੍ਹਾਂ ਵਿਚੋਂ ਉੱਮਡ ਉੱਮਡ ਪੈਂਦਾ ਹੈ। ਇਥੋਂ ਤੱਕ ਕਿ ਪ੍ਰਵਾਨਿਤ ਅਤੇ ਅਪ੍ਰਵਾਨਿਤ ਰਿਸ਼ਤਿਆਂ ਦੇ ਦੁਖ਼ਦ-ਸੁਖ਼ਦ ਅਨੁਭਵਾਂ, ਅਹਿਸਾਸਾਂ ਅਤੇ ਪ੍ਰਗਟ ਭਾਵਨਾਵਾਂ ਦਾ ਜਜ਼ਬਾ ਵੀ ਇਨ੍ਹਾਂ 'ਚੋਂ ਡੁਲ੍ਹ ਡੁਲ੍ਹ ਪੈਂਦਾ ਹੈ। ਚੋਰੀ-ਯਾਰੀ ਜਾਂ ਹੋਰ ਦਿਲੀ ਗੁੱਝਗੁਭਾਟਾਂ ਦੇ ਕਲਪਨਾ ਮੁੱਖੀ ਸਰੂਪ ਨੂੰ ਵੀ ਇਹ ਬੋਲੀਆਂ ਪ੍ਰਗਟ ਕਰਦੀਆਂ ਹਨ। ਲੋਕ-ਧਰਮ, ਲੋਕ-ਫ਼ਲਸਫਾ ਅਤੇ ਨੈਤਿਕ ਚੱਜ-ਆਚਾਰ ਅਤੇ ਚਰਿੱਤਰ ਦੇ ਵਿਭਿੰਨ ਪੱਖਾਂ ਦਾ ਸੂਤ੍ਰਿਕ ਸ਼ੈਲੀ 'ਚ ਪ੍ਰਗਟਾਵਾ ਵੀ ਸਹਿਜੇ ਮਾਣਿਆ ਮਹਿਸੂਸਿਆ ਅਤੇ ਸੁਣਿਆ ਜਾ ਸੱਕਣਾ ਸੰਭਵ ਹੁੰਦਾ ਹੈ। ਕੁਝ ਬੋਲੀਆਂ ਹਨ—

— — ਉੱਚੇ ਬੈਠ ਕੇ ਗੁਰਾਂ ਨੇ ਤੀਰ ਮਾਰਿਆ, ਰੁੜ੍ਹੀ ਜਾਂਦੀ ਹਿੰਦ ਰੱਖਲੀ ।
— — ਉੱਚੇ ਭਵਨ ਦੇਵੀਏ ਤੇਰੇ, ਦਿਸਦੇ ਆਨੰਦਪੁਰੋਂ।
— — ਰੱਬ ਮਿਲਦਾ ਗਰੀਬੀ ਦਾਵ੍ਹੇ, ਦੁਨੀਆਂ ਮਾਣ ਕਰਦੀ।

— — ਮਰਨ ਗਰੀਬਾਂ ਦੇ ਤਕੜੇ ਦੀ ਸਰਦਾਰੀ।

— — ਹੀਰਾ ਜਨਮ ਫੇਰ ਨੀ ਥਿਉਂਦਾ, ਭੰਗ ਭਾੜੇ ਖੋ ਨਾ ਦੇਈਂ।

— ਲੋਕ-ਨਾਚਾਂ, ਲੋਕ-ਖੇਡਾਂ, ਲੋਕ-ਰੁਝੇਵਿਆਂ, ਕੰਮਾਂ-ਧੰਦਿਆਂ, ਦੂਰ-ਦੁਰਾਡ ਦੀ ਨੌਕਰੀ ਆਦਿ ਨਾਲ ਸੰਬੰਧਿਤ ਵੀ ਬਹੁਤ ਸਾਰੀਆਂ ਬੋਲੀਆਂ ਉਪਲੱਬਧ ਹਨ। ਇਸ ਤੋਂ ਛੁੱਟ ਅਨੇਕਾਂ ਗਹਿਣਿਆਂ, ਕੱਪੜੇ-ਲੱਤਿਆਂ ਅਤੇ ਹਾਰ-ਸ਼ਿੰਗਾਰ ਦੀ ਪ੍ਰਾਪਤੀ ਵਾਸਤੇ ਉਮੰਗਾਂ ਅਤੇ ਪ੍ਰਾਪਤੀ ਹੋਣ ਉਪਰੰਤ ਹਾਸਿਲ ਹੁੰਦੇ ਖੁਸ਼ੀ-ਖੇੜਿਆਂ ਦਾ ਵੀ ਇਨ੍ਹਾਂ ਬੋਲੀਆਂ 'ਚ ਜ਼ਿਕਰ ਹੈ।

— — ਮੁੰਡਾ ਗੁੱਤ ਦੀ ਪਰਾਂਦੀ ਨਾਲੋਂ ਛੋਟਾ, ਬੰਦ ਪਾਵਾਂ ਕੀਹਦੇ ਆਸਰੇ।

— — ਰਾਤੀਂ ਮੇਰੀ ਵੰਗ ਟੁੱਟ ਗਈ, ਸੁਪਨੇ ਗਈ ਮੁਕਲਾਵੇ।

— — ਮੈਨੂੰ ਨੱਚਦੀ ਨੂੰ ਦੇਖਣ ਆਇਆ, ਕਾਲਾ ਭੂੰਡ ਜਿਹਾ।

— — ਮੈਂ ਆਰਸੀ ਦਾ ਕੌਲ ਬਣਾਇਆ, ਅੱਧੀ ਰਾਤੀਂ ਪਾਣੀ ਮੰਗਿਆ।

— ਪੰਜਾਬੀਆਂ ਦੀ ਬਹਾਦਰੀ, ਸੂਰਮਗਤੀ ਅਤੇ ਅਣਖ-ਗੈਰਤ ਨੂੰ ਵੀ ਇਹ ਬੋਲੀਆਂ ਲੋਕ-ਨਾਇਕ ਦੁੱਲਾ, ਜੱਗਾ ਡਾਕੂ, ਜੀਊਣਾ ਮੌੜ ਆਦਿ ਨਾਲ ਸੰਬੰਧਿਤ ਬੋਲੀਆਂ ਜ਼ਰੀਏ ਪ੍ਰਗਟ ਕਰਦੀਆਂ ਹਨ ਅਤੇ ਵੀਰਾਂ ( ਭਰਾਵਾਂ ) ਦੀ ਬਹਾਦਰੀ ਦਾ ਇਜ਼ਹਾਰ ਵੀ ਇਹ ਲੋਕ-ਬੋਲੀਆਂ ਮੁਹਾਵਰੇਦਾਰ ਭਾਸ਼ਕ ਸਤਰਾਂ ਦੇ ਮਾਧਿਅਮ ਰਾਹੀਂ ਕਰਦੀਆਂ ਹਨ। ਕੁਝ ਕੁ ਉਦਾਹਰਣਾਂ ਹਾਜ਼ਰ ਹਨ—

— —ਜੱਗੇ ਮਾਰਿਆ ਸੈਦਪੁਰ ਡਾਕਾ, ਤਾਰਾਂ ਖੜਕ ਗਈਆਂ।

— —ਬੋਤਾ ਮਾਹੀ ਦਾ ਨਜ਼ਰ ਨਾ ਆਵੇ, ਉੱਡਦੀ ਧੂੜ ਦਿਸੇ।

— — ਮਿੱਤਰਾਂ ਦੀ ਲੂਣ ਦੀ ਡਲੀ, ਮਿਸ਼ਰੀ ਕਰਕੇ ਜਾਣੀਂ।

— ਗਿਆਨ-ਵਿਗਿਆਨ, ਸੂਚਨਾ ਤਕਨਾਲੋਜੀ ਤੋਂ ਪ੍ਰਾਪਤ ਸੁੱਖ-ਸਹੂਲਤਾਂ ਆਦਿ ਦਾ ਵੀ ਇਨ੍ਹਾਂ ਨਿੱਕੀਆਂ ਮੁਹੱਬਤੀ ਬੋਲੀਆਂ 'ਚ ਜ਼ਿਕਰ ਹੈ ਅਤੇ ਰਾਜਸੀ-ਪ੍ਰਸ਼ਾਸਨਿਕ ਵਰਤਾਰੇ ਦਾ ਵੀ ਖੂਬ ਬਿਆਨ ਹੈ ਜਿਵੇਂ—

— —ਜਦੋਂ ਖੁਲ੍ਹ ਗਈਆਂ ਲੋਕ ਕਚਹਿਰੀਆਂ, ਨਿਆਂ ਹੋਊ ਜੰਤਾ ਦਾ।

— ਨੈਤਿਕ ਚੱਜ ਆਚਾਰ ਨੂੰ ਪ੍ਰਗਟਾਂਦੀਆਂ ਇਹ ਦੋ ਬੋਲੀਆਂ ਵੀ ਗੌਲਣਯੋਗ ਹਨ ਕਿ—

— — ਝੂਠਾ ਨੇਮ ਨਾ ਚੁੱਕੀਂ ਭਰਜਾਈਏ, ਬਰਮੇਂ ਦੇ ਹੇਠ ਖੜ੍ਹਕੇ।

— — ਝੋਲੀ ਚੁੱਕਾਂ ਦਾ ਸਾਥ ਨਹੀਂ ਦੇਣਾ, ਪੰਥ ਭਾਵੇਂ ਸਿਰ ਮੰਗ ਲੇ।

— ਸੁਹਜ-ਸੁਹੱਪਣ, ਮਖੌਲ ਠੱਟਾ, ਪਿਆਰ, ਮਿਲਾਪ,ਵਿਛੋੜਾ, ਸਿਫ਼ਤ, ਉਲਾਂਭਾ, ਰੁਸੇਵਾਂ, ਮਣਤ ਮਨੌਤ ਨੂੰ ਵੀ ਇਨ੍ਹਾਂ ਬੋਲੀਆਂ 'ਚੋਂ ਥਾਂ-ਪੁਰ-ਥਾਂ, ਡਲ੍ਹਕਾਂ ਮਾਰਦਾ ਹੋਇਆ ਵਾਚਿਆ ਜਾ ਸਕਦਾ ਹੈ। ਮਨੁੱਖ ਨੂੰ ਸਰਲ, ਸਪੱਸ਼ਟ ਅਤੇ ਪਿਆਰ- ਮੁਹੱਬਤ ਭਰਿਆ ਜੀਵਨ-ਢੰਗ ਸਿਖਾਉਣ ਅਤੇ ਹਰ ਹਾਲਾਤ 'ਚ ਸੁੱਖੀ-ਸਾਂਦੀ ਜੀਊਣ ਦੇ ਸਬਰ-ਸੰਤੋਖ ਨੂੰ ਵੀ ਇਹ ਬੋਲੀਆਂ ਖੂਬ ਉਘਾੜਦੀਆਂ ਹੋਈਆਂ ਅਖੁੱਟ ਸਚਾਈਆਂ ਪੇਸ਼ ਕਰ ਜਾਂਦੀਆਂ ਜਾਪੀਆਂ ਹਨ। ਮੁਹੱਬਤੀ ਬੋਲੀਆਂ ਦੇ ਇਸ ਸੰਗ੍ਰਹਿ ਦੀ ਅੰਤਿਮ ਬੋਲੀ ਹੈ ਕਿ

— — ਵੈਰੀ ਹੋਣਗੇ ਢਿੱਡਾਂ ਨੂੰ ਪਾੜ ਖਾਣੇ, ਧਰਤੀ ਤਾਂ ਮਾਂ ਲੱਗਦੀ।

— ਪਰੰਤੂ ਅਜਿਹੀਆਂ ਬੋਲੀਆਂ ਦੇ ਇਕੱਤਰੀਕਰਨ ਦਾ ਇਹ ਅੰਤ ਨਹੀਂ ਹੈ। ਜਨਮੇਜਾ ਸਿੰਘ ਜੌਹਲ ਦਾ ਇਹ ਨਿੱਗਰ ਉਪਰਾਲਾ ਅਗਲੇ ਐਸੇ ਹੀ ਸੰਗ੍ਰਹਿ ਲਈ ਤੱਤਪਰ ਹੈ।



## ਢਾਹ ਲੱਗੀ ਬਸਤੀ : ਥੀਮਕ ਅਧਿਐਨ

**—ਡਾ: ਕੰਵਲਪ੍ਰੀਤ ਕੌਰ**

ਪਾਕਿਸਤਾਨੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਮਲਿਕ ਮਿਹਰ ਅਲੀ ਦੂਜੀ ਪੀੜ੍ਹੀ ਦੇ ਕਹਾਣੀਕਾਰ ਵਜੋਂ ਜਾਣਿਆ ਜਾਂਦਾ ਹੈ। ਉਹ 1996 ਤੋਂ ਲੈ ਕੇ ਹੁਣ ਤੱਕ ਲਗਾਤਾਰ ਕਹਾਣੀ ਸਿਰਜਣਾ ਵਿਚ ਲੀਨ ਹੈ। ਉਸਦਾ ਹੱਥਲਾ ਕਹਾਣੀ-ਸੰਗ੍ਰਹਿ 'ਢਾਹ ਲੱਗੀ ਬਸਤੀ' 2007 ਵਿਚ ਇਲਿਆਸ ਘੁੰਮਣ ਦੇ ਅਦਾਰੇ 'ਇੰਸਟੀਚਿਊਟ ਆਫ਼ ਪੰਜਾਬੀ ਲੈਂਗੁਏਜ਼ ਐਂਡ ਕਲਚਰ', ਲਾਹੌਰ ਵੱਲੋਂ ਛਪਿਆ। ਓਸੇ ਸਾਲ ਪੰਜਾਬੀ ਨਸਰੀ ਖੇਤਰ ਵਿਚ ਇਸ ਕਿਤਾਬ ਨੂੰ ਮਸਊਦ ਖ਼ੱਦਰੋਪੋਸ਼ ਟਰਸਟ, ਲਾਹੌਰ ਵੱਲੋਂ ਪਹਿਲਾ ਇਨਾਮ ਪ੍ਰਾਪਤ ਹੋਇਆ।

ਕਹਾਣੀਕਾਰ ਪਾਕਿਸਤਾਨੀ ਪੰਜਾਬ ਦੇ ਇਲਾਕੇ ਸਾਹੀਵਾਲ ਦੇ ਇਕ ਜ਼ਿੰਮੀਦਾਰ ਪਰਿਵਾਰ ਦਾ ਜੰਮਪਲ ਹੈ। ਉਸਦਾ ਮਾਦਰੀ ਲਹਿਜਾ ਗੰਜੀਬਾਰ (ਲਹਿੰਦੀ) ਦਾ ਹੈ। ਹੱਥਲਾ ਕਹਾਣੀ-ਸੰਗ੍ਰਹਿ ਲਿਪੀਅੰਤਰ ਰੂਪ ਵਿਚ ਹੈ, ਜਿਸ ਦਾ ਲਿਪੀਅੰਤਰ ਡਾ: ਹਰਬੰਸ ਸਿੰਘ ਧੀਮਾਨ ਨੇ ਕੀਤਾ ਹੈ। ਇਸ ਸੰਗ੍ਰਹਿ ਵਿਚ ਚੌਦਾਂ ਕਹਾਣੀਆਂ ਸ਼ਾਮਲ ਹਨ। ਇਨ੍ਹਾਂ ਕਹਾਣੀਆਂ ਦੀ ਪੜ੍ਹਤ ਸਮੇਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਮਲਿਕ ਮਿਹਰ ਅਲੀ ਦੀ ਸ਼ੈਲੀ ਦਾ ਅੰਦਾਜ਼ ਆਮ ਕਹਾਣੀਕਾਰਾਂ ਨਾਲੋਂ ਨਿਵੇਕਲਾ ਹੈ। ਸ਼ੈਲੀ ਅਜਿਹੀ ਵਿਧੀ ਹੈ, ਜਿਸ ਦੁਆਰਾ ਵਿਚਾਰਾਂ ਨੂੰ ਪ੍ਰਗਟਾਇਆ ਜਾਂਦਾ ਹੈ। ਚੰਗੀ ਸ਼ੈਲੀ ਲਈ ਸਪੱਸ਼ਟਤਾ ਦਾ ਹੋਣਾ ਜ਼ਰੂਰੀ ਹੈ। ਪ੍ਰਸਿੱਧ ਵਿਦਵਾਨ ਲੂਕਾਸ ਨੇ ਆਪਣੀ ਪੁਸਤਕ 'Style' ਵਿਚ ਲਿਖਿਆ ਹੈ ਕਿ ਸਰਲ ਭਾਸ਼ਾ ਉਹ ਹੁੰਦੀ ਹੈ, ਜਿਹੜੀ ਗੱਲਬਾਤ ਤੋਂ ਨਾ ਬਹੁਤੀ ਦੂਰ ਹੋਵੇ ਨਾ ਬਹੁਤੀ ਨੇੜੇ। ਪ੍ਰੰਤੂ ਮਲਿਕ ਮਿਹਰ ਅਲੀ ਨੇ ਸੰਜਮ ਜਾਂ ਸੰਖੇਪ ਸ਼ੈਲੀ ਰਾਹੀਂ ਥੋੜ੍ਹੇ ਲਫਜ਼ਾਂ ਵਿਚ ਬਹੁਤ ਕੁਝ ਕਹਿਣ ਦਾ ਯਤਨ ਕੀਤਾ ਹੈ। ਸ੍ਰੇਸ਼ਟ ਲਿਖਣਾ ਹੀ ਸੰਖੇਪਤਾ ਦੀ ਖ਼ੂਬੀ ਹੈ। ਹੱਥਲੇ ਸੰਗ੍ਰਹਿ ਦੀ ਸੰਕੇਤਾਤਮਕ ਸ਼ੈਲੀ/ਪ੍ਰਤੀਕਾਤਮਕ ਸ਼ੈਲੀ ਆਮ ਸਧਾਰਨ ਪਾਠਕ ਦੀ ਸਮਝ ਤੋਂ ਪਰ੍ਹੇ ਵਿਚਰਦੀ ਮਹਿਸੂਸ ਹੁੰਦੀ ਹੈ। ਅਸਲੀਅਤ ਤਾਂ ਇਹ ਹੈ ਕਿ ਸਾਹਿਤਕ ਖੇਤਰ ਵਿਚ ਸੌਖਾ ਲਿਖਣਾ ਬਹੁਤ ਔਖਾ ਹੈ, ਪ੍ਰੰਤੂ ਔਖਾ ਲਿਖਣਾ ਸੌਖਾ ਹੈ। ਕਹਾਣੀਕਾਰ ਨੇ ਔਖਾ ਤਾਂ ਨਹੀਂ ਲਿਖਿਆ ਪਰ ਪ੍ਰਤੀਕਾਤਮਕ ਗੱਲਾਂ ਆਮ ਪਾਠਕ ਦੀ ਸੋਚ ਦੇ ਘੇਰੇ ਤੋਂ ਬਾਹਰ ਵੀ ਹੋ ਜਾਂਦੀਆਂ ਹਨ। ਇਸ ਦੇ ਬਾਵਜੂਦ ਇਨ੍ਹਾਂ ਕਹਾਣੀਆਂ ਦੀ ਆਪਣੀ ਸਾਹਿਤਕ ਮਹੱਤਤਾ ਤੇ ਮਿਆਰ ਹੈ। ਕਹਾਣੀਕਾਰ ਨੇ ਖ਼ੁਦ ਇਸ ਸਬੰਧੀ ਲਿਖਿਆ ਹੈ ਕਿ, "ਨਿਤਾਣਿਆਂ ਤੇ ਹੀਣਿਆਂ ਦੀਆਂ ਸਮੱਸਿਆਵਾਂ ਤੇ ਇਨ੍ਹਾਂ ਬਖ਼ਤਾਂ ਸੜਿਆਂ ਲਈ ਚੰਗੀ ਭਲਕ ਦੀ ਆਸ ਦੇ ਅਹਿਸਾਸ ਨੂੰ ਲਫ਼ਜ਼ਾਂ ਰਾਹੀਂ ਬਿਆਨ ਕਰਨਾ ਵੀ ਕਹਾਣੀ ਏ। ਇਨ੍ਹਾਂ ਪੱਛੜਿਆਂ ਹੋਇਆਂ ਦੀ ਰੱਤ 'ਤੇ ਪਲਣ ਵਾਲੇ ਰਾਕਸ਼ਸ਼ ਹਰ ਦੌਰ ਤੇ ਹਰ ਵਸੇਬ ਵਿਚ ਹੁੰਦੇ ਨੇ। ਇਨ੍ਹਾਂ ਬਘਿਆੜਾਂ ਦੇ ਲਹੂ ਪੀਣ ਵਾਲੇ ਚਾਲਿਆਂ ਨੂੰ ਨੀਝ ਨਾਲ ਤੱਕਣਾ ਤੇ ਉਸ ਨੂੰ ਆਹਰ ਨਾਲ ਵੇਲੇ ਦੇ ਪੰਨਿਆਂ ਤੇ ਉਲੀਕਣਾ ਕਹਾਣੀ ਦਾ ਰੂਪ ਰੰਗ ਏ। ਵੇਲਾ ਬਦਲਣ ਨਾਲ ਧਰੋਈ ਹੱਥਕੰਡਿਆਂ ਦਾ ਢੰਗ ਵੀ ਬਦਲ ਗਿਆ ਏ। ਅਜੋਕੇ ਵੇਲੇ ਇਹ ਹੱਥਕੰਡਿਆਂ ਨੂੰ ਸਮਝਣਾ ਤੇ ਉਹਨੂੰ ਕਹਾਣੀ ਦਾ ਚੋਲਾ ਪਵਾ ਉਹਦੀ ਜਾਣਕਾਰੀ ਆਮ ਲੋਕਾਈ ਨੂੰ ਦੇਣਾ ਇਕ ਕਲਾ ਏ। ਇਹ ਕੰਮ ਕੱਲੇ ਤਰੇਹਾਏ ਦੇ ਖੂਹ ਕੱਢਣ ਵਾਲੀ ਗੱਲ ਏ। ਮੈਂ ਆਪਣੀਆਂ ਕਹਾਣੀਆਂ ਇਸੇ ਸਮੱਸਿਆ ਨੂੰ ਮੁੱਖ ਰੱਖਦਿਆਂ ਉਲੀਕੀਆਂ ਨੇ।" (ਢਾਹ ਲੱਗੀ ਬਸਤੀ ਦੀ ਜਿਲਦ ਤੋਂ)।

ਅਜੋਕਾ ਸੰਸਾਰ ਢਾਹ ਲੱਗੀ ਬਸਤੀ ਬਣ ਰਿਹਾ ਹੈ। ਇਸ ਸਮਾਜ ਨੂੰ ਢਾਹ ਲਾਉਣ ਵਿਚ ਇਥੋਂ ਦੇ ਵਸਨੀਕਾਂ ਨਾਲੋਂ ਬਹੁਤਾ ਕਸੂਰ ਉਸ ਨਿਜ਼ਾਮ ਦਾ ਹੈ, ਜਿਸ ਨੂੰ ਰਾਜਨੀਤੀ ਨੇ

ਅਪਣਾ ਲਿਆ ਹੈ। ਇਸ ਨਿਜ਼ਾਮ ਨੇ ਸਭ ਤੋਂ ਪਹਿਲਾਂ ਸਮਾਜ ਵਿਚੋਂ ਮੋਹ-ਪਿਆਰ ਤੇ ਰੀਝਾਂ ਜਿਹੀਆਂ ਕਦਰਾਂ ਨੂੰ ਖੋਹ ਕੇ ਉਨ੍ਹਾਂ ਹੱਥਾਂ ਵਿਚ ਲੋਭੀ ਠੂਠਾ ਫੜਾ ਦਿੱਤਾ ਹੈ। ਹੁਣ ਹਰ ਬੰਦਾ ਇਸ ਲੋਭ ਦੀ ਭੀਖ ਮੰਗਣ ਲਈ ਸਵੇਰ ਹੁੰਦਿਆਂ ਹੀ ਘਰੋਂ ਨਿਕਲ ਤੁਰਦਾ ਹੈ। ਮਨ ਵਿਚੋਂ ਪ੍ਰੀਤ, ਪਿਆਰ ਤੇ ਮੋਹ ਮੁੱਕ ਰਿਹਾ ਹੈ। ਇਸ ਸਮਾਜ ਨੂੰ ਢਾਹ ਤੋਂ ਬਚਾਉਣ ਲਈ ਮੋਹ-ਪਿਆਰ ਤੇ ਰੀਝ ਨਾਲ ਬਣਾਇਆ ਪੱਕਾ ਬੰਨ੍ਹ ਮਾਰਨਾ ਪਵੇਗਾ।

ਹੱਥਲੇ ਸੰਗ੍ਰਹਿ ਦੀਆਂ ਕੁਝ ਕਹਾਣੀਆਂ ਦਲਿਤ ਜੀਵਨ ਵਿਚਲੇ ਤ੍ਰਿਸਕਾਰ ਭਰਪੂਰ, ਨੀਚ ਤੇ ਸ਼ੋਸ਼ਕੀ ਵਤੀਰੇ ਨਾਲ ਜੁੜੇ ਦੁਖਾਂਤਕ ਵੇਰਵੇ ਬਿਆਨ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਦੇ ਪਾਤਰਾਂ ਦੀਆਂ ਸੱਧਰਾਂ ਤੇ ਸੁਪਨੇ ਅਧੂਰੇ ਹੀ ਰਹਿ ਜਾਂਦੇ ਹਨ। ਬੇਸ਼ੱਕ ਪਾਤਰ ਆਸ਼ਾਵਾਦੀ ਹਨ ਪਰ ਸਾਰੀ ਹਯਾਤੀ ਨਿਰਾਸ਼ਾ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀ। ਇਹ ਪਾਤਰ ਸਮਾਜ ਦੇ ਜ਼ਬਰ ਹੱਥੋਂ ਪਿੱਛੜੇ, ਹੀਣੇ ਤੇ ਲਾਚਾਰ ਮਨੁੱਖ ਹਨ। 'ਹਿਜਰਤ' ਕਹਾਣੀ ਹਾਕਿਮ ਤੇ ਸ਼ੋਸ਼ਿਤ ਦੋਵੇਂ ਧਿਰਾਂ ਦੀ ਤਰਜਮਾਨੀ ਕਰਦੀ ਹੈ। ਇਸ ਪ੍ਰਤੀਕਾਤਮਕ ਕਹਾਣੀ ਵਿਚ 'ਬਘਿਆੜ', 'ਨਾਗ', 'ਲੂੰਬੜੀ' ਵਰਗੇ ਪ੍ਰਤੀਕ ਲੋਟੂ ਸ਼੍ਰੇਣੀ ਲਈ ਵਰਤੇ ਗਏ ਹਨ। ਬੰਦੇ ਦਾ ਵਤੀਰਾ ਜਾਨਵਰਾਂ ਵਰਗਾ ਹੋਣ ਕਰਕੇ ਉਸਦੀ ਤੁਲਨਾ ਜਾਨਵਰਾਂ ਨਾਲ ਕੀਤੀ ਗਈ ਹੈ। ਇਸੇ ਨੂੰ ਅਜੋਕੇ ਸਮਾਜ ਦੀ ਤ੍ਰਾਸਦੀ ਤੇ ਪ੍ਰਾਪਤੀ ਮੰਨਿਆ ਜਾ ਸਕਦਾ ਹੈ। ਲੋਟੂ ਸ਼੍ਰੇਣੀ ਦੱਬੇ-ਕੁਚਲੇ ਲੋਕਾਂ ਦੀ ਹਾਸ਼ੀਆ-ਗ੍ਰਸਤ ਸਥਿਤੀ ਨੂੰ ਉਨ੍ਹਾਂ ਦੀ ਕਿਸਮਤ ਤੇ ਕਰਮਾਂ ਦੀ ਖੇਡ ਦਰਸਾਉਂਦੀ ਹੈ। ਪਰ ਇਹ ਹਾਰੇ ਹੋਏ ਲੋਕ ਫਿਰ ਵੀ ਇਕ ਆਸ ਲੈ ਕੇ ਚਲਦੇ ਹਨ ਤੇ ਹੌਂਸਲਾ ਨਹੀਂ ਹਾਰਦੇ। ਉਹ ਰੌਸ਼ਨੀ ਦੀ ਚਿਣਗ ਮਘਾਈ ਰੱਖਦੇ ਹਨ। ਇਹੋ ਬੰਦੇ ਦੇ ਜਿਊਂਦੇ ਹੋਣ ਦੀ ਨਿਸ਼ਾਨੀ ਹੈ।

ਪਾਕਿਸਤਾਨੀ ਪੰਜਾਬ ਵਿਚ ਪਛਾਣ ਦਾ ਸੰਕਟ ਖੜ੍ਹਾ ਕਰਨ ਵਿਚ ਸਿਆਸਤਦਾਨ, ਅਫ਼ਸਰਸ਼ਾਹ ਅਤੇ ਅਮੀਰਾਂ ਨਾਲ ਸੰਬੰਧਿਤ ਸੁਆਰਥੀ ਜਮਾਤ ਜ਼ਿੰਮੇਵਾਰ ਹੈ। ਪਛਾਣ ਤੋਂ ਵਿਰਵਾ ਮਨੁੱਖ ਭਾਵਨਾਤਮਕ ਇਕੱਲੇਪਣ ਦੀ ਭਟਕਣਾ ਦਾ ਸ਼ਿਕਾਰ ਹੁੰਦਾ ਹੈ। 'ਹਿਜ਼ਰਤ' ਕਹਾਣੀ ਸੱਚਾਈ ਤੇ ਰੌਸ਼ਨੀ ਦੀ ਝੂਠ ਤੇ ਅੰਧ-ਵਿਸ਼ਵਾਸ ਨਾਲ ਟੱਕਰ ਪੇਸ਼ ਕਰਨ ਦੇ ਨਾਲ-ਨਾਲ ਗ਼ਰੀਬਾਂ ਦੀ ਦਿਨੋ-ਦਿਨ ਨਿਘਰਦੀ ਹਾਲਤ ਵੱਲ ਵੀ ਸੰਕੇਤ ਕਰਦੀ ਹੈ। ਲੋਟੂ-ਸ਼ਰੇਣੀ ਦਾ ਬੋਲਬਾਲਾ ਵਧਦਾ ਪੇਸ਼ ਹੋਇਆ ਹੈ। ਕਹਾਣੀਕਾਰ ਨੇ ਪ੍ਰਤੀਕਾਤਮਕ ਜੁਗਤ ਰਾਹੀਂ ਲੋਟੂ ਸ਼ਰੇਣੀ ਦਾ ਪਾਜ਼ ਉਘੇੜਨ ਦੀ ਕੋਸ਼ਿਸ਼ ਕੀਤੀ ਹੈ। 'ਕਾਲੀ ਪੱਗ' ਵਿਚ ਕਾਲਾ ਰੰਗ ਪਾਪ, ਠੱਗੀ ਜਾਂ ਲੋਟੂ ਸ਼ਰੇਣੀ ਦਾ ਪ੍ਰਤੀਕ ਹੈ। ਪੱਗ ਦਾ ਨਾਗ ਜਾਪਣਾ ਤੇ ਪਗੜੀ ਦੇ ਤੁਰਲੇ ਸੱਪ ਦੀ ਜੀਭ ਵਰਗੇ ਦੱਸਣੇ ਆਦਿ ਲੋਟੂ ਸ਼ਰੇਣੀ ਵੱਲੋਂ ਗ਼ਰੀਬਾਂ ਨੂੰ ਡੱਸਣ ਦੇ ਪ੍ਰਤੀਕ ਹਨ। ਹਾਕਮ ਸ਼ਰੇਣੀ ਗ਼ਰੀਬ ਵਰਗ ਨੂੰ ਨਾਗ ਬਣ ਡੱਸਦੀ ਹੈ। ਅਜਿਹੀਆਂ ਸਥਿਤੀਆਂ ਵਿਚ ਰੌਸ਼ਨ ਦਿਮਾਗ, ਗਿਆਨ ਜਾਂ ਸੱਚੇ ਬੰਦੇ ਦੀ ਕੋਈ ਸੁਣਵਾਈ ਨਹੀਂ ਹੁੰਦੀ। ਇਹ ਕਹਾਣੀ ਇਸ ਗੱਲ ਵੱਲ ਵੀ ਸੰਕੇਤ ਕਰਦੀ ਹੈ ਕਿ ਦੂਜਿਆਂ ਦਾ ਹੱਕ ਹੜੱਪ ਕਰਨ ਵਾਲੇ ਵੀ ਆਖਰ ਇਕ ਦਿਨ ਸਜ਼ਾ ਦੇ ਭਾਗੀ ਬਣਦੇ ਹਨ। ਖਰੇ-ਖੋਟੇ ਦੀ ਪਛਾਣ ਕੇਵਲ ਰੌਸ਼ਨ ਦਿਮਾਗ਼ ਹੀ ਕਰ ਸਕਦਾ ਹੈ ਪਰ ਲੋਟੂ-ਸ਼ਰੇਣੀ ਇਸਦੀ ਵਿਰੋਧੀ ਹੈ। ਇਸੇ ਕਰਕੇ ਹੱਕ-ਸੱਚ ਦੀ ਗੱਲ ਕਰਨ ਵਾਲੇ ਨੂੰ ਕਾਲੇਪਾਣੀ ਦੀ ਸਜ਼ਾ ਵਰਗਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਇਸ ਕਹਾਣੀ ਵਿਚ ਲੋਕਾਂ ਨੂੰ ਬਘਿਆੜ ਤੇ ਬਾਂਦਰਾਂ ਦੀ ਨਿਆਈਂ ਦੱਸਿਆ ਗਿਆ ਹੈ। ਜਾਨਵਰਾਂ ਦੀ ਦੁਨੀਆਂ ਵਿਚੋਂ ਰੌਸ਼ਨ ਦਿਮਾਗ਼ ਹਿਜ਼ਰਤ ਕਰ ਜਾਣਾ ਹੀ ਬਿਹਤਰ ਸਮਝਦਾ ਹੈ। 'ਹਿਜ਼ਰਤ' ਕਹਾਣੀ ਦਾ ਥੀਮ ਵੀ ਇਹੋ ਹੈ ਕਿ ਅਜੋਕੇ ਸਮੇਂ ਵਿਚ ਸੱਚ ਦੀ ਕੋਈ ਸੁਣਵਾਈ ਨਹੀਂ ਸਗੋਂ ਝੂਠ ਦਾ ਬੋਲਬਾਲਾ ਹੈ। ਸਮਾਜ ਨੂੰ ਰੌਸ਼ਨ ਦਿਮਾਗ਼ ਵਾਲੇ ਲੋਕਾਂ ਦੀ ਲੋੜ ਨਹੀਂ ਸਗੋਂ ਬਘਿਆੜਾਂ ਦੀ ਲੋੜ ਹੈ।

'ਤਾਂਘ' ਕਹਾਣੀ ਦਾ ਥੀਮ ਵੀ ਇਸੇ ਪੈਟਰਨ 'ਤੇ ਆਧਾਰਿਤ ਹੈ। ਇਥੇ ਵੀ ਹਾਕਮ



ਸ਼ਰੇਣੀ ਦੀ ਚੌਧਰ ਪੇਸ਼ ਹੋਈ ਹੈ। ਲਹਿੰਦੇ ਪੰਜਾਬ ਵਿਚ ਅਜਿਹੀ ਮਾਰੂ ਹਨੇਰੀ ਝੁੱਲੀ ਕਿ ਲੋਕ ਖ਼ੁਸ਼ੀਆਂ ਤੋਂ ਸੱਖਣੇ ਹੋ ਗਏ। ਲੋਟੂਆਂ ਨੇ ਉਨ੍ਹਾਂ ਦਾ ਖ਼ੂਨ ਨਿਚੋੜ ਲਿਆ। ਪਰ ਗ਼ਰੀਬਾਂ ਦੀ ਕਮਾਈ 'ਤੇ ਮਹਿਲ ਉਸਾਰਨ ਵਾਲਿਆਂ ਨੂੰ ਖ਼ੁਦ ਕਬਰਾਂ ਵੀ ਨਸੀਬ ਨਹੀਂ ਹੁੰਦੀਆਂ। ਜ਼ੁਲਮ ਸਹਿਣ ਤੋਂ ਬਾਅਦ ਵੀ ਦੱਬਿਆ-ਕੁਚਲਿਆ ਵਰਗ ਆਸ਼ਾਵਾਦੀ ਹੈ। ਇਸ ਵਰਗ ਨੂੰ ਆਪਣੀਆਂ ਖ਼ੁਸ਼ੀਆਂ ਦੇ ਪਰਤ ਆਉਣ ਦੀ ਆਸ ਹੈ।

'ਕਬਰਸਤਾਨ ਦੀ ਭੀੜ' ਕਹਾਣੀ ਸਮਾਜਿਕ ਕਦਰਾਂ-ਕੀਮਤਾਂ ਦੀ ਰਹਿਤਲ 'ਤੇ ਉਸਰੇ ਨਰੋਏ ਸਮਾਜ ਦੀ ਹੋਣੀ ਪੇਸ਼ ਕਰਦੀ ਹੈ। ਜਦੋਂ ਬੰਦੇ ਨੂੰ ਆਪਣੇ ਸਮਾਜਿਕ ਮੁੱਲ ਭੁੱਲ ਜਾਣ ਤਾਂ ਉਹ ਜਿਉਂਦੇ ਜੀਅ ਕਬਰਸਤਾਨ ਦੀ ਭੀੜ ਵਿਚ ਸ਼ਾਮਲ ਹੋ ਜਾਂਦਾ ਹੈ। ਇਹ ਸੰਸਾਰ ਕਬਰਸਤਾਨ ਦੀ ਨਿਆਈ ਹੈ। ਜਿੰਨਾ ਚਿਰ ਤੱਕ ਮਨੁੱਖ ਦਾ ਦਿਮਾਗ਼ ਰੌਸ਼ਨ ਨਹੀਂ ਹੁੰਦਾ, ਉਨਾ ਚਿਰ ਤੱਕ ਉਹ ਕਬਰਸਤਾਨ ਦਾ ਹੀ ਹਿੱਸਾ ਹੈ। ਇਸ ਕਹਾਣੀ ਦਾ ਥੀਮ ਇਹ ਹੈ ਕਿ ਸਮਾਜ ਵਿਚ ਜਿਊਂਦੇ ਬੰਦਿਆਂ ਦੀ ਘਾਟ ਤੇ ਮੋਇਆਂ ਦੀ ਗਿਣਤੀ ਵਿਚ ਦਿਨੋਂ-ਦਿਨ ਵਾਧਾ ਹੋ ਰਿਹਾ ਹੈ।

'ਚਿੱਟਾ ਲਹੂ' ਕਹਾਣੀ ਹਾਕਮ ਧਿਰ ਦੀਆਂ ਜ਼ਿਆਦਤੀਆਂ ਅਤੇ ਗ਼ਰੀਬਾਂ ਦੀ ਗ਼ੁਲਾਮੀ ਦਾ ਸੰਕੇਤਕ ਵਰਣਨ ਕਰਦੀ ਹੈ। 'ਚਿੱਟਾ ਲਹੂ' ਆਪਣੇ ਆਪ ਵਿਚ ਦੂਜਿਆਂ ਦੀ ਕਮਾਈ 'ਤੇ ਪਲਣ ਵਾਲੇ ਲੋਕਾਂ ਦਾ ਸੰਕੇਤਕ ਹੈ। ਇਨ੍ਹਾਂ ਲੋਕਾਂ ਦਾ ਲਹੂ ਦੂਜਿਆਂ ਨਾਲ ਮੇਲ ਨਹੀਂ ਖਾਂਦਾ। 'ਡੇਰਾ' ਸ਼ਬਦ ਰਾਜਨੀਤੀ ਦਾ ਸੰਕੇਤ ਹੈ। ਹਾਕਮ ਸ਼ਰੇਣੀ ਜਾਂ ਰਾਜਸੀ ਤਾਕਤਾਂ ਸਭ ਕੁਝ ਹੜੱਪ ਜਾਂਦੀਆਂ ਹਨ। ਇਹ ਲੋਕ ਗਰੀਬਾਂ ਦੀ ਹਾਲਤ 'ਤੇ ਕਦੇ ਵੀ ਤਰਸ ਨਹੀਂ ਖਾਂਦੇ ਕਿਉਂਕਿ ਇਨ੍ਹਾਂ ਦਾ ਲਹੂ ਚਿੱਟਾ ਹੋ ਚੁੱਕਾ ਹੈ। ਕਹਾਣੀਕਾਰ ਨੇ ਰਾਜਸੀ ਤਾਕਤਾਂ ਦੀ ਭੁੱਖ 'ਤੇ ਵਿਅੰਗ ਵੀ ਕੱਸਿਆ ਹੈ ਪਰ ਕਿਰਤੀ ਬੰਦਾ ਕਿਸੇ ਦਾ ਹੱਕ ਖੋਹਣ ਨਾਲੋਂ ਮਰ ਜਾਣਾ ਬਿਹਤਰ ਸਮਝਦਾ ਹੈ।

'ਦਰਿਆ ਦੇ ਕੰਢੇ ਰਹਿਣ ਵਾਲੇ' ਕਹਾਣੀ ਦਾ ਪ੍ਰਤੀਕਾਤਮਕ ਸੰਕੇਤ ਸਮਾਜ ਵਿਚੋਂ ਛੇਕੇ ਹੋਏ/ਹਾਸ਼ੀਆਗ੍ਰਸਤ ਲੋਕਾਂ ਦੀ ਹੋਣੀ ਪੇਸ਼ ਕਰਦਾ ਹੈ। ਇਸ ਕਹਾਣੀ ਰਾਹੀਂ ਦਲਿਤ ਲੋਕਾਂ ਦੀ ਤ੍ਰਾਸਦੀ ਪੇਸ਼ ਹੋਈ ਹੈ। 'ਦਰਿਆ ਦਾ ਕੰਢਾ' ਕਿਸੇ ਵੇਲੇ ਵੀ ਖ਼ੁਰ ਜਾਂ ਭੁਰ ਸਕਦਾ ਹੈ। ਜਿਹੜੇ ਲੋਕ ਕੰਢਿਆਂ 'ਤੇ ਵੱਸੇ ਹਨ, ਉਨ੍ਹਾਂ ਦਾ ਕੋਈ ਭਵਿੱਖ ਨਹੀਂ ਤੇ ਉਹ ਕੇਵਲ ਹੁਣ ਦੇ ਪਲਾਂ ਨੂੰ ਹੀ ਜਿਊ ਰਹੇ ਹਨ। ਦੱਬਿਆ-ਕੁਚਲਿਆ ਵਰਗ ਆਪਣੇ ਮੂਲ ਸਰੋਕਾਰਾਂ ਤੋਂ ਵੀ ਵਾਂਝਾ ਹੈ। ਅਮੀਰ ਸ਼ਰੇਣੀ ਦੇ ਹੱਥਾਂ ਵਿਚ ਸਾਰੀਆਂ ਤਾਕਤਾਂ ਹੋਣ ਕਰਕੇ ਹੀ ਉਹ ਕਾਬਜ ਧਿਰ ਹੈ। ਇਸ ਧਿਰ ਨੇ ਕਦੇ ਵੀ ਬਰਬਾਦ ਨਹੀਂ ਹੋਣਾ। ਚੱਲਦੇ ਦਰਿਆ ਨੇ ਤਾਂ ਨਿਮਨ ਵਰਗ ਨੂੰ ਆਪਣੀ ਲਪੇਟ ਵਿਚ ਲੈਣਾ ਹੀ ਹੈ। ਇਹ ਕਹਾਣੀ ਆਮ ਸਧਾਰਨ ਬੰਦੇ ਦੀ ਰਹਿਤਲ ਦੀ ਰਹਿਨੁਮਾਈ ਕਰਦੀ ਹੈ। ਦਰਿਆ ਕੰਢੇ ਵਸੇਬਾ ਕਰਨ ਵਾਲੇ ਲੋਕ ਹਨੇਰਿਆਂ ਵਿਚ ਰਹਿਣਾ ਸਿੱਖ ਜਾਂਦੇ ਹਨ। ਜਦੋਂ ਇਨ੍ਹਾਂ ਨੂੰ ਰੌਸ਼ਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਚਕਾਚੌਂਧ ਛਾ ਜਾਂਦੀ ਹੈ। ਜਿਹੜੇ ਬੰਦੇ ਨੇ ਦੁੱਖਾਂ ਨਾਲ ਦੋਸਤੀ ਪਾਈ ਹੋਵੇ ਉਸਨੂੰ ਸੁਖਾਂ ਦੀ ਆਮਦ ਦੁਸ਼ਮਣ ਵਾਂਗ ਮਹਿਸੂਸ ਹੁੰਦੀ ਹੈ। ਨਿਮਨ ਵਰਗ ਦੀਆਂ ਔਰਤਾਂ ਤੇ ਬੱਚੇ ਵਧੇਰੇ ਮੁਸੀਬਤਾਂ ਦਾ ਸਾਹਮਣਾ ਕਰਦੇ ਹਨ। ਇਸੇ ਲਈ ਉਨ੍ਹਾਂ ਲਈ ਰੌਸ਼ਨੀ ਅੱਖਾਂ ਨੂੰ ਚੁੰਧਿਆਂ ਦੇਣ ਵਾਲੀ ਸਾਬਤ ਹੁੰਦੀ ਹੈ। ਨਿਮਨ ਵਰਗ ਇਨਸਾਫ਼ ਦੀ ਮੰਗ ਕਰਦਾ ਹੈ ਕਿ ਸਮਾਜ ਦੇ ਸਾਰੇ ਵਸੀਲੇ ਅਮੀਰਾਂ-ਗਰੀਬਾਂ ਲਈ ਬਰਾਬਰ ਹੋਣੇ ਚਾਹੀਦੇ ਹਨ। ਪਰ ਆਪਣਾ ਸੁਪਨਾ ਪੂਰਾ ਹੋਣ ਤੋਂ ਪਹਿਲਾਂ ਹੀ ਉਹ ਮਰ-ਖਪ ਜਾਂਦੇ ਹਨ।

'ਤੈਰਾਕ ਅਤੇ ਥੋੜ੍ਹਾ ਪਾਣੀ' ਸੰਕੇਤਾਤਮਕ ਕਹਾਣੀ ਹੈ। ਇਸ ਕਹਾਣੀ ਵਿਚਲਾ ਪਾਤਰ ਨਦੀ ਦੇ ਪਾਣੀ ਦਾ ਤੈਰਾਕ ਹੈ ਪਰ ਉਸ ਤੈਰਾਕ ਕੋਲੋਂ ਆਪਣੀ ਧੀ ਦੀਆਂ ਅੱਖਾਂ ਵਿਚਲੇ ਦੁੱਖ ਵਾਲੇ ਪਾਣੀ ਵਿਚ ਤਰਿਆ ਨਹੀਂ ਜਾਂਦਾ। ਉਹ ਆਪਣੀ ਧੀ ਦੇ ਗ਼ਮਾਂ ਵਾਲੇ ਪਾਣੀ/ਹੰਝੂਆਂ ਵਿਚ

ਡੁੱਬ ਕੇ ਰਹਿ ਜਾਂਦਾ ਹੈ। ਧੀਆਂ ਦੇ ਗ਼ਮ ਬੰਦੇ ਨੂੰ ਜਿਊਂਦਿਆਂ ਹੀ ਮਾਰ ਦਿੰਦੇ ਹਨ। ਇਥੇ ਕਹਾਣੀਕਾਰ ਨੇ ਸੰਕੇਤਾਤਮਕ ਸੰਸਾਰ ਸਿਰਜਿਆ ਹੈ, ਜਿਸ ਵਿਚ ਬੰਦੇ ਜੰਮਣ-ਮਰਨ ਦੇ ਗੇੜ ਵਿਚ ਪਏ ਹੋਏ ਹਨ। ਇਹ ਸੰਸਾਰ ਮਰਦਿਆਂ ਨੂੰ ਮਰਨ ਤੇ ਜਿਊਂਦਿਆਂ ਨੂੰ ਜਿਊਣ ਨਹੀਂ ਦਿੰਦਾ। ਇਸ ਆਵਾਗਾਉਣ ਅੱਗੇ ਕੋਈ ਬੰਨ੍ਹ ਨਹੀਂ ਮਾਰ ਸਕਦਾ। ਇਹ ਕਹਾਣੀ ਪਿੱਛਲ ਝਾਤੀ ਜੁਗਤ ਰਾਹੀਂ ਆਰੰਭ ਹੁੰਦੀ ਹੈ। ਮੁੱਖ ਪਾਤਰ ਕਹਾਣੀ ਦੇ ਆਰੰਭ ਵਿਚ ਮਰ ਚੁੱਕਿਆ ਦੱਸਿਆ ਗਿਆ ਹੈ। ਉਸਦੀ ਘਰਵਾਲੀ ਮਰ ਚੁੱਕੇ ਪਤੀ ਵੱਲੋਂ ਜ਼ਿੰਦਗੀ 'ਚ ਕੀਤੇ ਸੰਘਰਸ਼ ਸੰਬੰਧੀ ਦੱਸਦੀ ਹੈ। ਉਹ ਆਪਣੇ ਵਿਆਹੇ ਜਾਣ ਵਾਲੇ ਦਿਨਾਂ ਤੋਂ ਗੱਲ ਆਰੰਭ ਕਰਦੀ ਹੈ। ਉਸਦੇ ਦੱਸਣ ਮੁਤਾਬਕ ਮੁੱਖ ਪਾਤਰ ਜਾਂ ਉਸਦਾ ਪਤੀ ਵਗਦੇ ਪਾਣੀਆਂ ਦਾ ਤੈਰਾਕ ਸੀ। ਜਿਸ ਦਿਨ ਉਸਦੇ ਘਰ ਧੀ ਦਾ ਜਨਮ ਹੋਇਆ ਤੇ ਉਸਨੂੰ ਬੇਹੱਦ ਖ਼ੁਸ਼ੀ ਹੋਈ। ਜਦੋਂ ਉਸ ਧੀ ਦਾ ਵਿਆਹ ਹੋਇਆ ਤਾਂ ਉਸਨੂੰ ਪਾਣੀਆਂ ਦਾ ਦੂਜਾ ਕਿਨਾਰਾ ਨਜ਼ਰ ਆਉਣ ਲੱਗ ਪਿਆ ਸੀ। ਪਰ ਚਾਰ-ਪੰਜ ਮਹੀਨੇ ਬਾਅਦ ਜਦੋਂ ਧੀ ਮੁੜ ਬੂਹੇ ਆਣ ਬੈਠੀ ਤਾਂ ਉਸਦਾ ਜਿਊਣਾ ਮੁਹਾਲ ਹੋ ਗਿਆ। ਤਣਾਉ ਵਿਚ ਰਹਿਣ ਕਰਕੇ ਉਸਦਾ ਸਾਹ ਉਖੜਨ ਲੱਗ ਪਿਆ। ਉਸਦੀ ਘਰਵਾਲੀ ਕਹਾਣੀ ਦੇ ਅੰਤ ਉੱਤੇ ਸੰਕੇਤਾਤਮਕ ਪ੍ਰਗਟਾਵਾ ਕਰਦੀ ਹੈ, "ਮੁੜ ਉਹ ਵੇਲੇ ਦੀ ਨਦੀ ਦੇ ਤਾਰੂ ਪਾਣੀਆਂ ਦਾ ਤਾਰੂ ਥੋੜ੍ਹੇ ਦਿਨ ਈ ਰਿਹਾ ਤੇ ਹੰਝੂਆਂ ਦੇ ਹੱਥ ਪਾਣੀ ਵਿਚ ਡੁੱਬ ਗਿਆ।" ਕਹਾਣੀ ਦਾ ਥੀਮ ਇਹ ਦਰਸਾਉਂਦਾ ਹੈ ਕਿ ਮਾਨਸਿਕ ਦੁੱਖ ਬੰਦੇ ਨੂੰ ਖ਼ਤਮ/ਤਬਾਹ ਕਰ ਦਿੰਦੇ ਹਨ।

'ਕਬਰੀਂ ਮੋਏ' ਵਿਅੰਗਾਤਮਕ ਕਹਾਣੀ ਹੈ। ਇਸ ਰਾਹੀਂ ਗ਼ਰੀਬੀ ਤੇ ਭੁੱਖ ਦਾ ਮਸਲਾ ਪੇਸ਼ ਹੋਇਆ ਹੈ। ਦੱਬੇ-ਕੁਚਲੇ ਲੋਕ ਕਦੇ ਵੀ ਸਿਰ ਨਹੀਂ ਚੁੱਕ ਸਕਦੇ। ਉਹ ਗ਼ਰੀਬੀ ਦਾ ਜਿੰਨਾ ਕੁ ਭਾਰ ਹੌਲਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਨਾ ਹੋਰ ਵਧੀ ਜਾਂਦਾ ਹੈ। ਸਾਰੀ ਉਮਰ ਇਹ ਬੋਝ ਉਨ੍ਹਾਂ ਨੂੰ ਉੱਠਣ ਨਹੀਂ ਦਿੰਦਾ। 'ਭੁੱਖ' ਅੱਗੇ ਸਭ ਚੀਜ਼ਾਂ ਨਿਗੁਣੀਆਂ ਪੇਸ਼ ਹੋਈਆਂ ਹਨ। ਨਵੀਂ ਪੀੜ੍ਹੀ ਬਰਾਬਰੀ ਲੋਚਦੀ ਹੈ ਪਰ ਸੰਤਾਪ ਹੰਢਾਉਣਾ ਹੀ ਉਨ੍ਹਾਂ ਦੇ ਹਿੱਸੇ ਆਇਆ ਹੈ। ਇਸ ਕਹਾਣੀ ਦਾ ਥੀਮ ਦੱਬੇ-ਕੁਚਲੇ ਵਰਗ ਨੂੰ ਉਪਰ ਉੱਠਣ ਦੀ ਬਜਾਏ ਢਹਿੰਦੀ ਆਸ ਵੱਲ ਲੈ ਜਾਂਦਾ ਹੈ।

'ਢੇਰੀਆਂ' ਕਹਾਣੀ ਆਪਣੀ-ਆਪਣੀ 'ਢੇਰੀ' ਵੱਲ ਸੰਕੇਤ ਕਰਦੀ ਹੈ। ਉਹ ਢੇਰੀ ਜੋ ਢਹਿ ਜਾਣ ਦੀ ਪ੍ਰਤੀਕ ਹੈ। ਢੇਰੀਆਂ ਨਿਮਨ ਵਰਗ ਦਾ ਇਕੱਠ ਹੈ, ਭਾਈਚਾਰਾ ਹੈ, ਘਰ ਹੈ। ਪੁਰਾਣੀ ਪੀੜ੍ਹੀ ਦੀ ਸੋਚ ਇਹ ਹੈ ਕਿ ਇਹ ਢੇਰੀਆਂ ਸੌਖੀਆਂ ਨਹੀਂ ਬਣਦੀਆਂ। ਇਨ੍ਹਾਂ ਨੂੰ ਬਣਾਉਣ ਲਈ ਤਾਂ ਮਰਨਾ ਪੈਂਦਾ ਹੈ ਪਰ ਨਵੀਂ ਪੀੜ੍ਹੀ ਇਨ੍ਹਾਂ ਪ੍ਰਤੀ ਬਹੁਤੀ ਫ਼ਿਕਰਮੰਦ ਨਹੀਂ। ਇਸ ਕਹਾਣੀ ਦਾ ਥੀਮ ਪੁਰਾਣੀ ਤੇ ਨਵੀਂ ਪੀੜ੍ਹੀ ਦੀ ਸੋਚ ਵਿਚਲੇ ਅੰਤਰ ਦੀ ਪੇਸ਼ਕਾਰੀ ਦੇ ਨਾਲ-ਨਾਲ ਸਮਾਜ ਵਿਚ ਨਾ ਬਰਾਬਰੀ, ਪੀੜ੍ਹੀ ਅੰਤਰ ਤੇ ਜਮਾਤੀ ਵੰਡ ਵੱਲ ਵੀ ਸੰਕੇਤ ਕਰਦਾ ਹੈ। ਗ਼ਰੀਬ ਮਾਪਿਆਂ ਦੀਆਂ ਆਰਥਿਕ ਮਜਬੂਰੀਆਂ ਤੇ ਧੀਆਂ ਦਾ ਫ਼ਿਕਰ ਉਨ੍ਹਾਂ ਨੂੰ ਉਪਰ ਉੱਠਣ ਹੀ ਨਹੀਂ ਦਿੰਦਾ। ਜਵਾਨ ਧੀਆਂ ਮਾਪਿਆਂ ਦਾ ਸਾਹ ਸੁਕਾ ਛੱਡਦੀਆਂ ਹਨ। ਅਜਿਹੇ ਸੰਕੇਤ 'ਸਿਊਂਕ' ਕਹਾਣੀ ਵਿਚੋਂ ਪ੍ਰਾਪਤ ਹਨ। ਗ਼ਰੀਬੀ ਕਾਰਨ ਲੋਕ ਅੰਦਰੋਂ-ਅੰਦਰ ਘੁਣ ਵਾਂਗ ਖਾਧੇ ਜਾਂਦੇ ਹਨ। ਕਹਾਣੀ ਵਿਚਲਾ ਮੁੱਖ ਪਾਤਰ ਦੁਖਾਂਤ ਭੋਗਦਾ ਹੈ। ਉਹ ਆਪਣੇ ਅੰਦਰਲੀ ਗ਼ਰੀਬੀ ਦੀ ਮਾਰੂ ਸਿਊਂਕ ਨੂੰ ਮਾਰ-ਮੁਕਾਉਣਾ ਚਾਹੁੰਦਾ ਹੈ। ਉਹ 'ਧੀ' ਦਾ ਵਿਆਹ ਕਰਨ ਤੋਂ ਵੀ ਅਸਮਰਥ ਹੈ ਪਰ ਧੀ ਨੂੰ ਹਮੇਸ਼ਾ ਲਈ ਘਰ ਵਿਚ ਵੀ ਨਹੀਂ ਬਿਠਾ ਸਕਦਾ। ਆਪਣੀ ਜ਼ਮੀਨ ਗਿਰਵੀ ਰੱਖ ਕੇ ਉਹ ਧੀ ਨੂੰ ਤਾਂ ਵਿਆਹ ਦਿੰਦਾ ਹੈ ਪਰ ਉਸਦੀ ਜਿਵੇਂ ਰੱਤ ਨਿਚੋੜੀ ਜਾਂਦੀ ਹੈ। ਇਕ ਪਾਸੇ ਧੀ ਦੇ ਹੱਥ ਸੂਹੇ ਹੁੰਦੇ ਹਨ ਤੇ ਦੂਜੇ ਪਾਸੇ ਗ਼ਰੀਬਾਂ ਦੇ ਆਪਣੇ ਵਜੂਦ ਵਿਚੋਂ ਰੱਤ ਖ਼ਤਮ ਹੋ ਜਾਂਦੀ ਹੈ। ਭੁੱਖ ਨੰਗ ਵਿਚ ਸੂਹਾ ਰੰਗ ਵੀ ਪੀਲਾ ਪੈ ਜਾਂਦਾ ਹੈ।

'ਅਜੋੜ' ਸੰਸਾਰ-ਅਮਨ ਲਈ ਉਸਾਰੀ ਗਈ ਖ਼ੂਬਸੂਰਤ ਕਹਾਣੀ ਹੈ ਜਿਹੜੀ ਅਜੋਕੇ ਸਮਾਜ ਦੀਆਂ ਅੰਦਰੂਨੀ ਰਮਜ਼ਾਂ ਨੂੰ ਸੰਕੇਤਕ ਤੌਰ 'ਤੇ ਪੇਸ਼ ਕਰਦੀ ਹੈ। ਇਹ ਕਹਾਣੀ ਕਿਸੇ ਇਲਾਕੇ ਦੀ ਨਹੀਂ ਸਗੋਂ ਸਮੁੱਚੇ ਸੰਸਾਰ ਨਾਲ ਸੰਬੰਧਿਤ ਵਰਤਾਰਿਆਂ ਦੀ ਪੇਸ਼ਕਾਰੀ ਕਰਦੀ ਹੈ। ਕਹਾਣੀਕਾਰ ਮਨੁੱਖਤਾ ਦੀ ਭਲਾਈ ਪ੍ਰਤੀ ਹਮਦਰਦੀ ਜ਼ਾਹਰ ਕਰਦਾ ਹੈ। ਉਹ ਸਾਂਝੀਵਾਲਤਾ ਤੇ ਪਿਆਰ ਦਾ ਅਹਿਸਾਸ ਜਗਾਉਣ ਲਈ ਯਤਨਸ਼ੀਲ ਹੈ। ਹਾਕਮ ਸ਼ਰੇਣੀ ਲਈ 'ਦਰਿਆ' ਤੇ ਨਿਮਨ ਵਰਗ ਲਈ 'ਕੰਧਾਂ' ਦੇ ਪ੍ਰਤੀਕ ਵਰਤੇ ਗਏ ਹਨ। ਦਰਿਆ ਰੂਪੀ ਹਾਕਮ ਸ਼੍ਰੇਣੀ ਆਪਣੇ ਕਿਨਾਰਿਆਂ 'ਤੇ ਕੰਧਾਂ ਰੂਪੀ ਗ਼ਰੀਬਾਂ ਦੀ ਕੋਈ ਪਰਵਾਹ ਨਹੀਂ ਕਰਦੀ। ਇਹ ਕਹਾਣੀ ਕੁੱਝ ਗੌਣ ਵਿਸ਼ਿਆਂ ਬੇਵਿਸ਼ਵਾਸੀ, ਭੁੱਖਮਰੀ, ਮਾਰ-ਧਾੜ, ਲੜਾਈ-ਝਗੜੇ ਆਦਿ ਦੀ ਪੇਸ਼ਕਾਰੀ ਵੀ ਕਰਦੀ ਹੈ। ਕਹਾਣੀ ਦਾ ਥੀਮ ਇਹ ਹੈ ਕਿ ਜ਼ਿੰਦਗੀ ਦੁੱਖਾਂ-ਸੁੱਖਾਂ ਦਾ ਹੀ ਪ੍ਰਵਾਹ ਹੈ। ਕਹਾਣੀ ਦੇ ਅੰਤ 'ਤੇ ਝੁੱਗੀਵਾਸੀ ਆਖਦਾ ਹੈ, "ਹਵਾਵਾਂ ਘੁਲਦੀਆਂ ਰਹਿਣਾ ਏ, ਬੱਦਲਾਂ ਤੁਰਦਿਆਂ ਰਹਿਣਾ ਏ।" ਸਪੱਸ਼ਟ ਹੈ ਕਿ ਮਨੁੱਖ ਨੂੰ ਜਿਉਣ ਲਈ ਸਭ ਕੁਝ ਬਰਦਾਸ਼ਤ ਕਰਨਾ ਹੀ ਪੈਣਾ ਹੈ।

'ਨਿਰਵਾਰ' ਕਹਾਣੀ ਉਨ੍ਹਾਂ ਲੋਕਾਂ ਵੱਲ ਸੰਕੇਤ ਕਰਦੀ ਹੈ, ਜਿਨ੍ਹਾਂ ਦੀ ਖ਼ੁਸ਼ਹਾਲੀ ਖੁੱਸ ਚੁੱਕੀ ਹੈ। ਹੌਲੀ-ਹੌਲੀ ਉਨ੍ਹਾਂ ਲੋਕਾਂ ਦੇ ਸਾਹ ਵੀ ਗ਼ੁਲਾਮ ਹੋ ਜਾਂਦੇ ਹਨ। ਉਨ੍ਹਾਂ ਨੂੰ ਹਰ ਤਰ੍ਹਾਂ ਦਾ ਤਸ਼ੱਦਦ ਸਹਿਣਾ ਪਿਆ। ਬੇਦੋਸ਼ੇ ਲੋਕ ਸਜ਼ਾਵਾਂ ਹੰਢਾਉਂਦੇ ਰਹੇ। ਇਸ ਤਰ੍ਹਾਂ ਦੇ ਖ਼ਤਰਨਾਕ ਮਾਹੌਲ ਵਿਚ ਜਿਸਨੇ ਵੀ ਆਪਣੀ ਮਰਜ਼ੀ ਨਾਲ ਜਿਉਣਾ ਚਾਹਿਆ ਉਸਨੂੰ ਦਫ਼ਨਾ ਦਿੱਤਾ ਗਿਆ। ਇਸ ਕਹਾਣੀ ਦਾ ਥੀਮ ਸੰਸਥਾਗਤ ਪੈਰੋਕਾਰ ਤੇ ਬਾਗੀ ਧਿਰ ਵਿਚਲਾ ਵਿਰੋਧ ਪੇਸ਼ ਕਰਦਾ ਹੈ।

'ਵਿੱਥ' ਕਹਾਣੀ ਜ਼ਾਲਮ ਤੇ ਜ਼ੁਲਮ ਦੀ ਸੰਕੇਤਕ ਹੈ। ਇਥੇ ਆਰਥਿਕ ਨਾਬਰਾਬਰੀ ਦਾ ਮਸਲਾ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਹ ਕਹਾਣੀ ਜਾਤ-ਪਾਤ, ਊਚ ਨੀਚ ਤੇ ਦੱਬੇ-ਕੁੱਚਲੇ ਵਰਗ ਦੀ ਹੋਣੀ ਦੀ ਪੇਸ਼ਕਾਰੀ ਕਰਦੀ ਹੈ। ਮੁੱਖ ਪਾਤਰ ਗ਼ਰੀਬੀ ਕਾਰਨ ਮਾਨਸਿਕ ਰੋਗੀ ਬਣ ਜਾਂਦਾ ਹੈ। ਉਸ ਨਾਲ ਜ਼ਿਆਦਤੀਆਂ ਹੁੰਦੀਆਂ ਹਨ ਤੇ ਉਹ ਆਰੰਭ ਤੋਂ ਅੰਤ ਤੱਕ ਦੁੱਖ ਹੰਢਾਉਂਦਾ ਹੈ। ਮਾਂ-ਪਿਓ ਦੇ ਮਰਨ ਤੋਂ ਆਰੰਭ ਹੋਇਆ ਮਾਨਸਿਕ ਰੋਗ/ਦੁੱਖ ਵਧਦਾ ਜਾਂਦਾ ਹੈ। ਅਮੀਰੀ-ਗ਼ਰੀਬੀ ਦੀ ਡੂੰਘੀ ਵਿੱਥ ਬਾਰੇ ਸੋਚਦਿਆਂ ਉਹ ਕਦੀ ਮੁਜ਼ਰਮ ਕਰਾਰ ਦੇ ਦਿੱਤਾ ਜਾਂਦਾ ਹੈ ਤੇ ਕਦੀ ਉਸਨੂੰ ਪਾਗਲ ਘੋਸ਼ਤ ਕਰਕੇ ਪਾਗ਼ਲਖ਼ਾਨੇ ਪਹੁੰਚਾ ਦਿੱਤਾ ਜਾਂਦਾ ਹੈ। ਅਜੋਕੇ ਸਮੇਂ ਦੁਖਿਆਰੇ ਨੂੰ ਸਮਝਣ ਵਾਲਾ ਕੋਈ ਨਹੀਂ ਤੇ ਨਾ ਹੀ ਕਿਤੇ ਉਸਦੀ ਸੁਣਵਾਈ ਹੀ ਹੁੰਦੀ ਹੈ। ਸੱਚੇ ਬੰਦੇ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਜਾਂਦਾ ਹੈ।

'ਪੁੱਠੀ ਤਾਰੀ' ਕਹਾਣੀ ਦਾ ਥੀਮ ਵੀ ਦਲਿਤਾਂ ਦੀ ਹੋਣੀ ਦੁਆਲੇ ਕੇਂਦਰਿਤ ਹੈ। ਭੁੱਖਾਂ ਤੇ ਦੁੱਖਾਂ ਨਾਲ ਲੜਦੇ ਲੋਕਾਂ ਦੇ ਰਿਸ਼ਤਿਆਂ ਵਿਚ ਤਰੇੜਾਂ ਪੈਣੀਆਂ ਆਰੰਭ ਹੋ ਜਾਂਦੀਆਂ ਹਨ। ਅਣਖ ਦੀ ਖਾਤਰ ਲੋਕ ਆਫ਼ਤਾਂ ਵੀ ਬਰਦਾਸ਼ਤ ਕਰਦੇ ਹਨ। ਅਣਖ ਦੀ ਖ਼ਾਤਰ ਪੁੱਠੀ ਤਾਰੀ ਲਾਉਣੀ ਵੀ ਔਖੀ ਨਹੀਂ ਜਾਪਦੀ।

'ਮਿੱਟੀ ਦੇ ਸੰਗਲ' ਇਸ ਸੰਗ੍ਰਹਿ ਦੀ ਆਖ਼ਰੀ ਕਹਾਣੀ ਹੈ। ਇਹ ਕਹਾਣੀ ਕੱਚੇ ਘਰਾਂ ਵੱਲ ਸੰਕੇਤ ਕਰਦੀ ਹੈ। ਮਿੱਟੀ ਦੇ ਘਰਾਂ ਵਿਚ ਰਹਿਣ ਵਾਲੇ ਲੋਕਾਂ ਦੀਆਂ ਪੱਕੇ ਘਰਾਂ ਵਿਚ ਰਹਿਣ ਦੀਆਂ ਸੱਧਰਾਂ ਕਦੇ ਵੀ ਪੂਰੀਆਂ ਨਹੀਂ ਹੁੰਦੀਆਂ। ਇਸ ਕਹਾਣੀ ਵਿਚ ਮੁੱਖ ਪਾਤਰ ਦੀ ਮਾਂ ਦੀ ਵੀ ਅਜਿਹੀ ਹੀ ਰੀਝ ਹੈ ਪਰ ਉਹ ਪੂਰੀ ਨਹੀਂ ਹੁੰਦੀ। ਮਾਂ ਦੇ ਮਰਨ ਮਗਰੋਂ ਮੁੱਖ ਪਾਤਰ ਆਪਣੀ ਮਾਂ ਦੀ

ਬਾਕੀ ਦੇਖੋ ਪੰਨਾ ਨੰ. 82 ਤੇ....

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।